ਓਮ

# ਸਿੱਖ ਗੁਰੂ

# ਅਤੇ

# ਆਰੀਆ ਸਿਧਾਂਤ




: ਲੇਖਕ :

ਸ਼੍ਰੀ ਸਵਾਮੀ ਸਵਤੰਤ੍ਰਾ ਨੰਦ ਜੀ ਮਹਾਰਾਜ

Ju. 2-50

ਪ੍ਰਕਾਸ਼ਕ :
ਸ੍ਰੀ ਰਾਮ ਚੰਦਰ ਜਾਵੇਦ,
ਮੰਤਰੀ ਆਰੀਆ ਪ੍ਰਤਿਨਿਧੀ ਸਭਾ ਪੰਜਾਬ,
ਗੁਰੂ ਦੱਤ ਭਵਨ, ਚੌਕ ਕਿਸ਼ਨ ਪੁਰਾ,
ਜਲੰਧਰ ।

ओ३म
गुरु विरजानन्द
संदर्भ पुस्त
दयानंद महिल 2—50
क
वर्गीकरण नम्बर ...
पु. परिग्रहण क्र

ਛਾਪਕ :
ਪੰਜਾਬ ਗਜ਼ਟ ਪ੍ਰਿੰਟਿੰਗ ਪ੍ਰੈਸ,
ਨਹਿਰੂ ਗਾਰਡਨ ਰੋਡ,
ਜਲੰਧਰ । ਫ਼ੂਨ : 75412

ਓਮ

सन्दर्भ पुस्तकालय
5107
दयानन्द महिला महावि

# ਖਿਮਾ ਪ੍ਰਾਰਥਨਾ

'ਸਿੱਖ ਗੁਰੂ ਅਤੇ ਆਰੀਆ ਸਿਧਾਂਤ' ਨਾਮਕ ਪੁਸਤਕ ਪਾਠਕਾਂ ... ਤੀ ਜਾਂਦੀ ਹੈ। ਇਸ ਪੁਸਤਕ ਦੇ ਪੜ੍ਹਨ ਨਾਲ ਪਾਠਕਾਂ ਨੂੰ ਗਿਆਤ ਹੋਵੇਗਾ ਕਿ ...ਖ ਗੁਰੂ ਸਾਹਿਬਾਨ ਦੇ ਅਸਲ ਸਿਧਾਂਤਾਂ ਅਤੇ ਵੈਦਿਕ ਸਿਧਾਂਤਾਂ ਵਿਚ ਵਿਰੋਧ ...ੀਂ ਸਗੋਂ ਮੇਲ ਹੈ। ਇਸ ਪੁਸਤਕ ਦਾ ਉਦੇਸ਼ ਆਰਿਆ ਜਾਤੀ ਦੇ ਦੋ ਵੱਡੇ ਅੰਗਾਂ ...ਰੀਆਂ ਅਤੇ ਸਿੱਖਾਂ ਦਾ ਭੇਦ ਭਾਵ ਮਿਟਾ ਕੇ ਆਪੋ ਵਿਚ ਪ੍ਰੇਮ ਪ੍ਰੀਤੀ ਵਧਾਉਣਾ ... ਮੈਂ ਸ਼੍ਰੀ ਸਵਾਮੀ ਸਵਤੰਤ੍ਰਾ ਨੰਦ ਜੀ ਦਾ ਬੜਾ ਧੰਨਵਾਦੀ ਹਾਂ ਜਿਨ੍ਹਾਂ ਨੇ ...ਪਾ ਕਰਕੇ ਏਹੋ ਜੇਹੀ ਸੋਹਣੀ ਮੇਲ ਮਿਲਾਪ ਵਧਾਉਣ ਵਾਲੀ, ਟੁੱਟੇ ਦਿਲਾਂ ਨੂੰ ...ਲਾਣ ਵਾਲੀ, ਭੁੱਲਿਆਂ ਹੋਇਆਂ ਦੀ ਭੁੱਲ ਕੱਢਣ ਵਾਲੀ ਪੋਥੀ ਲਿਖਕੇ ਸਾਨੂੰ ...ਤੀ। ਇਹ ਤਾਂ ਕਹਿਣ ਦੀ ਲੋੜ ਨਹੀਂ ਹੈ, ਕਿ ਸਵਾਮੀ ਜੀ ਮਹਾਰਾਜ ਜਿਥੇ ...ਰਿਆ ਸਮਾਜ ਦੇ ਵਿਚ ਮੰਨੇ-ਪਰਮੰਨੇ ਹਨ ਉੱਥੇ ਸਿੱਖੀ ਮਤ ਤੇ ਸਾਹਿਤ ...ਭੀ ਪ੍ਰਮਾਣੀਕ ਜਾਣੂ ਹਨ।

ਆਸ਼ਾ ਹੈ, ਪਾਠਕ ਇਸ ਰਤਨ ਸਮਾਨ ਪੋਥੀ ਨੂੰ ਪੜ੍ਹਕੇ ਇਸ ਦੇ ਰਤਨਾਂ ਨੂੰ ...ਲਕੇ ਰੱਖਣਗੇ ਅਤੇ ਦੂਜਿਆਂ ... ਨਾਲ ਦੇਣਗੇ, ਜਿਸ ਕਰਕੇ ...ਆਂ ਦੇ ਮਨਾਂ ਵਿਚ ਸਚ ਦਾ ...

ਸਵਾਮੀ ਵੇਦਾਨੰਦ ਤੀਰਥ

# ਦੂਜੇ ਸੰਸਕਰਣ ਬਾਰੇ

ਸੁਆਮੀ ਸਵਤੰਤਰਾਨੰਦ ਜੀ ਮਹਾਰਾਜ ਅਪਣੇ ਸਮੇਂ ਦੇ ਜਿਥੇ ਇਕ ਮਹ ਤਪੱਸਵੀ ਵਿਸ਼ਵਵਿਖਿਆਤ ਸਨਿਆਸੀ ਸਨ ਉਥੇ ਉਹ ਉੱਚਕੋਟੀ ਦੇ ਇਕ ਵਿ ਵਾਨ ਵੀ ਸਨ। ਉਨ੍ਹਾਂ ਨੂੰ ਵਿਸ਼ਵ ਦੇ ਸਾਰੇ ਧਰਮਾਂ ਬਾਰੇ ਪੂਰੀ ਜਾਣਕਾਰੀ ਸੀ ਸਿੱਖ ਮੱਤ ਦੇ ਭਿੰਨ ਭਿੰਨ ਵਿਸ਼ਿਆਂ ਉਤੇ ਅਤੇ ਗੁਰਬਾਣੀ ਉਤੇ ਉਨ੍ਹਾਂ ਨੂੰ ਪੂਰ ਅਧਿਕਾਰ ਸੀ। ਇਥੇ ਤੀਕ ਕਿ ਜਦੋਂ ਸਵਰਗਵਾਸੀ ਮਾਸਟਰ ਤਾਰਾ ਸਿੰਘ ਜੀ ਸਿੱਖ ਸਿਧਾਂਤ ਬਾਰੇ ਜਾਂ ਗੁਰਬਾਣੀ ਬਾਰੇ ਕੋਈ ਗੁੰਝਲ ਸੁਲਝਾਣੀ ਹੁੰਦੀ ਸੀ ਤਾ ਉਹ ਸੁਆਮੀ ਜੀ ਮਹਾਰਾਜ ਪਾਸ ਲਾਹੌਰ ਵਿਚ ਦਯਾਨੰਦ ਉਪਦੇਸ਼ਕ ਵਿਦਿਆਲ ਵਿਚ ਅਤੇ ਦੀਨਾਨਗਰ ਵਿਚ ਦਯਾਨੰਦ ਮੱਠ ਵਿਚ ਆਕੇ ਕਈ ਕਈ ਦਿਨ ਸੁਆਮ ਜੀ ਨਾਲ ਵਿਚਾਰ-ਵਟਾਂਦਰਾ ਅਤੇ ਗਿਆਨਗੋਸ਼ਟੀ ਕਰਿਆ ਕਰਦੇ ਸਨ। ਸੁਆਮ ਜੀ ਮਹਾਰਾਜ ਇਸ ਵਿਚਾਰ ਦੇ ਬਹੁਤ ਵੱਡੇ ਸਮਰੱਥਕ ਸਨ ਕਿ ਸਿੱਖਾਂ ਦੇ ਅ ਆਰੀਆ ਸਮਾਜ ਦੇ ਸਿਧਾਂਤ ਇਕ ਦੂਜੇ ਦੇ ਬਹੁਤ ਨੇੜੇ ਹਨ ਅਤੇ ਇਨ੍ਹਾਂ ਦੋਹ ਸਮਾਜਾਂ ਦੇ ਸੰਸਥਾਪਕ ਨੇ ਸਮਾਜਕ ਕ੍ਰਾਂਤੀ ਲਿਆਉਣ ਵਿਚ ਇਕ ਬਹੁਤ ਵੱਡ ਯੋਗਦਾਨ ਦਿੱਤਾ ਹੈ। ਸੁਆਮੀ ਜੀ ਦੀ ਸਦਾ ਇਹ ਅਭਿਲਾਸ਼ਾ ਰਹੀ ਹੈ ਕਿ ਸਿੱ ਆਰੀਆ ਸਮਾਜਾਂ ਦੇ ਸਿਧਾਂਤਾਂ ਨੂੰ ਅਤੇ ਆਰੀਆ ਸਮਾਜ ਸਿੱਖਾਂ ਦੇ ਸਿਧਾਂਤਾਂ ਸਮਝਣ। ਜੇਕਰ ਆਰੀਆ ... ਉਸ ਸਾਂਚੇ ਵਿਚ ਢਲ ਜਾ ਜਿਸ ਵਿਚ ਸੁਆਮੀ ਜੀ ਮ ... ਸਨ ਤਦ ਆਰੀਆ ਸਮਾਜ ਅਤੇ ਸਿੱਖ ਮਿਲਕੇ ਸੱਚੇ ਅ ... । ਪਰਿਵਰਤਨ ਲਿਆ ਸਕਦੇ ਹਨ।

"ਸਿਖ ਗੁਰੂ ਅਤੇ ਆਰੀਆ ਸਿਧਾਂਤ" ਨਾਮੀ ਇਹ ਪੁਸਤਕ ਜਿਸ ਦਾ ਦੂਜ ਸੰਸਕਰਣ ਪਾਠਕਾਂ ਦੇ ਹੱਥ ਵਿਚ ਹੈ, ਇਸੇ ਵਿਚਾਰਧਾਰਾ ਤੋਂ ਪ੍ਰਭਾਵਤ ਹੋਕੇ ਸੁਆਮ ਜੀ ਮਹਾਰਾਜ ਨੇ ਲਿਖੀ ਸੀ ਕਿ ਪੰਜਾਬ ਦੀ ਆਰੀਆ ਸਮਾਜ ਤੇ ਸਿੱਖ ਇੱਕ-ਮਿੱ ਹੋ ਕੇ ਰਹਿਣ ਤੇ ਦੇਸ਼ ਤੇ ਸਮਾਜ ਦੇ ਭਲੇ ਲਈ ਮਿਲਕੇ ਕੰਮ ਕਰਨ ਇਸ ਦਾ ਪਹਿਲਾ ਸੰਸਕਰਣ 1943 ਵਿਚ ਪੂਜਿਆ ਸੁਆਮੀ ਵੇਦਾਨੰਦ ਜ

ਮਹਾਰਾਜ ਦੀ ਦੇਖ ਰੇਖ ਵਿਚ ਲਾਹੌਰ ਵਿਚ ਛਪਿਆ ਸੀ ਅਤੇ ਅੱਜ ਜਦੋਂ ਅਸੀਂ ਸੁਆਮੀ ਜੀ ਮਹਾਰਾਜ ਦੀ ਉਨ੍ਹਾਂ ਦੇ ਪਵਿਤਰ ਜਨਮ ਸਥਾਨ ਮੋਹੀ ਜਿਲਾ ਲੁਧਿਆਣਾ ਵਿਚ ਅਸੀਂ ੧੦੦ਵੀਂ ਵਰ੍ਹੇ-ਗੰਡ ਮਨਾ ਰਹੇ ਹਾਂ, ਅਸੀਂ ਉਨ੍ਹਾਂ ਦੀ ਇਸ ਅਦੁੱਤੀ ਰਚਨਾ ਦਾ ਦੂਸਰਾ ਸੰਸ਼ਕਰਣ ਸਰਵਸੰਗਤ ਦੇ ਗਿਆਨ ਵਿਚ ਆਰੀਆ ਤੇ ਸ਼ਿੱਖ ਗੁਰੂਆਂ ਦੇ ਸਿਧਾਂਤਾਂ ਦਾ ਵਾਧਾ ਕਰਨ ਲਈ ਅਤੇ ਇਕ ਸ਼ਕਤੀਸ਼ਾਲੀ ਸਮਾਜ ਬਣਾਉਣ ਲਈ, ਇਕ ਦੂਜੇ ਦੇ ਨੇੜੇ ਲਿਆਉਣ ਹਿਤ ਪ੍ਰਕਾਸ਼ਤ ਕਰ ਰਹੇ ਹਾਂ। ਸਾਨੂੰ ਆਸ ਹੈ ਕਿ ਜਿਸ ਭਾਵਨਾ ਨਾਲ ਸੁਆਮੀ ਜੀ ਮਹਾਰਾਜ ਨੇ ਇਹ ਪੁਸਤਕ ਅੱਜ ਤੋਂ 34 ਵਰ੍ਹੇ ਪਹਿਲਾਂ ਲਿਖੀ ਤੇ ਛਪਵਾਈ, ਅਸੀਂ ਉਸ ਭਾਵਨਾ ਨੂੰ ਅਪਣਾ ਕੇ ਸੁਆਮੀ ਜੀ ਮਹਾਰਾਜ ਨੂੰ ਉਨ੍ਹਾਂ ਦੀ ੧੦੦ਵੀਂ ਵਰ੍ਹੇ ਗੰਢ ਦੇ ਸ਼ੁਭ ਅਵਸਰ ਤੇ ਸੱਚੀ ਸ਼ਰਧਾਂਜਲੀ ਅਰਪਿਤ ਕਰਾਂਗੇ।

ਸੁਆਮੀ ਜੀ ਮਹਾਰਾਜ ਦਾ
ਅਨਿੰਨ ਸੇਵਕ,
ਆਚਾਰਿਆ ਪ੍ਰਿਥਵੀ ਸਿੰਘ ਆਜ਼ਾਦ

# ਵਿਸ਼ੇ-ਸੂਚੀ


| | | |
|---|---|---|
| ੧ | ਭੂਮਿਕਾ | ੧ |
| ੨ | ਈਸ਼ਵਰ | ੭ |
| ੩ | ਈਸ਼ਵਰ ਦੇ ਨਾਂ | ੧੫ |
| ੪ | ਅਵਤਾਰ | ੨੦ |
| ੫ | ਸਾਕਾਰ ਨਿਰਾਕਾਰ | ੨੭ |
| ੬ | ਨਿਰਗੁਣ ਸਰਗੁਣ | ੩੧ |
| ੭ | ਮੂਰਤੀ ਪੂਜਾ | ੩੫ |
| ੮ | ਜੀਵ | ੫੫ |
| ੯ | ਵੇਦ | ੬੧ |
| ੧੦ | ਕਰਮ | ੮੮ |
| ੧੧ | ਜਨੇਊ | ੯੪ |
| ੧੨ | ਸੰਧਿਆ | ੧੦੯ |
| ੧੩ | ਹੋਮ | ੧੧੧ |
| ੧੪ | ਸ਼੍ਰਾਧ | ੧੧੯ |
| ੧੫ | ਅਤਿਥੀ ਸੇਵਾ | ੧੨੨ |
| ੧੬ | ਵਰਣ ਆਸ਼੍ਰਮ | ੧੨੫ |
| ੧੭ | ਤੀਰਥ | ੧੩੨ |
| ੧੮ | ਸ਼ਰਾਬ ਤੇ ਮਾਸ | ੧੩੬ |
| ੧੯ | ਨਮਸਕਾਰ | ੧੫੦ |
| ੨੦ | ਇਸਤ੍ਰੀ ਜਾਤੀ | ੧੫੩ |
| ੨੧ | ਭੇਖ | ੧੫੭ |
| ੨੨ | ਸਤਯਾਰਥ ਪ੍ਰਕਾਸ਼ | ੧੭੨ |

ਓਮ

# ਭੂਮਿਕਾ

ਇਸ ਵੇਲੇ ਕਈ ਸਿੱਖ ਹਨ, ਜਿਹੜੇ ਕਹਿੰਦੇ ਤੇ ਲਿਖਦੇ ਹਨ ਕਿ ਵੈਦਿਕ ਧਰਮ ਨਾਲ ਸਿੱਖ ਪੰਥ ਦਾ ਕੋਈ ਸੰਬੰਧ ਨਹੀਂ ਹੈ। ਇੰਜ ਹੀ ਕਈ ਵੈਦਿਕ ਧਰਮੀ ਵੀ ਏਸ ਭਰਮ ਵਿਚ ਹਨ, ਕਿ ਸਿੱਖ ਪੰਥ ਇਕ ਵਖਰਾਹੀ ਪੰਥ ਹੈ, ਇਸ ਦਾ ਵੈਦਿਕ ਧਰਮ ਨਾਲ ਕੋਈ ਜੋੜ ਨਹੀਂ ਹੈ। ਇਹ ਦੋਵੇਂ ਹੀ ਭੁਲੇਖੇ ਵਿਚ ਹਨ। ਸਿੱਖ ਪੰਥ ਵੈਦਿਕ ਸੰਸਕ੍ਰਿਤੀ ਦੇ ਓਨਾ ਹੀ ਨੇੜੇ ਹੈ, ਜਿੰਨੀਆਂ ਕੁ ਹੋਰ ਸੰਪ੍ਰਦਾਵਾਂ ਹਨ।

ਇਹ ਵਿਚਾਰ ਪੁਰਾਣੇ ਸਨ ਕਿ ਏਸ ਗੱਲ ਨੂੰ ਦਸਣ ਵਾਲੀ ਕੋਈ ਪੋਥੀ ਲਿਖੀ ਜਾਵੇ, ਜੀਹਦੇ ਵਿਚ ਗੁਰੂ ਜੀ ਦੇ ਸ਼ਬਦ ਅਤੇ ਵੈਦਿਕ ਧਰਮ ਦੇ ਸਿਧਾਂਤ ਨਾਲ-ਨਾਲ ਹੀ ਲਿਖੇ ਹੋਣ। ਕਈ ਲਿਖਾਰੀਆਂ ਨੂੰ ਕਿਹਾ ਕਿ ਕ੍ਰਿਪਾ ਕਰ ਕੇ ਲਿਖ ਦਿਓ, ਪਰ ਕਈ ਤਾਂ ਚੁੱਪ ਹੀ ਰਹੇ, ਕਿਸੇ ਨੇ ਕਿਹਾ ਵਿਹਲ ਨਹੀਂ ਹੈ, ਕਿਸੇ-ਕਿਸੇ ਨੇ ਉੱਤਰ ਦਿੱਤਾ ਕੋਈ ਫ਼ਾਇਦਾ ਨਹੀਂ ਕੀ ਲਿਖਣਾ ਹੈ ਅਤੇ ਅਨੇਕਾਂ ਨੇ ਏਹੋ ਗੱਲ ਦੱਸੀ ਜਿਹੜਾ ਬੋਲੇ ਉਹੋ ਕੁੰਡਾ ਖੋਲ੍ਹੇ।"

ਕਈ ਵਾਰੀ ਚਿੱਤ ਵਿਚ ਵਿਚਾਰ ਵੀ ਹੋਇਆ ਜੇ ਹੋਰ ਕੋਈ ਏਧਰ ਧਿਆਨ ਨਹੀਂ ਦਿੰਦਾ ਤਾਂ ਤੂੰ ਹੀ ਕੁਝ ਕਰ। ਨਾ ਕਰਨ ਤੋਂ ਕੁਝ ਕਰਨਾ ਚੰਗਾ ਹੀ ਹੈ। ਪਰ ਆਪਣੀ ਅਯੋਗਤਾ ਅਤੇ ਪੋਥੀਆਂ ਲਿਖਣ ਦੀ ਅਟਕਲ ਤੋਂ ਬਿਨਾ, ਲਿਖਣਾ ਚੰਗਾ ਨਾ ਲੱਗਿਆ। ਨਾਲੇ ਸਮਾਜ ਅਤੇ ਸਭਾ ਦੇ ਕੰਮਾਂ ਨੇ ਦਬਾ ਰਖਿਆ ਸੀ। ਕੰਮਾਂ ਵਲ ਵੇਖਕੇ ਤਾਂ ਇਹੋ ਆਖਣਾ ਪੈਂਦਾ ਸੀ, ਮੁੰਡਾ ਢਾਈਆਂ ਵਰ੍ਹਿਆਂ ਦਾ ਤੇ ਸਾਢ ਸ਼ਤੀ ਸਾਢੇ ਸੱਤਾਂ ਵਰ੍ਹਿਆਂ ਦੀ। ਦੇਖੀਏ ਪਰਮੇਸ਼ਰ ਕੀ ਵਿਧ ਬਣਾਉਂਦਾ ਹੈ।

ਏਸੇ ਉਧੇੜ ਬੁਣ ਵਿਚ ਅਨੇਕ ਸਾਲ ਬੀਤ ਗਏ। ਅੰਤ ਨੂੰ ਇਹ ਢੰਗ ਅਚਾਨਕ ਹੀ ਬਣ ਗਿਆ, ਜਿਸ ਬਾਰੇ ਏਹੋ ਆਖਣਾ ਪੈਂਦਾ ਹੈ "ਜੇ ਪਰਮੇਸ਼ਰ ਕਰਨਾ ਲੋੜੇ, ਸੋ ਸੰਬੰਧ ਇਕ ਪਲ ਵਿਚ ਜੋੜੇ"। ਸਭਾ ਦੇ ਕੰਮਾਂ ਤੋਂ ਕੁਝ ਵਿਹਲ ਮਿਲ ਗਈ, ਪਰ ਸਮਾਜ ਦੇ ਕਮ ਅਜ ਪਿੱਛਾ ਛੱਡਦੇ ਮਲੂਮ ਨਹੀਂ ਹੁੰਦੇ ਸਨ। ਅਚਾਨਕ ਹੀ, ਜਦ ਮੈਂ ਅਤੇ ਸਵਾਮੀ ਵੇਦਾਨੰਦ ਤੀਰਥ ਜੀ ਰਾਏ ਕੋਟੋਂ ਤੁਰ ਕੇ ਦਸੂਹੇ ਸ੍ਰੀ ਗਿਰਧਰ ਰਾਇ ਕਵੀ ਜੀ ਦੀ ਜਨਮ-ਭੂਮੀ ਦੇਖਣ ਅਤੇ ਉਹਦੀ ਵੰਸਾਵਲੀ ਦਾ ਪਤਾ ਲੈਣ ਗਏ, ਮੁੜ ਕੇ ਜਲੰਧਰ ਸਟੇਸ਼ਨ ਤੇ ਬੇਠੇ ਸੀ, ਇਕ ਆਰੀਆ ਸਮਾਜੀ ਨੇ ਪ੍ਰਤਾਪ ਅਖਬਾਰ ਲਿਆ ਕੇ ਮੇਰ ਸਾਹਮਣੇ ਕਰਕੇ ਉਂਗਲੀ ਨਾਲ ਇਕ ਪਾਠ ਪੜ੍ਹਨ ਨੂੰ ਕਿਹਾ। ਮੈਂ ਉਸਦੇ ਕਹਿਣ ਤੋਂ ਉਹ ਪੜ੍ਹ ਲਿਆ ਉਸ ਵਿਚ ਲਿਖਿਆ ਸੀ, ਸਵਾਮੀ ਸਵਤੰਤ੍ਰਾ ਨੰਦ ਜੀ ਦਾ ਰੋਹਤਕ ਜ਼ਿਲੇ ਦੇ ਦੌਰੇ ਬਾਬਤ ਵਾਰੰਟ ਨਿਕਲ ਗਿਆਂ ਹੈ, ਇਹ ਗੱਲ ਸੁਣੀ ਹੈ। ਓਦੂੰ ਪਿਛੋਂ 'ਵਾਰੰਟ ਦੀ ਉਡੀਕ ਹੋਣ ਲੱਗੀ. ਪਰ ਸਮਾਜ ਦਾਂ ਪ੍ਰੋਗਰਾਮ ਵੀ ਪਹਿਲੇ ਵਾਂਗੁਰ ਹੀ ਭੁਗਤਾਉਂਦਾ ਰਿਹਾ। ਅੰਤ ਨੂੰ 19.4.43 ਨੂੰ ਮੈਂ ਦਯਾਨੰਦ ਮੱਠ ਦੀਨਾ ਨਗਰ ਆਇਆ ਅਤੇ 22.4.43 ਨੂੰ ਦਸ ਵਜੇ ਵਾਰੰਟ ਵੀ ਪੁੱਜ ਗਏ। ਖਾਨ ਸਾਹਿਬ ਮੁਹੰਮਦ ਅਮੀਰ ਖਾਂ ਜੀ ਥਾਣੇਦਾਰ ਦੀਨਾ ਨਗਰ ਵਾਰੰਟ ਲੈਕੇ ਆਏ। ਕਿਉਂਕਿ ਮੈਂ ਵਾਰੰਟ ਨਿਕਲਣੇ ਸੁਣ ਚੁਕਿਆ ਸੀ, ਏਸ ਕਰਕੇ ਏਨੀ ਅਚੰਭੇ ਵਾਲੀ ਗੱਲ ਨਹੀਂ ਸੀ। ਮੈਂ ਤਿਆਰ ਹੋਕੇ ਉਨ੍ਹਾਂ ਦੇ ਨਾਲ ਤੁਰ ਪਿਆ। ਮੱਠ ਨਿਵਾਸੀਆਂ ਨੂੰ ਮੋੜ ਦਿੱਤਾ। ਥਾਣੇ ਜਾ ਕੇ ਥਾਣੇਦਾਰ ਸਾਹਿਬ ਤਾਂ ਠਹਿਰ ਗਏ ਅਤੇ ਗੱਡ ਮੀਆਂ ਮੁਹੰਮਦ ਅਲੀ ਜੀ ਹਵਾਲਦਾਰ ਦੇ ਹਵਾਲੇ ਕਰ ਦਿੱਤੀ। ਉਹ ਮੈਨੂੰ ਗੁਰਦਾਸਪੁਰ ਲੈ ਗਏ। ਉਸ ਵੇਲੇ ਮੱਠ ਦੇ ਖਜ਼ਾਨਚੀ ਲਾਲਾ ਭੱਦਰ ਸੈਨ ਜੀ ਓਹਰੀ ਤੇ ਲਾਲਾ ਦੇਵ ਦੱਤ ਜੀ ਆਦਿ ਕਈ ਸੱਜਣ ਟਾਂਗਾ ਕਰਕੇ ਨਾਲ ਹੀ ਗਏ। ਪੁਲੀਸ ਵਾਲਿਆਂ ਦਾ ਵਿਹਾਰ ਚੰਗਾ ਹੀ ਸੀ।

ਸੰਝ ਨੂੰ ਸਾਢੇ 3 ਵਜੇ ਦੇ ਕਰੀਬ ਜੇਲ੍ਹ ਵਿਚ ਪਹੁੰਚਾ ਕੇ ਸਾਰੇ ਸਾਥੀ ਮੁੜ ਆਏ। 3.5.43 ਨੂੰ ਸਵੇਰੇ ਹੀ ਇਕ ਥਾਣੇਦਾਰ ਨੇ ਆ ਕੇ ਲਾਹੌਰ ਲੈ ਜਾਣ ਦੀ ਆਗਿਆ ਦਿਖਾ ਕੇ ਹੱਥਕੜੀ ਲਾ ਕੇ ਰੇਲ ਵਿਚ ਬਿਠਾ ਕੇ ਲਾਹੌਰ ਕਿਲੇ ਵਿਚ ਪਹੁੰਚਾ ਦਿੱਤਾ। 10.6.43 ਤਕ ਕਿਲੇ ਦੀ ਹਵਾ ਖਾਧੀ। 10.6.43 ਨੂੰ

ਸਾਢੇ 7 ਵਜੇ ਸੰਧਿਆ ਵੇਲੇ ਦੀਨਾਨਗਰ 24 ਘੰਟਿਆਂ ਵਿਚ ਪੁੱਜਣ ਦਾ ਅਤੇ ਨਜ਼ਰਬੰਦੀ ਦਾ ਹੁਕਮ ਸੁਣਾਕੇ ਕਿਲਿਉਂ ਬਾਹਰ ਕੱਢ ਛੱਡਿਆ।

ਕਿਲਿਉਂ ਨਿਕਲ ਕੇ ਮਹਾਸ਼ਾ ਕ੍ਰਿਸ਼ਨ ਜੀ ਦੇ ਘਰ ਆਇਆ। ਉੱਥੇ ਅਨੇਕ ਆਰੀਆ ਸਮਾਜੀ ਅਤੇ ਹੋਰ ਸਿਆਣੇ ਬੰਦੇ ਮਿਲੇ। ਜਦ ਰਾਤ ਨੂੰ ਸੌਣ ਲੱਗੇ ਤਾਂ ਮਹਾਸ਼ਾ ਜੀ ਨੇ ਆਖਿਆ: ਰੱਬ ਸਬੱਬ ਨਾਲ ਨਜ਼ਰਬੰਦ ਤਾਂ ਹੋ ਹੀ ਗਏ ਹੋ, ਬੈਠੇ-ਬੈਠ ਜੇ ਕੋਈ ਕਿਤਾਬ ਲਿਖ ਛੱਡੋ ਤਾਂ ਚੰਗੀ ਗੱਲ ਹੈ। ਮੈਂ ਉੱਤਰ ਦਿੱਤਾ, ਮਹਾਸ਼ਾ ਜੀ ਇਹ ਸੋਚਣ ਵਾਲੀ ਬਾਤ ਹੈ। 11 ਮਈ ਨੂੰ ਸਵੇਰੇ ਛੇ ਵਜੇ ਦੀ ਗੱਡੀ ਬੈਠਕੇ 11 ਵਜੇ ਦੁਪਹਿਰ ਦੀਨਾਨਗਰ ਸ਼ਟੇਸ਼ਨ ਤੇ ਪੁੱਜ ਗਿਆ।

ਏਥੇ ਆਕੇ ਜਦ ਸੋਚਣ ਲੱਗਾ ਕਿ ਇਨ੍ਹਾਂ ਦਿਨਾਂ ਵਿਚ ਕੀ ਕੰਮ ਕੀਤਾ ਜਾਵੇ ਤਾਂ ਬਾਰ-ਬਾਰ ਮਹਾਸ਼ਾ ਜੀ ਦੇ ਸ਼ਬਦ ਸਾਹਮਣੇ ਆਉਣ। ਅੰਤ ਨੂੰ ਇਹੋ ਨਿਸ਼ਚਾ ਕੀਤਾ ਕਿ ਕੁਝ ਲਿਖਾਂ, ਪਰ ਕੀ ਲਿਖਾਂ? ਜਦ ਇਹ ਸੋਚਣ ਲੱਗਿਆਂ ਤਾਂ ਮਨ ਨੇ ਕਿਹਾ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕੀਤੇ ਬੜੇ ਦਿਨ ਬੀਤ ਗਏ ਹਨ ਉਹਦਾ ਪਾਠ ਕਰਕੇ ਗੁਰੂ ਜੀ ਦਾ ਉਪਦੇਸ਼ ਅਤੇ ਸਵਾਮੀ ਦਯਾਨੰਦ ਜੀ ਦਾ ਸੰਦੇਸ਼ ਇਕੱਠੇ ਕਰਕੇ ਲਿਖਦੇ ਹਾਂ।

ਜਦ ਇਹ ਨਿਸ਼ਚਾ ਹੋ ਗਿਆ ਤਾਂ ਸਿੱਖ ਪੰਥ ਦੀਆਂ ਪੋਥੀਆਂ ਦੀ ਲੋੜ ਪਈ। ਈਸ਼ਵਰ ਦੀ ਦਯਾ ਨਾਲ ਪੁਸਤਕਾਂ ਵੀ ਮਿਲ ਗਈਆਂ। ਕੋਈ ਵੀਹਾਂ ਕੁ ਦਿਨਾਂ ਵਿਚ ਇਹ ਸਾਰਾ ਕੰਮ ਹੋ ਗਿਆ। ਤਦ ਹਾੜ ਹਨੇਰੇ ਪੱਖ ਦੀ ਚੌਂਦਸ 1.7 43 ਤੋਂ ਉਨ੍ਹਾਂ ਪੁਸਤਕਾਂ ਨੂੰ ਦੇਖਣਾ ਤੇ ਲਿਖਣਾ ਅਰੰਭਿਆ।

ਪਾਠ ਕਰਨ ਤੋਂ ਪਹਿਲਾਂ ਨਿਸ਼ਚੇ ਇਹੋ ਹੋਇਆ ਕਿ ਜਿਦਾਂ ਰਿਸ਼ੀ ਦਯਾਨੰਦ ਜੀ ਕੋਈ ਨਵਾਂ ਮਤ ਚਲਾਉਣ ਵਾਲੇ ਨਹੀਂ ਸਨ, ਓਦਾਂ ਹੀ ਗੁਰੂ ਗੋਬਿੰਦ ਸਿੰਘ ਜੀ ਵੀ ਪਹਿਲੇ ਪੰਥ ਚਾਲੂ ਕਰਨ ਵਾਲਿਆਂ ਨੂੰ ਈਸ਼ਵਰ ਤੋਂ ਭੁਲੇ ਹੋਏ ਦਸ ਕੇ ਧਰਮ ਪ੍ਰਚਾਰ ਦਾ ਹੀ ਹੋਕਾ ਦਿੰਦੇ ਹਨ, ਤਾਂ ਤੇ ਆਰੀਆ ਸਮਾਜ ਅਤੇ ਸਿੱਖ ਪੰਥ ਇਕੋ ਰਾਹ ਦੇ ਰਾਹੀ ਹਨ। ਇਹ ਸੋਚਕੇ ਇਸ ਪੁਸ਼ਤਕ ਵਿਚ ਦੋਹਾਂ ਦੇ ਪ੍ਰਮਾਣ ਦਾ ਵਿਚਾਰ ਕਰ ਕੇ ਪਰਮਾਤਮਾ ਦਾ ਨਾਉਂ ਲੈ ਕੇ ਪੁਸਤਕ ਲਿਖਣ ਦਾ ਧੰਦਾ ਛੇੜਿਆ। ਰਿਸ਼ੀ ਦਯਾਨੰਦ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਸ਼ਬਦ ਹੇਠਾਂ ਲਿਖਦਾ ਹਾਂ, ਜਿਸ ਤੋਂ ਪਤਾ ਲਗ ਜਾਵੇ ਕਿ ਉਹ ਕੀ ਚਾਹੁੰਦੇ ਸਨ।

ਰਿਸ਼ੀ ਦਯਾਨੰਦ ਜੀ ਨੇ ਸਤਿਆਰਥ ਪ੍ਰਕਾਸ਼ ਦੇ ਅੰਤ ਵਿਚ ਲਿਖਿਆ ਹੈ :
"ਜੋ ਜੋ ਬਾਤ ਸਬ ਕੇ ਸਾਮਨੇ ਮਾਨਨੀਯ ਹੈ, ਉਨ ਕੋ ਮਾਨਤਾ, ਅਰਥਾਤ ਜੈਸੇ ਸਤਯ ਬੋਲਨਾ ਸਬ ਕੇ ਸਾਮਨੇ ਅੱਛਾ ਔਰ ਮਿਥਿਆ ਬੋਲਨਾ ਬੁਰਾ ਹੈ, ਐਸੇ ਸਿਧਾਂਤੋਂ ਕੋ ਸਵੀਕਾਰ ਕਰਤਾ ਹੂੰ ਔਰ ਜੋ ਮਤ-ਮਤਾਂਤਰ ਕੇ ਪ੍ਰਸਪਰ ਵਿਰੁਧ ਝਗੜੇ ਹੈਂ ਉਨਕੋ ਮੈਂ ਪ੍ਰਸੰਨ (ਪਸੰਦ) ਨਹੀਂ ਕਰਤਾ, ਕਿਉਂਕਿ ਇਨ ਹੀ ਮਤ-ਮਤਾਂਤਰੋਂ ਨੇ ਅਪਨੇ ਮਤੋਂ ਕਾ ਪ੍ਰਚਾਰ ਕਰ ਮਨੁਸ਼ੋਂ ਕੋ ਫੰਸਾ ਕੇ ਪ੍ਰਸਪਰ ਸ਼ਤ੍ਰੂ ਬਨਾ ਦੀਏ ਹੈਂ। ਇਸ ਬਾਤ ਕੋ ਕਾਟ ਸਰਵ ਸਤਯ ਕਾ ਪ੍ਰਚਾਰ ਕਰ ਸਬ ਕੋ ਏਕਯ ਮਤ ਮੇਂ ਕਰਾ ਦ੍ਵੇਸ਼ ਛੁੜਾ ਪਰਮਪਰ ਮੇਂ ਦ੍ਰਿੜ੍ਹ ਪ੍ਰੀਤੀਯੁਕਤ ਕਰਾਕੇ ਸਬ ਸੇ, ਸਬ ਕੋ ਸੁਖ ਲਾਭ ਪਹੁੰਚਾਨੇ ਕੇ ਲੀਏ ਮੇਰਾ ਪ੍ਰਯਤਨ ਔਰ ਅਭਿਪ੍ਰਾਇ ਹੈ। ਸਰਵਸ਼ਕਤੀਮਾਨ, ਪਰਮਾਤਮਾ ਕੀ ਕ੍ਰਿਪਾ, ਸਹਾਇ ਔਰ ਆਪਤ ਜਨੋਂ ਕੀ ਸਹਾਨੁਭੂਤੀ ਸੇ ਯਹ ਸਿਧਾਂਤ ਸਰਵਤ੍ਰ ਭੂਗੋਲ ਮੇਂ ਸ਼ੀਘ੍ਰ ਪ੍ਰਵਰਿਤ ਹੋ ਜਾਵੇ, ਜਿਸ ਸੇ ਸਬ ਲੋਗ ਸਹਜ ਸੇ ਧਰਮ, ਅਰਥ, ਕਾਮ, ਮੋਕਸ਼ ਕੀ ਸਿਧੀ ਕਰਕੇ ਸਦਾ ਉੱਨਤ ਔਰ ਆਨੰਦਿਤ ਹੋਤੇ ਰਹੇਂ। ਯਹੀ ਮੇਰਾ ਮੁਖਯ ਪ੍ਰਯੋਜਨ ਹੈ।

ਗੁਰੂ ਗੋਬਿੰਦ ਸਿੰਘ ਜੀ ਬਚਿੱਤ੍ਰ ਨਾਟਕ ਵਿਚ ਲਿਖਦੇ ਹਨ :

ਜੇ ਕੋਈ ਹੋਤ ਭਯੋ ਜਗ ਸਿਆਨਾ। ਤਿਨ ਤਿਨ ਅਪੁਨੋ ਪੰਥ ਚਲਾਨਾ।੧੪।
ਪਰਮ ਪੁਰਖ ਕਿਨਹੂੰ ਨਹਿ ਪਾਯੋ। ਬੈਰੁ ਬਾਦੁ ਅਹੰਕਾਰ ਬਢਾਯੋ।੧੫।
ਜਿਨ ਜਿਨ ਤਨਕ ਸਿਧਿ ਕੋ ਪਾਯੋ। ਤਿਨ ਤਿਨ ਅਪੁਨਾ ਰਾਹ ਚਲਾਯ।
ਪਰਮੇਸ਼ਰ ਨਾਹਿ ਕਿਨਹੂੰ ਪਛਾਨਾ। ਮਮ ਉਚਾਰਤੇ ਭਯ ਦਿਵਾਨਾ।੧੬।
ਪਰਮ ਤੱਤ ਕਿਨਹੂੰ ਨ ਪਛਾਨਾ। ਆਪ ਆਪ ਭੀਤਰ ਉਰਝਾਨਾ।੧੭।
ਜੋ ਪ੍ਰਭੁ ਪਰਮ ਪੁਰਖੁ ਉਪਜਾਏ। ਤਿਨ ਤਿਨ ਅਪੁਨੇ ਰਾਹਿ ਚਲਾਏ।੨੬।
ਹਮ ਇਹ ਕਾਜ ਜਗਤ ਮੋਂ ਆਏ। ਧਰਮ ਹਤ ਗੁਰਦੇਵ ਪਠਾਏ।
ਜਹਾਂ ਤਹਾਂ ਤੁਮ ਧਰਮ ਬਿਥਾਰੋ। ਦੁਸ਼ਟ ਦੋਖੀਅਨ ਪਕਰ ਪਛਾਰੋ।੪੨।
ਜੋ ਜੋ ਭਏ ਪਹਲ ਅਵਤਾਰਾ। ਆਪੁ ਆਪੁ ਤਿਨ ਜਾਪ ਉਚਾਰਾ।
ਪ੍ਰਭੁ ਦੋਖੀ ਕੋਈ ਨ ਬਿਦਾਰਾ। ਧਰਮ ਕਰਮ ਕੋ ਰਾਹ ਨ ਡਾਰਾ।੪੪।
ਸਵਾਂਗਨ ਮੈਂ ਪਰਮੇਸਰ ਨਾਹੀ। ਖੋਜ ਫਿਰੈ ਸਭ ਹੀ ਕੋ ਕਾਹੀ।
ਅਪਨੋ ਮਨ ਕਰਮੋ ਜਿਹ ਆਨਾ। ਪਾਰਬ੍ਰਹਮ ਕੋ ਤਿਨੀ ਪਛਾਨਾ।੫੫।

**ਬਚਿੱਤ੍ਰ ਨਾਟਕ ਧਿਆਇ ੬)**

ਰਿਸ਼ੀ ਦਯਾਨੰਦ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੋਵੇਂ ਹੀ ਧਰਮ ਪ੍ਰਚਾਰ ਅਪਨਾ ਉਦੇਸ਼ ਦੱਸਦੇ ਹਨ। ਤਾਂ ਤੇ ਦੋਹਾਂ ਦਾ ਕੰਮ ਧਰਮ ਪ੍ਰਚਾਰ ਕਰਕੇ ਇਕੋ ਹੀ ਹੈ। ਮਤ-ਮਤਾਂਤਰਾਂ ਨੂੰ ਦੋਨੋਂ ਹੀ ਨਹੀਂ ਮੰਨਦੇ ਤਾਂ ਤੇ ਮਤ, ਪੰਥ, ਸਭ ਛੱਡਣ ਯੋਗ ਹਨ। ਧਰਮ ਹੀ ਧਾਰਣ ਕਰਨ ਯੋਗ ਹੈ।

ਏਸ਼ ਗੱਲ ਦਾ ਧਿਆਨ ਰਖ ਕੇ ਕੁਝ ਸਿਧਾਂਤ ਏਸ ਪੋਥੀ ਵਿਚ ਲਿਖੇ ਹਨ। ਹਰੇਕ ਸਿਧਾਂਤ ਲਿਖਣ ਵੇਲੇ ਪਹਿਲਾਂ ਸਾਰ ਸਮਝਾ ਕੇ ਫੇਰ ਰਿਸ਼ੀ ਦਯਾਨੰਦ ਜੀ ਦਾ ਸਤਯਾਰਥ ਪ੍ਰਕਾਸ਼ ਵਿਚੋਂ ਪਾਠ ਲਿਖਿਆਂ ਹੈ, ਫੇਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਤੇ ਕਿਤੇ ਕਿਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਪਾਤਸ਼ਾਹੀ ੧੦ ਦਾ ਪਾਠ ਵੀ ਲਿਖਿਆ ਹੈ। ਕਿਸੇ ਕਿਸੇ ਪ੍ਰਕਰਣ ਵਿਚ ਹੋਰ ਮੰਨੇ-ਪ੍ਰਮੰਨੇ ਸਿੱਖ ਲਿਖਾਰੀਆਂ ਦੇ ਪਾਠ ਵੀ ਦਿੱਤੇ ਹਨ। ਤਾਕਿ ਮੇਰਾ ਭਾਵ ਪਾਠਕਾਂ ਦੀ ਸਮਝ ਵਿਚ ਆ ਜਾਵੇ।

ਏਸ ਪੋਥੀ ਵਿਚ ਇਕੀਸ ਪ੍ਰਕਰਣ ਹਨ।

੧. ਈਸ਼ਵਰ। ੨. ਈਸ਼ਵਰ ਦੇ ਨਾਓਂ। ੩. ਸਾਕਾਰ ਨਿਰਾਕਾਰ। ੪. ਨਿਰਗੁਣ ਸ਼ਰਗੁਣ। ੫. ਅਵਤਾਰ। ੬. ਮੂਰਤੀ ਪੂਜਾ। ੭. ਜੀਵ। ੮. ਵੇਦ। ੯. ਕਰਮ। ੧੦, ਜਨੇਊ। ੧੧. ਸੰਧਿਆ। ੧੨. ਹੋਮ। ੧੩. ਸ਼ਰਾਧ। ੧੪. ਅਤਿਥੀ। ੧੫. ਵਰਣ। ੧੬. ਤੀਰਥ। ੧੭. ਸ਼ਰਾਬ ਤੇ ਮਾਸ। ੧੮. ਨਮਸਕਾਰ। ੧੯. ਇਸਤ੍ਰੀ ਜਾਤੀ। ੨੦. ਭੇਖ। ਅਤੇ ੨੧. ਸਤਯਾਰਥ ਪ੍ਰਕਾਸ਼ ਦਾ ਪਾਠ।

ਏਸ ਪੁਸਤਕਾਂ ਨੂੰ ਲਿਖਣ ਵਿਚ ਕਈ ਪੁਸਤਕਾਂ ਦੇਖਣੀਆਂ ਪਈਆਂ। ਉਨ੍ਹਾਂ ਵਿਚੋਂ ਕਝ ਤਾਂ ਮਹਾਂਪਰਸ਼ਾਂ ਦੀਆਂ ਲਿਖੀਆਂ ਜਾਂ ਸੰਗ੍ਰਹਿ ਕੀਤੀਆਂ ਹੋਈਆਂ ਹਨ। ਹੋਰ ਗ੍ਰੰਥ ਸਿਆਣੇ, ਗਿਆਨੀ ਪੰਡਤਾਂ ਅਤੇ ਪੰਥ ਦੇ ਆਗੂਆਂ ਦੇ ਲਿਖੇ ਹੋਏ ਹਨ। ਮੈਂ ਉਨ੍ਹਾਂ ਸਾਰਿਆਂ ਦਾ ਰਿਣੀ ਹਾਂ। ਉਨ੍ਹਾਂ ਦਾ ਜਿੰਨਾ ਵੀ ਧੰਨਵਾਦ ਕਰਾਂ, ਥੋੜਾ ਹੈ। ਜੇ ਕਿਤੇ ਇਹ ਪੁਸਤਕਾਂ ਨਾ ਮਿਲਦੀਆਂ ਤਾਂ ਮੈਂ ਇਹ ਪੁਸਤਕ ਕਦੇ ਵੀ ਨਾ ਲਿਖ ਸਕਦਾ। ਏਸ ਕਰ ਕੇ ਮੈਂ ਉਨ੍ਹਾਂ ਸਭਨਾਂ ਦਾ ਉਪਕਾਰ ਮੰਨਦਾ ਹਾਂ।

ਇਹ ਸਾਧਾਰਣ ਗੱਲ ਹੈ ਜੇ ਮੇਰੇ ਕੋਲੋਂ ਕਈ ਭੁਲ ਹੋ ਜਾਵੇ। ਕਿਉਂਕਿ ਮੈਂ ਅਲਪੱਗ ਹਾਂ, ਅਲਪੱਗ ਲਈ ਭੁਲ ਜਾਣਾ ਬਣਿਆ ਹੀ ਹੋਇਆ ਹੈ ਅਤੇ

ਗੁਰੂ ਮਹਾਰਾਜ ਜੀ ਕਹਿੰਦੇ ਹਨ, "ਭੁਲਣ ਅੰਦਰ ਸਭ ਕੋ"। ਜੇ ਕੋਈ ਸੱਜਣ ਮੇਰੀ ਭੁੱਲ ਦੱਸੇਗਾ ਤਾਂ ਮੈਂ ਵਿਚਾਰ ਕਰ ਕੇ ਮੰਨਣ ਨੂੰ ਤਿਆਰਹਾਂ ਤੇ ਉਸ ਭੁਲ ਦਾ ਸੁਧਾਰ ਵੀ ਕਰ ਦੇਵਾਂਗਾ।

ਅੰਤ ਵਿਚ ਮਹਾਸ਼ਾ ਕ੍ਰਿਸ਼ਨ ਜੀ ਦਾ ਜਿਨ੍ਹਾਂ ਨੇ ਪੁਸਤਕ ਲਿਖਣ ਦੀ ਪ੍ਰੇਰਣਾ ਕੀਤੀ ਤੇ ਪੁਸਤਕ ਦੇਣ ਵਾਲੇ ਪੁਸਤਕਾਲੇ ਦਾ ਧੰਨਵਾਦ ਕਰਦਾ ਹੋਇਆ ਭੂਮਿਕਾ ਲਿਖਣ ਤੋਂ ਕਲਮ ਨੂੰ ਛੱਡਦਾ ਹਾਂ।

[ਸਵਾਮੀ] ਸ੍ਵਤੰਤ੍ਰਾ ਨੰਦ

ਦਯਾਨੰਦ ਮਠ
ਦੀਨਾਨਗਰ

ਸਾਵਣ ਸ਼ੁਕਲ ਪੂਰਨਮਾਸ਼ੀ
15.8.43

# ੧. ਈਸ਼ਵਰ

ਰਿਸ਼ੀ ਦਯਾਨੰਦ ਜੀ ਨੇ ਸਤਯਾਰਥ ਪ੍ਰਕਾਸ਼ ਦੇ ਪਹਿਲੇ ਸਮੁਲਾਸ ਦੇ ਸ਼ੁਰੂ ਵਿਚ ਹੀ ਲਿਖਿਆ ਹੈ, ਈਸ਼ਵਰ ਦਾ ਮੁਖ ਨਾਮ 'ਓਮ' ਹੈ ਤੇ ਹੋਰ ਸਾਰੇ ਗੌਣ ਅਰਥਾਤ ਗੁਣਾ ਕਰਕੇ ਰਖੇ ਹੋਏ ਹਨ, ਜਿਹੜੇ ਅਨੇਕ ਹਨ। ਸਤਵੇਂ ਸਮੁਲਾਸ ਵਿਚ ਈਸ਼ਵਰ ਦਾ ਵਿਸਤਾਰ ਨਾਲ ਵਰਣਨ ਕੀਤਾ ਹੈ। ਜੇਹਦਾ ਭਾਵ ਇਉਂ ਹੈ --

ਈਸ਼ਵਰ ਵਿਚ ਸਾਰਾ ਸੰਸ਼ਾਰਾ ਰਹਿੰਦਾ ਹੈ। ਦੇਵ ਸਭ ਉਸ ਦੇ ਹੀ ਅੰਦਰ ਹਨ ਉਹ ਸਾਰੇ ਸੰਸਾਰ ਵਿਚ ਵਿਆਪਕ ਹੈ। ਉਸਨੂੰ ਸਭ ਇਉਂ ਹੀ ਯਾਦ ਕਰਦੇ ਹਨ ਜਿਵੇਂ ਔਲਾਦ ਆਪਣੇ ਮਾਪਿਆਂ ਨੂੰ ਯਾਦ ਕਰਦੀ ਹੈ। ਉਹ ਸਭ ਨੂੰ ਸਭ ਕੁਝ ਦੇਣ ਵਾਲਾ ਹੈ। ਉਸ ਨੂੰ ਕੋਈ ਜਿੱਤ ਨਹੀਂ ਸਕਦਾ। ਉਹ ਕਦੇ ਮਰਦਾ ਭੀ ਨਹੀਂ। ਉਹ ਗਿਆਨ-ਸਰੂਪ ਹੈ। ਸਭ ਦਾ ਸਵਾਮੀ ਹੈ। ਉਹ ਜ਼ਮੀਨ ਤੇ ਅਸਮਾਨ ਸਭ ਨੂੰ ਧਾਰਣ ਕਰਦਾ ਹੈ। ਉਹ ਵਿਆਪਕ ਹੈ। ਜੋਰਾਵਰ, ਬਿਨਾ ਸ਼ਰੀਰ, ਘਾਓ ਤੇ ਰਹਿਤ, ਨਾੜੀ ਨਸਤੇ ਬਿਨਾ, ਸ਼ੁੱਧ ਤੇ ਪਾਪ ਤੋਂ ਦੂਰ, ਠੀਕ ਜਾਣਨ ਵਾਲਾ, ਗਿਆਨੀ ਸਭ ਦਾ ਮਾਲਕ ਹੈ। ਕਿਸੇ ਨੇ ਉਸਨੂੰ ਬਣਾਇਆ ਨਹੀਂ (ਸੰਵਯੰਭੂ) ਅਨਾਦਿ ਕਾਲ ਤੋਂ ਸੰਸਾਰ ਨੂੰ ਆਪਣੇ ਨਿਯਮਾਨੁਸਾਰ ਧਾਰਣ ਕਰਦਾ ਹੈ। ਉਹ ਦੇ ਹੱਥ ਹਨ ਤੇ ਨ ਪੈਰਾਂ ਉਹ ਕਾਹਲਾ ਚਲਦਾ ਹੈ, ਸਭ ਨੂੰ ਪਕੜਦਾ ਹੈ। ਅੱਖਾਂ ਨਹੀਂ ਪਰ ਵੇਖਦਾ ਹੈ। ਕੰਨ ਨਹੀਂ ਹਨ ਪਰ ਸੁਣਦਾ ਹੈ। ਉਹ ਸਭ ਨੂੰ ਚੰਗੀ ਤਰ੍ਹਾਂ ਜਾਣਦਾ ਹੈ। ਪਰ ਉਸ ਦੇ ਸਾਰੇ ਰੂਪ ਨੂੰ ਜਾਨਣ ਵਾਲਾ ਕੋਈ ਨਹੀਂ, ਉਹ ਸਦਾ ਤੋਂ ਹੈ ਤੇ ਪੁਰਾਣਾ ਹੈ।

ਉਹ ਕਿਸੇ ਤੋਂ ਬਣਿਆਂ ਨਹੀਂ ਨ ਕਿਸੇ ਦਾ ਉਪਾਦਾਨ ਕਾਰਣ ਹੈ। ਨ ਕੋਈ ਉਹਦੇ ਬਰਾਬਰ ਹੈ, ਉਸ ਤੋਂ ਵੱਧ ਤਾਂ ਕਿਸੇ ਨੇ ਕੀ ਹੋਣਾ ਹੈ। ਉਹ ਅਨੇਕ ਸ਼ਕਤੀਆਂ ਵਾਲਾ ਹੈ। ਉਹ ਕਲੇਸ਼ (ਭੁੱਲ, ਹੰਕਾਰ, ਰਾਗ, ਦਵੇਖ, ਮਰਨੋਂ ਡਰਨਾ ਅਭਿਨਿਵੇਸ਼) ਕਰਮ (ਮੰਦੇ, ਚੰਗੇ ਕੰਮ), ਕਰਮਾਂ ਦਾ ਫਲ ਤੇ ਕਰਮਾਂ ਦੇ ਸੰਸਕਾਰਾਂ ਤੋਂ ਪਰੇ ਹੈ।

ਏਸੇ ਤਰ੍ਹਾਂ ਵੇਦ ਤੇ ਸ਼ਾਸਤਰਾਂ ਦੇ ਪ੍ਰਮਾਣ ਦੇਕੇ ਈਸ਼ਵਰ ਦੇ ਇਨ੍ਹਾਂ ਗੁਣਾਂ ਨੂੰ ਦੱਸਿਆ ਹੈ ਤੇ ਸਮਝਾਇਆ ਹੈ।

ਸਤਯਾਰਥ ਪ੍ਰਕਾਸ਼ ਦੇ ਅੰਤ ਵਿਚ ਰਿਸ਼ੀ ਜੀ ਨੇ ਸਵਮੰਤਵਯ, ਅਮੰਤਵਯ ਲਿਖੇ ਹਨ। ਉਨ੍ਹਾਂ ਵਿਚ ਭੀ ਸਭ ਤੋਂ ਪਹਿਲਾਂ ਈਸਵਰ ਹੀ ਲਿਖਿਆ ਹੈ ਜਿਸ ਤੋਂ ਇਹ ਪਤਾ ਲਗ ਜਾਵੇ ਉਨ੍ਹਾਂ ਨੇ ਇਸ ਪੋਥੀ ਵਿਚ ਕੀ ਕੀ ਗੱਲਾਂ ਮੰਨੀਆਂ ਤੇ ਕੀ ਕੀ ਨਹੀਂ ਮੰਨੀਆਂ ਹਨ।

"ਈਸ਼ਵਰ" ਕਿ ਜਿਸ ਕੇ ਬ੍ਰਹਮ, ਪ੍ਰਮਾਤਮਾਦਿ ਨਾਮ ਹੈਂ, ਜੋ ਸਚਦਾਨੰਦਾਦਿ ਲਕਸ਼ਣਯੁਕਤ ਹੈ, ਜਿਸ ਕੇ ਗੁਣ, ਕਰਮ, ਸੁਭਾਵ ਪਵਿੱਤ੍ਰ ਹੈਂ ਜੋ ਸਰਵੱਗ, ਨਿਰਾਕਾਰ, ਸਰਵ ਵਿਆਪਕ, ਅਜਨਮਾ, ਅਨੰਤ, ਸਰਵ ਸ਼ਕਤੀਮਾਨ, ਦਿਆਲੂ, ਨਿਆਇਕਾਰੀ ਸਬਸ੍ਰਿਸ਼ਟਿ ਕਾ ਕਰਤਾ ਧਰਤਾ, ਹਰਤਾ, ਸਬ ਜੀਵੋਂ ਕੋ ਕਰਮਾਂ-ਅਨੁਸਾਰ ਸਤਯ ਨਿਆਇ ਸੇ ਫਲਦਾਤਾ ਆਦਿ ਲਕਸ਼ਣ ਯੁਕਤ ਹੈ ਉਸੀ ਕੋ ਪ੍ਰਮੇਸ਼ਰ ਮਾਨਤਾ ਹੂੰ।

ਆਰੀਆ-ਉਦੇਸ਼-ਰਤਨ-ਮਾਲਾ ਵਿਚ ਈਸ਼ਵਰ ਬਾਰੇ ਇਉਂ ਲਿਖਿਆ ਹੈ।

(੧) "ਈਸ਼ਵਰ-ਜਿਸ ਕੇ ਗੁਣ ਕਰਮ ਸੁਭਾਵ ਔਰ ਸਵਰੂਪ ਸਤਯ ਹੀ ਹੈਂ। ਜੋ ਕਿ ਕੇਵਲ ਚੇਤਨ ਮਾਤ੍ਰ ਵਸਤੂ ਹੈ ਤਥਾ ਜੋ ਅਦੁਤੀਯ, ਸਰਵ-ਸ਼ਕਤੀਮਾਨ, ਨਿਰਾਕਾਰ, ਸਰਵ-ਵਿਆਪਕ, ਅਨਾਦਿ ਔਰ ਅਨੰਤ ਆਦਿ ਗੁਣਵਾਲਾ ਹੈ ਔਰ ਜਿਸ ਕਾ ਸੁਭਾਵ ਅਵਿਨਾਸੀ, ਗਿਆਨੀ, ਆਨੰਦੀ, ਸ਼ੁੱਧ, ਨਿਆਕਾਰੀ, ਦਯਾਲੂ, ਔਰ ਅਜਨਮਾਦਿ ਹੈ ਜਿਸ ਕਾ ਕਰਮ ਜਗਤ ਕੀ ਉਤਪਤਿ, ਪਾਲਨ ਔਰ ਵਿਨਾਸ਼ ਕਰਨਾ ਤਥਾ ਸਰਵ ਜੀਵੋਂ ਕੋ ਪਾਪ ਪੁੰਨ ਕੇ ਫਲ ਠੀਕ-ਠੀਕ ਪਹੁੰਚਾਨਾ ਹੈ ਉਸ ਕੋ ਈਸ਼ਵਰ ਕਹਿਤੇ ਹੈਂ।"

ਸ਼ਮਾਜ ਦੇ ਦਸਾਂ ਨਿਯਮਾਂ 'ਚੋਂ ਦੋ ਨਿਯਮ ਈਸ਼ਵਰ ਵਿਸ਼ੇ 'ਚ ਹੀ ਇਸ ਪ੍ਰਕਾਰ ਹਨ :

(੧) "ਸਬ ਸੱਤਯਵਿਦਯਾ ਔਰ ਜੋ ਪਦਾਰਥ ਵਿਦਯਾ ਸੇ ਜਾਨੇ ਜਾਤੇ ਹੈਂ ਉਨ ਸਬ ਕਾ ਆਦਿ-ਮੂਲ ਪਰਮੇਸ਼ਵਰ ਹੈ।

(੨) ਈਸ਼ਵਰ ਸਚਿਦਾਨੰਦ-ਸਰੂਪ, ਨਿਰਾਕਾਰ, ਸਰਵ-ਸ਼ਕਤੀਮਾਨ,

ਨਿਆਇਕਾਰੀ, ਦਯਾਲੂ, ਅਜਨਮਾ, ਅਨੰਤ, ਨਿਰਾਵਿਕਾਰ, ਅਨਾਦਿ ਅਨੂਪਮ, ਸਰਵਾਧਾਰ, ਸਰਵੇਸ਼ਵਰ, ਸਰਵਵਿਆਪਕ, ਸਰਵਾਂਤਰਯਾਮੀ, ਅਜਰ, ਅਮਰ, ਅਭੈ, ਨਿਤਯ, ਪਵਿੱਤ੍ਰ ਔਰ ਸ੍ਰਿਸਟਿਕਰਤਾ ਹੈ, ਉਸੀ ਕੀ ਉਪਾਸਨਾ ਕਰਨੀ ਚਾਹੀਏ।" ਏਦਾਂ ਹੀ ਰਿਗਵੇਦਾਦਿ ਭਾਸ਼ਯਭੂਮਿਕਾ ਦੇ ਬ੍ਰਹਮਵਿਦਿਯਾ ਪ੍ਰਕਰਣ ਵਿਚ ਲਿਖਿਆ ਹੈ। ਉਥੇ ਅਥਰਵ ਵੇਦ ਕਾਂਡ ੧੩ ਦਾ ਮੰਤ੍ਰ ਦੇ ਕੇ ਇਹ ਭੀ ਲਿਖਿਆ ਹੈ। "ਈਸ਼ਵਰ ਨ ਦੋ, ਨ ਤਿੰਨ, ਨ ਚਾਰ, ਨ ਪੰਜ, ਨ ਛੇ, ਨ ਸੱਤ, ਨ ਅੱਠ, ਨ ਨੌਂ, ਤੇ ਨ ਦਸ ਹੈ। ਉਹ ਕੇਵਲ ਏਕ ਹੀ ਹੈ, ਨਿਸ਼ਚੇ ਕਰਕੇ ਏਕ ਹੀ ਹੈ।"

ਜੇ ਕਿਸੇ ਨੂੰ ਬਹੁਤਾ ਦੇਖਣ ਦੀ ਚਾਹ ਹੋਵੇ ਤਾਂ ਉਪਰ ਲਿਖੀਆਂ ਪੋਥੀਆਂ ਵਿਚ ਦੇਖ ਲਵੇ। ਮੈਂ ਏਹ ਸਮਝਾਉਣ ਵਾਸਤੇ ਥੋੜ੍ਹਾ ਜਿਹਾ ਲਿਖਿਆ ਹੈ। ਜਿਵੇਂ ਰਿਸ਼ੀ ਜੀ ਨੇ ਲਿਖਿਆ ਹੈ ਆਰੀਆ ਸਮਾਜ ਉਸੇ ਤਰ੍ਹਾਂ ਹੀ ਈਸ਼ਵਰ ਦਾ ਸਵਰੂਪ ਮੰਨਦਾ ਹੈ ਤੇ ਉਦਾਂ ਹੀ ਪ੍ਰਚਾਰ ਕਰਦਾ ਹੈ।

ਹੁਣ ਅੱਗੇ ਸਿੱਖ-ਗੁਰੂਆਂ ਦੇ ਬਚਨ ਲਿਖਦਾ ਹਾਂ ਜਿਸ ਤੋਂ ਪਤਾ ਲਗ ਜਾਵੇ ਕਿ ਉਹ ਭੀ ਈਸ਼ਵਰ ਨੂੰ ਇਸੀ ਪ੍ਰਕਾਰ ਦਾ ਮੰਨਦੇ ਹਨ ਜਿਹਾ ਕਿ ਰਿਸ਼ੀ ਦਯਾਨੰਦ ਜੀ ਨੇ ਵੇਦਮਤ ਦੇ ਅਨੁਸਾਰ ਲਿਖਿਆ ਹੈ।

੧ ਓੰ ਸਤਿ ਨਾਮ ਕਰਤਾ ਪਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ । ਜਪੁ । ਆਦਿ ਸਚੁ ਜੁਗਾਦਿ ਸਚੁ ਨਾਨਕ ਹੋਸੀ ਭੀ ਸਚੁ। ਜਪੁਜੀ ੧

ਥਾਪਿਆ ਨ ਜਾਇ ਕੀਤਾ ਨ ਹੋਇ। ਆਪੇ ਆਪ ਨਿਰੰਜਨ ਸੋਇ। ਜਪੁਜੀ ੫

ਤੂ ਸਦਾ ਸਲਾਮਤ ਨਿਰੰਕਾਰ। ਜਪੁਜੀ ੧੬

ਅਲਖ ਅਪਾਰ ਅਗੰਮ ਅਗੋਚਰਿ ਨ ਤਿਸੁ ਕਾਲ ਨ ਕਰਮਾ।
ਜਾਤਿ ਅਜਾਤਿ ਅਜੋਨੀ ਸੰਭਉ ਨ ਤਿਸ ਭਾਉ ਨ ਭਰਮਾ।੧।
ਸਾਚੇ ਸਚਿਆਰ ਵਿਟਹੁ ਕੁਰਬਾਨ।

ਨਾਤਿਸੁ ਰੂਪ ਵਰਨੁ ਨਹੀਂ ਰੇਖਿਆ ਸਾਚੇ ਸਬਦ ਨੀਸਾਣੁ।
ਰਹਾਉ। ਨਾਤਿਸੁ ਮਾਤ ਪਿਤਾ ਸੁਤ ਬੰਧਪ ਨਾਤਿਸ ਕਾਮੁ ਨ ਨਾਰੀ।
ਅਕੁਲ ਨਿਰੰਜਨ ਅਪਰੰਪਾਰੁ ਸਗਲੀ ਜੋਤਿ ਤੁਮਾਰੀ।੨।

ਘਟ-ਘਟ ਅੰਤਰਿ ਬ੍ਰਹਮ ਲੁਕਾਇਆ ਘਟਿ ਘਟਿ ਜੋਤਿ ਸਬਾਈ।
ਬਜਰ ਕਪਾਟ ਮੁਕਤੇ ਗੁਰਮਤੀ ਨਿਰਭੈ ਤਾੜੀ ਲਾਈ।੩।

ਰਾਗ ਸੋਰਠਿ ਸ: ੧ ਸ: ੬ ॥ ੧.੨.੩.।

ਅਲਾਹ ਅਲਖ ਅਗੰਮ ਕਾਦਰ ਕਰਣਹਾਰ ਕਰੀਮ।
ਸਭ ਦੁਨੀ ਆਵਣ ਜਾਵਣੀ ਮੁਕਾਮ ਏਕ ਰਹੀਮ ॥
ਸਿਰੀ ਰਾਗ ਸ: ੧ ਅਸਟਪਦੀ ੧

ਭੁਲਣ ਵਿਚ ਕੀਆ ਸਭ ਕੋਈ ਕਰਤਾ ਆਪ ਨ ਭੁਲੇ।
ਪ੍ਰਭਾਤੀ ਸ: ੧ ਅਸਟਪਦੀ ੪ ਪਦ

ਸਾਹਿਬ ਮੇਰਾ ਸਦਾ ਹੈ ਦਿਸੈ ਸਬਦਿ ਕਮਾਇ।
ਉਹ ਅਉਹਾਈ ਕਦੇ ਨਾਹਿ ਨ ਆਵੈ ਨ ਜਾਇ।
ਸਦਾ ਸਦਾ ਜੋ ਸੇਵੀਐ ਜੋ ਸਭ ਮਹਿ ਰਹੇ ਸਮਾਇ।
ਅਵਰੁ ਦੂਜਾ ਕਿਉ ਸੇਵੀਐ ਜੰਮੇ ਤੈ ਮਰਿ ਜਾਇ।
ਨਿਹਫਲ ਤਿਨ੍ਹ ਕਾ ਜੀਵਿਆ ਜਿ ਖਸਮੁ ਨ ਜਾਣਹਿ ਆਪਣਾ

ਅਵਰੀਕਉ ਚਿਤ ਲਾਇ। ਨਾਨਕ ਏਵ ਨ ਜਾਪਈ ਕਰਤਾ ਕੇਤੀ ਦੇਇ ਸਜਾਇ।
ਗੂਜਰੀ ਕੀ ਵਾਰ ਮ: ੨।੩

ਮੇਰਾ ਪ੍ਰਭੁ ਨਿਰਮਲੁ ਅਗਮ ਅਪਾਰ। ਬਿਨ ਤਕੜੀ ਤੋਲੇ ਸੰਸਾਰ।
ਗੁਰਮੁਖਿ ਹੋਵੈ ਸੋਈ ਬੁਝੈ ਗੁਣ ਕਹਿ ਗੁਣੀ ਸਮਾਵਣਿਆ।
ਰਾਗ ਮਾਝ ਮ: ੩ ਅਸਟਪਦੀ ੩

ਸਭ ਕਿਛੁ ਸੁਣਦਾ ਵੇਖਦਾ ਕਿਉਂ ਮੁਕਰ ਪਇਆ ਜਮਾਇ॥
ਸਿਰੀ ਰਾਗ ਮ: ੩

ਸਰੀਰਹੁ ਭਾਲਣ ਕੋ ਬਾਹਰ ਜਾਏ। ਨਾਮ ਨ ਲਹੈ ਬਹੁਤ ਵੇਗਾਰ ਦੁਖ ਪਾਏ।
ਮਨਸੁਖ ਅੰਧੇ ਸੁਝੈ ਨਾਹੀਂ ਫਿਰ ਘਿਰ ਆਇ ਗੁਰਮੁਖ ਵਲ ਪਾਵਣਿਆ॥
ਮਾਝ ਮ: ੩ ਅਸਟਪਦੀ

ਤੇਰਾ ਸਰੀਰ ਕੋ ਨਾਹੀ ਜਿਸ ਨੋ ਲਵੇ ਲਾਇ ਸੁਣਾਇਆ॥
ਮ: ੪ ਵਾਰ ਗਉੜੀ ੧ ਵਾਰ ੨

ਤੇਰੀ ਵਡਿਆਈ ਤੂੰ ਹੈ ਜਾਣਦਾ ਤੁਧ ਜੇਵਡੁ ਅਵਰ ਨ ਕੋਈ ॥
ਤੁਧੁ ਜੇਵਡੁ ਹੋਰੁ ਸਰੀਕੁ ਹੋਵੈ ਤਾਂ ਆਖੀਐ ਤੁਧ ਜੇਵਡੁ ਤੂ ਹੈ ਹੋਈ ।
ਮ: ੪ ਪੌੜੀ ਵਾਰ ਬਿਹਾਗੜਾ ੨

ਨਾਨਕ ਪਿਤਾ ਮਾਤਾ ਹੈ ਹਰਿ ਪ੍ਰਭੁ ਹਮ ਬਾਰਿਕ ਹਰਿ ਪ੍ਰਤਿਪਾਰੇ ।
ਰਾਗ ਰਾਮਕਲੀ ਮ: ੪ ਸਬਦ ੬

ਹਰਿ ਆਪ ਬਹਿ ਕਰੇ ਨਿਆਉ ਕੂੜਿਆਰ ਸਭ ਮਾਰ ਕਢੋਇ ।
ਸਚਿਆਰਾ ਦੇ ਵਡਿਆਈ ਹਰਿ ਧਰਮ ਨਿਆਉ ਕੀਓਇ ।
ਵਾਰ ਸਿਰੀ ਰਾਗ ਪਉੜੀ ਮ: ੪ ਸਬਦ ੧੯

ਤੂ ਕਰਤਾ ਆਪਿ ਅਭੁਲੁ ਹੈ ਭੁਲਣ ਵਿਚ ਨਾਹੀ।
(ਮ: ੪ ਗ: ਵਾ ੪)

ਹਹਿ ਸਤਿ ਨਿਰੰਜਨ ਅਮਰੁ ਹੈ ਨਿਰਭਉ ਨਿਰਵੈਰੁ ਨਿਰੰਕਾਰ ।
ਜਿਨ ਜਪਿਆ ਇਕ ਮਨਿ ਇਕ ਚਿਤਿ ਤਿਨ ਲਥਾ ਹਉਮੈ ਭਾਰੁ ।
ਗਉੜੀ ਵਾਰ ਮ: ੪ । ੬

ਤੂੰ ਕਰਤਾ ਸਭੁ ਕਿਛੁ ਜਾਣਦਾ ਜੋ ਜੀਆ ਅੰਦਰ ਵਰਤੈ ।
ਤੂੰ ਕਰਤਾ ਆਪਿ ਅਗਣਤੁ ਹੈ ਸਭ ਜਗ ਵਿਚ ਗਣਤੈ ।
ਮ: ੪ ਗਉੜੀ ਵਾਰ ੨੪

ਸੇਵਕ ਸਚੇ ਸਾਹਕੇ ਸੋਈ ਪਰਵਾਣੁ ।
ਦੂਜਾ ਸੇਵਨਿ ਨਾਨਕਾ ਸੇ ਪਚਿ ਪਚਿ ਮੂਏ ਅਜਾਣ ।
ਮ: ੪ ਗਉੜੀ ਵਾਰ ੨੯

ਹਰਿ ਜੀਉ ਸੇਵਿਹੁ ਅਗਮ ਅਪਾਰਾ ।
ਤਿਸਦਾ ਅੰਤੁ ਨਪਾਈਐ ਪਾਰਾਵਾਰਾ ।
ਗੁਰੁ ਪ੍ਰਸਾਦਿ ਰਵਿਆ ਘਟ ਅੰਤਰਿ ਤਿਤੁ ਘਟ ਮਤਿ ਅਗਾਹਾ ਹੇ ।
ਮਾਰੂ ਸੋਲਹੇ ਮ: ੩ ਸ: ੧੨

ਰਾਮੁ ਰਾਮੁ ਕਰਤਾ ਸਭੁ ਜਗੁ ਫਿਰੈ ਰਾਮੁ ਨ ਪਾਇਆ ਜਾਇ ।
ਅਗਮ ਅਗੋਚਰੁ ਅਤਿ ਵੱਡਾ ਅਤੁਲ ਨ ਤੁਲਿਆ ਜਾਇ ।
ਕੀਮਤਿ ਕਿਨੈ ਨ ਪਾਈਆ ਕਿਤੇ ਨ ਲਇਆ ਜਾਇ ।
ਬਿਹਾਗੜੇ ਕੀ ਵਾਰ ਮ: ੪ ਸਬਦ ੧੯

ਨਾਨਕ ਡਿੱਠਾ ਸਦਾ ਨਾਲਿ ਹਰਿ ਅੰਤਰਜਾਮੀ ਜਾਣੁ ।

ਸਿਰੀ ਰਾਗ ਮ: ੫ ਸਬਦ ੪

ਸਲੋਕ । ਵਾਸੁਦੇਵ ਸਰਬਤ੍ਰ ਮੈਂ ਊਨ ਨ ਕਤਹੂ ਠਾਇ ।
ਅੰਤਰਿ ਬਾਹਰਿ ਸੰਗ ਹੈ ਨਾਨਕ ਕਾਇ ਦੁਰਾਇ ।

ਰਾਗ ਗਉੜੀ ਬਾਵਨ ਅਖਰੀ ਮ: ੫. ੪੬

ਹੇ ਅਚੁਤ ਹੇ ਪਾਰਬ੍ਰਹਮ ਅਬਿਨਾਸੀ ਅਘਨਾਸ ।
ਹੇ ਪੂਰਨ ਹੇ ਸਰਬ ਮੈਂ ਦੁਖਭੰਜਨ ਗੁਣ ਤਾਸ ।
ਹੇ ਸੰਗੀ ਹੇ ਨਿਰੰਕਾਰ ਹੇ ਨਿਰਗੁਣ ਸਭ ਟੇਕ ।
ਹੇ ਗੋਬਿੰਦ ਹੇ ਗੁਣ ਨਿਧਾਨ ਜਾਕੈ ਸਦਾ ਬਿਬੇਕ ।
ਹੇ ਅਪਰੰਪਰ ਹਰਿਹਰੇ ਹਹਿਭੀ ਹੋਵਨ ਹਾਰ ।
ਹੇ ਸੰਤਾਂ ਕੇ ਸਦਾ ਸੰਗਿ ਨਿਧਾਰਾ ਆਧਾਰ ।
ਹੇ ਠਾਕੁਰ ਹਉ ਦਾਸਰੋ ਮੈਂ ਨਿਰਗੁਣ ਗੁਣ ਨਹੀਂ ਕੋਈ ।
ਨਾਨਕ ਦੀਜੈ ਨਾਮੁ ਦਾਨੁ ਰਾਖਉ ਹੀਐ ਪਰੋਇ ।

ਰਾਗ ਗਉੜੀ ਬਾਵਨ ਅਖਰੀ ਮ: ੫ । ੫੫

ਤੁਧੁ ਰੂਪ ਨ ਰੇਖਿਆ ਜਾਤਿ ਤੂੰ ਵਰਨਾ ਬਾਹਰਾ ।
ਏ ਮਾਣਸ ਜਾਣਹਿ ਦੂਰਿ ਤੂ ਵਰਤਹਿ ਜਾਹਰਾ ।
ਤੂ ਸਭ ਘਟ ਭੋਗਹਿ ਆਪਿ ਤੁਧ ਲੇਪ ਲਾਹਰਾ ।
ਤੂ ਪੁਰਖੁ ਅਨੰਦੀ ਅਨੰਤ ਸਭ ਜੋਤਿ ਸਮਾਹਰਾ ।
ਤੂ ਸਭ ਦੇਵਾ ਮਹਿ ਦੇਵ ਬਿਧਾਤੇ ਨਰਹਰਾ ।
ਕਿਆ ਆਰਾਧੇ ਜਿਹਵਾ ਇਕ ਤੂ ਅਬਿਨਾਸੀ ਅਪਰੰਪਰਾ ।

ਰਾਗ ਮਾਰੂ ਮ: ੫ ਡਖਨੇ ਮ: ੫ ਸਬਦ ੫

ਸਗਲ ਬਨਸਪਤਿ ਮਹਿ ਬੈਸੰਤਰੁ ਸਗਲ ਦੂਧ ਮਹਿ ਘੀਆ ।
ਊਚ ਨੀਚ ਮਹਿ ਜੋਤਿ ਸਮਾਣੀ ਘੱਟ ਘੱਟ ਮਾਧੋ ਜੀਆ ।
ਸੰਤਹੁ ਘੱਟ ਘੱਟ ਰਹਿਆ ਸਮਾਇਓ
ਪੂਰਨ ਪੂਰ ਰਹਿਓ ਸਰਬ ਮਹਿ ਜਲ ਥਲ ਰਮਈਆ ਆਹਿਓ ।
ਸਰਬ ਨਿਵਾਸੀ ਸਦਾ ਅਲੇਪਾ ਸਭ ਮਹਿ ਰਹਿਆ ਸਮਾਇਓ ।

ਸੋਰਠ ਮ: ੫ ਸਬਦ ੨੯

ਸਭ ਕਿਛੁ ਘਰ ਮਹਿ ਬਾਹਰ ਨਾਹੀ। ਬਾਹਰ ਟੋਲੈ ਸੋ ਭਰਮ ਭੁਲਾਹੀ।
ਗੁਰ ਪ੍ਰਸਾਦੀ ਜਿਨੀਅੰਤਰ ਪਾਇਆ। ਸੋ ਅੰਤਰ ਬਾਹਰ ਸੁਹੇਲਾ ਜੀਉ।

ਮਾਸ ਮ: ੫ ਸਬਦ ੨੬

ਕਾਹੇ ਰੇ ਬਨ ਖੋਜਨ ਜਾਈ। ਸਰਬ ਨਿਵਾਸੀ ਸਦਾ ਅਲੇਪਾ ਤਹੀ ਸੰਗ ਸਮਾਈ।
(੧) ਰਹਾਉ।

ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ।
ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ।੧।
ਬਾਹਰਿ ਭੀਤਰਿ ਏਕੋ ਜਾਨਹੁ ਇਹੁ ਗੁਰੁ ਗਿਆਨ ਬਤਾਈ।
ਜਨ ਨਾਨਕ ਬਿਨ ਆਪਾ ਚੀਨੈ ਮਿਟੈ ਨ ਭ੍ਰਮ ਕੀ ਕਾਈ।

ਧਨਾਸਰੀ ਮ: ੧

ਜਲਿ ਥਲਿ ਪੂਰ ਰਹੇ ਪ੍ਰਭੁ ਸੁਆਮੀ। ਜਤ ਪੇਖਉ ਤਤ ਅੰਤਰਿਜਾਮੀ।

ਗਉੜੀ ਕਬੀਰ ਜੀ ਸਬਦ ੪।੩

ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣ ਕੰਡਾ ਮੋੜੇਹ।
ਵਸੀ ਰਬ ਹਿਆਲੀਐ ਜੰਗਲੁ ਕਿਆ ਢੂਢੇਹ। ਸਲੋਕ ਫਰੀਦ ੧
ਕਬੀਰ ਮੁਲਾਂ ਮੁਨਾਰੇ ਕਿਆ ਚਢਹਿ ਸਾਂਈ ਨ ਬਹਰਾ ਹੋਇ।
ਜਾ ਕਾਰਨਿ ਤੂੰ ਬਾਂਗ ਦੇਹਿ ਦਿਲ ਹੀ ਭੀਤਰ ਜੋਇ।

ਸਲੋਕ ਕਬੀਰ ੧੨੪

ਚਕ੍ਰ ਚਿਹਨ ਅਰੁ ਬਰਨ ਜਾਤ ਅਰੁ ਪਾਤਿ ਨਹਿਨ ਜਿਹ॥
ਰੂਪ ਰੰਗ ਅਰੁ ਰਖ ਭੇਖ ਕੋਊ ਕਹਿ ਨ ਸਕਤ ਕਿਹ॥
ਅਚਲ ਮੂਰਤਿ ਅਨਭਉ ਪ੍ਰਕਾਸ਼ ਅਮਿਤੋਜ ਕਹਿਜੈ॥
ਕੋਟ ਇੰਦ੍ਰ ਇੰਦ੍ਰਾਣਿ ਸਹਿ ਸਾਹਿਣ ਗਣਿਜੈ॥
ਤ੍ਰਿਭਵਣ ਮਹੀਪ ਸੁਰਨਰ ਅਸੁਰ ਨੇਤਨੇਤ ਬਣ ਤ੍ਰਿਉ ਕਹਤੁ॥
ਤੂ ਸਰਬ ਨਾਮ ਕਥੈ ਕਵਨ ਕਰਮ ਨਾਮ ਬਰਣਤ ਸੁਮਤ। ਜਾਪ
ਆਦਿ ਰੂਪ ਅਨਾਦਿ ਮੂਰਤਿ ਅਜੋਨ ਪੁਰਖ ਅਪਾਰ।
ਸਰਬ ਮਾਨ ਤ੍ਰਿਮਾਨ ਦੇਵ ਅਭੇਵ ਆਦਿ ਉਦਾਰ।
ਸਰਬ ਪਾਲਕ ਸਰਬ ਘਾਲਕ ਸਰਬ ਕੋ ਪੁਨ ਕਾਲ।
ਜਤ੍ਰ ਤਤ੍ਰ ਬਿਰਾਜ ਹੀ ਅਵਿਧੂਤ ਰੂਪ ਬਿਸਾਲ। ਜਾਪ ੭੮

ਲੋਕ ਚੌਦਹ ਕੇ ਬਿਖੈ ਜਗ ਜਾਪਹੀ ਜਿਹ ਜਾਪ।
ਆਦਿ ਦੇਵ ਅਨਾਦਿ ਮੂਰਤਿ ਥਾਪਿਓ ਸਭੈ ਜਿਹ ਥਾਪ।
ਪਰਮ ਰੂਪ ਪੁਨੀਤ ਮੂਰਤਿ ਪੂਰਨ ਪੁਰਖ ਅਪਾਰ।
ਸਰਬ ਬਿਸ੍ਵ ਰਚਿਓ ਸੁਯੰਭਵ ਗੜਨ ਭੰਜਨਹਾਰ। ਜਾਪ ੮੬
ਅਲਖ ਰੂਪ ਅਛੈ ਅਨਭੇਖਾ। ਰਾਗ ਰੰਗ ਜਿਹ ਰੂਹ ਨਾ ਰੇਖਾ।
ਬਰਨ ਚਿਹਨ ਸਭ ਹੂੰ ਤੇ ਨਿਆਰਾ।
ਆਦਿ ਪੁਰਥ ਅਦ੍ਵੈ ਅਬਿਕਾਰਾ। (ਅਕਾਲ ਉਸਤਤਿ ੩)
ਦੀਨਨ ਕੀ ਪ੍ਰਤਿਪਾਲ ਕਰੇ ਨਿਤ, ਸੰਤ ਉਬਾਰ ਗਨੀਮਨ ਗਾਰੈ।
ਪੱਛ ਪਸੂ ਨਗ ਨਾਗ ਨਰਾਧਪ ਸਰਬ ਸਮੈ ਸਬ ਕੋ ਪ੍ਰਤਿਪਾਰੈ।
ਪੋਖਤ ਹੈ ਜਲ ਮੈਂ ਥਲ ਮੈਂ ਪਲ ਮੈਂ ਕਲ ਕੇ ਨਹੀਂ ਕਰਮ ਬਿਚਾਰੈ॥
ਦੀਨ ਦਇਆਲ ਦਇਆ ਨਿਧੀ, ਦੋਖ ਨ ਦੇਖਤ ਹੈ ਪਰ ਦੇਤ ਨ ਹਾਰੈ॥
ਅਕਾਲ ਉਸਤਤ ੨੪੩

ਆਦਿ ਅਨੰਤ ਅਗਾਧ ਅਦ੍ਵੈਖ ਸਭੂਤ ਭਵਿਖ ਭਵਾਨ ਅਭੈ ਹੈ।
ਕਾਮ ਨ ਕ੍ਰੋਧ ਨ ਲੋਭ ਨ ਮੋਹ ਨਰੋਗ ਨ ਸੋਗ ਨ ਭੋਗ ਨ ਭੈ ਹੈ।
ਦੇਹ ਬਿਹੀਨ ਸਨੇਹ ਸਭੋ ਤਨ ਨੇਹ ਬਿਰਕਤ ਅਗੇਹ ਅਛੈ ਹੈ।
ਜਾਨ ਕੋ ਦੇਤ ਅਜਾਨ ਕੋ ਦੇਤ ਜਮੀਨ ਕੋ ਦੇਤ ਜਮਾਨ ਕੋ ਦੇ ਹੈ।
ਕਾਹੇ ਕੋ ਡੋਲਤ ਹੈ ਤੁਮਰੀ ਸੁਧਿ ਸੁੰਦਰ ਸ੍ਰੀ ਪਦਮਾਪਤਿ ਲੈ ਹੈ।
ਅਕਾਲ ਉਸਤਤ ੨੪੭

ਸੱਤੇ ਸਦੈਵ ਸਰੂਪ ਸੱਤ ਬ੍ਰਤ ਆਦਿ ਅਨਾਦਿ ਅਗਾਧ ਅਜੈ ਹੈ।
ਦਾਨ ਦਯਾਦਮ ਸੰਜਮ ਨੇਮ ਜੱਤ ਬ੍ਰਤ ਸੀਲ ਸੁ ਬ੍ਰਤ ਅਬੈ ਹੈ।
ਆਦਿ ਅਨੀਲ ਅਨਾਦਿ ਆਨਾਹਦ ਆਪ ਬੇਅੰਤ ਅਦ੍ਵੈਖ ਅਭੈ ਹੈ।
ਰੂਪ ਅਰੂਪ ਅਰੇਖਜਰਾਰਦਨ ਦੀਨ ਦਯਾਲ ਕ੍ਰਿਪਾਲ ਭਏ ਹੈ। ੨॥
ਆਦਿ ਅਦ੍ਵੈਖ ਅਭੇਖ ਮਹਾਂ ਪ੍ਰਭੂ ਸੱਤ ਸਰੂਪ ਸ ਜੋਤਿ ਪ੍ਰਕਾਸ਼ੀ॥
ਪੂਰ ਰਹਿਓ ਸਥਹੀ ਘੱਟ ਕੈ ਪਟ ਨਤ ਸਮਾਧਿ ਸੁਭਾਵ ਪ੍ਰਨਾਸੀ।
ਆਦਿ ਜੁਗਾਦਿ ਜਗਾਇਤੁਹੀ ਪ੍ਰਭ ਫੈਲ ਰਹਿਓ ਸਭ ਅੰਤਰ ਬਾਸੀ।
ਦੀਨ ਦਯਾਲ ਕ੍ਰਿਪਾਲੁ ਕ੍ਰਿਪਾ ਕਰ ਆਦਿ ਅਯੋਨਿ ਅਜੈ ਅਬਿਨਾਸੀ।
੩ ਸਵੱਯੇ ੨—੩

ਏਦਾਂ ਦੇ ਹੋਰ ਅਨੇਕ ਸ਼ਬਦ ਲਿਖੇ ਜਾ ਸਕਦੇ ਹਨ ਪਰ ਏਨੇ ਹੀ ਕਾਫੀ ਜਾਣਦਾ ਹਾਂ। ਜੀਹਨੂੰ ਵਧੇਰੇ ਦੇਖਣ ਦੀ ਲੋੜ ਹੋਵੇ ਗੁਰਬਾਣੀ ਪੜ੍ਹਕੇ ਦੇਖ ਲਵੇ। ਰਿਸ਼ੀ ਦਯਾਨੰਦ ਜੀ ਨੇ ਈਸ਼ਵਰ ਦੇ ਜਿਹੇ-ਜਿਹੇ ਗੁਣ ਲਿਖੇ ਹਨ ਏਹੋ ਜਿਹੇ ਗੁਰੂਆਂ ਨੇ ਆਪਣੀ ਬਾਣੀ ਵਿਚ ਲਿਖੇ ਹਨ, ਇਸ ਤੋਂ ਪਤਾ ਲਗਦਾ ਹੈ ਈਸ਼ਵਰ ਨੂੰ ਮੰਨਣ ਵਿਚ ਤੇ ਓਹਦਾ ਰੂਪ ਜਾਣਨ ਵਿਚ ਆਰੀਆ ਸਮਾਜ ਤੇ ਸਿਖ ਇਕੋ ਜਿਹੇ ਹਨ।

# ੨. ਈਸ਼ਵਰ ਦੇ ਨਾਂ

ਸਤਯਾਰਥ ਪ੍ਰਕਾਸ਼ ਦੇ ਪਹਿਲੇ ਸਮੁਲਾਸ ਵਿਚ ਰਿਸ਼ੀ ਦਯਾਨੰਦ ਜੀ ਨੇ ਈਸ਼ਵਰ ਦੇ ਨਾਂ ਲਿਖੇ ਹਨ ਉਨ੍ਹਾਂ ਵਿਚੋਂ ਕੁਝ ਨਾਂ ਇੱਥੇ ਲਿਖਦਾ ਹਾਂ। ਜਿਸ ਨੇ ਸਾਰੇ ਦੇਖਣੇ ਹੋਣ ਉਹ ਉੱਥੇ ਹੀ ਦੇਖ।

ਓਮ ਜਾਂ ਓਂਕਾਰ ਸ਼ਬਦ ਪਰਮੇਸ਼ਵਰ ਕਾ ਸਰਵੋਤਮ ਨਾਮ ਹੈ। ਓਮ ਖੰਬ੍ਰਹਮ। ਇਸ ਸੇ ਯੇਹ ਸਿੱਧ ਹੁਆ ਕਿ ਕਹੀਂ ਗੌਣਿਕ ਕਹੀਂ ਕਾਰਮਿਕ ਔਰ ਕਹੀਂ ਸੁਭਾਵਿਕ ਅਰਥੋਂ ਕੇ ਵਾਚਕ ਹੈ। ਰਕਸ਼ਾ ਕਰਨੇ ਸੇ ਓਮ। ਅਕਾਸ਼ਵਤ ਵਿਆਪਕ ਹੋਨੇ ਸੇ 'ਖੰ' ਔਰ ਸਬ ਸੇ ਬੜਾ ਹੋਨੇ ਸੇ ਬ੍ਰਹਮ ਈਸ਼ਵਰ ਕਾ ਨਾਮ ਹੈ।

ਸਬ ਜਗਤ ਕੇ ਬਨਾਨੇ ਸੇ 'ਬ੍ਰਹਮਾ'।
ਸਰਵਤ੍ਰ ਵਿਆਪਕ ਹੋਨੇ ਸੇ 'ਵਿਸ਼ਨੂ'।
ਦੁਸ਼ਟੋਂ ਕੋ ਦੰਡ ਦੇ ਕੇ ਰੁਲਾਨੇ ਸੇ ਰੁਦ੍ਰ।

ਮੰਗਲਕਯ ਔਰ ਸਭਕਾ ਕਲਯਾਣ ਕਰਤਾ ਹੋਨੇ ਸੇ 'ਸ਼ਿਵ'।

ਜਿਸਕਾ ਵਿਨਾਸ਼ ਕਭੀ ਨਾ ਹੋ ਉਸੀ ਈਸਵਰ ਕੀ ਆਦਿਤਯ 'ਸੰਗਯਾ ਹੈ। ਜੋ ਈਸ਼ਵਰੋਂ ਅਰਥਾਤ ਸਮਰਥੋਂ ਮੇਂ ਸਮਰਥ, ਜਿਸਕੇ ਤੁਲਯ ਕੋਈ ਭੀ ਨਾ ਹੋ ਉਸ ਕਾ ਨਾਮ 'ਪਰਮੇਸ਼ਵਰ' ਹੈ।

ਜੋ ਸਭ ਜਗਤ ਕੀ ਉਤਪਤਿ ਕਰਤਾ ਹੈ ਇਸ ਲੀਏ ਉਸ ਪਰਮੇਸ਼ਵਰ ਕਾ ਨਾਮ ਸਵਿਤਾ ਹੈ। ਜੋ ਦੁਸ਼ਟੋਂ ਕੋ ਤਾੜਨ ਔਰ ਅਵਯਕਤ ਤਥਾ ਪ੍ਰਮਾਣੂਓਂ ਕਾ ਅਨਯੋਅਨਯਤ ਸੰਯੋਗ ਕਾ ਵਿਯੋਗ ਕਰਤਾ ਹੈ ਵਹ ਪਰਮਾਤਮਾ 'ਜਲ ਸੰਗਿਆ ਵਾਲਾ ਹੈ।

ਜੋ ਸਭ ਓਰ ਸੇ ਜਗਤ ਕਾ ਪ੍ਰਕਾਸ਼ਕ ਹੈ। ਇਸ ਲੀਏ ਉਸ ਪ੍ਰਮਾਤਮਾ ਕਾ ਨਾਮ ਆਕਾਸ਼ ਹੈ।

ਜਿਸ ਮੇਂ ਸਬ ਆਕਾਸ਼ਾਦਿ ਭੂਤ ਬਸਤੇ ਹੈਂ ਔਰ ਜੋ ਸਭ ਮੇਂ ਵਾਸ ਕਰ ਰਹਾ ਹੈ, ਇਸ ਲੀਏ ਓਸ ਪਰਮੇਸ਼ਵਰ ਕਾ ਨਾਮ 'ਵਸੂ' ਹੈ।

ਜੋ ਸਬ ਜਗਤ ਕੇ ਪਦਾਰਥੋਂ ਕੋ ਸੰਯੁਕਤ ਕਰਤਾ ਔਰ ਸਬ ਵਿਦਵਾਨੋਂ ਕਾ ਪੂਜਯ ਹੈ ਔਰ ਬ੍ਰਹਮਾ ਸੇ ਲੈ ਕੇ ਸਬ ਰਿਸੀ ਮੁਨੀਓਂ ਕਾ ਪੂਜਯ ਥਾ ਹੈ, ਔਰ ਹੋਗਾ, ਇਸ ਸੇ ਉਸ ਪਰਾਮਤਮਾ ਕਾ ਨਾਮ ਯਗਯ ਹੈ।

ਜਿਸਨੇ ਅਪਨੇ ਮੇਂ ਸਬ ਲੋਕ ਲੋਕਾਂਤਰ ਨਿਯਮੋਂ ਸੇ ਬਾਂਧ ਕਰ ਰਖੇ ਔਰ ਸਹੋਦਰ ਕੇ ਸਮਾਨ ਸਹਾਇਕ ਹੈ, ਇਸੀ ਸੇ ਅਪਨੀ ਪਰਿਧੀਵ ਨਿਯਮ ਕਾ ਉਲੰਘਨ ਨਹੀਂ ਕਰ ਸਕਤੇ. ਜੈਸੇ ਭ੍ਰਤਾ ਭਾਈਓਂ ਕਾ ਸਹਾਇਕਾਰੀ ਹੋਤਾ ਹੈ ਵੈਸੇ ਪਰਮੇਸ਼ਵਰ ਭੀ ਪ੍ਰਿਥਵੀ ਆਦਿ ਲੋਕੋਂ ਕੇ ਧਾਰਣ ਰਖਣ ਔਰ ਸੁਖ ਦੋਨੋਂ ਮੇਂ 'ਬਧੂ' ਸੰਗਕ ਹੈ।

ਜਿਸਕਾ ਅੰਤ, ਅਵਧੀ, ਮਰਯਾਦਾ ਅਰਥਾਤ ਇਤਨਾ ਲੰਬਾ ਚੌੜਾ ਛੋਟਾ ਬੜਾ ਹੈ, ਐਸਾ ਪਰਿਮਾਣ ਨਹੀਂ ਹੈ, ਇਸ ਲੀਇ ਪਰਮੇਸ਼ਵਰ ਕਾ ਨਾਮ ਅਨੰਤ ਹੈ। ਜਿਸ ਕੇ ਪੂਰਵ ਕੁਛ ਨ ਔਰ ਪਰੇ ਹੋ ਉਸਕੋ ਆਦਿ ਕਹਤੇ ਹੈਂ ਜਿਸਕਾ ਆਦਿ ਕਾਰਣ ਕੋਈ ਭੀ ਨਹੀਂ ਹੈ। ਇਸ ਲੀਏ ਪਰਮੇਸ਼ਵਰ ਕਾ ਨਾਮ 'ਅਨਾਦਿ' ਹੈ।

ਜਿਸਮੇਂ ਸਬ ਮੁਕਤ ਜੀਵ ਅਨੰਦ ਕੋ ਪ੍ਰਾਪਤ ਹੋਤੇ ਜੋ ਪਰਮਾਤਮਾ ਸਬ ਜੀਵੋਂ ਕੋ ਆਨੰਦ ਯੁਕਤ ਕਰਤਾ ਹੈ। ਇਸਸੇ ਈਸ਼ਵਰ ਕਾ ਨਾਮ 'ਆਨੰਦ' ਹੈ।

ਜਿਸਕਾ ਆਕਾਰ ਕੋਈ ਭੀ ਨਹੀਂ ਹੈ ਔਰ ਨਾ ਕਭੀ ਸ਼ਰੀਰ ਧਾਰਣ ਕਰਤਾ ਹੈ ਇਸ ਲੀਏ ਪਰਮੇਸ਼ਵਰ ਕਾ ਨਾਮ ਨਿਰਾਕਾਰ ਹੈ।

ਜੋ ਵਿਅਕਤੀ ਅਰਥਾਤ ਆਕ੍ਰਿਤਿ ਮਲੇਛਾਚਾਰ ਦੁਸ਼ਟਕਾਮਨ, ਔਰ ਚਕਸ਼ੂ ਆਦਿ ਇੰਦ੍ਰਿਯੋਂ ਕੇ ਵਿਸ਼ਯੇ ਕੇ ਪਥ ਸੇ ਪ੍ਰਿਥਕ ਹੈ। ਇਸ ਸੇ ਈਸ਼ਵਰ ਕਾ ਨਾਮ 'ਨਿਰੰਜਨ' ਹੈ।

ਜੋ ਉਤਪਤੀ ਔਰ ਪ੍ਰਲਯ ਸੇ ਸ਼ੇਸ਼ ਅਰਥਾਤ ਬਚਾ ਰਹੇ। ਉਸ ਪ੍ਰਮਾਤਮਾ ਕਾ ਨਾਮ ਸ਼ੇਸ਼ ਹੈ।

ਜੋ ਆਪਸੇ ਆਪ ਹੀ ਹੈ ਕਿਸੀ ਸੇ ਕਭੀ ਉਤਪੰਨ ਨਹੀਂ ਹੂਆ ਇਸਸੇ ਉਸ ਪਰਮਾਤਮਾ ਕਾ ਨਾਮ ਸਯੰਭੂ ਹੈ। ਜੋ ਸਬ ਕਾ ਰਕਸ਼ਕ ਜੈਸੇ ਪਿਤਾ ਅਪਨੀ ਸੰਤਾਨ

ਪਰ ਸਦਾ ਕ੍ਰਿਪਾਲੂ ਹੋਕਰ ਉਨਕੀ ਉੱਨਤੀ ਚਾਹਤਾ ਹੈ, ਵੈਸੇ ਹੀ ਪਰਮੇਸ਼ਵਰ ਸਬ ਜੀਵੋਂ ਕੀ ਉੱਨਤੀ ਚਾਹਤਾ ਹੈ, ਇਸ ਸੇ ਉਸਕਾ ਨਾਮ ਪਿਤਾ ਹੈ ।

ਜੈਸੇ ਪੂਰਣ ਕ੍ਰਿਪਾਯੁਕਤ ਜਨਨੀ ਅਪਨੀ ਸੰਤਾਨ ਕਾ ਸੁਖ ਔਰ ਉੱਨਤੀ ਚਾਹਤੀ ਹੈ, ਵੈਸੇ ਪਰਮੇਸ਼ਵਰ ਭੀ ਸਭ ਜੀਵੋਂ ਕੀ ਬਢੋਤੀ ਚਾਹਤਾ ਹੈ । ਇਸ ਸੇ ਪਰਮੇਸ਼ਵਰ ਕਾ ਨਾਮ 'ਮਾਤਾ' ਹੈ ।

ਜੋ ਸਬਸੇ ਸਨੇਹ ਕਰਕੇ ਔਰ ਸਭਕੋ ਪ੍ਰੀਤੀ ਕਰਨੇ ਯੋਗਯ ਹੈ । ਇਸ ਸੇ ਉਸ ਪਰਮੇਸ਼ਵਰ ਕਾ ਨਾਮ 'ਮਿਤ੍ਰ' ਹੈ ।

ਪ੍ਰਸ਼ਨ— ਮਿਤ੍ਰਾਦਿ ਨਾਮੋਂ ਸੇ ਸਖਾ ਔਰ ਇਦ੍ਰਾਦਿ ਦੇਵੋਂ ਕੇ ਪ੍ਰਸਿੱਧ ਵਿਵਹਾਰ ਦੇਖਨੇ ਸੇ ਓਨਹੀ ਕਾ ਗ੍ਰਿਹਣ ਕਰਨਾ ਚਾਹੀਏ ?

ਉੱਤਰ :—ਯਹਾਂ ਉਨਕਾ ਗ੍ਰਹਣ ਕਰਨਾ ਯੋਗ ਨਹੀਂ । ਕਿਉਂਕਿ ਜੋ ਮਨੁਖ ਕਿਸੀ ਕਾ ਮਿਤ੍ਰ ਹੈ ਵਹੀ ਅੰਨਯ ਕਾ ਸ਼ਤਰੂ ਔਰ ਕਿਸੀ ਸੇ ਉਦਾਸੀਨ ਭੀ ਦੇਖਨੇ ਮੇਂ ਆਤਾ ਹੈ, ਇਸ ਸੇ ਮੁਖ ਅਰਥ ਤੋਂ ਸਖਾ ਆਦਿ ਕਾ ਗ੍ਰਹਣ ਨਹੀਂ ਹੋ ਸਕਤਾ, ਕਿੰਤੂ ਜੈਸੇ ਪਰਮੇਸ਼ਵਰ ਸਬ ਜਗਤ ਕਾ ਨਿਸਚਿਤ ਮਿਤ੍ਰ ਨਾ ਕਿਸੀ ਕਾ ਸ਼ਤਰੂ ਔਰ ਨ ਕਿਸੀ ਸੇ ਉਦਾਸੀਨ ਹੈ, ਇਸ ਸੇ ਭਿੰਨ ਕੋਈ ਭੀ ਜੀਵ ਇਸ ਪ੍ਰਕਾਰ ਕਾ ਕਭੀ ਨਹੀ ਹੋ ਸਕਤਾ, ਇਸ਼ ਲੀਏ ਪਰਮਾਤਮਾ ਹੀ ਕਾ ਗ੍ਰਹਣ ਯਹਾਂ ਹੋਤਾ ਹੈ । ਹਾਂ, ਗਣ ਅਰਥ ਮੇਂ ਮਿਤ੍ਰਾਦਿ ਸ਼ਬਦ ਸੇ ਸੁਹਰਿਦਾਦਿ ਮੁਨਸ਼ੋਂ ਕਾ ਗ੍ਰਹਣ ਹੋਤਾ ਹੈ ।

ਅੰਤ ਵਿਚ ਜਾਕੇ ਰਿਸ਼ੀ ਜੀ ਲਿਖਦੇ ਹਨ ।

'ਯੇ ਸੌ ਨਾਮ ਪਰਮੇਸ਼ਵਰ ਕੇ ਲਿਖੇ ਹੈਂ । ਪ੍ਰੰਤੂ ਇਸ ਸੇ ਭਿੰਨ ਪਰਮਾਤਮਾ ਕੇ ਅਸੰਖ ਨਾਮ ਹੈਂ ਕਿਉਂ ਜੈਸੇ ਪਰਮਾਤਮਾ ਕੇ ਅਨੰਤ ਗੁਣ, ਕਰਮ ਸੁਭਾਵ ਹੈਂ, ਵੈਸੇ ਉਸ ਕੇ ਅਨੰਤ ਨਾਮ ਹੈਂ ਉਨ ਮੇਂ ਸੇ ਪ੍ਰਤੇਕ ਗੁਣ, ਕਰਮ ਔਰ ਸੁਭਾਵ ਕਾ ਏਕ ਏਕ ਨਾਮ ਹੈ । ਇਸ ਸੇ ਯੇਹ ਮੇਰੇ ਨਾਮ ਸਮੁੰਦ੍ਰ ਕੇ ਸਾਮਨੇ ਬਿੰਦੂਵਤ ਹੈਂ, ਕਿਉਂਕਿ ਵੇਦਾਦਿ ਸ਼ਾਸਤਰੋਂ ਮੇਂ ਪਰਮਾਤਮਾ ਕੇ ਅਸੰਖ ਗੁਣ, ਕਰਮ, ਸੁਭਾਵ ਵਿਯਾਖਯਾਤ ਕੀਏ ਹੈਂ ਉਨ ਕੇ ਪੜ੍ਹਨ ਪੜ੍ਹਾਨੇ ਸੇ ਬੋਧ ਹੋ ਸਕਤਾ ਹੈ ।

ਜਿਦਾਂ ਰਿਸ਼ੀ ਦਯਾਨੰਦ ਜੀ ਨੇ ਉਸਨੂੰ ਮੁਖ ਨਾਉਂ ਮੰਨਕੇ ਹੋਰ ਅਨੇਕ ਨਾਉਂ ਮੰਨੇ ਹਨ, ਏਦਾਂ ਹੀ ਸਿਖ ਗੁਰੂਆਂ ਨੇ ਭੀ ਓਮ ਤੇ ਹੋਰ ਅਨੇਕ ਨਾਉਂ ਮੰਨੇ ਹਨ, ਈਸ਼ਵਰ ਦਾ ਸਵਰੂਪ ਲਿਖਣ ਵੇਲੇ ਜਿਹੜੇ ਸ਼ਬਦ ਲਿਖੇ ਹਨ, ਉਸ ਤੋਂ ਭੀ

ਇਹ ਪਤਾ ਲਗਦਾ ਹੈ, ਆਦਿ ਗ੍ਰੰਥ ਸਾਹਿਬ ਵਿਚ ਭਾਵੇਂ ਅਨੇਕ ਨਾਂ ਤਾਂ ਹਨ ਪਰ ਉਨ੍ਹਾਂ ਦੇ ਅਰਥ ਕਰਕੇ ਨਾਉਂ ਕਿਤੇ ਦੱਸਿਆਂ ਨਹੀਂ ਹੈ। ਗੁਰਬਾਣੀ ਦੇ ਆਧਾਰ ਤੇ ਓਂਕਾਰ ਨਾਂ ਵਾਲੇ ਕੁਝ ਪਾਠ ਇਸ ਪ੍ਰਕਾਰ ਹਨ :—

੧ ਓਂ ਜਪੁਜੀ ॥ ੧

ਹਰਿ ਜੀਉ ਸਦਾ ਧਿਆਇ ਤੂੰ ਗੁਰਮੁਖ ਏਕੰਕਾਰ ॥

ਸਿਰੀ ਰਾਗ ਮ: ੩।

ਜਲ ਥਲ ਮਹੀਅਲ ਪੂਰਿਆ ਸਵਾਮੀ ਸਿਰਜਨ ਹਾਰ।
ਅਨਿਕ ਭਾਂਤ ਹੋਇ ਪਸਰਿਆ ਨਾਨਕ ਏਕੰਕਾਰ॥

ਗਉੜੀ ਥਿਤਿ ਮ: ੧

ਏਕਮ ਏਕੰਕਾਰ ਪ੍ਰਭ ਕਰਉ ਬੰਦਨਾ ਧਿਆਇ ॥

ਗਉੜੀ ਥਿਤਿ ਮ: ੫—ਸ਼ਬਦ ੧

ਸਫਲ ਜਨਮ ਹੋਇਆ ਮਿਲ ਸਾਧੂ ਏਕੰਕਾਰ ਧਿਆਏ ਰਾਮ ॥

ਸੂਹੀ ਛੰਤ ਮ: ੫।

ਏਕੰਕਾਰ ਏਕ ਪਸਾਰਾ ਏਕੈ ਅਪਰ ਅਪਾਰਾ ॥

ਬਿਲਾਵਲ ਮ: ੫। ੮੯

ਓਂਕਾਰ ਬ੍ਰਹਮਾ ਉਤਪਤਿ। ਓਂਕਾਰ ਕੀਆ ਜਿਨ ਚਿਤ।
ਓਂਕਾਰ ਸੈਲ ਜਗ ਭਏ। ਓਂਕਾਰ ਬੇਦ ਨਿਰਮਏ।
ਓਂਕਾਰ ਸ਼ਬਦ ਉਧਰੇ। ਓਂਕਾਰ ਗੁਰਮੁਖ ਤਰੇ।
ਓਨਮ ਅਖਰ ਸੁਣਹੁ ਬੀਚਾਰ। ਓਨਮ ਅਖਰ ਤ੍ਰਿਭਵਨਸਾਰ।

ਰਾਮਕਲੀ ਮ: ੧ ਦਖਣੀ ਓਂਕਾਰ।

ਪ੍ਰਣਵੋ ਆਦਿ ਏਕੰਕਾਰਾ। ਜਲ ਥਲ ਮਹੀਅਲ ਕੀਓ ਪਸਾਰਾ।
ਆਦਿ ਪੁਰਖ ਅਬਿਗਤਿ ਅਬਿਨਾਸ਼ੀ। ਲੋਕ ਚਤੁਰਦਸ ਜੋਤਿ ਪ੍ਰਕਾਸ਼ੀ।

ਅਕਾਲ ਉਸਤਤਿ ਚੌਪਈ ੧

ਓਂਕਾਰ ਅਕਾਰ ਕਰ ਥਿਤ ਨ ਵਾਰ ਨ ਮਾਹ ਜਣਾਯਾ।
ਨਿਰੰਕਾਰ ਅਕਾਰ ਵਿਣ ਏਕੰਕਾਰ ਨ ਅਲਖ ਲਖਾਯਾ।
ਆਪੇ ਆਪ ਉਪਾਇਕੇ ਆਪੇ ਅਪਨਾ ਨਾਉ ਧਰਾਯਾ

ਆਦਿ ਪੁਰਖ ਆਦੇਸ ਹੈ ਹੈਭੀ ਹੋਸੀ ਹੁੰਦਾ ਆਯਾ ।
ਆਦਿ ਨ ਅੰਤ ਬਿਅੰਤ ਹੈ ਆਪੇ ਆਪਨ ਆਪ ਸਵਾਯਾ ।
ਆਪੇ ਆਪ ਉਪਾਇ ਸਮਾਯਾ ।
ਭਾਈ ਗੁਰਦਾਸ ਦੀਆਂ ਵਾਰਾਂ-ਵਾਰ ੧੮

ਇਹਨਾਂ ਸ਼ਬਦਾਂ ਵਿਚ ਈਸ਼ਵਰ ਨੂੰ ਓਂਮ ਕਰਕੇ ਕਹਿਆ ਹੈ ਇਨ੍ਹਾਂ ਵਿਚ ਓਮ ਤੇ ਏਕੰਕਾਰ ਸ਼ਬਦ ਹਨ ਜਿਹੜੇ ਇਕ ਅਰਥ ਨੂੰ ਕਹਿਣ ਵਾਲ ਹਨ ਅਗੇ ਗੌਣ ਨਾਉਂ ਲਿਖਦਾ ਹਾਂ । ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣੀ ਬਾਣੀ ਵਿਚ ਕਹਿੰਦੇ ਹਨ ।

ਤਵ ਸਰਬ ਨਾਮ ਕਥੇ ਕਵਨ ਕਰਮ ਨਾਮ ਬਰਣਤ ਸੁਮੰਤ । ਜਾਪ ੧

ਜੋ ਚੌਬੀ । ਅਵਤਾਰ ਕਹਾਏ । ਤਿੰਨ ਭੀ ਭੁਮ ਪ੍ਰਭ ਤਾਨਿਕ ਨ ਪਾਏ । ਸਭ ਹੀ ਜਗ ਭਰਮੇ ਭਵਰਾਯ । ਤਾਂਤੇ ਨਾਮ ਬਿਅੰਤ ਕਹਾਯੰ । ਸਭ ਹੀ ਛਲਤਨ ਆਪ ਛਲਾਯਾ । ਤਾਂਤੇ ਛਲੀਆ ਆਪ ਕਹਾਯਾ । ਸੰਤਨ ਦੁਖੀ ਨਿਰਖ ਅਕਲਾਵੇ । ਦੀਨ ਬੰਧ ਤਾਂਤੇ ਕਹਿਲਾਵੇ । ਅੰਤ ਕਰਤ ਸਭ ਜਗ ਕੋ ਕਾਲਾ । ਨਾਮ ਕਾਲ ਤਾਂਤੇ ਜਗ ਡਾਲਾ । ਸਮੈ ਸੰਤ ਪਰ ਹੋਤ ਸਹਾਈ । ਤਾਂਤੇ ਸੰਖਯਾ ਮਾਤ ਸੁਨਾਈ । ੯ ਨਿਰਪ ਦੀਨ ਬੰਧ ਹਮ ਤਬੈ ਬਿਚਰਾ ॥ ਸੰਤਨ ਨ ਪਰ ਕਰੁਣਾ ਰਸ ਢਰਈ । ਕਰਣਾ ਨਿਧਿ ਜਗ ਤਬੈ ਉਚਾਈ ॥ ੧੦

ਸੰਕਟ ਹਰਤ ਸਾਧਵਨ ਸਦਾ । ਸੰਕਟ ਹਰਣ ਨਾਮ ਭਯੋ ਤਦਾ ।
ਦੁਖ ਦਾਹਿਤ ਸੰਤਨ ਕੇ ਆਯੋ । ਦੁਖ ਦਾਹਨ ਪ੍ਰਭੂ ਤਦਨ ਕਹਾਯੋ ੧੧
ਰਹਾ ਅਨੰਤ ਅੰਤ ਨਹੀ ਪਾਯੋ । ਤਾਤੇ ਨਾਮ ਬਿਅੰਤ ਕਹਾਯੋ ।
ਜਗਮੋ ਰੂਪ ਸਭਨ ਕੇ ਧਰਤਾ । ਯਾਂਤੇ ਨਾਮ ਬਖਾਨੇ ਕਰਤਾ ੧੨
ਕਿਨਹੂੰ ਕਹੰ ਨ ਤਹਿ ਲਖ਼ਾਯੋ । ਇਹ ਕਰ ਨਾਮ ਨਾਮ ਅਲੱਖ ਕਹਾਯੋ ।
ਜੋਨਿ ਜਗਤ ਮੋਂ ਕਬਹੂੰ ਨ ਆਯਾ । ਯਾਂਤੇ ਸਭੋ ਅਜੋਨਿ ਬਤਾਯਾ । ੧੩ ।
ਬ੍ਰਹਮਾਦਿਕ ਸਭ ਹੀ ਪਚਹਾਰੇ । ਬਿਸ਼ਨ ਮਹੇਸ਼ਰ ਕੌਨ ਬਿਚਾਰੇ ।
ਚੰਦ ਸੂਰਜ ਨ ਕਰੈ ਬਿਚਾਰਾ । ਤਾਂਤੇ ਜਨੀਅਤ ਹੈ ਕਰਤਾਰਾ । ੧੪
ਸਦਾ ਅਭੇਖ ਅਭੇਖੀ ਰਹਈ । ਤਾਂਤੇ ਜਗਤ ਅਭੇਖੀ ਕਹਈ ।
ਅਲਖ ਰੂਪ ਕਿਨਹੂ ਨਹਿ ਜ਼ਾਨਾ । ਤਿਹ ਕਰ ਜਾਤ ਅਲੇਖ ਬਖਾਨਾ ।੧੫।

ਰੂਪ ਅਨੂਪ ਸਰੂਪ ਅਪਾਰਾ । ਭੇਖ ਅਭੇਖ ਸਭਨ ਤੇ ਨਿਆਰਾ।
ਦਾਇਕ ਸਭੋ ਅਜਾਚੀ ਸਭ ਤੇ। ਜਾਨ ਲਯੋ ਕਰਤਾ ਹਮ ਤਬਤੇ ।।੧੬।
ਸ੍ਰੀ ਗੁਰੂ ਗ੍ਰੰਥ ਸਾਹਿਬ ਪਾ: ੧੦ ਚੌਬੀਸ ਅਵਤਾਰ ੭—੧੬

ਪਾਠਕ ਪੜ੍ਹਕੇ ਦੇਖਣ ਈਸ਼ਵਰ ਦੇ ਨਾਉਂ ਜਿਵੇਂ ਰਿਸ਼ੀ ਦਯਾਨੰਦ ਜੀ ਨੇ ਲਿਖੇ ਹਨ ਓਵੇਂ ਹੀ ਗੁਰੂ ਮਹਾਰਾਜ ਨੇ ਭੀ ਲਿਖੇ ਹਨ। ਏਸ ਕਰਕੇ ਨਾਉਂ ਮੰਨਣ ਤੇ ਕਹਿਣ ਵਿਚ ਆਰੀਆ ਸਮਾਜ ਤੇ ਸਿੱਖ ਪੰਥ ਇਕੋ ਜਿਹੇ ਹੀ ਹਨ। ਇਹ ਦੋ ਵਿਚ ਕੋਈ ਭੇਦ ਨਹੀਂ ਹੈ।

---

# ੩. ਅਵਤਾਰ

ਅਵਤਾਰ ਦੇ ਅਰਥ ਲੋਕ ਇਉਂ ਮੰਨਦੇ ਹਨ। ਜਦ ਕਦੇ ਪਾਪ ਵਧ ਜਾਂਦਾ ਹੈ ਤਾਂ ਪਰਮੇਸ਼ਰ ਜਨਮ ਲੈ ਕੇ ਉਸ ਪਾਪ ਨੂੰ ਮਿਟਾਉਂਦਾ ਹੈ ਤੇ ਧਰਮ ਦੀ ਰਿਖਯਾ ਕਰਦਾ ਹੈ। ਏਸ਼ ਗੱਲ ਨੂੰ ਦੱਸਣ ਵਾਲਾ ਗੀਤਾ ਦਾ ਸ਼ਲੋਕ ਸਭ ਤੋਂ ਅੱਛਾ ਪ੍ਰਮਾਣ ਕਿਹਾ ਜਾਂਦਾ ਹੈ। ਪੁਰਾਣਾ ਵਿਚ ਅਵਤਾਰਾਂ ਦੀ ਕਥਾ ਲੰਬੀ ਚੌੜੀ ਮਿਲਦੀ ਹੈ। ਇਹ ਨਹੀਂ ਕਿ ਅਵਤਾਰ ਮਨੁੱਖ ਹੀ ਹੋਵੇ ਓਹ ਮੱਛ, ਕਛੂ ਸੂਰ ਤੇ ਨਰਸਿੰਘ ਆਦਿ ਭੀ ਹੋਇਆ ਹੈ ਤੇ ਹਰੇਕ ਦੇ ਵਾਸਤੇ ਕੋਈ ਨ ਕੋਈ ਨਿਮਿਤ ਭੀ ਦਸਿਆ ਨਰਸਿੰਘ ਨੇ ਹਿਰਣਕਸ਼ਯਪ ਨੂੰ ਮਾਰਿਆ। ਜ਼ਿਹੜਾ ਇਸ਼ਵਰ ਨੂੰ ਨਹੀਂ ਮੰਨਦਾ ਸੀ. ਤੇ ਪ੍ਰਹਿਲਾਦ ਨੂੰ ਦੁੱਖ ਦਿੰਦਾ ਸੀ। ਸੂਰ ਨੇ ਹਿਰਣਾਕਸ਼ ਨੂੰ ਮਾਰਕੇ ਪ੍ਰਿਥਵੀ ਦਾ ਉਧਾਰ ਕੀਤਾ। ਰਾਮ ਨੇ ਰਾਵਣ ਤੇ ਕ੍ਰਿਸ਼ਨ ਨੇ ਕੰਸ ਨੂੰ ਮਾਰਿਆ। ਏਦਾਂ ਜਦੋਂ ਕਦੀ ਲੋੜ ਹੋਵੇ, ਪਰਮਾਤਮਾ ਕਿਸੇ ਨ ਕਿਸੇ (ਜੂਨ) ਵਿਚ ਆਕੇ ਜੋ ਪਾਪ ਦਾ ਖਾਤਮਾ ਤੇ ਧਰਮ ਦੀ ਰਾਖੀ ਕਰਦਾ ਹੈ ਉਸ ਵਿਚ ਆਉਣਾ ਹੀ ਅਵਤਾਰ ਸ਼ਬਦ ਦੱਸਦਾ ਹੈ।

ਇਨ੍ਹਾਂ ਵਿਚ ਭੀ ਕੋਈ-ਕੋਈ ਅੰਸ਼ ਅਵਤਾਰ ਹੁੰਦੇ ਹਨ ਤੇ ਕੋਈ ਹੀ ਸਰਬ ਕਲਾ ਸੰਪੂਰਣ ਅਵਤਾਰ ਹੁੰਦਾ ਹੈ ਏਸ ਕਰਕੇ ਕਲਾ ਦੇ ਭੇਦ ਕਰਕੇ ਉਨ੍ਹਾਂ ਵਿਚ ਭੇਦ ਹੁੰਦਾ ਹੈ।

ਰਿਸ਼ੀ ਦਯਾਨੰਦ ਜੀ ਅਵਤਾਰ ਨਹੀਂ ਮੰਨਦੇ ਤੇ ਉਹ ਈਸ਼ਵਰ ਨੂੰ ਅਜੋਨਿ ਤੇ ਸਰੀਰ ਰਹਿਤ, ਦੁੱਖ ਦਰਦ ਤੋਂ ਬਿਨਾਂ, ਸਰਵਵਿਆਪੀ ਅਨਾਦਿ ਅਨੰਤ ਮੰਨਦੇ ਹਨ। ਉਨ੍ਹਾਂ ਨੇ ਆਪਣੀ ਪ੍ਰਸਿੱਧ ਪੁਸਤਕ ਸਤਯਾਰਥ ਪ੍ਰਕਾਸ਼ ਵਿਚ ਏਸ ਬਾਤ ਦਾ ਭੀ ਵਿਚਾਰ ਕੀਤਾ ਹੈ ਕਿ ਪਰਮੇਸ਼ਵਰ ਅਵਤਾਰ ਲੈਂਦਾ ਹੈ ਜਾਂ ਨਹੀਂ। ਇਸ ਕਰਕੇ ਪਹਿਲਾਂ ਉਨ੍ਹਾਂ ਦਾ ਪਾਠ ਲਿਖਕੇ ਫੇਰ ਦੱਸੇਗਾ ਕਿ ਗੁਰੂ ਮਹਾਰਾਜ ਜੀ ਅਵਤਾਰ ਮੰਨਦੇ ਹਨ ਜਾਂ ਨਹੀਂ ਤਾਕਿ ਪਾਠਕਾਂ ਦੀ ਸਮਝ ਵਿਚ ਠੀਕ-ਠੀਕ ਆ ਜਾਵੇ ਤੇ ਉਨ੍ਹਾਂ ਨੂੰ ਨਿਰਣਾ ਕਰਨਾ ਸੁਖਾਲਾ ਹੋ ਜਾਵੇ।

ਰਿਸ਼ੀ ਜੀ ਨੇ ਸਤਯਾਰਥ ਪ੍ਰਕਾਸ਼ ਦੇ ਸਤਵੇਂ ਸਮੁਲਾਸ ਵਿਚ ਲਿਖਿਆ ਹੈ :

ਪ੍ਰਸ਼ਨ—ਈਸ਼ਵਰ ਅਵਤਾਰ ਲੇਤਾ ਹੈ ਵਾ ਨਹੀਂ ?

ਉੱਤਰ—ਨਹੀਂ, ਕਿਉਂਕਿ ਅਜ ਏਕ ਪਾਤ। ਯਜੁ: ੩੪-੫੩

ਸ ਪਰਯਗਾਤ ਛੁਕ੍ਰਮਕਾਯਮ, ੪੦—੮

ਯਯੁਰ ਵੇਦ ਕੇ ਵਚਨ ਹੈਂ (ਈਸ਼ਵਰ ਜਨਮਰਹਿਤ, ਇਕ ਰੂਪ ਵਿਆਪਕ ਬਲਵਾਨ, ਕਾਇਆ ਬਿਨਾ ਹੈ) ਇਤਿਆਦਿ ਵਚਨਾਂ ਤੋਂ ਸਿੱਧ ਹੈ ਕਿ ਪਰਮੇਸ਼ਵਰ ਜਨਮ ਨਹੀਂ ਲੇਤਾ!

ਪ੍ਰਸ਼ਨ—ਸ੍ਰੀ ਕ੍ਰਿਸ਼ਨ ਜੀ ਗੀਤਾ ਦੇ ੮,੭ ਸਲੋਕ ਮੇਂ ਕਹਿੰਤੇ ਹੈਂ :—

ਜਬ ਜਬ ਧਰਮ ਕਾ ਲੋਪ ਹੋਤਾ ਹੈ ਤਬ ਤਬ ਮੈਂ ਸਰੀਰ ਧਾਰਣ ਕਰਤਾ ਹੂੰ।

ਉੱਤਰ—ਯਹ ਬਾਤ ਵੇਦ ਵਿਰੁੱਧ ਹੋਨੇ ਸੇ ਪ੍ਰਮਾਦ ਨਹੀਂ। ਔਰ ਐਸਾ ਹੋ ਸਕਤਾ ਹੈ ਕਿ ਸ੍ਰੀ ਕਿਸ਼ਨ ਧਰਮਾਤਮਾ ਔਰ ਧਰਮ ਕੀ ਰਕਸ਼ਾ ਕਰਨਾ ਚਾਹਤੇ ਥੇ ਕਿ ਮੈਂ ਯੁਗ ਯੁਗ ਮੇਂ ਜਨਮ ਲੈ ਕੇ ਸ੍ਰਿਸ਼ਟੋਂ ਕੀ ਰਕਸ਼ਾ ਔਰ ਦੁਸ਼ਟੋਂ ਕਾ ਨਾਸ਼ ਕਰੂੰ ਤੋ ਕੁਛ ਦੋਸ਼ ਨਹੀਂ ਕਿਉਂਕਿ 'ਪਰੋਪਕਾਰਾਯ ਸਤਾ ਵਿਭੂਤਯ:।'

ਪਰੋਪਕਾਰ ਕੇ ਲੀਏ ਸਤ ਪੁਰਖੋਂ ਕਾ ਤਨ ਮਨ ਧਨ ਹੋਤਾ ਹੈ। ਤਥਾਪਿ ਇਸ ਸੇ ਸ੍ਰੀ ਕ੍ਰਿਸ਼ਨ ਈਸ਼ਵਰ ਨਹੀਂ ਹੋ ਸਕਤੇ।

ਪ੍ਰਸ਼ਨ—ਜੋ ਐਸਾ ਹੈ ਤੋ ਸੰਸਾਰ ਮੇਂ ਚੌਬੀਸ ਈਸ਼ਵਰ ਕਿਉਂ ਮਾਨਤੇ ਹੈਂ ?

ਉੱਤਰ—ਵੇਦਾਰਥ ਕੋ ਨ ਜਾਨੇ, ਸੰਪ੍ਰਦਾਈ ਲੋਗੋਂ ਕੇ ਬਹਕਾਨੇ ਔਰ ਅਪਨੇ ਆਪ ਅਵਿਦਵਾਨ ਹੋਨੇ ਸੇ ਭ੍ਰਮ ਜਾਲ ਮੇਂ ਫੰਸ ਕੇ ਐਸੀ ਐਸੀ ਅਪ੍ਰਮਾਣਿਕ ਬਾਤੇਂ ਕਹਤੇ ਔਰ ਮਾਨਤੇ ਹੈਂ।

ਪ੍ਰਸ਼ਨ—ਜੇ ਈਸ਼ਵਰ ਅਵਤਾਰ ਨ ਲੇਵੇ ਤੋ ਕੰਸ ਰਾਵਣਾਦਿ ਦੁਸ਼ਟੋਂ ਕਾ ਨਾਸ਼ ਕੈਸੇ ਹੋ ਸਕੇਗਾ ?

ਉੱਤਰ—ਪ੍ਰਥਮ ਜੋ ਜਨਮਾ ਹੈ ਵਹ ਅਵੱਸ਼ਯ ਮ੍ਰਿਤਯੂ ਕੋ ਪ੍ਰਾਪਤ ਹੋਤਾ ਹੈ, ਜੋ ਈਸ਼ਵਰ ਅਵਤਾਰ ਸਰੀਰ ਧਾਰਣ ਕੀਏ ਬਿਨਾ ਜਗਤ ਕੀ ਉਤਪਤਿ ਸਥਿਤੀ ਪ੍ਰਲਯ ਕਰਤਾ ਹੈ। ਉਸ ਕੇ ਸਾਮਨੇ ਕੰਸ ਔਰ ਰਾਵਣਦਿ ਏਕ ਕੀੜੀ ਕੇ ਸਮਾਨ ਭੀ ਨਹੀਂ। ਵਹ ਸਰਵ ਵਿਆਪਕ ਹੋਨੇ ਸੇ ਕੰਸ ਰਾਵਣਾਦਿ ਕੇ ਸਰੀਰ ਮੇਂ ਭੀ ਪਰਿਪੂਰਣ ਹੋ ਰਹਾ ਹੈ। ਜਬ ਚਾਹੇ ਉਸੀ ਸਮੇਂ ਮਰਮਛੇਦਨ ਕਰ ਨਾਸ਼ ਕਰ ਸਕਤਾ ਹੈ। ਭਲਾ ਇਸ ਅਨੰਤ ਗੁਣ, ਕਰਮ, ਸੁਭਾਵ ਯੁਕਤ ਪਰਮਾਤਮਾ ਦਾ ਏਕ ਛੁਦ੍ਰ ਜੀਵ ਕੇ ਮਾਰਨੇ ਕੇ ਲੀਏ ਜਨਮ ਮਰਨ ਯੁਕਤ ਕਹਨੇ ਵਾਲੇ ਕੋ ਮੂਰਖ-ਪਨ ਸੇ ਅਨਯਤ੍ਰਛ ਵਿਸ਼ੇਸ਼ ਉਪਮਾ ਮਿਲ ਸਕਤੀ ਹੈ ? ਔਰ ਜੇ ਕੋਈ ਕਹੇ ਕਿ ਭਗਤ ਜਨੋਂ ਕੇ ਉਧਾਰ ਕਰਨੇ ਕੇ ਲੀਏ ਜਨਮ ਲੇਤਾ ਹੈ ਤੋ ਭੀ ਸਤਯ ਨਹੀਂ। ਕਿਉਂਕਿ ਜੋ ਭਗਤ ਜਨ ਈਸ਼ਵਰ ਕੀ ਆਗਿਆਨੁਕੂਲ ਚਲਤੇ ਹੈਂ, ਉਨ ਕੇ ਉਧਾਰ ਕਰਨੇ ਕਾ ਸਾਮਰਥ ਈਸਵਰ ਮੇਂ ਹੈ। ਕਿ ਈਸ਼ਵਰ ਨੇ ਪ੍ਰਿਥਵੀ ਸੂਰਜ ਚੰਦ੍ਰਾਦਿ ਜਗਤ ਬਨਾਨੇ ਧਾਰਣ ਔਰ ਪ੍ਰਲਯ ਕਰਨੇ ਰੂਪ ਕਰਮੋਂ ਸੇ ਕੰਸ ਰਾਵਣਾਦਿ ਕਾ ਵੱਧ ਔਰ ਗੋਵਰਧਨਾਦਿ ਪਰਬਤੋਂ ਕਾ ਉਠਾਨਾ ਬੜੇ ਕਰਮ ਹੈਂ ?' ਜੋ ਕੋਈ ਇਸ ਸ੍ਰਿਸ਼ਟਿ ਮੇਂ ਪਰਮਮੇਸ਼ਰ ਕੇ ਕਰਮੋਂ ਕਾ ਵਿਚਾਰ ਕਰੇ ਤੋ 'ਨ ਭੂਤੋ ਨ ਭਵਿਸ਼ਯਤਿ' ਈਸ਼ਵਰ ਕੇ ਸ਼ਦ੍ਰਿਸ ਨ ਕੋਈ ਹੈ ਨ ਹੋਗਾ। ਔਰ ਯੁਕਤੀ ਸੇ ਭੀ ਈਸਵਰ ਕਾ ਜਨਮ ਸਿੱਧ ਨਹੀਂ ਹੋਤਾ ਜੈਸੇ ਕੋਈ ਅਨਿਤ ਆਕਾਸ਼ ਕੋ ਕਹੇ ਕਿ ਗਰਭ ਮੇਂ ਆਇਆ ਵਾ ਮੁੰਠੀ ਮੇਂ ਧਰਾ ਹੈ ਐਸਾ ਕਹਿਨਾ ਕਭੀ ਸੱਚ ਨਹੀਂ ਹੋ ਸਕਤਾ। ਕਿਉਂਕਿ ਆਕਾਸ਼ ਅਨੰਤ ਔਰ ਸਬ ਮੇਂ ਵਿਯਾਪਕ ਹੈ। ਇਸ ਮੇਂ ਨ ਆਕਾਸ਼ ਬਾਹਰ ਆਤਾ ਔਰ ਨ ਭੀਤਰ ਜਾਤਾ। ਵੈਸੇ ਹੀ ਅਨੰਤ ਸਰਬ ਵਿਯਾਪਕ ਪਰ-ਮਾਤਮਾ ਕੇ ਹੋਣੇ ਸੇ ਉਸਕਾ ਆਨਾ ਜਾਨਾ ਕਭੀ ਸਿੱਧ ਨਹੀਂ ਹੋ ਸਕਤਾ। ਜਾਨਾ ਵਾ ਆਨਾ ਵਹਾਂ ਨਹੀਂ ਹੋ ਸਕਤਾ ਹੈ ਜਹਾਂ ਨ ਹੋ। ਕਿਆ ਪਰਮੇਸ਼ਵਰ ਗਰਭ ਮੇਂ ਵਿਆਪਕ ਨਹੀਂ ਜੋ ਕਹੀਂ ਸੇ ਆਇਆ ? ਔਰ ਬਾਹਰ ਨਹੀਂ ਥਾਂ ਜੋ ਭੀਤਰ ਸੇ ਨਿਕਲਾ ? ਐਸਾ ਈਸਵਰ ਕੇ ਵਿਸ਼ਯ ਮੇਂ ਕਹਿਨਾ ਔਰ ਮਾਨਨਾ ਵਿਦਿਆ ਹੀਨੋਂ ਕੇ ਸਿਵਾਇ ਔਰ ਕੌਣ ਕਹਿ ਔਰ ਮਾਨ ਸਕੇਗਾ। ਇਸ ਲੀਏ ਪਰਮੇਸ਼ਵਰ ਕਾ ਜਾਨਾ ਆਨਾ ਜਨਮ ਮਰਨ ਕਭੀ ਸਿੱਧ ਨਹੀਂ ਹੋ ਸਕਤਾ। ਇਸ ਲੀਏ ਈਸ਼ਾਦਿ

ਭੀ ਈਸ਼੍ਵਰ ਕੇ ਅਵਤਾਰ ਨਹੀਂ। ਐਸਾ ਸਮਝ ਲੇਨਾ। ਕਿਉਂਕਿ ਰਾਗ, ਦ੍ਵੈਖ, ਖੁਧਾ, ਤਿਰਿਖਾ, ਭੈ, ਸ਼ੋਕ, ਦੁੱਖ, ਸੁੱਖ, ਜਨਮ ਮਰਨ ਆਦਿ ਯੁਕਤ ਹੋਨੇ ਸੇ ਮਨੁਖ ਥੇ। ਸਤਯਾਰਥ ਪ੍ਰਕਾਸ਼ ਸਮੁਲਾਸ।

ਏਹ ਪਾਠ ਪੜ੍ਹ ਕੇ ਹਰ ਕੋਈ ਸਮਝ ਲਏਗਾ ਕਿ ਰਿਸ਼ੀ ਦਯਾਨੰਦ ਜੀ ਪਰਮੇਸ਼ਵਰ ਦਾ ਅਵਤਾਰ ਧਾਰਣ ਕਰਨਾ ਨਹੀਂ ਮਨਦੇ ਤੇ ਉਹ ਇਸ ਗਲ ਨੂੰ ਨ ਹੋਣ ਵਾਲੀ ਆਖਦੇ ਸਨ ਅਤੇ ਅਵਤਾਰ ਮੰਨਣ ਵਾਲਿਆਂ ਨੂੰ ਅਗਿਆਨੀ ਤੇ ਬੇਸਮਝ ਲਿਖਦੇ ਹਨ। ਏਹ ਨਹੀਂ ਕਿ ਉਹ ਨਿਰੇ-ਪੁਰੇ ਹਿੰਦੂਆਂ ਦੇ ਚੌਬੀ ਅਵਤਾਰਾਂ ਦਾ ਖੰਡਨ ਕਰਦੇ ਹਨ, ਉਹ ਤਾਂ ਈਸਾਈ ਆਦਿ ਸਬ ਦੇ ਅਵਤਾਰਾਂ ਦਾ ਖੰਡਨ ਕਰਦੇ ਹਨ। ਲੋਕ ਜਿਨ੍ਹਾਂ ਨੂੰ ਅਵਤਾਰ ਆਖਦੇ ਹਨ, ਉਹ ਉਨ੍ਹਾਂ ਨੂੰ ਪਰੋਪਕਾਰੀ ਜੀਵ ਹੀ ਮੰਨ ਹਨ। ਪਰਮੇਸ਼ਵਰ ਕਦੇ ਕਿਸੇ ਜੋਨੀ 'ਚ ਨਹੀਂ ਆਉਂਦਾ। ਏਸੇ ਬਾਤ ਨੂੰ ਪੱਕੀ ਕਰਦੇ ਹਨ।

ਜਿਵੇਂ ਰਿਸ਼ੀ ਦਯਾਨੰਦ ਜੀ ਨੇ ਅਵਤਾਰ ਨੂੰ ਨਹੀਂ ਮੰਨਿਆ ਉਸੇ ਤਰ੍ਹਾਂ ਸ੍ਰੀ ਗੁਰੂ ਮਹਾਰਾਜ ਨੇ ਭੀ ਅਵਤਾਰ ਨੂੰ ਨਹੀਂ ਮੰਨਿਆ ਤੇ ਸਿੱਖ ਪੰਥ ਦੇ ਲਿਖਾਰੀ ਭੀ ਭੀ ਨਹੀਂ ਮੰਨਦੇ। ਹੇਠਾਂ ਲਿਖੇ ਪ੍ਰਮਾਣ ਏਸੇ ਗੱਲ ਦਾ ਸਬੂਤ ਹਨ :—

ਅਲਖ ਅਪਾਰ ਅਗੰਮ ਅਗੋਚਰਿ ਨਾ ਤਿਸੁ ਕਾਲ ਨ ਕਰਮਾ।
ਜਾਤਿ ਅਜਾਤਿ ਅਜੋਨਿ ਸੰਭਉ ਨਾ ਤਿਸੁ ਭਾਉ ਨ ਭਰਮਾ।੧।
ਸਾਚੇ ਸਚਿਆਰ ਵਿਟਹੁ ਕੁਰਬਾਣੁ।
ਨ ਤਿਸੁ ਰੂਪ ਵਰਨੁ ਨਹੀ ਰੇਖਿਆ ਸਾਚੇ ਸਬਦਿ ਨੀਸਾਣੁ।
ਰਹਾਉ।
ਨਾ ਤਿਸੁ ਮਾਤ ਪਿਤਾ ਸੁਤ ਬੰਧਪ ਨਾ ਤਿਸੁ ਕਾਮ ਨ ਨਾਰੀ।
ਅਕੁਲ ਨਿਰੰਜਨ ਅਪਰ ਪਰੰਪਰ ਸਗਲੀ ਜੋਤਿ ਤੁਮਾਰੀ।੨।
ਘਟ ਘਟ ਅੰਤਰਿ ਬ੍ਰਹਮੁ ਲੁਕਾਇਆ ਘਟਿ ਘਟਿ ਜੋਤਿ ਸਬਾਈ।
ਬਜਰ ਕਪਾਟ ਮੁਕਤੇ ਗੁਰਮਤੀ ਨਿਰਭੈ ਤਾੜੀ ਲਾਈ।੩।
ਰਾਗ ਸੋਰਠ ਮ: ੧ ਸ਼ਬਦ ੬-੧-੩

ਨਾ ਉਹ ਮਰੈ ਨ ਹੋਵੈ ਸੋਗ। ਦੇਂਦਾ ਰਹੈ ਨ ਚੂਕੈ ਭੋਗ।
ਗੁਣ ਏਹੋ ਹੋਰ ਨਾਹੀ ਕੋਇ। ਨਾ ਕੋ ਹੋਆ ਨਾ ਕੋ ਹੋਇ॥
ਰਾਗ ਆਸਾ ਮ: ੧ ਚਉਪਦੇ ਸ਼ਬਦ ੨-੩

ਅਵਰ ਦੂਜਾ ਕਿਉਂ ਸੇਵੀਐ ਜੰਮੇ ਤੈ ਮਰਿ ਜਾਇ ।
ਨਿਹਫਲ ਤਿਨਕਾ ਜੀਵਿਆ ਜਿ ਖਸਮ ਨ ਜਾਣਹਿ ਅਪਣਾ ਅਵਰੀ ਕਉ ਚਿਤੁ ਲਾਇ ।
ਨਾਨਕ ਏਵ ਨ ਜਾਪਈ ਕਰਤਾ ਕੇਤੀ ਦੇਇ ਸਜਾਇ ॥
ਗੂਜਰੀ ਕੀ ਵਾਰ ਮ: ੩ ਵਾਰ ੨

ਤੂੰ ਪਾਰਬ੍ਰਹਮੁ ਪਰਮੇਸ਼ਵਰ ਜੋਨਿ ਨ ਆਵਹੀ ।
ਤੂੰ ਹੁਕਮੀ ਸਾਜਹਿ ਸ੍ਰਿਸਟਿ ਸਾਜਿ ਸਮਾਵਹੀ ।
ਤੇਰਾ ਰੂਪੁ ਨ ਜਾਈ ਲਖਿਆ ਕਿਉਂ ਤੁਝਹਿ ਧਿਆਵਹੀ ।
ਤੂੰ ਸਭ ਮਹਿ ਵਰਤਹਿ ਆਪਿ ਕੁਦਰਤਿ ਦੇਖਾਵਹੀ ।
ਰਾਗ ਮਾਰੂ ਮ: ੫ ਵਾਰ ੩ ਪਉੜੀ ।

ਸਗਲ ਥੀਤਿ ਪਾਸ ਡਾਰਿ ਰਾਖਿ । ਅਸਟਮ ਥੀਤਿ ਗੋਬਿੰਦ ਜਨਮਾਸੀ । ੧ ।
ਭਰਮਿ ਭੂਲੇ ਨਰ ਕਰਤ ਕਚਰਾਇਣ । ਜਨਮ ਮਰਣ ਤੇ ਰਹਿਤ ਨਾਰਾਇਣ ।
ਰਹਾਉ ।
ਕਰ ਪੰਜੀਰ ਖ਼ਵਾਇਓ ਚੋਰ । ਓਹ ਜਨਮ ਨ ਮਰੈ ਰੇ ਸਾਕਤ ਚੋਰ । ੨ ।
ਸਗਲ ਪਰਾਧ ਦੇਹਿ ਲੋਰੋਨੀ । ਸੋ ਮੁਖ ਜਲਉ ਜਿਤੁ ਕਹਹਿ ਠਾਕੁਰ ਜੋਨਿ ॥੩॥
ਜਨਮਿ ਨ ਮਰੈ ਨ ਆਵੈ ਨ ਜਾਇ । ਨਾਨਕ ਕਾ ਪ੍ਰਭੁ ਰਹਿਓ ਸਮਾਇ ॥
ਰਾਗ ਭੈਰਉ ਮ: ੫ ਸ਼ਬਦ ੧

ਨ ਸੰਖੈ ਨ ਚਕ੍ਰੰ ਨ ਗਦਾ ਨ ਸਿਆਮੰ । ਅਸਚਰਜ ਰੂਪੰ ਰਹੰਤ ਜਨਮ ।
ਨੇਤ ਨੇਤ ਕਥੰਤਿ ਬੇਦਾ । ਊਚ ਮੂਚ ਅਪਾਰ ਗੋਬਿੰਦਹ ।
ਬਸੰਤਿ ਸਾਧ ਰਿਦਯੰ ਅਚੁਤ । ਬੁਝੰਤ ਨਾਨਕ ਬਡ ਭਾਗੀਅਹ ।
ਮ: ੪ ਸਲੋਕ ਸਹਸਕ੍ਰਿਤਿ ਸਲੋਕ ੫੭

ਲਖ ਚਉਰਾਸੀਹ ਜੀਅ ਜੋਨਿ ਮਹਿ ਭ੍ਰਮਤ ਨੰਦ ਬਹੁਥਾ ਕੋ ਰੇ ।
ਭਗਤਿ ਹੇਤ ਅਵਤਾਰ ਲੀਓ ਹੈ ਭਾਗੁ ਬਡੋ ਬਪੁਰਾ ਕੋ ਰੇ ।੧।
ਤੁਮ ਜੁ ਕਹਤ ਹਉ ਨੰਦ ਕੋ ਨੰਦਨ ਨੰਦ ਸੁ ਨੰਦਨ ਕਾ ਕੋ ਰੇ ।
ਧਰਣਿ ਅਕਾਸੁ ਦਸੋ ਦਿਸ ਨਾਹੀ ਤਬ ਇਹੁ ਨੰਦ ਕਹਾ ਥੋ ਰੇ । ੧ ।
ਰਹਾਉ ।

परिग्रहण क्रमांक 5107
दयानन्द महिला मह...

ਸੰਕਟ ਨਹੀਂ ਪਰੈ ਜੋਨਿ ਨਹੀਂ ਆਵੈ ਨਾਮ ਨਿਰੰਜਨ ਜਾਕੋ ਰੇ ।
ਕਬੀਰ ਕੋ ਸੁਆਮੀ ਐਸੋ ਠਾਕੁਰੁ ਜਾ ਕੈ ਮਾਈ ਨ ਬਾਪੋ ਰੇ ।

ਰਾਗ ਗਉੜੀ ਕਬੀਰ ਜੀ ਸ਼ਬਦ ੭੦

ਹਕੁ ਸਚੁ ਖਾਲਿਕ ਖਲਕ ਮਿਆਨੇ ਸਿਆਮ ਮੂਰਤਿ ਨਾਹਿ ।

ਰਾਗ ਤਿਲੰਗ ਕਬੀਰ ਜੀ ੧—੨

ਅੱਗੇ ਦਸ਼ਮਗ੍ਰੰਥ ਜੀ ਦਾ ਪਾਠ ਲਿਖਦੇ ਹਾਂ :—

ਨਰਾਇਣ ਕੱਛ ਮੱਛ ਤਿੰਦੂਆ ਕਹਿਤ ਸਭ ਕਉਲ ਨਾਭ ਕੌਲ ਜਿਹ ਤਾਲ ਮੈਂ ਰਹਿਤ ਹੈ । ਗੋਪੀ ਨਾਥ ਗੂਜਰ ਗੁਪਾਲ ਸਭੈ ਧੇਨੁ ਚਾਰੀ ਰਿਖੀਕੇਸ ਨਾਮ ਕਹਿ ਮਹੰਤ ਲਹੀਅਤ ਹੈ । ਮਾਧਵ ਭਵਰ ਔਰਅਟੇਰੂ ਕੋ ਕਨ੍ਹੀਯਾ ਨਾਮ ਕੰਸ ਕੌ ਬਧਯਾ ਜਮਦੂਤ ਕਹੀਅਤ ਹੈਂ ਮੂੜ ਰੂੜ ਪੀਟਤਨਗੂੜਤਾ ਕੇ ਭੇਦ ਪਾਵੈ ਪੂਜਤ ਨ ਤਾਹੇ ਜਾਕੇ ਰਾਖੇ ਰਹੀਅਤ ਹੈਂ ।੭੯

ਸ੍ਰੀ ੧੦ਮ ਗ੍ਰੰਥ ਅਕਾਲ ਉਸਤਤ ੭੪

ਬਿਨ ਕਰਤਾਰ ਨ ਕਿਰਤਮ ਮਾਨੋ । ਆਦਿ ਅਜੋਨਿ
ਅਜੈ ਅਬਿਨਾਸੀ ਤਿਹ ਪਰਮੇਸ਼ਵਰ ਜਾਨੋ । ੧ । ਰਹਾਉ ।
ਕਹਾ ਭਯੋ ਜੋ ਆਨ ਜਗਤ ਮੈ ਦਸਕ ਅਸੁਰ ਹਰਿ ਘਾਏ ।
ਅਧਿਕ ਪ੍ਰਪੰਚ ਦਿਖਾਇ ਸਭਨ ਕਹਿ ਆਪਹਿ ਬ੍ਰਹਮ ਕਹਾਏ । ੧ ।
ਭੰਜਨ ਗੜ੍ਹਨ ਸਮੱਰਥ ਸਦਾ ਪ੍ਰਭੂ ਸੋ ਕਿਮ ਜਾਤ ਗਿਨਾਯੋ ।
ਤਾਂਤੇ ਸਰਬ ਕਾਲ ਕੇ ਅਸਿ ਕੋ ਘਾਇ ਬਚਾਇ ਨ ਪਾਯੋ । ੨ ।
ਕੈਸੇ ਤੋਹਿ ਤਾਰ ਹੈ ਸੁਨ ਜੜ੍ਹ ਆਪ ਡੁਬਿਯੋ ਭਵ ਸਾਗਰ ।
ਛੁਟਹੋ ਕਾਲ ਫਾਸ ਤੇ ਤਬ ਹੀ ਗਹੋ ਸਰਣ ਜਗ ਤਾਗਰ । ੩ ।

ਹਜਾਰੇ ਸ਼ਬਦ । ਰਾਗ ਕਲਿਆਨ ਪਾ: ੧੦ । ੫

ਕੇਵਲ ਕਾਲ ਈ ਕਰਤਾਰ । ਆਦਿ ਅੰਤਿ ਅਨੰਤਿ ਮੂਰਤਿ ਗੜ੍ਹਨ ਭੰਜਨ ਹਾਰ । ਨਿੰਦ ਉਸਤਤਿ ਜਉਨੁ ਸਮ ਸੱਤ੍ਰ ਮਿੱਤ੍ਰ ਨ ਕੋਇ । ਕਉਨ ਬਾਟ ਪਰੀ ਤਿਸੈ ਪਥ ਸ਼ਾਰਥੀ ਰਥ ਹੋਇ ।

ਤਿਲੰਗ ਕਾਫੀ ਪਾਤਸ਼ਾਹੀ ੧੦

ਜੋ ਕਹੋ ਰਾਮ ਅਜੋਨਿ ਅਜੈ ਅਤਿ ਕਾਹੇ ਕਉ ਕੌਸਲ ਕੁੱਖ ਜਯੋ ਜੂ ।
ਕਾਲ ਹੂੰ ਕਾਨ੍ਹ ਕਹੇ ਜਿਹਕੋ ਕਿਹਿ ਕਾਰਣ ਕਾਲ ਤੇ ਦੀਨ ਭਯੋਜੂ ।
ਸੰਤ ਸਰੂਪ ਬਿਬੈਰ ਕਹਾਇ ਸੁ ਕਿਯੋਂ ਪਥ ਕੋ ਰਥ ਹਾਕਧਯੋਜੂ ।
ਤਾਹਿ ਕੋ ਮਾਨ ਪ੍ਰਭੂ ਕਰਿਕੈ ਜਿਹ ਕੋ ਕੋਊ ਭੇਦ ਨ ਲੇਨ ਲਯੋ ਜੂ । ੧੩ ।
ਕਿਯੋਂ ਕਹੁ ਕ੍ਰਿਸ਼ਨ ਕ੍ਰਿਪਾਨਿਧ ਹੈ ਕਿਹ ਕਾਜ ਤੇ ਬਧਕ ਬਾਣ ਲਗਾਯੋ ।
ਅਉਰ ਕੁਲੀਨ ਉਧਾਰਿਤ ਜੋ ਕਿਹ ਤੇ ਅਪਨੋ ਕੁਲ ਨਾਸ ਕਰਾਯੋ ।
ਆਦਿ ਅਜੋਨਿ ਕਹਾਇ ਕਹੋ ਕਿਮ ਦੇਵਕ ਕੇ ਜਠਰਾਗਨ ਆਯੋ ।
ਤਾਤੇ ਨ ਮਾਤ ਕਹੇ ਜਿਹਿ ਕੋ ਤਿਹ ਕਿਯੋ ਬਸੁਦੇਵਹਿ ਬਾਪੁ ਕਹਾਯੋ । ੧੪ ।
ਕਾਹੇ ਕੋ ਈਸ ਮਹੇਸਹਿ ਭਾਖਤ ਕਾਹੇ ਦ੍ਵਿਜੇਸ਼ ਕੋ ਈਸ ਬਖਾਨਿਯੋ ।
ਹੈਨੁ ਰਘੇਸ਼ ਜਦੇਸ ਰਮਾਪਤਿ ਤੈਂ ਜਿਨ ਕੋ ਵਿਸ਼ਵਨਾਥ ਪਛਾਨਿਯੋ ।
ਏਕ ਕੋ ਛਾਡ ਅਨੇਕ ਭਜੈ ਸੁਕਦੇਵ ਪਰਾਸਰ ਬਿਯਾਸ ਝੁਠਾਨਿਯੋ ।
ਫੋਕਟ ਧਰਮ ਸਜੇ ਸਭ ਹੀ ਹਮ ਏਕ ਹੀ ਕੋ ਬਿਧਨੇਕ ਪ੍ਰਮਾਨਿਯੋ ।੧੫।
ਜਾਲ ਬਧੇ ਸਭ ਹੀ ਮਿਤ੍ਰ ਕੇ ਕੋਊ ਰਾਮ ਰਸੂਲ ਨ ਬਾਚਨ ਪਾਏ ।
ਦਾਨਵ ਦੇਵ ਫਨਿੰਦ ਧਰਾਧਰ ਭੂਤ ਭਵਿਖ ਉਪਾਇ ਮਿਟਾਏ ।
ਅੰਤਮਰੇ ਪਛੁਤਾਇ ਪ੍ਰਿਥੀ ਪਰ ਜੇ ਜਗ ਮੈਂ ਅਵਤਾਰ ਕਹਾਏ ।
ਰੇ ਮਨ ਲੈਲੀ ਅਕੇਲਹੀ ਕਾਲ ਕੇ ਲਾਗਤ ਕਾਹੇ ਨ ਪਾਇਨ ਧਾਏ ।

ਸਵੈਯੇ ਪਾਤਸ਼ਾਹੀ ੧੦

ਜਾਕੋ ਨਾਮ ਹੈ ਅਜੋਨੀ ਕੈਸੇ ਕੈ ਜਨਮ ਲੇਤ,
ਕਹਾਂ ਜਾਨ ਜਨਮ ਬ੍ਰਤ ਅਸ਼ਟਮੀ ਕੋ ਕੀਨੋ ਹੈ ।
ਜਾਕੋ ਜਗ ਜੀਵਨ ਅਕਾਲ ਅਬਿਨਾਸੀ ਨਾਮ,
ਕੈਸੇ ਕੇ ਬਧ ਕ ਮਾਰਯੋ ਅਪਜਸ਼ ਲੀਨੋ ਹੈ ।
ਨਿਰਮਲ ਨਿਰਦੋਖ ਮਖਪਦ ਜਾਕੇ ਨਾਮ ਹੋਤ,
ਗੋਪੀਨਾਥ ਕੈਸੇ ਹ੍ਵੈ ਬਿਰਹ ਦੁਖ ਦੀਨ ਹੈ ।

ਭਾਈ ਗੁਰਦਾਸ ਜੀ ਦੇ ਕਬਿਤ ਸਬੈਯੇ ੪੯੫

ਭਾਈ ਕਾਨ੍ਹ ਸਿੰਘ ਜੀ ਨਾਭਾ ਨਿਵਾਸੀ ਗੁਰਮਤ ਪ੍ਰਭਾਕਰ ਵਿਚ ਅਵਤਾਰ ਲਿਖਣ ਵੇਲੇ ਆਪਣੀ ਵਲੋਂ ਏਹ ਪਾਠ ਲਿਖਦੇ ਹਨ :—

ਸੰਸਾਰ ਦੇ ਸੁਧਾਰ ਦੇ ਲਈ ਸਮੇਂ ਸਮੇਂ ਸਿਰ ਜਿਨ੍ਹਾਂ ਮਹਾਤਮਾ ਨੇ ਜਤਨ ਕੀਤਾ ਹੈ। ਔਰ ਸ਼ੁਭ ਉਪਦੇਸ਼ਾਂ ਨਾਲ ਲਾਭ ਪਹੁੰਚਾਇਆ ਹੈ, ਉਹ ਸਰਬ ਪ੍ਰਕਾਰ ਸਤਕਾਰ ਦੇ ਯੋਗ ਹਨ। ਐਸੇ ਉਪਕਾਰੀਆਂ ਨੂੰ ਸਾਧਾਰਣ ਲੋਗਾਂ ਜੇਹਾ ਜਾਣਨਾ ਔਰ ਅਪਮਾਨ ਕਰਨਾ ਭਾਰੀ ਭੁਲ ਹੈ, ਪਰ ਉਨ੍ਹਾਂ ਨੂੰ ਵਾਹਿਗੁਰੂ ਤੁਲ ਮੰਨ ਕੇ ਔਰ ਉਪਾਸਮ ਬਣਾ ਕੇ ਪੂਜਣਾ ਗੁਨਾਹ ਹੈ।

ਰਿਸ਼ੀ ਦਯਾਨੰਦ ਜੀ ਨੇ ਗੀਤਾ ਦੇ ਸਲੋਕ ਤੇ ਵਿਚਾਰ ਕਰਦਿਆਂ ਹੋਇਆਂ ਏਹੋ ਭਾਵ ਪ੍ਰਗਟ ਕੀਤਾ ਹੈ ਜੇਹੜਾ ਸ੍ਰੀ ਕਾਨ੍ਹ ਸਿੰਘ ਜੀ ਲਿਖਦੇ ਹਨ। ਕਿਤੇ ਕਿਤੇ ਸ਼ਬਦਾਂ ਵਿਚ ਅਵਤਾਰ ਹੋਣ ਦੀ ਝਲਕ ਵੀ ਹੈ ਜਿਹਾ ਕਿ :—

ਮਾਰੂ ਮ: ੧ ਸੋਲਹੇ ਮੇਂ ਲਿਖਾ ਹੈ

ਹੁਕਮ ਉਪਾਏ ਦਸ ਔਤਾਰਾ। ਤੇ ਵਾਰ ਮਲਾਰ ਮ: ੧ ਵਿਚ ਦਸ ਅਵਤਾਰੀ ਰਾਮ ਰਾਜਾ ਆਇਆ।

ਏਹੋ ਜਿਹੇ ਪਾਠ ਈਸ਼ਵਰ ਦੇ ਅਵਤਾਰ ਨੂੰ ਨ ਕਹਿਕੇ ਪਰ ਉਪਕਾਰੀ ਪੁਰਖਾਂ ਨੂੰ ਹੀ ਆਖਦੇ ਹਨ ਜੇ ਇਨ੍ਹਾਂ ਪਾਠਾਂ ਦਾ ਅਰਥ ਅਵਤਾਰ ਮੰਨ ਲਿਆ ਜਾਵੇ ਤਾਂ ਪਹਿਲੇ ਸ਼ਬਦਾਂ ਨਾਲ ਵਿਰੋਧ ਹੋਵੇਗਾ। ਕੋਈ ਭੀ ਸਿਆਣਾ ਆਪਣੀ ਬਾਣੀ ਵਿਚ ਇਕ ਦੂਜੇ ਦੇ ਉਲਟ ਨਹੀਂ ਲਿਖਦਾ। ਏਸ ਕਰਕੇ ਜਿਹੜਾ ਕੁਛ ਭਾਈ ਕਾਨ੍ਹ ਸਿੰਘ ਜੀ ਲਿਖਦੇ ਹਨ ਉਹ ਹੀ ਠੀਕ ੨ ਬਿਵਸਥਾ ਕਰਦਾ ਹੈ।

ਜਿਵੇਂ ਸਤਯਾਰਥ ਪ੍ਰਕਾਸ਼ ਵਿਚ ਰਿਸ਼ੀ ਦਯਾਨੰਦ ਜੀ ਨੇ ਅਵਤਾਰ ਦਾ ਨਿਖੇਧ ਕੀਤਾ ਹੈ ਉਵੇਂ ਗੁਰੂ ਮਹਾਰਾਜ ਜੀ ਅਵਤਾਰ ਦਾ ਖੰਡਨ ਕਰਦੇ ਹਨ। ਰਿਸ਼ੀ ਦਯਾਨੰਦ ਜੀ ਦਾ ਤੇ ਗੁਰੂਆਂ ਦਾ ਅਵਤਾਰ ਨ ਮੰਨਣ ਵਿਚ ਇੱਕੋ ਹੀ ਮੱਤ ਹੈ। ਕੋਈ ਫਰਕ ਨਹੀਂ ਹੈ। ਇਸੇ ਤਰ੍ਹਾਂ ਆਰੀਆ ਸਮਾਜ ਤੇ ਸਿੱਖਾਂ ਦਾ ਅਵਤਾਰ ਮੰਨਣ ਵਿਚ ਵੀ ਕੋਈ ਅੰਤਰ ਨਹੀਂ ਹੈ।

## ੪ ਸਾਕਾਰ ਨਿਰਾਕਾਰ

ਕਈਆਂ ਦਾ ਵਿਚਾਰ ਹੈ ਜਿਵੇਂ ਈਸ਼ਵਰ ਨਿਰਗੁਣ ਤੇ ਸਰਗੁਣ ਹੈ, ਇਵੇਂ ਉਹ ਸਾਕਾਰ ਨਿਰਾਕਾਰ ਵੀ ਹੈ। ਜਦ ਉਹ ਅਵਤਾਰ ਧਾਰਣ ਕਰਦਾ ਹੈ ਤਦ ਦੇਹ ਵਾਲਾ ਹੋਕੇ ਸਾਕਾਰ ਹੋ ਜਾਂਦਾ ਹੈ ਅਤੇ ਜਦ ਦੇਹ ਦਾ ਛਡਕੇ ਅਪਣੀ ਜੋਤਿ ਵਿਚ ਸਮਾ ਜਾਂਦਾ ਹੈ, ਤਾਂ ਨਿਰਾਕਾਰ ਹੋ ਜਾਂਦਾ ਹੈ। ਇਸ ਦਾ ਨਿਸ਼ੇਧ ਅਵਤਾਰ ਨ ਹੋਣ ਦੇ ਮੰਨਣ ਨਾਲ ਹੀ ਹੋ ਜਾਂਦਾ ਹੈ ਕਿਉਂਕਿ ਜਦ ਅਵਤਾਰ ਨਹੀਂ ਹੁੰਦਾ ਤਾਂ ਸਰੀਰ

ਵੀ ਨ ਹੋਇਆ ਜਦ ਸਰੀਰ ਨ ਹੋਇਆ ਤਾਂ ਸਾਕਾਰ ਵੀ ਨ ਬਣਿਆ। ਤਾਂ ਤੇ ਪਰਮਾਤਮਾ ਨਿਰਾਕਾਰ ਹੀ ਹੈ।

ਅਸਲ ਵਿਚ ਸਾਕਾਰ ਤੇ ਨਿਰਾਕਾਰ ਸ਼ਬਦ ਦੇ ਅਰਥ ਆਕਾਰ ਵਾਲਾ ਸਾਕਾਰ ਅਤੇ ਬਿਨਾ ਆਕਾਰ ਨਿਰਾਕਾਰ ਹੈ। ਆਕਾਰ ਦੇ ਅਰਥ ਜੇਹੜਾ ਅੱਖਾਂ ਨਾਲ ਦੇਖਿਆ ਜਾਵੇ, ਜਾਂ ਜਿਸਦਾ ਗਿਆਨ ਬਾਹਰਲੀ ਗਿਆਨ ਇੰਦ੍ਰੀਆਂ ਨਾਲ ਹੋ ਸਕੇ, ਉਹ ਸਾਕਾਰ ਜਿਵੇਂ ਕਾਲਾ, ਪੀਲਾ, ਨੀਲਾ ਅੱਖਾਂ ਨਾਲ ਦੇਖੇ ਜਾਂਦੇ ਹਨ, ਸਾਥ ਹੀ ਜੀਹਦੇ ਵਿਚ ਏਹ ਕਾਲਾ, ਪੀਲਾ, ਨੀਲਾ ਰੂਪ ਹੋਵੇ ਉਹਦਾ ਵੀ ਗਿਆਨ ਹੋ ਜਾਂਦਾ ਹੈ ਉਹ ਸਾਕਾਰ ਹੈ। ਏਦਾਂ ਹੀ ਸਪਰਸ਼ ਰਸ ਗੰਧ ਤੇ ਸ਼ਬਦ ਨੂੰ ਜੇਹੜੇ ਤ੍ਵਚਾ, ਰਸਨਾ, ਘ੍ਰਾਣ ਅਤੇ ਕੰਨ, ਨਾਲ ਮਲੂਮ ਹੁੰਦੇ ਹਨ. ਏਹ ਗੁਣ ਜੀਹਦੇ ਵਿਚ ਹੁੰਦੇ ਨੇ ਇਨ੍ਹਾਂ ਦੇ ਮਲੂਮ ਹੋਣ ਨਾਲ ਉਹ ਵੀ ਮਲੂਮ ਹੋ ਜਾਂਦਾ ਹੈ। ਜੇ ਕੋਈ ਇਸ ਨੂੰ ਸਾਕਾਰ ਕਹਿ ਦੇਵੇ ਤਾਂ ਕਹਿ ਸਕਦਾ ਹੈ। ਜੀਹਦਾ ਗਿਆਨ ਇਨ੍ਹਾਂ ਇੰਦ੍ਰੀਆਂ ਤੇ ਨ ਹੋ ਸਕੇ ਉਹ ਨਿਰਕਾਰ ਹੈ। ਪਰਮਾਤਮਾ ਦਾ ਗਿਆਨ ਕਿਸੇ ਵੀ ਇੰਦ੍ਰੀ ਨਾਲ ਨਹੀਂ ਹੁੰਦਾ, ਇਸ ਲਈ ਪਰਮਾਤਮਾ ਨਿਰਾਕਾਰ ਹੈ ਸਾਕਾਰ ਨਹੀਂ। ਰਿਸ਼ੀ ਦਯਾਨੰਦ ਜੀ ਸਤਯਾਰਥ ਪ੍ਰਕਾਸ਼ ਦੇ ਅੱਠਵੇਂ ਸਮੁਲਾਸ ਵਿਚ ਲਿਖਦੇ ਹਨ।

ਪ੍ਰਸ਼ਨ—ਈਸ਼ਵਰ ਸਾਕਾਰ ਹੈ ਵਾ ਨਿਰਾਕਾਰ? ਜੋ ਨਿਰਾਕਾਰ ਹੈ, ਤੋ ਬਿਨਾ ਹਾਥ ਆਦਿ ਸਾਧਨੋਂ ਕੇ ਜਗਤ ਕੋ ਨ ਬਨਾ ਸਕੇਗਾ, ਔਰ ਜੋ ਸਾਕਾਰ ਹੈ ਤੋ ਕੋਈ ਦੋਸ਼ ਨਹੀਂ ਆਤਾ।

ਉੱਤਰ—ਈਸ਼ਰ ਨਿਰਾਕਾਰ ਹੈ; ਜੋ ਸਾਕਾਰ ਅਰਥਾਤ ਸਰੀਰ ਯੁਕਤ ਹੈ ਵਹ ਈਸ਼ਵਰ ਨਹੀਂ ਕਿਉਂਕਿ ਵੋਹ ਪਰਿਮਤਿ ਸ਼ਕਤੀ ਯੁਕਤ ਦੇਸ਼ ਕਾਲ ਵਸਤੂਓਂ ਮੇਂ ਪਰਿਛਿੰਨ, ਛੁਧਾ, ਤਿਰਖਾ, ਛੇਦਨ, ਭੇਦਨ, ਸ਼ੀਤੋਸ਼ਨ, ਜ੍ਵਰ, ਪੀੜਾਦਿ ਸਹਿਤ ਹੋਵੇ। ਉਸਮੇਂ ਜੀਵ ਕੇ ਬਿਨਾ ਈਸ਼ਵਰ ਕੇ ਗੁਣ ਕਭੀ ਨਹੀਂ ਘਟ ਸਕਤੇ, ਜੈਸੇ ਤੁਮ ਔਰ ਹਮ ਸਾਕਾਰ ਅਰਥਾਤ ਸਰੀਰ ਧਾਰੀ ਹੈਂ, ਇਸ ਸੇ ਤਿਸਰੇਣੂ ਅਣੂ-ਪਰਮਾਣੂ ਔਰ ਪ੍ਰਕ੍ਰਿਤੀ ਕੋ ਅਪਨੇ ਬਸ ਮੇਂ ਨਹੀਂ ਲਾ ਸਕਤਾ, ਵੈਸੇ ਹੀ ਸਥੂਲ ਦੇਹ ਧਾਰੀ ਪਰਮੇਸ਼ਵਰ ਭੀ ਉਨ ਸੂਕਸ਼ਮ ਪਦਾਰਥੋਂ ਸੇ ਸਥੂਲ ਜਗਤ ਨਹੀਂ ਬਨਾ ਸਕਤਾ। ਜੋ ਪਰਮੇਸ਼ਵਰ ਭੌਤਿਕ ਇੰਦ੍ਰਿਯਾਂ ਗੋਲਕ, ਹਸਤ, ਪਾਦਾਦਿ ਅਵ੍ਯਵੋਂ ਸੇ ਰਹਿਤ ਹੈ। ਪਰੰਤੂ ਉਸਕੀ ਅਨੰਤ ਸ਼ਕਤੀ ਬਲ ਪਰਾਕ੍ਰਮ ਹੈ, ਉਨਸੇ ਸਬ ਕਾਮ

ਕਰਤਾ ਹੈ। ਜੋ ਜੀਵ ਔਰ ਪ੍ਰਕ੍ਰਿਤੀ ਸੇ ਕਭੀ ਨ ਹੋ ਸਕਤੇ। ਜਬ ਵਹ ਪ੍ਰਕ੍ਰਿਤੀ ਸੇ ਭੀ ਸੂਕਸ਼ਮ ਔਰ ਉਨ ਮੇਂ ਵਿਆਪਕ ਹੈ। ਤਭੀ ਉਨ ਕੋ ਪਕੜ ਕਰ ਜਗਦਾਕਾਰ ਕਰ ਦੇਤਾ ਹੈ।

ਪ੍ਰਸ਼ਨ—ਜੈਸੇ ਮਨੁਸ਼ਯ ਆਦਿ ਕੇ ਮਾਂ ਬਾਪ ਸਾਕਾਰ ਹੈਂ, ਉਨ ਕੀ ਸੰਤਾਨ ਸਾਕਾਰ ਹੋਤੀ ਹੈ। ਜੋ ਯਹ ਨਿਰਾਕਾਰ ਹੋਤੇ ਤੋ ਇਨ ਕੇ ਲੜਕੇ ਭੀ ਨਿਰਾਕਾਰ ਹੋਤੇ, ਵੈਸੇ ਪਰਮੇਸ਼੍ਵਰ ਨਿਰਾਕਾਰ ਹੈ ਉਸਕਾ ਬਨਾਇਆ ਜਗਤ ਭੀ ਨਿਰਾਕਾਰ ਹੋਨਾ ਚਾਹੀਏ।

ਉੱਤਰ—ਯਹ ਤੁਮਹਾਰਾ ਪ੍ਰਸ਼ਨ ਲੜਕੇ ਕੇ ਸਮਾਨ ਹੈ। ਕਿਉਂਕਿ ਅਭੀ ਕਹਿ ਚੁਕੇ ਹੈਂ, ਕਿ ਪਰਮੇਸ਼ਵਰ ਜਗਤ ਕਾ ਉਪਾਦਾਨ ਕਾਰਣ ਨਹੀਂ, ਕਿੰਤੂ ਨਿਮਿਤ ਕਾਰਣ ਹੈ। ਔਰ ਜੋ ਸਥੂਲ ਹੋਤਾ ਹੈ ਵੋਹ ਪ੍ਰਕ੍ਰਿਤੀ ਔਰ ਪਰਮਾਣੂ ਜਗਤ ਕਾ ਉਪਾਦਾਨ ਕਾਰਣ ਹੈ। ਔਰ ਵੇ ਸਰਵਥਾ ਨਿਰਾਕਾਰ ਨਹੀਂ। ਕਿੰਤੂ ਪਰਮੇਸ਼ਵਰ ਸੇ ਸਥੂਲ ਔਰ ਅੰਨਯ ਕਾਰਯ ਸੇ ਸੂਕਸ਼ਮ ਆਕਾਰ ਰਖਤੇ ਹੈਂ।

ਅੱਗੇ ਕੁਝ ਪਾਠ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲਿਖਦਾ ਹਾਂ, ਜਿਹੜੇ ਇਹੋ ਦਸਦੇ ਹਨ ਕਿ ਪਰਮੇਸ਼ਵਰ ਦਾ ਰੰਗ ਰੂਪ ਕੁਛ ਨਹੀਂ ਹੈ।

ਬਹੁਤੋ ਬਹੁਤੁ ਵਖਾਣੀਐ ਊਚੋ ਊਚਾ ਥਾਉ।
ਵਰਨ ਚਿਹਨ ਬਾਹਰਾ ਕੀਮਤ ਕਹ ਨ ਸਕਾਉ॥

ਸਿਰੀ ਰਾਗ ਮਹਲਾ ੫ ਸ਼ਬਦ ੭੭

ਵਵਾ ਵੈਰੁ ਨ ਕਰੀਐ ਕਾਹੂ। ਘਟ ਘਟ ਅੰਤਰਿ ਬ੍ਰਹਮਸਮਾਹੂ।
ਵਾਸਦੇਵ ਜਲ ਥਲ ਮਹਿ ਰਵਿਆ। ਗੁਰੂ ਪ੍ਰਸਾਦਿ ਵਿਰਲੇ ਹੀ ਗਵਿਆ।
ਵੈਰ ਵਿਰੋਧ ਮਿਟੇ ਤਿਹ ਮਨਤੇ। ਹਰਿ ਕੀਰਤਨ ਗੁਰਮੁਖ ਜੋ ਸੁਨਤੇ।
ਵਰਨ ਚਿਹਨ ਸਗਲਹ ਤੇਰਹਤਾ। ਨਾਨਕ ਹਰਿ ਗੁਰਮੁਖ ਜੋ ਕਹਤਾ।

ਗਉੜੀ ਬਾਵਨ ਅਖਰੀ ਮ: ੧ ਸ਼ਬਦ ੪੬

ਨਾ ਤਿਸ ਰੂਪ ਵਰਨ ਨਹੀ ਰੇਖਿਆ ਸਾਚੈ ਸ਼ਬਦ ਨੀਸਾਣੁ।
ਨਾ ਤਿਸੁ ਮਾਤ ਪਿਤਾ ਸੁਤ ਬੰਧਪ ਨਾ ਤਿਸ ਕਾਮਨਨਾਰੀ।
ਅਕੁਲ ਨਿਰੰਜਨ ਅਪਰੰਪੂਰ ਸਗਲੀ ਜੋਤਿ ਤੁਮਾਰੀ।

ਸੋਰਠ ਮਹਲਾ ੧ ਸ਼ਬਦ ੬

ਜਿਸੁ ਰੂਪ ਨ ਰੇਖਿਆ ਕੁਲ ਨਹੀ ਜਾਤੀ। ਪੂਰਨ ਪੂਰ ਰਹਿਆ ਦਿਨ ਰਾਤੀ।
ਜੋ ਜੋ ਜਪੈ ਸੋਈ ਬਡਭਾਗੀ ਬਹੁੜ ਨ ਜੋਨੀ ਪਾਵਣਾ। ਮਾਰੂ ਮ: ੫ ਸੋਹਲੇ ੧੪

ਰੂਪ ਨ ਰੇਖ ਨ ਰੰਗ ਕਿਛੁ ਤ੍ਰਿਹੁ ਗੁਣ ਤੇ ਪ੍ਰਭ ਭਿੰਨ।
ਤਿਸਹਿ ਬੁਝਾਏ ਨਾਨਕਾ ਜਿਸੁ ਹੋਵੈ ਸੁ ਪ੍ਰਸੰਨ।

ਗਉੜੀ ਮਹਲਾ ੫ ਸੁਖਮਨੀ ੧੬

ਵਰਨ ਚਿਹਨ ਨ ਜਾਇ ਲਖਿਆ ਕਥਨ ਤੇ ਅਕਥਾ।
ਬਿਨਵੰਤਿ ਨਾਨਕ ਸੁਣਹੁ ਬਿਨਤੀ ਪ੍ਰਭ ਕਰਣ ਕਾਰਣ ਸਮਰਥਾ।

ਵਡਹੰਸ ਮ: ੫ ਸ਼ਬਦ ੩

ਵਰਨਾਂ ਚਿਹਨਾ ਬਾਹਰਾ ਓਹੁ ਅਗੰਮ ਅਜਿਤਾ।

ਰਾਮਕਲੀ ਵਾਰ ਮ: ੨ ਸ਼ਬਦ ੧੯

ਵਰਨਾ ਚਿਹਨਾ ਬਾਹਰਾ ਲੇਖੈ ਵਾਝੁ ਅਲਖੁ।

ਮਲਾਰ ਵਾਰ ਮ: ੧ ਸ਼ਬਦ ੨੩।

ਅਟਲ ਅਤੋਲੁ ਅਭੋਲੁ ਮੁਰਾਰੇ। ਖਿਨ ਮਹਿ ਢਾਹਿ ਫੇਰ ਉਸਾਰੇ।
ਰੂਪ ਨ ਰੇਖਿਆ ਮਿਤਿ ਨਹੀ ਕੀਮਤਿ ਸਬਦਿ ਭੇਦਿ ਪਤੀਆਇਦਾ।

ਮਾਰੂ ਮ: ੧ ਸੋਲਹੇ ਸ਼ਬਦ ੧੪

ਅਜਾਤ ਹਰੀ, ਅਪਾਤ ਹਰੀ, ਅਮਿਤ੍ਰ ਹਰੀ। ਅਮਾਤ ਹਰੀ ਅਰੋਗ ਹਰੀ।
ਅਸ਼ੋਗ ਹਰੀ। ਅਭੇਦ ਹਰੀ ਅਛੇਦ ਹਰੀ-ਅਖੰਡ ਹਰੀ ਅਭੰਗ ਹਰੀ ਅਭਰਮ ਹਰੀ।
ਅਕਰਮ ਹਰੀ। ਅਕਾਲ ਉਸਤਤਿ ੫੭-੫੮

ਨ ਰਾਗੰ ਨ ਰੰਗੰ ਨ ਰੂਪੰ ਹ ਰੇਖੰ। ਨ ਮੋਹੰ ਨ ਕ੍ਰੋਹੰ ਨ ਦ੍ਰੋਹੰ ਨ ਦਵੈਖੰ।
ਨ ਕਰਮੰ ਨ ਭਰਮੰ ਨ ਜਨਮੰ ਨ ਜਾਤੰ। ਨ ਮਿਤ੍ਰੰ ਨ ਸਤ੍ਰੰ ਨ ਪਿਤ੍ਰੰ ਨ ਮਾਤੰ।
ਨ ਨੇਹੰ ਨ ਗੇਹੰ ਨ ਕਾਮੰ ਨ ਧਾਮੰ। ਨ ਪੁਤ੍ਰੰ ਨ ਮਿਤ੍ਰੰ ਨ ਸਤ੍ਰੰ ਨ ਭਾਮੰ।
ਅਲੇਖੰ ਅਭੇਖੰ ਅਜੋਨੀ ਸਰੂਪੰ। ਸਦਾ ਸਿਦ ਦਾ ਬੁਧਿਦਾ ਬ੍ਰਿਧ ਰੂਪੰ।
ਨਹੀ ਜਾਨ ਜਾਈ ਕਛੂ ਰੂਪ ਰੇਖੰ। ਕਹਾ ਬਾਸ ਤਾਕੋ ਫਿਰੈ ਕਉਨ ਭੇਖੰ।

ਅਕਾਲ ਉਸਤਤਿ ੯੧-੯੩

ਨ ਜਾਤੰ ਨ ਪਾਤੰ ਨ ਰੂਪੰ ਨ ਰੰਗੇ। ਨਮੋ ਆਦਿ ਅਭੰਗੇ ਨਮੋ ਆਦਿ ਅਭੰਗੇ।੯੫।
ਨ ਜਨਮ ਨ ਮਰਨੰ ਨ ਬਰਨੰ ਨ ਬਿਆਧੇ। ਅਖੰਡੇ ਪ੍ਰਚੰਡੇ ਅਦੰਡੇ ਅਸਾਧੇ।੯੭।

ਜਿਹ ਸੱਤ੍ਰ ਮਿੱਤ੍ਰ ਨਹੀ ਜਨਮ ਜਾਤ । ਜਿਹ ਪੁਤ੍ਰ ਭ੍ਰਾਤ ਨਹੀਂ ਮਿਤ੍ਰ ਮਾਤ ।
ਜਿਹ ਕਰਮ ਭਰਮ ਨਹੀਂ ਧਰਮ ਧਿਆਨ । ਜਿਹ ਨੇਹ ਗੇਹ ਨਹੀ ਬਿਉਤ ਬਾਨ ।
ਜਿਹ ਜਾਤ ਪਾਤ ਨਹੀ ਸੱਤ੍ਰ ਮਿਤ੍ਰ । ਜਹ ਨੇਹ ਗੇਹ ਨਹੀਂ ਚਿਹਨ ਚਿਤ੍ਰ ।
ਜਿਹ ਰੰਗ ਰੂਪ ਨਹੀਂ ਰਾਖ ਰੇਖ । ਜਿਹ ਜਨਮ ਜਾਤ ਨਹੀਂ ਭਰਮ ਭੇਖ ।
ਜਿਹ ਕਰਮ ਭਰਮ ਨਹੀ ਜਾਤ ਪਾਤ । ਨਹੀਂ ਨੇਹ ਗੇਹ ਨਹੀਂ ਪਿਤ੍ਰ ਮਾਤ ।
ਜਿਹ ਨਾਮ ਠਾਮ ਨਹੀ ਬਰਗ ਬਿਆਧ । ਜਿਹ ਰੋਗ ਸੋਗ ਨਹੀ ਸਤ੍ਰ ਸਾਧ ।

ਅਕਾਲ ਉਸਤਤਿ ੧੨੩-੧੨੫

ਨ ਰਾਗ ਰੰਗ ਰੂਪ ਹੈਂ ਨ ਰੋਗ ਰਾਇ ਰੇਖ ਹੈਂ ਅਦੋਖ ਅਦਾਗ ਅਦੇਹ ਹੈਂ ।
ਅਭੂਤ ਅਭਰਮ ਅਭੇਖ ਹੈ । ਨ ਤਾਤ ਮਾਤ ਜਾਤ ਹੈ ਨ ਪਾਤਿ ਚਿਹਨ ਬਰਨ ਹੈ ।
ਅਦੇਖ਼ ਅਸੇਖ ਅਭੇਖ ਹੈ ਸਦੀਵ ਬਿਸੁ ਫਰ ਭਰਨ ਹੈ । ਅਕਾਲ ਉਸਤਤਿ ੧੬੩

ਜਾਤ ਪਾਤਿ ਨ ਤਾਤ ਜਾਕੋ ਮੰਤ੍ਰ ਨ ਮਿਤ੍ਰ ।
ਸਰਬ ਠਉਰ ਬਿਖੈ ਰਮਿਓ ਜਿਹ ਚੱਕ੍ਰ ਚਿਹਨ ਨਹੀ ਚਿਤ੍ਰ ।
ਆਦਿ ਦੇਵ ਉਦਾਰ ਮੂਰਤਿ ਅਗਾਧ ਨਾਥ ਅਨੰਤ ।
ਆਦਿ ਅੰਤ ਨ ਜਾਨੀਐ ਅਬਿਖਾਦ ਦੇਵ ਦਰੰਤ ।

ਅਕਾਲ ਉਸਟਤਿ ੧੩੨

ਇਹ ਸਾਰੇ ਪਾਠ ਈਸ਼ਵਰ ਨੂੰ ਨਿਰ ਕਾਰ ਹੀ ਦੱਸਣ ਵਾਲੇ ਹਨ । ਇਹਨਾਂ ਨਾਲ ਮਿਲਦੇ ਜੁਲਦੇ ਪਾਠ ਵਾਲੇ ਹੋਰ ਜਿੰਨੇ ਚਾਹੀਦੇ ਹੋਣ ਲਿਖੇ ਜਾ ਸਕਦੇ ਹਨ । ਪਰ ਇਤਨੇ ਹੀ ਸਾਕਾਰ ਦੇ ਨਿਸ਼ੇਧ ਵਾਸਤੇ ਬਹੁਤ ਹਨ । ਇਸ ਕਰਕੇ ਹੋਰ ਲਿਖਣ ਤੋਂ ਹੱਥ ਰੋਕਦਾ ਹਾਂ ।

---

## ੫. ਨਿਰਗੁਣ ਸਰਗੁਣ

ਨਿਰਗੁਣ ਸ਼ਬਦ ਦੇ ਅਰਥ ਹਨ ਗੁਣਾਂ ਤੋਂ ਰਹਿਤ ਤੇ ਸਰਗੁਣ ਦੇ ਅਰਥ ਹਨ ਗੁਣਾਂ ਵਾਲਾ । ਸੰਸਕ੍ਰਿਤ ਵਿਚ ਸਰਗੁਣ ਨੂੰ ਸਗੁਣ ਹੀ ਲਿਖਦੇ ਹਨ, ਪਰ ਸ੍ਰੀ

ਗੁਰੂ ਗ੍ਰੰਥ ਸਾਹਿਬ ਵਿਚ ਸਰਗੁਣ ਲਿਖਿਆ ਹੈ। ਗ੍ਰੰਥ ਗੁਰੂ ਗਿਰਾਰਥ ਕੋਸ਼' ਚ ਸਰਗੁਣ ਸ਼ਬਦ ਦੇ ਅਰਥ ਇਉਂ ਲਿਖੇ ਹਨ। 'ਸਰਗੁਣ' ਪੰਜਾਬੀ, ਗੁਣ, ਸਹਿਤ, ਯਥਾ ਨਿਰਗੁਣ ਆਪ ਸਰਗੁਣ ਭੀ ਉਹੀ। ਸੰ: ਸਗੁਣ, ਪਰ ਲੋਕਾਂ ਵਿਚ ਸਰਗੁਣ ਦੇ ਅਰਥ ਕੀਤੇ ਜਾਂਦੇ ਹਨ ਜਦ ਪਰਮੇਸ਼ਵਰ ਮਾਯਾ ਨਾਲ ਰਲ ਜਾਵੇ ਜਾਂ ਅਵਤਾਰ ਧਾਰਣ ਕਰੇ ਤਾਂ ਓਹ ਸਰਗੁਣ ਕਹਾਉਂਦਾ ਹੈ। ਜਦ ਸੁੱਧ ਮਾਯਾ ਰਹਿਤ ਹੋਵੇ ਤਦ ਤਦ ਨਿਰਗੁਣ ਹੁੰਦਾ ਹੈ।

ਗ੍ਰੰਥ ਗੁਰੂ ਗਿਰਾਰਥ ਕੋਸ ਵਿਚ ਪੰਡਿਤ ਤਾਰਾ ਸਿੰਘ ਜੀ ਲਿਖਦੇ ਹਨ। ਨਿਰਗੁਣ ਦੇ ਗੁਣ ਹੀਨ ਮੂਰਖ। ਯ: ਮੋਹੇ ਨਿਰਗੁਣ ਕੇ ਦਾਤਾ ਰੇ। (ਏਹ ਅਰਥ ਈਸ਼ਵਰ ਵਿਚ ਨਹੀਂ ਲਗਦਾ) ਅਗੇ ਪੰਡਿਤ ਜੀ ਲਿਖਦੇ ਹਨ ਸਿਰ ਦੂਰ ਹੋ ਗਏ ਹੈਂ। ਮਾਯਕ ਗੁਣ ਜਿਸ ਮੇਂ ਵਹ ਪਰਮਾਤਮਾ ਯਥਾ। ਨਿਰਗੁਣ ਆਪ ਸਰਗੁਣ ਭੀ ਉਹੀ। ਜੋ ਮਾਯਾ ਕੇ ਮੇਲ ਸੇ ਰਹਿਤ ਸੁੱਧ ਦਸਾ ਮੇਂ ਸਰਬ ਗੁਣੋਂ ਸੇ ਰਹਿਤ ਹੈ ਵਹੀ ਮਾਯਾ ਕੇ ਸਮੇ ਸਰਬ ਗੁਣੋਂ ਵਾਲਾ ਹਵੇ ਹੈ, ਅਰਥਾਤ ਜੋ ਸੁੱਧ ਦਸਾ ਮੇ, ਸਤੋ, ਰਜੋ, ਤਮੋ ਰੂਪ ਮਾਇਕ ਗੁਣੋਂ ਸੇ। ਪੁਨਾ ਮਾਯਾ ਕੇ ਸੰਬੰਧ ਸੇ ਹੋਨੇ ਵਾਲੇ ਦਯਾਲੁਤਾ, ਸਰਬੱਗਤਾਦਿ ਗੁਣੋਂ ਸੇ ਰਹਿਤ ਪਰਮਾਤਮਾ ਹੈ, ਵਹੀ ਮੇਲ ਦਸਾ ਮੇਂ ਸਤੋ ਰਜੋ ਆਦਿ ਪੁਨ: ਤਿਸ ਕੇ ਮੇਲ ਸੇ ਹੋਨੇ ਵਾਲੇ ਦਯਾਲੁਤਾ ਭਗਤ ਵਛਲ-ਤਾਦਿਕ ਗੁਣੋਂ ਵਾਲਾ ਹੈ। ਬੈਸ਼ਨੋਂ ਮਤ ਵਾਲੇ ਤਿੰਨਾਂ ਗੁਣਾਂ ਦਾ ਨਾਮ ਮਾਯਾ ਬੋਲਤੇ ਹੈਂ। ਕੇਵਲ ਸਤੋ ਗੁਣ ਕਾ ਨਾਮ ਮਾਯਾ ਨਹੀਂ ਕਹਤੇ ਯਾ ਤੇ ਜੋ ਪਰਮਾਤਮਾ ਮਾਇਕ ਗੁਣੋਂ ਸੇ ਰਹਿਤ ਨਿਰਗੁਣ ਹੈ, ਵਹੀ ਉਸੀ ਸਮੇਂ ਅਮਾਯ ਰੂਪ ਸੁੱਧ ਸਤੋ ਗੁਣ ਕੇ ਪ੍ਰਤਾਪ ਸੇ ਸਰਬ ਗੁਣੋਂ ਵਾਲਾ ਹੈ, ਸਰਬਥਾ ਗੁਣ ਹੀਨ ਕਹਤੇ ਹੈਂ ਉਨ ਕਸਾਸਤ੍ਰ ਕੇ ਸਿਧਾਂਤ ਕਾ ਪੂਰਾ ਗਿਆਨ ਨਹੀਂ।

ਏਸ ਪਾਠ ਤੋਂ ਪੂਰਾ ਪੂਰਾ ਪਤਾ ਲਗ ਜਾਂਦਾ ਹੈ ਕਿ ਸੁਧ ਚੇਤਨ ਨਿਰਗੁਣ, ਕੇ ਮਾਯਾ ਨਾਲ ਮਿਲਣ ਨਾਲ ਸਰਗੁਣ ਬਣ ਜਾਂਦਾ ਹੈ। ਅਵਤਾਰਾਂ ਦੇ ਸਰੀਰ ਭੀ ਮਾਯਾ ਦੇ ਹੀ ਹੁੰਦੇ ਹਨ, ਇਹ ਪੰਥੀਆਂ ਵਿਚ ਜੋਰ ਨਾਲ ਲਿਖਿਆ ਹੈ। ਇਸ ਕਰਕੇ ਅਵਤਾਰ ਪਰਮੇਸ਼ਵਰ ਜਿਹੜਾ ਸੰਸਾਰ ਰਚਦਾ ਪਾਲਣ ਤੇ ਸੰਹਾਰ ਕਰਦਾ ਹੈ ਉਹ ਸਰਗੁਣ ਹੈ ਜਦ ਕੁਛ ਭੀ ਨ ਕਰੇ ਤਦ ਓਹ ਨਿਰਗੁਣ ਕਹਾਉਂਦਾ ਹੈ।

ਆਰੀਆ ਸਮਾਜ ਨਿਰਗੁਣ, ਸਰਗੁਣ ਦੇ ਅਰਥ ਉਪਰ ਲਿਖੇ ਨਹੀਂ ਮੰਨਦਾ।

ਜੇ ਕੋਈ ਇਨ੍ਹਾਂ ਸ਼ਬਦਾਂ ਦਾ ਸਿੱਧਾ ਅਰਥ ਕਰੇ ਤਾਂ ਨਿਰਗੁਣ ਦੇ ਅਰਥ ਗੁਣਾਂ ਤੋਂ ਬਿਨਾਂ, ਸਰਗੁਣ ਦੇ ਅਰਥ ਗੁਣਾਂ ਵਾਲਾ ਹੁੰਦਾ ਹੈ, ਤਦ ਇਹ ਇਉਂ ਸਮਝਣਾ ਚਾਹੀਦਾ ਹੈ। ਜੀਹਦੇ ਵਿਚ ਜਿਹੜੇ ਜਿਹੜੇ ਗੁਣ ਹਨ। ਉਨਾਂ ਨਾਲ ਉਹ ਸਰਗੁਣ ਹੈ, ਅਤੇ ਜਿਹੜੇ ਗੁਣ ਉਹਦੇ ਉਹਦੇ ਵਿਚ ਨਹੀਂ ਹਨ ਉਨ੍ਹਾਂ ਤੋਂ ਉਹ ਨਿਰਗੁਣ ਹੈ। ਜਿੱਦਾਂ ਅੱਗ ਵਿਚ ਤੱਤਾਪਣ ਹੈ ਜੱਦ ਅਗ ਤੱਤੇ ਗੁਣ ਵਾਲੀ ਹੋਣ ਕਰਕੇ ਸਰਗੁਣ ਹੈ। ਤੇ ਅੱਗ ਵਿਚ ਠੰਡਾ ਪਣ ਨਹੀਂ ਹੈ। ਤਦ ਠੰਡੇ ਗੁਣ ਵਲੋਂ ਅੱਗ ਨਿਰਗੁਣ ਹੈ। ਏਦਾਂ ਹੀ ਗੁੜ ਮਿਠਾਸ ਨਾਲ ਸਰਗੁਣ ਤੇ ਕੁੜਤਨ ਵਲੋਂ ਨਿਰਗੁਣ ਹੈ। ਜਿੱਦਾਂ ਇਹ ਚੀਜਾਂ ਹਨ ਏਦਾਂ ਹੀ ਪਰਮਾਤਮਾ ਵਿਚ ਸੰਸਾਰ ਰਚਨਾ, ਪਾਲਣਾ ਸੰਹਾਰ ਕਰਨਾ, ਨਿਆਇ ਕਰਨਾ, ਸਬ ਕੁਝ ਜਾਨਣਾ ਆਦਿ ਅਨੇਕ ਗੁਣ ਹਨ। ਉਨ੍ਹਾਂ ਨਾਲ ਉਸਨੂੰ ਸਰਗੁਣ ਕਹੀਦਾ ਹੈ। ਉਹ ਨ ਮਰਦਾ ਹੈ, ਨ ਜੰਮਦਾ ਹੈ। ਨ ਭੁਲਦਾ ਹੈ, ਨ ਦੁਖੀ ਹੁੰਦਾ ਹੈ। ਇਹ ਗੁਣ ਉਹਦੇ ਵਿਚ ਕਦੇ ਭੀ ਨਹੀਂ ਹੁੰਦੇ, ਇਸ ਕਰਕੇ ਇਨਾਂ ਗੁਣਾਂ ਵਲੋਂ ਉਹ ਨਿਰਗੁਣ ਹੈ। ਨਿਰਗੁਣ ਸਰਗੁਣ ਸਬਦ ਵਿਚ ਅਵਤਾਰ ਜਾਂ ਮਾਯਾ ਦਾ ਸੰਬੰਧ ਹੋਣ ਤੇ ਨ ਹੋਣ ਨਾਲ ਭੇਦ ਕਰਨਾ ਠੀਕ ਨਹੀਂ ਹੈ ਰਿਸ਼ੀ ਦਯਾਨੰਦ ਜੀ ਨੇ ਸਤਯਾਰਥ ਪ੍ਰਕਾਸ ਦੇ ਸ਼ਤਵੇਂ ਸਮੁਲਾਸ ਵਿਚ ਇਹਦਾ ਨਿਰਣੇ ਕੀਤਾ ਹੈ ਉਥੇ ਏਹ ਪਾਠ ਹੈ :—

ਪ੍ਰਸ਼ਨ—ਪਰਮੇਸ਼ਵਰ ਸਗੁਣ ਹੈ ਵਾ ਨਿਰਗੁਣ।

ਉੱਤਰ—ਦੋਨੋਂ ਪ੍ਰਕਾਰ ਕਾ ਹੈ।

ਪ੍ਰਸ਼ਨ—ਭਲਾ ਏਕ ਘਰ ਮੇਂ ਦੋ ਤਲਵਾਰ ਕਭੀ ਰਹਿ ਸਕਤੀ ਹੈਂ ? ਏਕ ਪਦਾਰਥ ਮੇਂ ਸਗੁਣਤਾ ਔਰ ਨਿਰਗੁਣਤਾ ਕੈਸੇ ਰਹਿ ਸਕਤੀ ਹੈ ?

ਉੱਤਰ—ਜੈਸੇ ਜੜ੍ਹ ਮੇਂ ਰੂਪਾਦਿ ਗੁਣ ਹੈ, ਔਰ ਚੇਤੰਨ ਕੇ ਗਿਆਨਾਦਿ ਗੁਣ ਜੜ੍ਹ ਮੇਂ ਨਹੀਂ ਹੈਂ। ਵੈਸੇ ਚੇਤਨ ਮੇਂ ਇੱਛਾਦਿ ਗੁਣੇ ਹੈਂ ਔਰ ਰੂਪਾਦਿ ਜੜ੍ਹ ਕੇ ਗੁਣ ਨਹੀਂ ਹੈ। ਇਸ ਲੀਏ ਜੋ ਗੁਣੋਂ ਸੇ ਸਹਿਤ ਵੋਹ ਸਗੁਣ ਔਰ ਜੋ ਗੁਣੋਂ ਸੇ ਰਹਿਤ ਵਹ ਨਿਰਗੁਣ ਕਹਾਤਾ ਹੈ। ਅਪਨੇ ਅਪਨੇ ਸੂਭਾਵਿਕ ਗੁਣੋਂ ਸੇ ਸਹਿਤ ਔਰ ਦੂਸਰੇ ਵਿਰੋਧੀ ਕੇ ਗੁਣੋਂ ਸੇ ਸਬ ਪਦਾਰਥ ਸਗੁਣ ਔਰ ਨਿਰਗੁਣ ਹੈਂ। ਕੋਈ ਭੀ ਐਸਾ ਪਦਾਰਥ ਨਹੀਂ ਹੈ ਕਿ ਜਿਸਮੇਂ ਕੇਵਲ ਸਗੁਣਤਾ ਹੋ, ਕਿੰਤੂ ਏਕ ਹੀ ਮੇਂ ਸਗੁਣਤਾ ਔਰ ਨਿਰਗੁਣਤਾ ਸਦਾ ਰਹਿਤੀ ਹੈ। ਵੈਸੇ ਹੀ ਪਰਮੇਸ਼ਵਰ ਅਪਨੇ ਅਨੰਤ ਗਿਆਨ ਬਸਾਦਿ ਗੁਣੋਂ ਸੇ ਸਹਿਤ ਹੋਨੇ ਸੇ ਸਗੁਣ ਔਰ ਰੂਪਾਦਿ ਜੜ੍ਹ ਕੇ

ਤਥਾ ਦ੍ਵੈਸ਼ਾਦਿ ਜੀਵ ਗੁਣੋਂ ਸੇ ਪ੍ਰਿਥਕ ਹੋਨੇ ਸੇ ਨਿਰਗੁਣ ਕਹਾਤਾ ਹੈ।

ਪ੍ਰਸ਼ਨ—ਸ਼ੰਸਾਰ ਮੇਂ ਨਿਰਾਕਾਰ ਕੋ ਨਿਰਗੁਣ ਔਰ ਸਾਕਾਰ ਕੋ ਸਗੁਣ ਕਹਿਤੇ ਹੈਂ ਅਰਥਾਥ ਜਬ ਪਰਮੇਸਵਰ ਜਨਮ ਨਹੀਂ ਲੇਤਾ ਤਬ ਨਿਰਗੁਣ ਔਰ ਜਬ ਅਵਤਾਰ ਲੇਤਾ ਹੈ ਤਬ ਸਗੁਣ ਕਹਾਤਾ ਹੈ।

ਉੱਤਰ:—ਯਹ ਕਲਪਨਾ ਕੇਵਲ ਅਗਿਆਨੀ ਔਰ ਅਵਿਦਵਾਨੋਂ ਕੀ ਹੈ। ਜਿਨ ਕੋ ਵਿਦਿਯਾ ਨਹੀਂ ਹੋਤੀ, ਵੋ ਪਸ਼ੂ ਕੇ ਸਮਾਨ ਯਥਾ ਤਥਾ ਬਰੜਾਯਾ ਕਰਤੇ ਹੈਂ, ਜੈਸੇ ਸੰਨੀਪਾਤ ਜ੍ਵਰ ਯੁਕਤ ਮਨੁਸ਼ ਅੰਡਬੰਡ ਬਕਤਾ ਹੈ, ਵੈਸੇ ਹੀ ਅਵਿਦ-ਵਾਨੋਂ ਕੇ ਕਹੇ ਵਾ ਲੇਖ ਕੋ ਵਿਅਰਥ ਸਮਝਨਾ ਚਾਹੀਏ।

ਇਸ ਪਾਠ ਵਿਚ ਰਿਸ਼ੀ ਨੇ ਸਾਫ ੨ ਲਿਖਿਆ ਹੈ ਕਿ ਗੁਣੋਂ ਸਹਿਤ ਹੋਨੇ ਸੇ ਸ਼ਗੁਣ ਔਰ ਗੁਣੋਂ ਰਹਿਤ ਹੋਨੇ ਸੇ ਨਿਰਗੁਣ ਕਹਤੇ ਹੈਂ। ਜ ਕੁਛ ਏਹ ਲਿਖਿਆ ਹੈ, ਆਰੀਆ ਸਮਾਜ ਇਸਨੂੰ ਹੀ ਮੰਨਦਾ ਹੈ।

ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਪਾਠ ਵਿਚ ਨਿਰਗੁਣ, ਸਰਗੁਣ ਦੋਨੋ ਸ਼ਬਦ ਹਨ. ਇਸ ਕਰਕੇ ਏਹਨਾਂ ਲਿਖਣਾ ਹੀ ਠੀਕ ਹੈ ਕਿ ਗੁਰੂ ਜੀ ਪਰਮੇਸ਼ਵਰ ਨੂੰ ਨਿਰਗੁਣ ਮੰਨਦੇ ਹਨ।

ਨਿਰੰਕਾਰ ਮਾਹਿ ਆਕਾਰ ਸਮਾਵੈ। ਅਕਲ ਕਲਾ ਸਚੁ ਸਾਚੁ ਟਿਕਾਵੈ।
ਰਾਗ ਆਸਾ ਅਸ਼ਟਪਦੀਆਂ ੭-੪

ਨਿਰਗੁਣ ਸਰਗੁਣ ਆਪੇ ਸੋਈ। ਤਤੁ ਪਛਾਣੇ ਸੋ ਪੰਡਿਤ ਹੋਈ।
ਰਾਗ ਮਾਝ ਮਹਲਾ ੩। ੩੧-੧

ਨਿਰਗੁਣ ਕਥਾ ਕਥਾ ਹੈ ਹਰਿ ਕੀ। ਭਜੁ ਮਿਲ ਸਾਧੂ ਸੰਗਤਿ ਜਨਕੀ।
ਰਾਗ ਗਉੜੀ ਮ: ੪ ਗੁਆਰਰੀ ੪੦

ਨਿਰੰਕਾਰ ਆਕਾਰ ਆਪਿ ਨਿਰਗੁਣ ਸਰਗੁਣ ਏਕ। ਏਕਹਿ ਏਕ ਬਖਾਨੋ
ਨਾਨਕ ਏਕ ਅਨੇਕ।
ਗਉੜੀ ਬਾਵਨ ਅਖਰੀ ਮਹਲਾ ੫

ਨਿਰਗੁਣ ਸਰਗੁਣ ਹਰਿ ਹਰਿ ਮੇਰਾ ਕੋਈ ਹੈ ਜੀਉ ਆਣਿ ਮਿਲਾਵੈ ਜੀਉ।
ਰਾਗ ਮਾਝ ਮ: ੫ ਸ਼ਬਦ ੧੨

ਤੂੰ ਨਿਰਗੁਣ ਸਰਗੁਣ ਸੁਖਦਾਤਾ। ਤੂੰ ਨਿਰਬਾਣ ਰਸੀਆ ਰੰਗ ਰਾਤਾ।
ਮਾਝ ਮ: ੫ ਸ਼ਬਦ ੨੮-੩

ਇਸੇ ਤਰ੍ਹਾਂ ਅਨੇਕ ਸ਼ਬਦਾਂ ਵਿਚ ਨਿਰਗੁਣ ਸਰ ਦਾ ਵਰਨਣ ਕੀਤਾ ਹੈ ।

# ੬. ਮੂਰਤੀ ਪੂਜਾ

ਮੂਰਤੀ ਪੂਜਾ ਦਾ ਭਾਵ ਏਹ ਹੈ ਪਰਮੇਸ਼ਵਰ ਜਾਂ ਕਿਸੇ ਅਵਤਾਰ ਦੀ ਪੱਥਰ, ਲੱਕੜ, ਸੋਨਾ, ਚਾਂਦੀ ਤਾਂਬਾ, ਪੀਤਲ ਆਦਿ ਕਿਸੀ ਭੀ ਧਾਤੂ ਦੀ ਮੂਰਤੀ ਬਣਾ ਕੇ ਉਸਦੀ ਪੂਜਾ ਕਰਨੀ, ਅਰਥਾਤ ਓਸ ਨੂੰ ਭੋਗ ਲੌਣਾ, ਧੂਪ ਦੇਣੀ, ਓਹਦੇ ਅੱਗੇ ਦੀਵਾ ਆਦਿ ਜਲਾਣਾ। ਮੂਰਤੀ ਨੂੰ ਮਨੁਖ ਵਾਂਗਰ ਸਮੇਂ ਤੇ ਸੁਲੌਣਾ, ਜਗੌਣਾ, ਉਠੌਣਾ, ਬਠੌਣਾ, ਨਲੌਣਾ ਤੇ ਏਹੋ ਜਹੀਆਂ ਸਾਰੀਆਂ ਗੱਲਾਂ ਕਰਨੀਆਂ ।

ਸਿੱਟਾ ਇਹ ਹੈ ਕਿ ਜਿਹੜੀਆਂ ਚੀਜ਼ਾਂ ਚੇਤੰਨ ਨਹੀਂ ਹਨ, ਜੜ੍ਹ ਹਨ ਉਨਾਂ ਵਿਚ ਚੇਤੰਨ ਦੀ ਭਾਵਨਾ ਕਰਕੇ ਉਨਾਂ ਦੇ ਨਾਲ ਸਾਰੇ ਨਾਲ ਸਾਰੇ ਬਿਉਹਾਰ ਚੇਤੰਨ ਵਾਂਗਰ ਕਰਨਾ ਮੂਰਤੀ ਪੂਜਾ ਹੈ ।

ਮੂਰਤੀ ਕਿਸੇ ਦੁਕਾਨ ਤੋਂ ਲੈਕੇ ਉਸ ਨੂੰ ਅਪਣੇ ਥਾਂ ਤੇ ਲਿਆਕੇ ਪਹਿਲਾਂ ਦੇਵਤਾ ਦਾ ਆਵਾਹਨ ਜਾ ਪ੍ਰਾਣ ਪ੍ਰਤਿਸ਼ਠਾ ਕੀਤੀ ਜਾਂਦੀ ਜਾਂਦੀ ਹੈ । ਜਦ ਪ੍ਰਾਣ ਪ੍ਰਤਿਸ਼ਠਾ ਹੋ ਜਾਵੇ ਤਦ ਮੂਰਤੀ ਪੂਜਣੇ ਯੋਗਯ ਹੁੰਦੀ ਹੈ। ਪ੍ਰਾਣ ਪ੍ਰਤਿਸ਼ਠਾ ਤੋਂ ਪਹਿਲਾਂ ਪੂਜਣ ਲਾਇਕ ਨਹੀਂ ਹੁੰਦੀ। ਜਿਵੇਂ ਪ੍ਰਾਣ ਪ੍ਰਤਿਸ਼ਠਾ ਹੁੰਦੀ ਹੈ ਇਵੇਂ ਹੀ ਪ੍ਰਾਣ ਵਿਸਰਜਨ ਭੀ ਹੁੰਦਾ ਹੈ । ਜਦ ਉਸ ਮੂਰਤੀ ਤੋਂ ਪ੍ਰਾਣ ਵਿਸਰਜਣ ਕਰ ਦਈਏ ਤਾਂ ਫੇਰ ਭੀ ਉਹ ਮੂਰਤੀ ਪੂਜਣ ਯੋਗ ਨਹੀਂ ਹੁੰਦੀ। ਅਰਥਾਤ ਪ੍ਰਾਣ ਪ੍ਰਤਿਸ਼ਠਾ ਤੋਂ ਪਹਿਲਾਂ ਤੇ ਪ੍ਰਾਣ ਵਿਸਰਜਨ ਤੋਂ ਪਿਛੋਂ ਤਾਂ ਉਹ ਮੂਰਤੀ ਲੱਕੜ ਪੱਥਰ ਧਾਤ ਜਾਂ ਮਿੱਟੀ ਹੀ ਹੁੰਦੀ ਹੈ, ਪਰ ਪ੍ਰਾਣ ਪ੍ਰਤਿਸ਼ਠਾ ਤੇ ਪਿਛੋਂ ਤੇ ਪ੍ਰਾਣ ਵਿਸਰਜਨ ਤੋਂ ਪਹਿਲਾਂ ਓਹ ਦੇਵਤਾ ਹੁੰਦੀ ਹੈ, ਜੀਹਦੀ ਪੂਜਾ ਨਿਯਮ ਨਾਲ ਹੋਣੀ ਚਾਹੀਦੀ ਹੈ ।

ਮੂਰਤੀ ਨੂੰ ਭੋਗ ਲਾਕੇ ਉਸਦਾ ਸੀਤ ਪ੍ਰਸ਼ਾਦ ਮੰਨ ਕੇ ਉਹ ਭੋਜਨ ਪੁਜਾਰੀ ਆਪ ਖਾਦਾ ਹੈ, ਜਾਂ ਭਗਤਾਂ ਨੂੰ ਵੀ ਵੰਡ ਦਿੰਦਾ ਹੈ, ਉਹ ਭਗਤ ਭੀ ਸ਼੍ਰਧਾ ਨਾਲ ਲੈਂਦੇ ਹਨ, ਲੈਕੇ ਖਾਂਦੇ ਹਨ ।

ਏਸ ਮੂਰਤੀ ਪੂਜਾ ਦੇ ਬਾਰੇ ਵਿਜ ਰਿਸ਼ੀ ਦਯਾਨੰਦ ਜੀ ਨੇ ਅਪਣੇ ਬਣਾਏ ਸਤਆਰਥ ਪ੍ਰਕਾਸ਼ ਦੇ ਦੇ ਗਿਆਰਹਵੇਂ ਸਮੁਲਾਸ ਵਿਚ ਅਪਣਾ ਵਿਚਾਰ ਲਿਖਿਆ

ਹੈ। ਜੋ ਕੁਛ ਰਿਸੀ ਨੇ ਉਥੇ ਲਿਖਿਆ ਹੈ, ਉਨ੍ਹਾਂ ਦੇ ਸ਼ਬਦਾਂ ਨੂੰ ਹੀ ਮੈਂ ਲਿਖਕੇ ਉਨ੍ਹਾਂ ਦੇ ਸ਼ਬਦਾਂ ਨੂੰ ਹੀ ਉਨਾਂ ਦਾ ਮਤਲਬ ਪਾਠਕਾਂ ਨੂੰ ਸਮਝੌਨਾ ਚਾਹੁੰਦਾ ਹਾਂ। ਉਨ੍ਹਾਂ ਦਾ ਪਾਠ ਏਦਾਂ ਹਾਂ :—

ਪ੍ਰਸ਼ਨ—ਪਰਮੇਸ਼ਰ ਨਿਰਾਕਾਰ ਹੈ, ਵੋਹ ਧਿਆਨ ਮੇਂ ਨਹੀਂ ਆ ਸਕਤਾ, ਇਸ ਲੀਏ ਅਵਸ਼ਯ ਮੂਰਤੀ ਹੋਨੀ ਚਾਹੀਏ। ਭਲਾ ਜ ਕੁਛ ਭੀ ਨਹੀ ਕਰੇ ਤੋ ਮੂਰਤੀ ਕੇ ਸਨਮੁਖ ਜਾਂ, ਹਾਥ ਜੋੜ ਪਰਮੇਸ਼ਵਰ ਕਾ ਸਮਰਣ ਕਰਤੇ ਔਰ ਨਾਮ ਲੇਤੇ ਹੈਂ, ਇਸ ਮੇਂ ਕਿਆ ਹਾਨੀ ਹੈ ?

ਉੱਤਰ—ਜਬ ਪਰਮੇਸ਼ਵਰ ਨਿਰਾਕਾਰ, ਸਰਵ ਵਿਆਪਕ ਹੈ, ਤਬ ਉਸ ਕੀ ਮੂਰਤੀ ਹੀ ਨਹੀਂ ਬਨ ਸਕਤੀ ਔਰ ਜੋ ਮੂਰਤੀ ਕੇ ਦਰਸ਼ਨ ਮਾਤ੍ਰ ਸੇ ਪਰਮੇਸ਼ਵਰ ਕਾ ਸਿਮਰਣ ਹੋਵੇ ਤੋ ਪਰਮੇਸ਼ਵਰ ਕੇ ਬਨਾਏ ਪ੍ਰਿਥਵੀ, ਜਲ, ਅਗਨਿ, ਵਾਯੂ ਔਰ ਵਨਸਪਤਿ ਆਦਿ ਅਨੇਕ ਪਦਾਰਥ ਜਿਸਮੇਂ ਈਸ਼ਵਰ ਨੇ ਅਦਭੁਤ ਰਚਨਾ ਕੀ ਹੈ, ਕਿਆ ਐਸੀ ਰਚਨਾ ਯੁਕਤ, ਪ੍ਰਿਥਵੀ ਪਹਾੜ ਆਦਿ ਪਰਮੇਸ਼ਵਰ ਰਚਿਤ ਮੂਰਤੀਆਂ, ਕਿ ਜਿਨ ਪਹਾੜ ਆਦਿ ਸੇ ਮਨੁਸ਼ਯ ਕ੍ਰਿਤ ਮੂਰਤੀਆਂ ਬਨਤੀ ਹੈਂ, ਕਿਆ ਉਨਕੋ ਦੇਖ ਕਰ ਪਰਮੇਸ਼ਵਰ ਕਾ ਸਿਮਰਣ ਨਹੀਂ ਹੋ ਸਕਤਾ ? ਜੋ ਤੁਮ ਕਹਿਤੇ ਹੋ, ਕਿ ਮੂਰਤੀ ਕੇ ਦੇਖਣੇ ਸੇ ਪਰਮੇਸ਼ਵਰ ਕਾ ਸਿਮਰਣ ਹੋਤਾ ਹੈ ਯਹ ਤੁਮਹਾਰਾ ਕਥਨ ਸਰਵਥਾ ਮਿਥਿਆ ਹੈ। ਔਰ ਜਬ ਯਹ ਮੂਰਤੀ ਸਾਹਮਨੇ ਨ ਹੋਗੀ, ਤੋ ਪਰਮੇਸ਼ਵਰ ਕੇ ਸਮਰਣ ਨ ਹੋਨੇ ਸੇ ਮਨੁਸ਼ਯ ਏਕਾਂਤ ਪਾ ਕਰ ਚੋਰੀ ਜਾਰੀ ਆਦਿ ਕੁਕਰਮ ਕਰਨੇ ਮੇਂ ਪ੍ਰਵਿਰਤ ਭੀ ਹੋ ਸਕਤਾ ਹੈ। ਕਿਉਂਕਿ ਵਹ ਜਾਨਤਾ ਹੈ ਕਿ ਇਸ ਸਮਯ ਯਹਾਂ ਮੁਝੇ ਕੋਈ ਨਹੀਂ ਦੇਖਤਾ। ਇਸ ਲੀਏ ਵਹ ਅਨਰਥ ਕੀਏ ਬਿਨਾਂ ਨਹੀਂ ਚੂਕਤਾ। ਇਤਆਦਿ ਅਨੇਕ ਦੋਸ਼ ਪਾਖਾਣਾਦਿ ਮੂਰਤੀ ਪੂਜਾ ਕਰਨੇ ਸੇ ਸਿੱਧ ਹੋਤੇ ਹੈਂ। ਅਬ ਦੇਖੀਏ, ਜੋ ਪਾਖਾਣਾਦਿ ਮੂਰਤੀਓਂ ਕੋ ਨ ਮਾਨ ਕਰ ਸਰਵਦਾ ਸਰਵਿਆਪਕ, ਸਰਵਾਂਤਰਯਾਮੀ, ਨਿਆਇਕਾਰੀ, ਪਰਮਾਤਮਾ ਕੋ ਸਰਵਤ੍ਰ ਜਾਨਤਾ ਔਰ ਮਾਨਤਾ ਹੈ ਵਹ ਪੁਰਸ਼ ਸਰਵਤ੍ਰ, ਸਰਵਦਾ ਪਰਮੇਸਵਰ ਕੋ ਸਬ ਕੇ ਬੁਰੇ ਭਲੇ ਕਰਮੋ ਕਾ ਦ੍ਰਸ਼ਟਾ, ਜਾਣ ਕਰ ਏਕ ਛਣ ਮਾਤ੍ਰ ਭੀ ਪਰਮਾਤਮਾ ਸੇ ਅਪਣੇ ਕੋ ਪ੍ਰਿਥਕ ਨ ਜਾਣਕੇ, ਕੁਕਰਮ ਕਰਨਾ ਤੋਂ ਕਹਾਂ ਰਹਾ, ਕਿੱਤੂ ਮਨ ਮੇਂ ਕੁਚੇਸ਼ਟਾ ਭੀ ਨਹੀਂ ਕਰ ਸਕਤਾ। ਕਿਉਂਕਿ ਵਹ ਜਾਨਤਾ ਹੈ, ਜੋ ਮੈਂ ਮਨ, ਵਚਨ ਔਰ ਕਰਮ ਸੇ ਭੀ ਕੁਛ ਬੁਰਾ ਕਾਮ ਕਰੂੰਗਾ ਤੋਂ ਇਸ ਅੰਤਰਯਾਮੀ ਕੇ ਨਿਆਇ

ਤੇ ਬਿਨਾਂ ਦੰਡ ਪਾਏ ਕਦਾਪਿ ਨ ਬਚੂੰਗਾ ਔਰ ਨਾਮ ਸਮਰਣ ਮਾਤ੍ਰ ਸੇ ਕੁਛ ਭੀ ਫਲ ਨਹੀਂ ਹੋਤਾ। ਜੈਸਾ ਮਿਸਰੀ ੨ ਕਰਨੇ ਸੇ ਮੂੰਹ ਮੀਠਾ ਔਰ ਨੀਮ ੨ ਕਰਨੇ ਸੇ ਕੜਵਾ ਨਹੀਂ ਹੋਤਾ, ਕਿੰਤੂ ਜ਼ੀਭ ਕੇ ਚਖਨੇ ਹੀ ਸੇ ਮੀਠਾ ਵਾ ਕੜਵਾਪਨ ਜਾਨਾ ਜਾਤਾ ਹੈ।

ਪ੍ਰਸ਼ਨ—ਕਿਆ ਨਾਮ ਲੇਨਾ ਸਰਵਥਾ ਮਿਥਿਆ ਹੈ ਜੋ ਸਰਵਤ੍ਰ ਪੁਰਾਣੋਂ ਮੇਂ ਨਾਮ ਸਮਰਣ ਕਾ ਬੜਾ ਮਹਾਤਮ ਲਿਖਿਆ ਹੈ।

ਉੱਤਰ—ਨਾਮ ਲੇਨੇ ਕੀ ਤੁਮਹਾਰੀ ਰੀਤੀ ਉੱਤਮ ਨਹੀਂ, ਜਿਸ ਪ੍ਰਕਾਰ ਤੁਮ ਨਾਮ ਸਮਰਪਣ ਕਰਤੇ ਹੋ ਵਹ ਰੀਤੀ ਝੂਠੀ ਹੈ।

ਪ੍ਰਸ਼ਨ—ਹਮਾਰੀ ਕੈਸੀ ਰੀਤੀ ਹੈ।

ਪ੍ਰਸ਼ਨ—ਵੇਦ ਵਿਰੁਧ।

ਪ੍ਰਸ਼ਨ—ਭਲਾ ਅਬ ਆਪ ਹਮ ਕੋ ਵੇਦੋਕਤ ਨਾਮ ਸਮਰਣ ਕੀ ਰੀਤੀ ਬਤਲਾਈਏ ?

ਉੱਤਰ—ਨਾਮ ਸਮਰਣ ਇਸ ਪ੍ਰਕਾਰ ਕਰਨਾ ਚਾਹੀਏ, ਜੈਸੇ ਨਿਆਇਕਾਰੀ ਈਸ਼ਵਰ ਕਾ ਏਕ ਨਾਮ ਹੈ। ਇਸ ਨਾਮ ਸੇ ਇਸ ਕਾ ਅਰਥ ਹੈ ਕਿ ਜੈਸੇ ਪੱਖ ਪਾਤ ਰਹਿਤ ਹੋ ਕਰ ਪਰਮਾਤਮਾ ਸਭ ਕਾ ਯਥਾਵਤ ਨਿਆਇ ਕਰਤਾ ਹੈ, ਵੈਸੇ ਉਸ ਕੋ ਗ੍ਰਹਣ ਕਰ ਨਿਆਇ ਯੁਕਤ ਵਿਵਹਾਰ ਸਰਵਦਾ ਕਰਨਾ, ਅਨਿਆਇ ਕਭੀ ਨ ਕਰਨਾ, ਇਸ ਪ੍ਰਕਾਰ ਏਕ ਨਾਮ ਸੇ ਭੀ ਮਨੁਸ਼ਯ ਕਾ ਕਲਯਾਣ ਹੋ ਸਕਤਾ ਹੈ।

ਪ੍ਰਸ਼ਨ—ਜਬ ਪਰਮੇਸ਼ਵਰ ਸਰਵ ਵਿਆਪਕ ਹੈ, ਤੋ ਮੂਰਤੀ ਮੇਂ ਭੀ ਹੈ। ਪੁਨ: । ਚਾਹੇ ਕਿਸੀ ਪਦਾਰਥ ਮੇਂ ਭਾਵਨਾ ਕਰਕੇ ਪੂਜਾ ਕਰਨਾ ਅੱਛਾ ਕਿਉਂ ਨਹੀਂ।

ਉੱਤਰ—ਜਬ ਪਰਮੇਸ਼ਵਰ ਸਰਵ ਵਿਆਪਕ ਹੈ, ਤੋ ਕਿਸੀ ਏਕ ਵਸਤੂ ਮੇਂ ਪਰਮੇਸ਼ਵਰ ਕੀ ਭਾਵਨਾ ਕਰ ਅਨਯਤ੍ਰਨਾ ਕਰਨਾ ਯਾ ਐਸੀ ਬਾਤ ਹੈ. ਕਿ ਜੈਸੀ ਚਕ੍ਰਵਰਤੀ ਰਾਜਾ ਕੋ ਸਭ ਰਾਜ ਕੀ ਸੱਤਾ ਸੇ ਛੁੜ੍ਹਾ ਕੇ ਏਕ ਛੋਟੀ ਸੀ ਝੋਂਪੜੀ ਕਾ ਸੁਆਮੀ ਮਾਨਨਾ। ਦੇਖੋ ਯਹ ਕਿਤਨਾ ਬੜਾ ਅਪਮਾਨ ਹੈ ? ਵੈਸਾ ਤੁਮ ਪਰਮੇਸ਼ਵਰ ਕਾ ਭੀ ਅਪਮਾਨ ਕਰਤੇ ਹੋ। ਜਬ ਵਿਆਪਕ ਮਾਨਤੇ ਹੋ, ਤੋ ਵਾਟਿਕਾ ਮੇਂ ਸੇ

ਪੁਸ਼ਪ ਪੱਤਰ ਤੋੜ ਕੇ ਕਿਉਂ ਚੜ੍ਹਾਤੇ ? ਚੰਦਨ ਘਿਸਾਕੇ ਕਿਉਂ ਲਗਾਤੇ ? ਧੂਪ ਜਲਾਕੇ ਕਿਉਂ ਦੇਤੇ ? ਘੰਟਾ, ਘੜਿਆਲ, ਝਾਂਜ ਪਖਾਨੇ ਕੋ ਲਕੜੀ ਸੇ ਕੂਟਨਾ ਪੀਟਨਾ ਕਿਉਂ ਕਰਤੇ ਹੋ ? ਤੁਮਹਾਰੇ ਹਾਥੋਂ ਹੈ ਕਿਉਂ ਜੋੜਤੇ । ਸ਼ਿਰ ਮੇਂ ਹੈ ਕਿਉਂ ਸਿਰਨਮਾਤੇ ? ਅੰਨ ਜਲਾਦਿ ਮੇਂ ਹੈ ਕਿਉਂ ਨੈਵੇਦਯ ਧਰਤੇ ? ਜਲ ਮੇਂ ਹੈ, ਸ਼ਨਾਨ ਕਿਉਂ ਕਰਾਤੇ? ਕਿਉਂਕਿ ਉਨ ਸਭ ਪਦਾਰਥੋਂ ਮੇਂ ਪਰਮਾਤਮਾ ਵਿਆਪਕ ਹੈ. ਔਰ ਤੁਮ ਪੂਜਾ ਕਰਤੇ ਹੋ ਵਿਯਾਪਾਯ ਕੀ ? ਜੋ ਵਿਆਪਕ ਕੀ ਕਰਤੇ ਹੋ ਤੋ ਪਾਖਾਣ ਲਕੜੀ ਆਦਿ ਪਰ ਚੰਦਨ ਪੁਸ਼ਪਾਦਿ ਕਿਉਂਕਿ ਚੜ੍ਹਾਤੇ ਹੋ ? ਔਰ ਜੋ ਵਿਆਪਯਕੀ ਕਰਤੇ ਹੋ ਤੋ ਹਮ ਪਰਮੇਸ਼ਵਰ ਕੀ ਪੂਜਾ ਕਰਤੇ ਹੈਂ ਐਸਾ ਝੂਠ ਕਿਉਂ ਬੋਲਤੇ ਹੋ ? ਹਮ ਪਾਖਾਣਾਦਿ ਕੇ ਪੁਜਾਰੀ ਹੈਂ, ਐਸਾ ਸੱਤ ਕਿਉਂ ਨਹੀਂ ਬੋਲਤੇ ?

ਅਬ ਕਹੀਏ ਭਾਵ ਸੱਚਾ ਹੈ ਵ ਝੂਠਾ ? ਜੋ ਕਹੋ ਸਚਾ ਹੈ ਤੋ ਤੁਮਹਾਰੇ ਭਾਵ ਕੇ ਅਧੀਨ ਹੋਕਰ ਪਰਮੇਸ਼ਵਰ ਬਧ ਹੋ ਜਾਏਗਾ, ਔਰ ਤੁਮ ਮ੍ਰਿਤਿਕਾ ਮੇਂ ਸੁਵਰਣ ਰਜਤਾਦਿ, ਪਾਖਾਣ ਮੇਂ ਹੀਰਾ ਪੰਨਾ ਆਦਿ ਸਮੁੰਦ੍ਰ ਫੇਨ ਮੇਂ ਮੋਤੀ, ਜਲ ਮੇਂ ਘ੍ਰਿਤ, ਦੁਗਧ ਦਹੀ ਆਦਿ ਔਰ ਧੂਲੀ ਮੇਂ ਮੈਦਾ ਸ਼ੱਕਰ ਆਦਿ ਕੀ ਭਾਵਨਾ ਕਰਕੇ ਉਨ ਕੋ ਵੈਸੇ ਕਿਉਂ ਨਹੀਂ ਬਨਾਤੇ ਹੋ ? ਤੁਮ ਲੋਗ ਦੁਖ ਕੀ ਭਾਵਨਾ ਕਭੀ ਨਹੀਂ ਕਰਤੇ ਵਹ ਕਿਉਂ ਹੋਤਾ ? ਔਰ ਸੁਖ ਕੀ ਭਾਵਨਾਂ ਸਦੈਵ ਕਰਤੇ ਹੋ ਵਹ ਕਿਉਂ ਨਹੀਂ ਪ੍ਰਾਪਤ ਹੋਤਾ ? ਅੰਧਾ ਪੁਰਸ਼ ਨੇਤ੍ਰ ਕੀ ਭਾਵਨਾ ਸੇ ਕਿਉਂ ਨਹੀਂ ਦੇਖਤਾ ? ਮਰਨੇ ਕੀ ਭਾਵਨਾ ਨਹੀਂ ਕਰਤੇ ਕਿਉਂ ਮਰ ਜਾਤੇ ਹੋ ? ਇਸ ਲੀਏ ਤੁਮਹਾਰੀ ਭਾਵਨਾ ਸੱਚੀ ਨਹੀਂ। ਕਿਉਂਕਿ ਜੈਸੇ ਮੇਂ ਵੈਸੀ ਕਰਨੇ ਕਾ ਨਾਮ ਭਾਵਨਾ ਹੈ। ਜੈਸੇ ਅਗਨਿ ਮੇਂ ਅਗਨਿ, ਜਲ ਮੇਂ ਜਲ ਜਾਨਨਾ ਔਰ ਜਲ ਮੇਂ ਅਗਨਿ ਔਰ ਅਗਨਿ ਮੇਂ ਜ਼ਲ ਸਮਝਨਾ ਅਭਾਵਨਾ ਹੈ। ਕਿਉਂਕਿ ਜੈਸੇ ਕੋ ਵੈਸਾ ਜਾਨਨਾ ਗਿਆਨ ਔਰ ਅਨਯਥਾ ਜਾਂਨਨਾ ਅਗਿਆਨ ਹੈ । ਇਸ ਲੀਏ ਤੁਮ ਅਭਾਵਨਾ ਕੋ ਭਾਵਨਾ ਔਰ ਭਾਵਨਾ ਕੋ ਅਭਾਵਨਾ ਕਹਿਤੇ ਹੋ।

ਪ੍ਰਸ਼ਨ—ਅਜੀ ਜਬ ਤਕ ਵੇਦ ਮੰਤ੍ਰੋਂ ਸੇ ਆਵਾਹਨ ਨਹੀਂ ਕਰਤੇ ਤਬ ਤਕ ਦੇਵਤਾ ਨਹੀਂ ਆਤਾ ਔਰ ਆਵਾਹਨ ਕਰਨੇ ਸੇ ਝਟ ਆਤਾ ਹੈ, ਔਰ ਬਿਸਰਜਨ ਕਰਨੇ ਸੇ ਚਲਾ ਜਾਤਾ ਹੈ।

ਉਤਰ—ਜੋ ਮੰਤ੍ਰ ਕੋ ਪੜ੍ਹ ਕਰ ਆਵਾਹਨ ਕਰਨੇ ਦੇਵਤਾ ਆ ਜਾਤਾ ਹੈ, ਤੋ ਮੂਰਤੀ ਚੇਤਨ ਕਿਉਂ ਨਹੀਂ ਜਾਤੀ ਔਰ ਬਿਸਰਜਨ ਕਰਨੇ ਸੇ ਚਲਾ ਜਾਤਾ ਹੈ

ਇਸਕਾ ਭੀ ਕਿਆ ਸਬੂਤ ? ਔਰ ਵਹ ਕਹਾਂ ਸੇ ਆਤਾ ਔਰ ਕਹਾਂ ਜਾਤਾ ਹੈ ? ਸੁਣੋ ਅੰਧੋ ! ਪੂਰਣ ਪਰਮਾਤਮਾ ਨ ਆਤਾ ਹੈ ਔਰ ਨ ਜਾਤਾ ਹੈ । ਜੋ ਤੁਮ ਮੰਤ੍ਰ ਬਲ ਸੇ ਪਰਮੇਸ਼ਵਰ ਕੋ ਬੁਲਾ ਲੇਤੇ ਹੋ, ਤੋ ਉਨ ਹੀ ਮੰਤ੍ਰੋਂ ਸੇ ਅਪਣੇ ਮਰੇ ਹੂਏ ਪੁਤ੍ਰ ਕੇ ਸਰੀਰ ਮੇਂ ਜੀਵ ਕੋ ਕਿਉਂ ਨਹੀਂ ਬੁਲਾ ਲੇਤੇ ।

ਪ੍ਰਸ਼ਨ—ਮੂਰਤੀ ਪੂਜਾ ਮੇਂ ਪੁੰਨ ਨਹੀਂ ਤੋ ਪਾਪ ਤੋ ਨਹੀਂ ਹੈ ?

ਉੱਤਰ—ਕਰਮ ਦੋ ਹੀ ਪ੍ਰਕਾਰ ਕੇ ਹੋਤੇ ਹੈਂ । ਵਿਹਿਤ ਜੋ ਕਰਤਬਯਤਾ ਸੇ ਵੇਦ ਮੇਂ ਸੱਤ ਭਾਸ਼ਣਾਦਿ ਪ੍ਰਤਿਪਾਦਿਤ ਹੈਂ ਦੂਸਰੇ ਨਿਸਿੱਧ, ਜੋ ਅਕਰਤਵਯਤਾ ਸੇ ਮਿਥਿਆ ਭਾਸ਼ਣਾਦਿ ਵੇਦ ਮੇਂ ਨਿਸਿੱਧ ਹੈ । ਜੈਸੇ ਵਿਹਿਤ ਕਾ ਅਨੁਸ਼ਠਾਨ ਕਰਨਾ ਵਹ ਧਰਮ, ਉਸ ਕਾ ਨ ਕਰਨਾ ਅਧਰਮ ਹੈ । ਵੈਸੇ ਹੀ ਨਿਸਿੱਧ ਕਰਮ ਕਾ ਕਰਨਾ ਅਧਰਮ ਔਰ ਨ ਕਰਨਾ ਧਰਮ ਹੈ । ਜਬ ਵੇਦੋਂ ਸੇ ਨਿਸਿੱਧ ਮੂਰਤੀ ਪੂਜਾਦਿ ਕਰਮੋਂ ਕੋ ਤੁਮ ਕਰਤੇ ਹੋ ਤੋ ਪਾਪੀ ਕਿਉਂ ਨਹੀਂ ?

ਪ੍ਰਸ਼ਨ—ਦੇਖੋ ਵੇਦ ਅਨਾਦਿ ਹੈਂ । ਉਸ ਸਮੇਂ ਮੂਰਤੀ ਕਾ ਕਿਆ ਕਾਮ ਥਾ ? ਕਿਉਂਕਿ ਪਹਿਲੇ ਤੋ ਦੇਵਤਾ ਪ੍ਰਤਯਕਸ਼ ਥੇ ਯਹ ਰੀਤੀ ਤੋ ਪੀਛੇ ਸੇ ਤੰਤ੍ਰ ਔਰ ਪੁਰਾਣੋਂ ਸੇ ਚਲੀ ਹੈ । ਜਬ ਮਨੁਸ਼ਯੋਂ ਕਾ ਗਿਆਨ ਔਰ ਸਾਮਰਥ ਨਿਊਨ ਹੋ ਗਿਆ ਤੋ ਪਰਮੇਸ਼ਵਰ ਕੋ ਧਿਆਨ ਮੇਂ ਨਹੀਂ ਲਾ ਸਕੇ, ਔਰ ਮੂਰਤੀ ਕਾ ਧਿਆਨ ਤੋ ਕਰ ਸਕਤੇ ਹੈਂ, ਇਸ ਕਾਰਣ ਅਗਿਆਨੀਓਂ ਕੇ ਲੀਏ ਮੂਰਤੀ ਪੂਜਾ ਹੈ । ਕਿਉਂਕਿ ਸੀੜ੍ਹੀ ਸੀੜ੍ਹੀ ਸੇ ਚਲੇ ਤੋ ਭਵਨ ਪਰ ਪਹੁੰਚ ਜਾਇ । ਪਹਿਲੀ ਸੀੜ੍ਹੀ ਛੋੜ ਕਰ ਉਪਰ ਜਾਨਾ ਚਾਹੇ ਤੋ ਨਹੀਂ ਜਾ ਸਕਤਾ । ਇਸ ਲੀਏ ਮੂਰਤੀ ਪ੍ਰਥਮ ਸੀੜ੍ਹੀ ਹੈ । ਇਸ ਕੋ ਪੂਜਤੇ ਪੂਜਤੇ ਜਬ ਗਿਆਨ ਹੋਗਾ ਔਰ ਅੰਤਃਕਰਣ ਪਵਿਤ੍ਰ ਹੋਗਾ ਤਬ ਪਰਮਾਤਮਾ ਕਾ ਗਿਆਨ ਕਰ ਸਕੇਗਾ ਜੈਸੇ ਲਕਸ਼ ਕਾ ਮਾਰਨੇ ਵਾਲਾ ਪ੍ਰਥਮ ਸਥੂਲ ਲਕਸ਼ ਮੇਂ ਤੀਰ, ਗੋਲੀ ਵ ਗੋਲਾ ਆਦਿ ਮਾਰਤਾ ਮਾਰਤਾ ਪਸਚਾਤ ਸੂਕਸ਼ਮ ਮੇਂ ਭੀ ਨਿਸ਼ਾਨਾ ਮਾਰ ਸਕਤਾ ਹੈ । ਵੈਸੇ ਸਥੂਲ ਮੂਰਤੀ ਕੀ ਪੂਜਾ ਕਰਤਾ ੨ ਪੁਨ:ਸੂਕਸ਼ਮ ਬ੍ਰਹਮ ਕੋ ਭੀ ਪ੍ਰਾਪਤ ਹੋਤਾ ਹੈ, ਜੈਸੇ ਲੜਕੀਆਂ ਗੁੱਡੀਓਂ ਕਾ ਖੇਲ ਤਬ ਤਕ ਕਰਤੀਂ ਹੈਂ ਕਿ ਜਬ ਤਕ ਸਚੇ ਪਤਿ ਕੋ ਪ੍ਰਾਪਤ ਨਹੀਂ ਹੋਤੀਂ । ਇਤਆਦਿ ਪ੍ਰਕਾਰ ਸੇ ਮੂਰਤੀ ਪੂਜਾ ਕਰਨਾ ਦੁਸ਼ਟ ਕਾਮ ਨਹੀਂ ।

ਉਤਰ—ਜਬ ਵੇਦ ਵਿਹਿਤ ਧਰਮ ਔਰ ਵੇਦ ਵਿਰੁਧਾਚਰਣ ਮੇਂ ਅਧਰਮ

ਹੈ, ਤੋ ਪੁਨ: ਤੁਮਹਾਰੇ ਕਹਨੇ ਸੇ ਭੀ ਮੂਰਤੀ ਪੂਜਾ ਕਰਨਾ ਅਧਰਮ ਠਹਰਾ ਇਸ ਲੀਏ ਗਿਆਨੀਉਂ ਕੀ ਸੇਵਾ ਸੰਗ ਸੇ ਗਿਆਨ ਬੜ੍ਹਤਾ ਹੈ, ਪਾਖਾਣਾਦਿ ਸੇ ਨਹੀ । ਕਿਆ ਪਾਖਾਣਾਦਿ ਮੂਰਤੀ ਪੂਜਾ ਸੇ ਪਰਮੇਸ਼ਵਰ ਕੋ ਧਿਆਨ ਮੇਂ ਕਭੀ ਲਾ ਸਕਤਾ ਹੈ ? ਨਹੀਂ ੨ ਮੂਰਤੀ ਪੂਜਾ ਸੀੜ੍ਹੀ ਨਹੀਂ ਕਿੰਤੂ ਏਕ ਬੜੀ ਖਾਈ ਹੈ । ਜਿਸ ਮੇਂ ਗਿਰ ਕਰ ਚਕਨਾ ਚੂਰ ਹੋ ਜਾਤਾ ਹੈ ! ਪੁਨ: ਉਸ ਖਾਈ ਸੇ ਨਿਕਲ ਨਹੀਂ ਸਕਤਾ, ਕਿੰਤੂ ਉਸੀ ਮੇਂ ਮਰ ਜਾਤਾ ਹੈ । ਹਾਂ ਛੋਟੇ ਧਾਰਮਿਕ ਵਿਦ੍ਵਾਨੋਂ ਸੇ ਲੇਕਰ ਪਰਮ ਵਿਦ੍ਵਾਨ ਯੋਗੀਉਂ ਕੇ ਸੰਗ ਸੇ ਸਤ ਵਿਦਿਆ ਔਰ ਸੱਤ ਭਾਸ਼ਣਾਦਿ ਪਰਮੇਸ਼ਵਰ ਕੀ ਪ੍ਰਾਪਤੀ ਕੀ ਸੀੜ੍ਹੀਆਂ ਹੈਂ । ਜੈਸੇ ਊਪਰ ਘਰ ਮੇਂ ਜਾਨੇ ਕੀ ਨਿ: ਸ੍ਰੇਣੀ ਹੋਤੀ ਹੈ । ਕਿੰਤੂ ਮੂਰਤੀ ਪੂਜਾ ਕਰਤੇ ੨ ਗਿਆਨੀ ਤੋ ਕੋਈ ਨ ਹੂਆ, ਪ੍ਰਤਯੁਤ ਸਬ ਮੂਰਤੀ ਪੂਜਕ ਅਗਿਆਨੀ ਰਹਿਕਰ ਮਨੁਸ਼ਯ ਜਨਮ ਵਿਅਰਥ ਖੋਕੇ ਬਹੁਤ ਸੇ ਮਰ ਗਏ ਔਰ ਜੋ ਅਬ ਹੈਂ ਵਾ ਹੋਂਗੇ ਵੇ ਭੀ ਮਨੁਸ਼ਯ ਜਨਮ ਕੇ ਧਰਮ ਅਰਥ ਕਾਮ ਔਰ ਮੋਕਸ਼ ਕੀ ਪ੍ਰਾਪਤਿ ਰੂਪ ਫਲੋਂ ਸੇ ਬਿਮੁਖ ਹੋਕਰ ਨਿਰਥਕ ਨਸ਼ਟ ਹੋ ਜਾਏਂਗੇ । ਮੂਰਤੀ ਪੂਜਾ ਬ੍ਰਹਮ ਕੀ ਪ੍ਰਾਪਤਿ ਹਮੇ ਸਥੂਲ ਲਕਸ਼ਵਤ ਨਹੀਂ । ਕਿੰਤੂ ਧਾਰਮਿਕ ਵਿਦ੍ਵਾਨ ਔਰ ਸ੍ਰਿਸ਼ਟੀ ਵਿਦਿਆ ਹੈ । ਇਸ ਕੋ ਬੜ੍ਹਤਾ ੨ ਬ੍ਰਹਮ ਕੋ ਭੀ ਪਾਤਾ ਹੈ । ਔਰ ਮੂਰਤੀ ਗੁੱਡੀਉ ਕੇ ਖੇਲ ਵਤ ਨਹੀਂ ਕਿੰਤੂ ਪ੍ਰਥਮ ਅਖਰਾਭਿਆਸ ਸੁਸ਼ਿਕਾ ਨਾ ਹੋਨਾ ਗੁੱਡੀਉਂ ਕੇ ਖੇਲਵਤ ਬ੍ਰਹਮ ਕੀ ਪ੍ਰਾਪਤੀ ਕਾ ਸਾਧਨ ਹੈ । ਸੁਨੀਏ । ਜਬ ਅੱਛੀ ਸ਼ਿਕਸ਼ਾ ਔਰ ਵਿਦਿਆ ਕੋ ਪ੍ਰਾਪਤ ਹੋਗਾ ਤਬ ਸੱਚੇ ਸੁਵਾਮੀ ਪਰਮਾਤਮਾ ਕੋ ਭੀ ਪ੍ਰਾਪਤ ਹੋ ਜਾਏਗਾ ।

ਪ੍ਰਸ਼ਨ—ਸਾਕਾਰ ਮੇਂ ਮਨ ਸਥਿਰ ਹੋਤਾ ਔਰ ਨਿਰਾਕਾਰ ਸਥਿਰ ਹੋਣਾ ਕਠਿਨ ਹੈ ਇਸ ਲੀਏ ਮੂਰਤੀ ਪੂਜਾ ਕਰਨੀ ਚਾਹੀਏ ।

ਉੱਤਰ—ਸਾਕਾਰ ਮੇਂ ਮਨ ਸਥਿਰ ਕਭੀ ਨਹੀਂ ਹੋ ਸਕਤਾ, ਕਿਉਂਕਿ ਉਸ ਕੋ ਮਨ ਝਟ ਗ੍ਰਹਣ ਕਰਕੇ ਉਸੀ ਕੇ ਏਕ ਏਕ ਅਵਯਵ ਮੇਂ ਘੂਮਤਾ ਔਰ ਦੂਸਰੇ ਮੇਂ ਦੌੜ ਜਾਤਾ ਹੈ । ਔਰ ਨਿਰਾਕਾਰ ਪਰਮਾਤਮਾਂ ਕੋ ਗ੍ਰਹਣ ਮੇਂ ਯਾਵਤ-ਸਾਮਰਥ ਮਨ ਅਤਯੰਤ ਦੌੜਤਾ ਹੈ, ਤੋ ਭੀ ਅੰਤ ਨਹੀਂ ਪਾਤਾ ਨਿਰਵਯਵ ਹੋਨੇ ਸੇ ਚੰਚਲ ਭੀ ਨਹੀਂ ਰਹਿਤਾ, ਕਿੰਤੂ ਉਸੀ ਕੇ ਗੁਣ, ਕਰਮ, ਸਵਭਾਵ ਕਾ ਵਿਚਾਰ ਕਰਤਾ ੨ ਆਨੰਦ ਮੇਂ ਮਗਨ ਹੋਕਰ ਸਥਿਰ ਹੋ ਜਾਤਾ ਹੈ ਔਰ ਜੋ ਸਾਕਾਰ ਮੇਂ

ਸਥਿਰ ਹੋਤਾ ਤੌ ਸਭ ਜਗਤ ਕਾ ਮਨ ਸਥਿਰ ਹੋ ਜਾਤਾ ਕਿਉਂਕਿ ਜਗਤ ਮੇਂ ਮਨੁਸ਼, ਇਸਤ੍ਰੀ ਪੁਤ੍ਰ, ਧਨ, ਮਿਤ੍ਰ ਆਦਿ ਸਾਕਾਰ ਮੇਂ ਫੰਸਾ ਰਹਿਤਾ ਹੈ, ਪਰੰਤੂ ਕਿਸੀ ਕਾ ਮਨ ਸਥਿਰ ਨਹੀਂ ਹੋਤਾ, ਜਬ ਤਕ ਨਿਰਾਕਾਰ ਮੇਂ ਲਗਾਵੇ, ਕਿਉਂਕਿ ਨਿਰਵਯਵ ਹੋਨੇ ਸੇ ਮਨ ਉਸ ਮੇਂ ਸਥਿਰ ਹੋ ਜਾਤਾ ਹੈ ਇਸ ਲੀਏ ਮੂਰਤੀ ਪੂਜਨ ਕਰਨਾ ਅਧਰਮ ਹੈ।

ਦੂਸਰਾ—ਉਸਮੇਂ ਕਰੋੜੋਂ ਰੁਪਏ ਮੰਦਰੋਂ ਮੇਂ ਹੈ ਵਿਯਯ ਕਰਕੇ ਦਰਿਦ੍ਰ ਹੋਤੇ ਹੈ ਔਰ ਉਸ ਮੇਂ ਪ੍ਰਮਾਦ ਹੋਤਾ ਹੈ।

ਤੀਸਰਾ—ਇਸਤ੍ਰੀ ਪੁਰਸ਼ੋਂ ਕਾ ਮੰਦਰੋਂ ਮੇਂ ਮੇਲ ਹੋਨੇ ਸੇ ਵਿਭਚਾਰ ਲੜਾਈ ਬਖੇੜਾ ਔਰ ਰੋਗਾਦਿ ਉਤਪੰਨ ਹੋਤੇ ਹੈਂ।

ਚੌਥਾ—ਉਸੀ ਕੋ ਧਰਮ ਅਰਥ ਕਾਮ ਔਰ ਮੁਕਤੀ ਕਾ ਸਾਧਨ ਮਾਨ ਕੇ ਪੁਰਸ਼ਾਰਥ ਰਹਿਤ ਹੋਕਰ ਮਨੁਸ਼ਯ ਜਨਮ ਵਿਅਰਥ ਗਮਾਤਾ ਹੈ।

ਪਾਂਚਵਾਂ—ਨਾਨਾ ਪ੍ਰਕਾਰ ਕੀ ਵਿਰੁੱਧ ਸਰੂਪ ਨਾਸ ਚਰਿਤ੍ਰ ਯੁਕਤ ਮੂਰਤੀਉਂ ਕੇ ਪੁਜਾਰੀਉਂ ਕਾ ਐਕਯਮਤ ਨਸ਼ਟ ਹੋ ਕੇ ਵਿਰੁਧ ਮਤ ਮੇਂ ਚਲ ਕਰ ਆਪਸ ਮੇਂ ਫੂਟ ਬੜਾ ਕਰ ਦੇਸ਼ ਕਾ ਨਾਸ਼ ਕਰਤੇ ਹੈਂ।

ਛਠਾ—ਉਸੀਕੇ ਭਰੋਸੇ ਮੇ ਸ਼ਤਰੂ ਕਾ ਪਰਾਜਯ ਔਰ ਅਪਨਾ ਵਿਜਯ ਮਾਨ ਕੇ ਬੈਠ ਰਹਿਤੇ ਹੈਂ। ਉਨਕਾ ਪਰਾਜਯ ਹੋ ਕਰ ਰਾਜਯ ਸ੍ਵਾਤੰਤ੍ਰਯ ਔਰ ਧਨ ਕਾ ਸੁਖ ਉਨਕੇ ਸਤਰੂਉਂ ਕੇ ਅਧੀਨ ਹੋਤਾ ਹੈ, ਔਰ ਆਪ ਪਰਾਧੀਨ ਭਟਿਆਰੇ ਕੋ ਟੱਟੂ ਔਰ ਕੁਮਹਾਰ ਕੇ ਗਧੇ ਕੇ ਸਮਾਨ ਸਤ੍ਰੂਉਂ ਕੇ ਵਸ਼ ਮੇਂ ਹੋਕਰ ਅਨੇਕ ਬਿਧ ਦੁਖ ਪਾਤੇ ਹੈਂ।

ਸਾਤਵਾਂ—ਜਬ ਕੋਈ ਕਿਸੀ ਕੋ ਕਹੇ ਕਿ ਤੇਰੇ ਬੈਠਨੇ ਕੇ ਆਸਨ ਵ ਨਾਮ ਪਰ ਪਥਰ ਧਰੇ। ਤੋ ਜੈਸੇ ਵਹ ਉਸ ਪਰ ਕ੍ਰੋਧਿਤ ਹੋਕਰ ਮਾਰਤਾ ਵ ਗਾਲੀ ਪ੍ਰਧਾਨ ਕਰਤਾ ਹੈ ਵੈਸੇ ਹੀ ਜੋ ਪਰਮੇਸ਼ਰ ਕੀ ਉਪਾਸਨਾ ਕੇ ਸਥਾਨ ਹਿਰਦੇ ਔਰ ਨਾਮ ਪਰ ਪਾਖਾਣਾਦਿ ਮੂਰਤੀਆਂ ਧਰਤੇ ਹੈਂ ਉਨ ਦੁਸਟ ਬੁਧੀ ਵਾਲੋਂ ਕਾ ਸਤਿਆਨਾਸ਼ ਪਰਮੇਸ਼ਰ ਕਿਉਂ ਨ ਕਰੇ ?

ਆਠਵਾਂ—ਭ੍ਰਾਂਤ ਹੋਕਰ ਮੰਦਿਰ ਮੰਦਿਰ ਦੇਸ਼ ਦੇਸ਼ਾਂਤਰ ਮੇਂ ਘੂਮਤੇ ਘੂਮਤੇ ਦੁਖ ਪਾਤੇ, ਧਰਮ ਸੰਸਾਰ ਔਰ ਪਰਮਾਰਥ ਕਾ ਕਾਮ ਨਸ਼ਟ ਕਰਤੇ, ਚੋਰ ਆਦਿ ਸੇ

ਪੀੜਤ ਹੋਤੇ, ਠਗੋਂ ਸੇ ਠਗਾਤੇ ਰਹਤੇ ਹੈਂ ।

ਨਾਵਾਂ—ਦੁਸ਼ਟ ਪੁਜਾਰੀਓਂ ਕੋ ਧਨ ਦੇਤੇ ਹੈਂ ਵੇ ਉਸ ਧਨ ਕੋ ਵੇਸ਼ਯਾ ਪਰਇਸਤ੍ਰੀ ਗਮਨ, ਮਦਯ, ਮਾਂਸਾਹਾਰ ਲੜਾਈ ਬਖੇੜੋਂ ਪਰ ਵੈ ਕਰਤੇ ਹੈ, ਜਿਸ ਸੇ ਦਾਤਾ ਕਾ ਸੁਖ ਕਾ ਮੂਲ ਨਸਟ ਹੋਕਰ ਦੁਖ ਹੋਤਾ ਹੈ ।

ਦਸਵਾਂ—ਮਾਤਾ ਪਿਤਾ ਆਦਿ ਮਾਨਨੀਉਂ ਕਾ ਅਪਮਾਨ ਕਰ ਪਾਖਾਣਾਦਿ ਮੂਰਤੀਉਂ ਕਾ ਮਾਨ ਕਰਕੇ ਕ੍ਰਿਤਘਨ ਹੋ ਜਾਤੇ ਹੈਂ ।

ਗਿਆਰਵਾਂ—ਉਨ ਮੂਰਤੀਉਂ ਕੋ ਕੋਈ ਤੋੜ ਡਾਲਤਾ ਵ ਚੋਰ ਲੈ ਜਾਤਾ ਹੈ, ਤਬ ਹਾ ਹਾ ਕਰਕੇ ਰੋਤੇ ਰਹਿਤੇ ਹੈਂ ।

ਬਾਹਰਵਾਂ—ਪੁਜਾਰੀ ਪਰਇਸਤ੍ਰੀਉਂ ਕੇ ਸੰਗ ਔਰ ਪੁਜਾਰਨ ਪਰ ਪੁਰਸ਼ੋਂ ਕੇ ਸੰਗ ਸੇ ਪ੍ਰਾਯ: ਦੂਸ਼ਿਤ ਹੋ ਕਰ ਇਸਤ੍ਰੀ ਪੁਰਸ਼ ਕੇ ਪ੍ਰੇਮ ਕੇ ਆਨੰਦ ਕੇ ਹਾਥ ਸੇ ਬੈਠਤੇ ਹੈਂ ।

ਤੇਹਰਵਾਂ—ਸਵਾਮੀ ਸੇਵਕ ਕੀ ਆਗਿਆ ਕਾ ਪਾਲਨ ਯਥਾਵਤ ਨ ਹੋਨੇ ਸੇ ਪਰਸਪਰ ਵਿਰੁੱਧ ਭਾਵ ਹੋਕਰ ਨਸ਼ਟ ਭ੍ਰਸ਼ਟ ਹੋ ਜਾਤੇ ਹੈਂ ।

ਚੌਦਹਵਾਂ—ਜੜ੍ਹ ਕਾ ਧਿਆਨ ਕਰਨੇ ਵਾਲੇ ਕਾ ਆਤਮਾ ਭੀ ਜੜ੍ਹ-ਬੁਧੀ ਹੋ ਜਾਤਾ ਹੈ ਕਿਉਂਕਿ ਧਯੇਯ ਕਾ ਜੜ੍ਹਤਵ ਧਰਮ ਅਤः ਕਰਣ ਦੁਵਾਰਾ ਆਤਮਾ ਆਤਾ ਹੈ ।

ਪੰਦਰਹਵਾਂ—ਪਰਮੇਸ਼ਵਰ ਨੇ ਸੁਗੰਧੀਯੁਕਤ ਪੁਸ਼ਪਾਦਿ ਪਦਾਰਥ ਵਾਯੂ ਜਲਕੇ ਦੁਰਗੰਧ ਨਿਵਾਰਣ ਔਰ ਆਰੋਗਯਤਾ ਕੇ ਲੀਏ ਬਨਾਏ ਹੈ, ਉਨ ਕੋ ਪੁਜਾਰੀ ਜੀ ਤੋੜਤਾੜ ਕਰ ਨ ਜਾਨੇ ਉਨ ਪੁਸ਼ਪੋਂ ਕੀ ਕਿਤਨੇ ਦਿਨ ਤਕ ਸੁਗੰਧੀ ਆਕਾਸ਼ ਮੇਂ ਚੜ੍ਹ ਕਰ ਵਾਯੂ ਜਲ ਕੀ ਸ਼ੁੱਧੀ ਕਰਤਾ ਔਰ ਪੂਰਣ ਸੁਗੰਧੀ ਕੇ ਸਮੈਤਕ ਉਸਕਾ ਸੁਗੰਧ ਹੋਤਾ, ਉਸ ਕਾ ਨਾਸ਼ ਮਧਯ ਮੇਂ ਹੀ ਕਰ ਦੇਤੇ ਹੈਂ । ਪੁਸ਼ਪਾਦਿ ਕੀਚ ਕੇ ਸਾਥ ਮਿਲ ਸੜ ਕਰ ਉਲਟਾ ਦੁਰਗੰਧ ਉਤਪੰਨ ਕਰਤੇ ਹੈਂ । ਕਿਆ ਪਰਮਾਤਮਾ ਨੇ ਪੱਥਰ ਪਰ ਚਢਾਨੇ ਕੇ ਲੀਏ ਪੁਸ਼ਪਾਦਿ ਸੁਗੰਧ ਯੁਕਤ ਪਦਾਰਥ ਰਚੇ ਹੈਂ ?

ਸੋਲਹਵਾਂ—ਪੱਥਰ ਪਰ ਚੜ੍ਹੇ ਹੂਏ ਪੁਸ਼ਪ ਚੰਦਨ ਔਰ ਅਕਸ਼ਤ ਆਦਿ ਸਬ ਕਾ ਜਲ ਔਰ ਮ੍ਰਿਤਿਕਾ ਕੇ ਸੰਯੋਗ ਹੋਨੇ ਸੇ ਮੋਰੀ ਵ ਕੁੰਡ ਮੇਂ ਆਕਰ ਸੜਕੇ

ਇਤਨਾਂ ਉਸ ਸੇ ਦੁਰਗੰਧ ਆਕਾਸ਼ ਮੇਂ ਚਢਤਾ ਹੈ ਕਿ ਜਿਤਨਾ ਮਨੁਸ ਕੇ ਮਲ ਕਾ, ਔਰ ਸਹਸਰੋਂ ਜੀਵ ਉਸ ਮੇਂ ਪੜਤੇ, ਉਸੀ ਮੇਂ ਮਰਤੇ ਔਰ ਸੜਤੇ ਹੈਂ, ਐਸੇ ਐਸੇ ਅਨੇਕ ਮੂਰਤੀ ਪੂਜਾ ਕੇ ਕਰਨੇ ਮੇਂ ਦੋਸ਼ ਆਤੇ ਹੈਂ। ਇਸ ਲੀਏ ਸਰਵਥਾ ਪਾਖਾਣਾਦਿ ਮੂਰਤੀ ਪੂਜਾ ਸੱਜਣ ਲੋਗੋਂ ਤਿਯਕਤਵਯ ਹੈ ਔਰ ਜਿਨਹੋਂਨੇ ਪਾਖਾਦਮਯ ਮੂਰਤੀ ਕੀ ਹੈ, ਕਰਤੇ ਹੈ ਔਰ ਕਰੇਗੇ, ਵੇ ਪੂਰਵੋਕਤ ਦੋਸ਼ੋਂ ਸੇ ਨ ਬਚੇ, ਨ ਬਚਤੇ ਹੈਂ ਔਰ ਨ ਬਚੇਂਗੇ।

ਪ੍ਰਸ਼ਨ—ਕਿਸੀ ਪ੍ਰਕਾਰ ਕੀ ਮੂਰਤੀ ਪੂਜਾ ਕਰਨੀ ਕਰਾਨੀ ਨਹੀਂ ਔਰ ਜੋ ਅਪਨੇ ਆਰਯਵਰਸ਼ ਮੇਂ ਪੰਚਦੇਵ ਪੂਜਾ ਸ਼ਬਦ ਪ੍ਰਾਚੀਨ ਪਰੰਪਰਾ ਸੇ ਚਲਾ ਆਤਾ ਹੈ ਉਸਕਾ ਯਹੀ ਪੰਚਾਯਤਨ ਪੂਜਾ, ਜੋਕਿ ਸ਼ਿਵ ਵਿਸ਼ਨੂੰ ਅੰਬਿਕਾ, ਗਣੇਸ਼ ਔਰ ਸੂਰਜ ਕੀ ਮੂਰਤੀ ਬਨਾ ਕਰ ਪੂਜਤੇ ਹੈਂ ਵੋਹ ਪੰਚਾਯਤਨ ਪੂਜਾ ਹੈ ਵ ਨਹੀਂ।

ਉੱਤਰ—ਕਿਸੀ ਪ੍ਰਕਾਰ ਕੀ ਮੂਰਤੀ ਪੂਜਾ ਨ ਕਰਨਾ, ਕਿੰਤੂ ਮੂਰਤੀਮਾਨ ਜੋ ਨੀਚੇ ਕਹੇਂਗੇ ਉਨ ਕੀ ਪੂਜਾ ਅਰਥਾਤ ਸਤਕਾਰ ਕਰਨਾ ਚਾਹੀਏ। ਪਰ ਪੰਚਦੇਵ ਪੂਜਾ, ਪੰਚਾ-ਯਤਨਪੂਜਾ ਸ਼ਬਦ ਬਹੁਤ ਅਛਾ ਅਰਥ ਵਾਲਾ ਹੈ, ਪਰੰਤੂ ਵਿਦਯਾਹੀਨ ਮੂਲ੍ਹੋਂ ਨੇ ਉਸ ਕੇ ਉਤਮ ਅਰਥ ਕੋ ਛੋੜਕਰ ਨਿਕ੍ਰਿਟ ਅਰਥ ਪਕੜ ਲੀਆ। ਜੋ ਆਜ ਕਲ ਸ਼ਿਵਾਦਿ ਪਾਂਚੋ ਕੀ ਮੂਰਤੀਆਂ ਬਨਾ ਕਰ ਪੂਜਤੇ ਹੈਂ। ਉਨਕਾ ਖੰਡਨ ਤੋ ਅਭੀ ਕਰ ਚੁਕੇ ਹੈਂ। ਯਹ ਤੋ ਸਚੀ ਪੰਚਾਯਤਨ ਵੇਦੋਕਤ ਔਰ ਵੇਦਾਂਨੁਕੂਲੋਕਤ ਦੇਵਪੂਜਾ ਔਰ ਮੂਰਤੀਪੂਜਾ ਹੈ ਸੁਨੋ—ਪ੍ਰਥਮ ਮਾਤਾ ਮੂਰਤੀ ਮਤੀ ਪੂਜਨੀਯ ਦੇਵਤਾ ਅਰਥਾਤ ਸੰਤਾਨੋ ਕੋ ਤਨ ਮਨ ਧਨ ਸੇ ਸੇਵਾ ਕਰਕੇ ਮਾਤਾ ਕੋ ਪ੍ਰਸੰਨ ਰਖਨਾ, ਹਿੰਸਾ ਅਰਥਾਤ ਤਾੜਨਾ ਕਭੀ ਨਾ ਕਰਨਾ।

ਦੂਸਰਾ ਪਿਤਾ ਸਤ ਕਰਤਵਯ ਦੇਵ। ਉਸ ਕੀ ਭੀ ਮਾਤਾ ਕੇ ਸਮਾਨ ਸੇਵਾ ਕਰਨੀ।

ਤੀਸਰਾ ਆਚਾਰਯ ਜੋ ਵਿਦਯਾ ਕਾ ਦੇਨੇ ਵਾਲਾ ਹੈ ਉਸ ਕੀ ਤਨ ਮਨ ਧਨ ਸੇ ਸੇਵਾ ਕਰਨੀ।

ਚੌਥਾ ਅਤਿਥੀ ਜੋ ਵਿਦ੍ਵਾਨ, ਧਾਰਮਿਕ, ਨਿਸ਼ਕਪਟੀ, ਸਬ ਕੀ ਉੱਨਤੀ ਚਾਹਨੇ ਵਾਲਾ ਜਗਤ ਮੇਂ ਭ੍ਰਮਣ ਕਰਤਾ ਹੂਆ ਸਤਯ ਉਪਦੇਸ਼ ਸੇ ਸਬ ਕੋ ਸੁਖੀ ਕਰਤਾ ਹੈ, ਉਸ ਕੀ ਸੇਵਾ ਕਰੇਂ।

ਪਾਂਚਵਾਂ ਇਸਤ੍ਰੀ ਕੇ ਲੀਏ ਪਤਿ ਔਰ ਪੁਰਸ਼ ਕੇ ਲੀਏ ਪਤਨੀ ਪੂਜਨੀਯ ਹੈ।

ਯੇਹ ਪਾਂਚ ਮੂਰਤੀਮਾਨ ਦੇਵ ਜਿਨਕੇ ਸੰਗ ਯ ਦੇਹ ਕੀ ਉਤਪਤਿ ਪਾਲਨ ਸਤਯ ਸ਼ਿਕਸ਼ਾ ਵਿਦਯਾ ਔਰ ਸੱਤ ਉਪਦੇਸ਼ ਪਤੀ ਹੋਤੀ ਹੈ। ਯੇਹੀ ਪਰਮੇਸ਼੍ਵਰ ਕੀ ਪ੍ਰਾਪਤੀ ਕੀ ਸੀੜ੍ਹੀਆਂ ਹੈਂ। ਇਨ ਕੀ ਕਰਕੇ ਜੋ ਪਾਖਾਣਾਦਿ ਮੂਰਤੀ ਪੂਜਤੇ ਹੈਂ, ਵੇ ਅਤੀਵ ਪਾਮਰ ਨਰਕ ਗਾਮੀ

ਪ੍ਰਸ਼ਨ—ਮਾਤਾ ਪਿਤਾਆਦਿ ਕੀ ਸੇਵਾ ਕਰੇਂ ਤਤੀ ਪੂਜਾ ਭੀ ਕਰੇਂ, ਤਬ ਤੋ ਕੋਈ ਦੋਸ਼ ਨਹੀਂ।

ਉੱਤਰ—ਪਾਖਾਣਾਦਿ ਮੂਰਤੀਪੂਜਾ ਤੋਂ ਸ ੜਨੇ ਔਰ ਮਾਤਾਦਿ ਮੂਰਤਿਮਾਨੋਂ ਕੀ ਸੇਵਾ ਕਰਨੇ ਹੀ ਮੇਂ ਕਲਿਆਣ ਹੈ ਅਨਰਥ ਕੀ ਬਾਤ ਹੈ, ਕਿ ਸਾਕਸ਼ਾਤ-ਮਾਤਾ ਆਦਿ ਪ੍ਰਤਕਸ਼ ਸੁਖ ਦਾਇਕ ਛੋੜ ਕੇ ਅਵੇਤਦ-ਪਾਖਾਣਾਦਿ ਮੇਂ ਸਿਰ ਮਾਰਨਾ ਮੂਢੋਂ ਨੇ ਇਸ ਲੀਏ ਰ ਕੀਆ ਹੈ, ਕਿ ਜੋ ਮਾਤਾਪਿਤਾ ਆਦਿ ਕੇ ਸਾਮਨੇ ਨੈਵੇਦਯ ਪੂਜਾ ਧਰੇ ਵੇ ਸ੍ਵਯੱਖਾਂ ਲੇਂਗੇ, ਤੋ ਹਮਾਰੇ ਮੁਖ ਵਾ ਹਾਥ ਮੇਂ ਕੁਛ ਨ ਪੜੇਗਾ। ਇਸ ਸੇ ਣਾਦਿ ਕੀ ਮੂਰਤੀ ਬਨਾ ਕਰ ਉਸ ਕੇ ਆਗੇ ਨੈਵੇਦ ਧਰ ਘੰਟਾ ਨਾਦ ਟੰ ਟੰ ਕਰ ਸੰਖ ਬਜਾ, ਕੋਲਾਹਲ ਕਰ ਅੰਗੂਠਾ ਦਿਖਲਾ ਅਰਥਾਤ "ਤ੍ਵੰ ਅੰਗੁਸ਼ਠ ਗ੍ਰਿਹਾਣ। ਭੋਜਨ ਪਦਾਰਥ ਵਾਅਹੰ ਗ੍ਰਿਹਿਸ਼ਯਾਮਿ" ਜੈਸੇ ਕੋਈ ਕਿਸੀ ਕੋ ਛਲੇ ਵਾ ਚਿੜਾਵੇ, ਕਿ ਤੂੰ ਘੰਟਾ ਲੇ ਔਰ ਅੱਗੂਠਾ ਦਿਖਲਾਵੇ, ਉਸ ਕੇ ਆਗੇ ਸੇ ਸਬ ਪਦਾਰਥ ਲੈ ਆਪ ਭੋਗੇ, ਵੈਸੇ ਹੀ ਲੀਲਾ ਇਨ ਪੂਜਾਰੀਓਂ ਅਰਥਾਤ ਪੂਜਾ ਨਾਮ ਸਤਿਕਰਮ ਕੇ ਸ਼ਤ੍ਰੂਓਂ ਕੀ ਹੈ। ਮੂਢੋਂ ਕੋ ਚਟਕ ਮਟਕ, ਚਲਕ ਝਲਕ ਮੂਰਤੀਓਂ ਕੋ ਬਨਾ ਠਨਾ ਆਪ ਵੇਸ਼ਯਾ ਵ ਭੜੂਆ ਕੇ ਤੁਲਯ ਬਨ ਠਨ ਕੇ ਬਿਚਾਰੇ ਨਿਰਬੁਧੀ ਅਨਾਥੋਂ ਕਾ ਮਾਲ ਮਾਰ ਕੇ ਮੌਜ ਕੇ ਮੌਜ ਕਰਤੇ ਹੈਂ। ਜੋ ਕਈ ਧਾਰਮਿਕ ਰਾਜਾ ਹੋਤਾ ਤੋ ਇਨ ਪਾਖਾਣ ਪ੍ਰਿਓਂ ਕੋ ਪੱਥਰ ਤੋੜਨੇ, ਬਨਾਨੇ, ਔਰ ਘਰ ਰਚਨੇ ਆਦਿ ਕਾਮੇਂ ਮੇਂ ਲਗਾਕੇ, ਖਾਨੇ ਪੀਨੇ ਕੋ ਦੇਤਾ, ਨਿਰਵਾਹ ਕਰਾਤਾ। ਸਤਯਾਰਥ ਪ੍ਰਕਾਸ਼ ਸਮੁਲਾਸ ੧੧

ਰਿਸ਼ੀ ਦਾ ਭਾਵ ਥੋੜੇ ਸ਼ਬਦਾਂ ਵਿਚ ਇਉਂ ਹੈ :

ਪਰਮੇਸ਼੍ਵਰ ਜਾਂ ਦੇਵੀ ਦੇਵ ਦੀ ਪੱਥਰ, ਮਿੱਟੀ, ਧਾਤ ਤੇ ਲਕੜ ਆਦਿ ਦੀ ਮੂਰਤੀ ਨਹੀਂ ਚਾਹੀਦੀ। ਪਰਮੇਸ਼੍ਵਰ ਦੀ ਮੂਰਤੀ ਤਾਂ ਉਕੀ ਬਣ ਹੀ ਨਹੀਂ ਸਕਦੀ।

ਮੂਰਤੀ ਪੂਜਣ ਵਿਚ ਲਾਭ ਕੋਈ ਨਹੀਂ ਹਾਨੀਆਂ ਅਨੇਕ ਹਨ। ਪੁਜਾਰੀ ਮੂਰਤੀਆਂ ਦੇ ਨਾਉਂ ਤੇ ਆਪ ਮਾਲ ਉਡੌਂਦੇ ਹਨ। ਏਸ ਕਰਕੇ ਮੂਰਤੀ ਪੂਜਾ ਬਿਲਕੁਲ ਹੀ ਛਡ ਦੇਣੀ ਚਾਹੀਦੀ ਹੈ। ਹੁਣ ਅਗੇ ਅਸੀਂ ਇਹ ਦੇਖਣਾ ਹੈ ਕਿ ਗੁਰੂ ਮਹਾਰਾਜ ਦੀ ਇਹਦੀ ਬਾਬਤ ਕੀ ਰਾਇ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਉਨ੍ਹਾਂ ਨੇ ਇਹਦੀ ਬਾਬਤ ਕੁਛ ਲਿਖਿਆ ਹੈ ਜਾਂ ਨਹੀਂ। ਜੇ ਲਿਖਿਆ ਹੈ ਤਾਂ ਕੀ ਲਿਖਿਆ ਹੈ। ਅਤੇ ਦਸਮੇਸ਼ ਜੀ ਨੇ ਦਸਮ ਗ੍ਰੰਥ ਵਿਚ ਕੀ ਲਿਖਿਆ ਹੈ। ਜਾਂ ਹੋਰ ਕਿਸ ਮੰਨੇ ਪਰਮੰਨੇ ਸਿੱਖ ਨੇ ਕੀ ਰਾਇ ਦਿਤੀ ਹੈ, ਤਾਕੇ ਸਾਨੂੰ ਪਤਾ ਲਗ ਜਾਵੇ ਕਿ ਸਿੱਖ ਪੰਥ ਦੇ ਚਲੌਣ ਵਾਲੇ ਆਰਿਯਾ ਸਮਾਜ ਦੇ ਵਿਚਾਰਾਂ ਦੇ ਨਾਲ ਮਿਲਦੇ ਸਨ ਜਾਂ ਆਰਿਆ ਸਮਾਜ ਦੇ ਮੂਰਤੀ ਪੂਜਾ ਦੇ ਵਿਚਾਰਾਂ ਤੇ ਉਲਟੇ ਸਨ। ਇਸ ਕਰਕੇ ਅੱਗੇ ਮੈਂ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਦਸਮ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਲਿਖਦਾ ਹਾਂ ਤਾਕਿ ਪਾਠਕ ਠੀਕ ਠੀਕ ਸਮਝ ਲੈਣ।

ਘਰਿ ਨਾਰਾਇਣੁ ਸਭਾ ਨਾਲਿ। ਪੂਜ ਕਰੇ ਰਾਖੇ ਨਾਵਾਲਿ।
ਕੁੰਗ ਚੰਨਣ ਫੁਲ ਚੜ੍ਹਾਏ। ਪੈਰੀ ਪੈ ਪੈ ਬਹੁਤ ਮਨਾਏ।
ਮਾਣੂਆ ਮੰਗਿ ਮੰਗਿ ਪੈਹਨੇ ਖਾਇ। ਅੰਧੀ ਕੰਮੀ ਅੰਧ ਸਜਾਇ।
ਭੁਖਿਆਂ ਦੇ ਨ ਮਰਦਿਆ ਰਖੈ। ਅੰਧਾ ਝਗੜਾ ਅੰਧੀ ਸਥੈ।

ਰਾਗ ਸਾਰੰਗ ਮ: ਵਾਰ ੧੪-੯

ਦੁਬਿਧਾ ਨ ਪੜਉ ਹਰ ਬਿਨ ਹੋਰ ਨ ਪੂਜਉ ਮੜੇ ਮਸਾਇਨ ਜਾਇ।
ਤ੍ਰਿਸਨਾ ਰਾਚਿ ਨ ਪਰ ਘਰਿ ਜਾਵਾ ਤ੍ਰਿਸਨਾ ਨਾਮ ਬੁਝਾਈ।
ਘਰ ਭੀਤਰ ਘਰੁ ਗੁਰੂ ਦਿਖਾਇਆ ਸਹਜ ਰਤੇ ਮਨ ਭਾਈ।
ਰਾਗ ਸੋਰਠ ਮ: ੧ ਅਸਟਪਦੀਆਂ ੧—੧
ਪੂਜਾ ਸਿਲਾ ਤੀਰਥ ਬਨ ਵਾਸਾ। ਭਰਮਤ ਡੋਲਤ ਭਏ ਉਦਾਸਾ।
ਮਨ ਮੈਲੇ ਸੂਚਾ ਕਿਉਂ ਹੋਇ। ਸਾਚਿ ਮਿਲੇ ਪਾਵੈ ਪਤਿ ਸੋਇ।
ਰਾਗ ਧਨਾਸਰੀ ਮ: ੧ ਅਸਟਪਦੀ ੨-੬ ਨਾਵਹਿ ਧੋਵਹਿ ਪੂਜਹਿ ਸੈਲਾ।
ਬਿਨ ਹਰ ਰਾਤੇ ਮੈਲੋ ਮੈਲਾ।

ਰਾਗ ਰਾਮਕਲੀ ਮ: ੧ ਅਸਟਪਦੀਆਂ ੪—੩

ਦੇਵੀ ਦੇਵਾ ਪੂਜੀਐ ਭਾਈ ਕਿਆ ਮਾਂਗਉ ਕਿਆ ਦੇਹਿ।

ਪਾਹਣੁ ਨੀਰਿ ਪਖਾਲੀਐ ਭਾਈ ਜਲ ਮਹਿ ਡੂਬੇ ਤੇਹਿ ॥

ਰਾਗ ਸੋਰਠ ਮਹਲਾ ੧ ਅਸਟਪਦੀਆਂ ੪—੩

ਭਰਮਿ ਭੂਲੇ ਅਗਿਆਨਿ ਅੰਧੁਲੇ ਭ੍ਰਮਿ ਭ੍ਰਮਿ ਫੂਲ ਤੋਰਾਵੈ ॥
ਨਿਰ ਜੀਉ ਪੂਜਹਿ ਮੜ ਸਰੇਵਹਿ ਸਭ ਬਿਰਥੀ ਘਾਲ ਗਵਾਵੈ ।

ਰਾਗ ਮਲਾਰ ਮ: ੪ ਸ਼ਬਦ ੪—੩

ਆਠ ਪਹਰ ਉਦਕ ਇਸਨਾਨੀ । ਸਦ ਹੀ ਭੋਗ ਲਗਾਇ ਸਗਿਆਨੀ ।
ਬਿਰਥਾ ਕਾਹੂ ਛੋਡੈ ਨਾਹੀ । ਬਹਰੁ ਬਹਰੁ ਤਿਸ ਲਾਗੈ ਪਾਈ । ੧ ।
ਸਾਲਿਗਿ ਰਾਮ ਹਮਾਰੇ ਸੇਵਾ । ਪੂਜਾ ਅਰਚਾ ਚੰਦਨ ਦੇਵਾ ॥੧॥ਰਹਾਉ ॥
ਘੰਟਾ ਜਾ ਕਾ ਸੁਨੀਐ ਚਹੁੰ ਕੂੰਟ । ਆਸਨ ਜਾ ਕਾ ਸਦਾ ਬੈਕੂੰਠ ।
ਜਾਕਾ ਚਵਰ ਸਭ ਉਪਰ ਝੂਲੇ । ਤਾਕਾ ਧੂਪ ਸਦਾ ਪ੍ਰਫੁਲੈ । ੨ ।
ਘਟ ਘਟ ਸੰਪੁਟ ਹੈ ਰੇ ਜਾਂਕਾ । ਅਭਗ ਸਭਾ ਸਗਿ ਹੈ ਸਾਧਾ ।
ਆਰਤੀ ਕੀਰਤਨ ਸਦਾ ਆਨੰਦ । ਮਹਿਮਾ ਸੁੰਦਰ ਸਦਾ ਬੇਅੰਤ । ੩ ।
ਜਿਸ ਪ੍ਰਾਪਤਿ ਤਿਸ ਹੀ ਲਹਨਾ । ਸਤ ਚਰਨ ਓਹ ਆਇਓ ਸਰਨਾ ।

ਰਾਗ ਆਸਾ ਮ: ੫ ਸ਼ਬਦ ੯੦

ਘਰ ਮਹਿ ਠਾਕਰ ਨਦਰ ਨ ਆਵੈ ।
ਗਲਿ ਮਹਿ ਪਾਹਣ ਲੈ ਲਟਕਾਵੈ । ਭਰਮੈ ਭੂਲਾ ਸਾਕਤ ਫਿਰਤਾ ।
ਨੀਰ ਵਿਰੋਲੈ ਖਪ ਖਪ ਮਰਤਾ । ੧ । ਰਹਾਉ ।
ਜਿਸ ਪਾਹਣ ਕਉ ਠਾਕੁਰ ਕਹਤਾ । ਓਹ ਪਾਹਣ ਲ ਉਸ ਕਉ ਡੁਬਤਾ ।੨।
ਗੁਨਹਗਾਰ ਲੂਣ ਹਰਾਮੀ । ਪਾਹਣ ਨਾਵ ਨ ਪਾਰ ਗਿਰਾਮੀ ।੩।
ਗੁਰ ਮਿਲ ਨਾਨਕ ਠਾਕੁਰ ਜਾਤਾ । ਜਲ ਥਲ ਮਹੀਅਲ ਪੂਰਣ ਬਿਧਾਤਾ ।

ਰਾਗ ਸੂਹੀ ਮ: ੫ ਸ਼ਬਦ ੯

ਜੋ ਪਾਥਰ ਕਉ ਕਹਤੇ ਦੇਵ । ਤਾਕੀ ਬਿਰਥਾ ਹੋਵੈ ਸੇਵ
ਜੋ ਪਾਥਰ ਕੀ ਪਾਈ ਪਾਇ । ਤਿਸਕੀ ਘਾਲ ਅਜਾਈ ਜਾਇ ।੧।
ਠਾਕੁਰ ਹਮਰਾ ਸਦ ਬੋਲੰਤਾ । ਸਰਬ ਜੀਆ ਕਉ ਪ੍ਰਭੁ ਦਾਨ ਦੇਤਾ ।੧।ਰਹਾਉ
ਅੰਤਰਿ ਦੇਉ ਨ ਜਾਨੈ ਅੰਧੁ ਭ੍ਰਮ ਕਾ ਮੋਹਿਆ ਪਾਵੈ ਫੰਧੁ ।
ਨ ਪਾਥਰ ਬੋਲੈ ਨਾ ਕਿਛੁ ਦੇਇ ।
ਫੋਕਟ ਕਰਮ ਨਿਹਫਲ ਹੈ ਸੇਵ । ੨ ।

ਜੇ ਮਿਤ੍ਰਕ ਕਉ ਚੰਦਨ ਚੜ੍ਹਾਵੈ । ਉਸ ਤੇ ਕਹਹੁ ਕਵਨ ਫਲ ਪਾਵੈ ।
ਜੇ ਮ੍ਰਿਤਕ ਕਉ ਬਿਸਟਾ ਮਾਹਿ ਰੁਲਾਈ । ਤਾ ਮ੍ਰਿਤਕ ਕਾ ਕਿਆ ਘਟ ਜਾਈ ।
ਕਹਤ ਕਬੀਰ ਹਉ ਕਹਤ ਪੁਕਾਰਿ । ਸਮਝ ਦੇਖ ਸਾਕਤ ਗਵਾਰ ।
ਦੂਜੈ ਭਾਇਬਹੁਤੁ ਘਰ ਗਾਲੈ । ਰਾਮ ਭਗਤ ਹੈ ਸਦਾ ਸੁਖਾਲੈ ।
ਰਾਗ ਭੈਰਉ ਕਬੀਰ ਜੀ ੧੨ ।
ਕਬੀਰ ਠਾਕੁਰੁ ਪੂਜਹਿ ਮੋਲਿ ਲੇ ਮਨ ਹਠ ਤੀਰਥ ਜਾਹਿ ।
ਦੇਖਾ ਦੇਖੀ ਸ੍ਵਾਂਗ ਧਰਿ ਭਟਕਾ ਖਾਹਿ । ੧੩੫ । ਸਲੋਕ ।
ਕਬੀਰ ਕਬੀਰ ਪਾਹਨ ਪਰਮੇਸੁਰ ਕੀਆ ਪੂਜੈ ਸਭ ਸੰਸਾਰ ।
ਇਸ ਭਰਵਾਸੇ ਜੋ ਰਹੇ ਬੂਡੇ ਕਾਲੀ ਧਾਰ । ੧੩੬ । ਕਬੀਰ ਜੀ ਕੇ ਸਲੋਕ
ਦੇਵੀ ਦੇਵਾ ਪੂਜਹਿ ਡੋਲਹਿ ਪਾਰਬ੍ਰਹਮ ਨਹੀਂ ਜਾਨਾ ।
ਕਹਤ ਕਬੀਰ ਅਕੁਲ ਨਹੀਂ ਚੇਤਿਆ ਬਿਖਿਆ ਸਿਉ ਲਿਪਟਾਨਾ ।
ਰਾਗ ਗਉੜੀ ਬੈਰਾਗਣ ਕਬੀਰ ਜੀ ਸ਼ਬਦ ।੫੧

ਪਾਤੀ ਤੋਰੇ ਮਾਲਿਨੀ ਪਾਤੀ ਪਾਤੀ ਜੀਉ ।
ਜਿਸ ਪਾਹਨ ਕਉ ਪਾਤੀ ਤੋਰੈ ਸੋ ਪਾਹਨ ਨਿਰਜੀਉ ।
ਭੂਲੀ ਮਾਲਨੀ ਹੈ ਏਉ । ਸਤਗੁਰ ਜਾਗਤਾ ਹੈ ਦੇਉ । ਰਹਾਉ ।
ਬ੍ਰਹਮ ਪਾਤੀ ਬਿਸ਼ਨ ਡਾਲੀ ਫੂਲ ਸੰਕਰ ਦੇਉ ।
ਤੀਨ ਦੇਵ ਪ੍ਰਤਖਿ ਤੋਰਹਿ ਕਰਹਿ ਕਿਸ ਕੀ ਸੇਉ । ੨ ।
ਪਾਖਾਨ ਗਲਿ ਕੇ ਮੂਰਤਿ ਕੀਨੀ ਦੇ ਕੇ ਛਾਤੀ ਪਾਉ ।
ਜੇ ਏਹ ਮੂਰਤਿ ਸਾਚੀ ਹੈ ਤਉ ਗੜ੍ਹਨਹਾਰੇ ਖਾਉ । ੩ ।
ਭਾਤੁ ਪਹਿਤਿ ਅਰ ਲਾਪਸੀ ਕਰਕਰਾ ਕਾ ਸਾਰ ।
ਭੋਗਨਹਾਰੇ ਭੋਗਿਆ ਇਸ ਮੂਰਤਿ ਕੇ ਮੁਖ ਛਾਰ । ੩ ।
ਮਾਲਿਨੀ ਭੂਲੀ ਜਗ ਭੁਲਾਨਾ ਹਮ ਭੁਲਾਨੇ ਨਾਹਿ ।
ਕਹੁ ਕਬੀਰ ਹਮ ਰਾਮ ਰਾਖੇ ਕ੍ਰਿਪਾ ਕਰ ਹਰ ਰਾਇ ।
ਰਾਗ ਆਸਾ ਕਬੀਰ ਸ਼ਬਦ । ੧੪ ।

ਬੁਤ ਪੂਜਿ ਪੂਜਿ ਹਿੰਦੂ ਮੂਏ ਤੁਰਕ ਮੂਏ ਸਿਰ ਨਾਈ ।
ਓਇ ਲੈ ਜਾਰੇ ਓਇ ਲੇ ਗਾਡੇ ਤੇਰੀ ਗਤਿ ਦੁਹੂੰ ਨ ਪਾਈ । ੧ ।

ਮਨ ਰੇ ਸੰਸਾਰ ਅੰਧ ਗਹੇਰਾ। ਚਹੁ ਦਿਸ ਪਸਰਿਓ ਹੈ ਜਮ ਜੇਵਰਾ।
ਰਾਗ ਸੋਰਠ ਕਬੀਰ ਜੀ ੧-੧

ਏਕੈ ਪਾਥਰ ਕੀਜੈ ਭਾਉ। ਦੂਜੈ ਪਾਥਰ ਧਰੀਐ ਪਾਉ।
ਜੇ ਓਹ ਦੇਉ ਤ ਓਹ ਭੀ ਦੇਵਾ। ਕਹਿ ਨਾਮ ਦੇਉ ਹਮ ਹਰ ਕੀ ਸੇਵਾ।
ਰਾਗ ਗੂਜਰੀ ਭਗਤ ਨਾਮਦੇਵ ਜੀ ੧—੪।

ਆਨੀਲੇ ਕੁੰਭ ਭਰਾਈਲੇ ਊਦਕ ਠਾਕੁਰ ਕਉ ਇਸ਼ਨਾਨ ਕਰਉ।
ਬਇਆਲੀਸ ਲਖ ਜੀ ਜਲ ਮਹਿਹੈ ਤੇ ਬੀਠਲ ਭੈਲਾ ਕਾਇ ਕਰਉ।੧।
ਜਤ੍ਰ ਜਾਉ ਤਤ ਬੀਠਲ ਭੈਲਾ। ਮਹਾਂ ਅਨੰਦ ਕਰੇ ਸਦ ਕੇਲਾ।੧। ਰਹਾਓ
ਆਨੀਲੇ ਫੂਲ ਪਰੋਈ ਲੇ ਮਾਲਾ ਠਾਕੁਰ ਕੀ ਹਉ ਪੂਜ ਕਰਉ।
ਪਹਿਲੇ ਬਾਸੁ ਲਈ ਹੈ ਭਵਰਹ ਝੂਠੀ ਬੀਠਲ ਭੈਲਾ ਕਾਇ ਕਰਉ।੨।
ਆਨੀਲੇ ਦੂਧ ਰੀਧਾਈ ਲੇ ਖੀਰੰ ਠਾਕਰ ਕਉ ਨੈਵੇਦ ਕਵਉ।
ਪਹਿਲੇ ਦੂਧ ਬਿਟਾਰਿਓ ਬਛਰੇ ਬੀਠਲ ਭੈਲਾ ਕਾਇ ਕਰਉ।੩।
ਈਭੈ ਬੀਠਲੁ ਊਭੈ ਬੀਠਲ ਬੀਠਲੁ ਬਿਨ ਸੰਸਾਰ ਨਹੀ।
ਥਾਨ ਥਨੰਤਰ ਨਾਮਾਪ੍ਰਣਵੈ ਪੂਰ ਰਹਿਓ ਤੂੰ ਸਰਬ ਮਹੀ।੪।
ਰਾਗ ਆਸਾ ਭਗਤ ਨਾਮਦੇਵ ਜੀ ਸ਼ਬਦ।੨।

ਕਾਹੂ ਲੈ ਪਾਹਨ ਪੂਜ ਧਰਿਓ ਸਿਰ ਕਾਹੂ ਲੈ ਲਿੰਗ ਗਰੇ ਲਟਕਾਯੋ।
ਕਾਹੂ ਲਖਿਓ ਹਰਿ ਅਵਾਚੀ ਦਿਸਾ ਮਹਿ ਕਾਹੂ ਪਛਾਹ ਕੋ ਸੀਸ ਨਿਵਾਯੋ।
ਕੋਊ ਬੁਤਾਨ ਕੋ ਪੂਜਤ ਹੈ ਪਸੁ ਕੋਊ ਮ੍ਰਿਤਾਨ ਕੋ ਪੂਜਨ ਧਾਯੋ।
ਕੂਰ ਕ੍ਰਿਯਾ ਉਰਝਿਓ ਸਭ ਹੀ ਜਗ ਸ੍ਰੀ ਭਗਵਾਨ ਕਾ ਭੇਦ ਨ ਪਾਯੋ।
ਸ੍ਰੀ ਦਸਮ ਗ੍ਰੰਥ ਸਾਹਿਬ ਅਕਾਲ ਉਸਤਤਿ।੩੦

ਪਾਇ ਪਰੋ ਪਰਮੇਸ਼ਰ ਕੇ ਜੜ ਪਾਹਨ ਮੇਂ ਪਰਮੇਸ਼ਰ ਨਾਹੀ।
ਬਿਚਿਤ੍ਰ ਨਾਟਕ ਅਧਿਆਯ ੯-੯੧।੯

ਪਾਖਾਣ ਪੂਜ ਹੋ ਨਹੀ। ਨ ਭੇਖ ਭੀਜ ਹੌ ਕਹੀਂ।
ਅਨੰਤਨਾਮ ਗਾਇ ਹੋਂ। ਪਰਮ ਪਰਖ ਪਾਇਹੋਂ।
ਬਿਚਿਤ੍ਰ ਨਾਟਕ ਅਧ: ੬-੩੫

ਇਕ ਬਿਨ ਦੂਸਰ ਸਿਓ ਨ ਚਨਾਰ।

ਭੰਜਨ ਗੜ੍ਹਨ ਸਮਰਥ ਸਦਾ ਪ੍ਰਭੁ ਜਾਨਤ ਹੈ ਕਰਤਾਰ । ਰਹਾਉ ।
ਕਹਾ ਭਯੋ ਜੋ ਅਤਿ ਹਿਤ ਚਿਤ ਕਰਿ ਬਹੁ ਸਿਧ ਸਿਲਾ ਪੂਜਾਈ ।
ਪਾਨ ਥਕੇ ਪਾਹਨ ਕਰਿ ਪਰਸਤ ਕਛੁ ਕਰਿ ਸਿਧ ਨ ਆਈ । ੨ ।
ਅਛਤ ਧੂਪ ਦੀਪ ਅਰਪਤ ਹੈ ਪਾਹਨ ਕਛੂ ਨ ਖੈ ਹੈ ।
ਤਾਮੈ ਕਹਾਂ ਸਿੱਧ ਹੈ ਰੇ ਜੜ ਤੋਹਿ ਕਹਾਂ ਬਹੁ ਦੇਹੈ ।
ਜੋ ਜੀਅ ਹੋਤ ਦੇਤ ਕਛੁ ਤੁਹਿ ਕਰ ਮਨ ਬਚ ਕਰਮ ਬਿਚਾਰ ।
ਕੇਵਲ ਏਕ ਸਰਣ ਸੁਆਮੀ ਬਿਨ ਯੋਂ ਨਹਿ ਕਰਤ ਉਧਾਰ । ੪ ।

ਹਜ਼ਾਰੇ ਸਬਦ ਦੇਵ ਗਧਾਰੀ ਪਾਤਸਾਹੀ । ੧੦ ।

ਕਾਹੂੰ ਲੈ ਠੋਕ ਬਧੇ ਉਰ ਠਾਕਰ ਕਾਹੂੰ ਮਹੇਸ ਕੋ ਈਸ਼ ਬਖਾਨਿ ਯੋ ।
ਕਾਹੂੰ ਕਹਿਯੋ ਹਰਿ ਮੰਦਰ ਮੈਂ ਹਰਿ ਕਾਹੂੰ ਮਸੀਤ ਕੈ ਬੀਚ ਪ੍ਰਮਾਨਿਯੋ ।
ਕਾਹੂ ਰੇ ਰਾਮ ਕਹਿਯੋ ਕ੍ਰਿਸ਼ਨਾ ਕਹੂੰ ਕਾਹੂੰ ਮਨੈ ਅਵਤਾਰਨ ਮਾਨਿਯੋ ।
ਫੋਕਟ ਧਰਮ ਬਿਸਾਰ ਸਭੈ ਕਰਤਾਰ ਹੀ ਕਉ ਕਰਤਾ ਜੀਅ ਜਾਨਿਯੋ ।

ਸਵਯੇ ਪਾਤਸ਼ਾਹੀ ੧੦-੧੨

ਕਾਹੇ ਕਉ ਪੂਜਤ ਪਾਹਨ ਕਉ ਕਛੂ ਪਾਹਨਿ ਮੇਂ ਪਰਮੇਸਰ ਨਾਹੀਂ ।
ਤਾਹੀ ਕੋ ਪੂਜ ਪ੍ਰਭ ਕਰਕੇ ਜਿਹ ਪੂਜਤ ਹੀ ਅਘ ਓਘ ਮਿਟਾਹੀ ।
ਆਧਿ ਬਿਆਧਿ ਕੇ ਬੰਧਨ ਜੇਤਕ ਨਾਮ ਕੋ ਲੇਤ ਸਭੈ ਜਾਹੀ ।
ਤਾਹੀ ਕੋ ਧਿਆਨ ਪ੍ਰਮਾਨੇ ਸਦਾ ਯਹ ਫੋਕਟ ਧਰਮ ਕਰੇ ਫਲੁ ਨਾਹੀ ।

ਸਵੈਯਾ । ੨੦ ।

ਫੋਕਟ ਧਰਮ ਭਯੋ ਫਲ ਹੀਨ ਜੁ ਪੂਜ ਸਿਲਾ ਜੁਗ ਕੋਟਿ ਗਵਾਈ ।
ਸਿਧ ਕਹਾਂ ਸਿਲ ਕੇ ਪਰਸੇ ਬਲ ਬ੍ਰਿਧ ਘਟੀ ਨਵ ਨਿੱਧਾਨ ਪਾਈ ।
ਆਜ ਹੀ ਆਜ ਸਮੋ ਜੁ ਬਿਤਿਯੋ ਨਹਿ ਕਾਜ ਸਰਿਯੋ ਕਛੁ ਲਾਜ ਨ ਆਈ ।
ਸ੍ਰੀ ਭਗਵੰਤ ਭਜਿਯੋ ਨ ਅਰੇ ਜੜ ਐਸ ਹੀ ਐਸੁ ਬੈਸ ਗਵਾਈ ।

ਸਵੈਯ । ੨੧ ।

ਜੋ ਜੁਗ ਤੇ ਕਰ ਹੈਂ ਤਪਸਾ ਕਛੁ ਤੋਹਿ ਪ੍ਰਸੰਨ ਨ ਪਾਹਨਕੇ ਹੈ ।
ਹਾਥ ਉਠਾਇ ਭਲੀ ਬਿਧਿ ਸੋਂ ਜੜ ਤੋਹਿ ਕਛੂ ਬਰਦਾਨ ਨ ਦੈ ਹੈ ।

ਕ ਉਨ ਭਰੋਸ ਭੁਯੋ ਇਹ ਕੋ ਕਹੁ ਭੀਰ ਪਰੀ ਨਹਿ ਆਨ ਬਚੈ ਹੈ।
ਜਾਨਰੇ ਜਾਨ ਅਜਾਨ ਹਠੀ ਇਸ ਫੋਕਟ ਧਰਮ ਸੁ ਭਰਮ ਗਵੈ ਹੈ।
ਸਵੈਯਾ। ੨੨।

ਬੇਦ ਕਤੇਬ ਪੜੇ ਬਹੁਤੇ ਦਿਨ ਭੇਦ ਕਛੂ ਤਿਨਕੋ ਨਹਿ ਪਾਇਓ।
ਪੂਜਤ ਠਉਰ ਅਨੇਕ ਫਿਰਿਯੋ ਪਰ ਏਕ ਕਵੈ ਹੀਯ ਮੈਂ ਨ ਬਸਾਇਓ।
ਪਾਹਨ ਕੋ ਅਸਥਾਲਯ ਕੋ ਸਿਰਨਿਯਾਇ ਫਿਰਿਓ ਕਛੂ ਹਾਥ ਨ ਆਇਓ।
ਰੇ ਮਨ ਮੂੜ੍ਹ ਅਗੂੜ੍ਹ ਪ੍ਰਭੂ ਤਜ ਆਪਨ ਹੂੜ੍ਹ ਕਹਾ ਉਰਝਾਯੋ।
ਸਵੈਯਾ। ੨੬।

ਤਾਕੋ ਕਰ ਪਾਹਨ ਅਨੁਮਾਨਤ। ਮਹਾ ਮੂੜ੍ਹ ਕਛੁ ਭੇਦ ਨ ਜਾਨਤ।
ਮਹਾਂਦੇਵ ਕੋ ਕਹਤ ਸਦਾ ਸ਼ਿਵ।
ਨਿਰੰਕਾਰ ਕਾ ਚੀਨਤ ਨਹਿ ਭਿਵ। ਬੇਨਤੀ ਚੌਪਾਈ। ੩੯੨
ਮਨਮ ਕੁਸ਼ਤਨਮ ਕੋਹੀਯਾਂ ਬੁਤ ਪ੍ਰਸਤ। ਕਿਓ ਬੁਤ ਪ੍ਰਸਤੰਦ ਮਨ ਬੁਤ ਸ਼ਿਕਸਤਾ
ਜਫਰਨਾਮਾ ਪਾਤਸ਼ਾਹੀ ੧੦—੯੫

ਅਰਥ ਮੈਂ ਬੁਤ ਪਰਸਤ ਪਹਾੜੀਆਂ ਨੂੰ ਮਾਰਦਾ ਹਾਂ ਕਿਉਂ ਕਿ ਉਹ ਬੁਤ ਪੂਜਕ ਹਨ ਤੇ ਮੈਂ ਬੁਤ ਭੰਜਕ ਹਾਂ।

ਟਿਪਣੀ—ਭਾਈ ਕਾਹਨ ਸਿੰਘ ਜੀ ਨਾਭਾ ਨਿਵਾਸੀ ਨੇ ਪੁਸਤਕ ਗੁਰਮਤ ਸੁਧਾਕਰ ਨਾਉ ਵਾਲੀ ਚ ਲਿਖਿਆ ਹੈ ਅਤੇ ਜੇਹੜਾ ਚ ਦੂਜੀ ਵਾਰ ਸੰਨ ੧੯੧੧ ਵਿਚ ਮੁਫੀਦ ਆਮ ਪ੍ਰੈਸ ਲਾਹੌਰ 'ਚ ਛਪੀ ਹੈ ਤੇ ਭਾਈ ਅਰਜਨ ਸਿੰਘ ਜੀ ਬਾਗੜੀਆਂ ਵਾਲਿਆਂ ਦੀ ਸਹਾਇਤਾ ਨਾਲ ਛਪੀ ਹੈ, ਓਹਦੇ ਪੰਨੇ ੯੪ ਤੇ ਏਹ ਪਾਠ ਲਿਖਿਆ ਹੈ। "ਮਨਮ ਕੁਸ਼ਤਨੇ ਕੋਹੀਜਾ ਪੁਰਫਿਤਨ। ਕਿ ਆਂ ਬੁਤ ਪਰਸਤੰਦ ਮਨ ਬੁਤ ਸਿਕਨ" ਇਸ ਦੇ ਅਰਥ ਲਿਖਦੇ ਹਨ:

"ਮੈਂ ਉਪਦ੍ਰਵੀ ਪਹਾੜੀਆਂ ਦੇ ਮਾਰਨ ਵਾਲਾ ਹਾਂ ਕਿਉਂਕਿ ਉਹ ਮੂਰਤੀ ਪੂਜਕ ਹਨ ਅਤੇ ਮੈਂ ਮੂਰਤੀ ਖੰਡਕ ਹਾਂ।" ਇਸ ਪਾਠ ਵਿਚ ਭਾਈ ਕਾਹਨ ਸਿੰਘ ਜੀ ਨੇ ਪਹਿਲੀ ਤੁਕ ਦਾ ਪਾਠ ਬਦਲਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਮੇਰੇ ਪਾਸ ਹੈ ਓਹਦੇ ਵਿਚ ਪਾਠ ਬੁਤ ਪਰਸਤ' ਹੈ। ਭਾਈ ਜੀ ਨੇ ਓਹਦੇ

ਥਾਂ 'ਪੁਰ ਫਿਤਨ' ਪਾਠ ਲਿਖਿਆ ਹੈ ਜੀਹਦੇ ਅਰਥ ਉਪਦ੍ਰਵੀ ਕੀਤਾ ਹੈ। ਪੁਰ ਫਿਤਨ ਦੇ ਤਾਂ ਉਪਦ੍ਰਵੀ ਅਰਥ ਹੋ ਸਕਦੇ ਹਨ ਪਰ ਅਗਲੀ ਤੁਕ ਨਾਲ ਜੋੜ ਨਹੀਂ ਖਾਂਦੇ ਕਿਉਂਕਿ ਅਗਲੀ ਤੁਕ ਵਿਚ ਮੂਰਤੀਪੂਜਕ ਤੇ ਮੂਰਤੀ ਖੰਡਕ ਹੀ ਹੈ ਉਪਦ੍ਰਵੀ ਦਾ ਕੋਈ ਨਿਸ਼ਾਨ ਨਹੀਂ ਹੈ। ਜੇ ਪਾਠ ਪੁਰ ਫਿਤਨ ਹੁੰਦਾ ਤਾਂ ਗੁਰੂ ਮਹਾਰਾਜ ਜੀ ਏਹ ਲਿਖਦੇ ਕਿ ਉਹ ਉਪਦ੍ਰਵੀ ਹਨ ਤੇ ਮੈਂ ਸ਼ਾਂਤੀ ਚਾਹੁੰਦਾ ਹਾਂ। ਪਰ ਏਹ ਨ ਲਿਖਕੇ ਲਿਖਿਆ ਇਹ ਹੈ ਕਿ ਉਹ ਮੂਰਤੀ ਪੂਜਕ ਅਤੇ ਮੈਂ ਮੂਰਤੀ ਭੰਜਕ ਹਾਂ। ਮੈਂ ਓਹਨਾਂ ਨੂੰ ਮੂਰਤੀਪੂਜਕ ਹੋਣ ਕਰਕੇ ਹੀ ਮਾਰਦਾ ਹਾਂ। ਇਸ ਕਰਕੇ ਮੇਰੀ ਸੰਮਤਿ ਵਿਚ ਪਹਲੀ ਤੁਕ ਦਾ ਪਾਠ ਬੁਤ ਪਰਸਤ ਹੀ ਠੀਕ ਹੈ ਪੁਰ ਫਿਤਨ ਨਹੀਂ। ਏਸ ਤੇ ਲੰਬਾ ਵਿਚਾਰ ਗੁਰੂ ਘਰ ਦੇ ਗਿਆਨੀ ਧਿਆਨੀ ਹੀ ਕਰ ਸਕਦੇ ਹਨ। ਮੈਂ ਨੇ ਤਾਂ ਪਾਠ ਭੇਦ ਦੇਖਕੇ ਅਪਣੀ ਸੰਮਤਿ ਲਿਖ ਦਿਤੀ ਹੈ। ਤਾਕਿ ਦੂਜੇ ਸਜਣਾਂ ਨੂੰ ਸੋਚਨ ਦਾ ਮੌਕਾ ਮਿਲ ਜਾਵੇ। ਭਾਈ ਕਾਹਨ ਸਿੰਘ ਜੀ ਪਾਠ ਬਦਲਨ ਵਿਚ ਜੇ ਕੋਈ ਕਾਰਣ ਦਸਦੇ ਤਾਂ ਚੰਗਾ ਹੁੰਦਾ। ਬਿਨਾਂ ਕਾਰਣ ਪਾਠ ਵਿਚ ਗੜ ਬੜ ਕਰਨੀ ਠੀਕ ਨਹੀਂ। ਉਪਰ ਲਿਖੇ ਸਾਰੇ ਪਾਠ ਦੋਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਹਨ ਜਿਸ ਤੋਂ ਗੁਰੂਆਂ ਦੇ ਮਤ ਦਾ ਪਤਾ ਲਗ ਜਾਂਦਾ ਹੈ। ਪਾਠਕਾਂ ਨੂੰ ਪਤਾ ਲਗ ਗਿਆ ਹੋਊਗਾ ਕਿ ਮੂਰਤੀਪੂਜਾ ਦੀ ਬਾਬਤ ਜਿਹੋ ਜਿਹੀਆਂ ਗਲਾਂ ਸਤਯਾਰਥ ਪ੍ਰਕਾਸ਼ ਵਿਚ ਰਿਸ਼ੀ ਦਯਾਨੰਦ ਜੀ ਨੇ ਲਿਖੀਆਂ ਹਨ, ਉਹੋ ਜੇਹੀਆਂ ਹੀ ਗੁਰੂ ਮਹਾਰਾਜ ਜੀ ਨੇ ਆਪਣੀ ਬਾਣੀ ਵਿਚ ਲਿਖੀਆਂ ਹਨ। ਇਹਨਾਂ ਪਾਠਾਂ ਵਿਚ ਗੁਰੂ ਨਾਨਕ ਦੇਵ ਜੀ, ਗੁਰੂ ਅਰਜਨ ਦੇਵ ਜੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਸ਼ਬਦ ਬਹੁਤੇ ਹਨ। ਫੇਰ ਭਗਤ ਕਬੀਰ ਜੀ ਦੇ ਹਨ। ਜਿਨਾਂ ਨੇ ਮੂਰਤੀਪੂਜਾ ਦਾ ਜੋਰਦਾਰ ਖੰਡਨ ਕੀਤਾ ਕੀਤਾ ਹੈ। ਹੁਣ ਅਗੇ ਗੁਰੂ ਘਰ ਦੇ ਲਿਖਾਰੀ ਜਿਹੜੇ ਸਿਧਾਂਤਾਂ ਨੂੰ ਜਾਨਣ ਵਾਲੇ ਮੰਨੇ ਜਾਂਦੇ ਹਨ, ਕੁਛ ਪਾਠ ਉਨਾਂ ਦੇ ਭੀ ਲਿਖਣ ਦੀ ਇਛਾ ਹੈ, ਤਾਂ ਜੋ ਕੇ ਪਤਾ ਲਗ ਜਾਵੇ ਕਿ ਉਹ ਭੀ ਮੂਰਤੀ ਪੂਜਾ ਨੂੰ ਨਹੀਂ ਮੰਨਦੇ ਸਨ। ਅਤੇ ਉਹਨਾਂ ਦਾ ਇਹ ਭੀ ਵਿਚਾਰ ਹੈ ਕਿ ਗੁਰੂ ਘਰ ਵਿਚ ਮੂਰਤੀਪੂਜਾ ਨਹੀਂ ਹੈ :—

ਕਲਿ ਜੁਗ ਬੋਧ ਅਵਤਾਰ ਹੈ ਬੋਧ ਅਬੋਧ ਨ ਦ੍ਰਿਸ਼ਟੀ ਆਵੈ।
ਕੋਇ ਨ ਕਿਸੇ ਚਰੱਜਈ ਸੋਈ ਕਰੇ ਜੋਈ ਮਨ ਭਾਵੈ!

ਕਿਸੇ ਪੁਜਾਈ ਸਿਲਾ ਸੁੰਨ ਕੋਈ ਗੋਰੀ ਮੜੀ ਪੁਜਾਵੈ।
ਤੰਤ੍ਰ ਮੰਤ੍ਰ ਪਾਖੰਡ ਕਰ ਕਲਹ ਕ੍ਰੋਧ ਬਹੁ ਵਾਦ ਵਧਾਵੈ।
ਆਪੋ ਧਾਪੀ ਹੋਈ ਕੇ ਨਯਾਰੇ ਨਯਾਰੇ ਧਰਮ ਚਲਾਵੈ।
ਕੋਈ ਪੂਜੇ ਚੰਦ ਸੂਰਜ ਕੋਈ ਧਰਤੀ ਅਕਾਸ ਮਨਾਵੈ।
ਪਉਣ ਪਾਉਣੀ ਬੈਸੰਤਰੋ ਧਰਮ ਰਾਜ ਕੋਈ ਤ੍ਰਿਪਤਾਵੈ॥
ਫੋਕਟ ਧਰਮੀ ਭਰਮ ਭੁਲਾਵੈ।

ਭਾਈ ਗੁਰਦਾਸ ਦੀਆਂ ਵਾਰਾਂ ੧-੧੮

ਪਾਹਨ ਕੀ ਪ੍ਰਤਿਮਾ ਕੋ ਅਧ ਕੰਧ ਹੈ ਪੁਜਾਰੀ ਅੰਤਰ ਅਗਿਆਨ ਮਤਿ ਗਯਾਨ ਗੁਰੂ ਹੀਨੋ ਹੈ।

ਭਾਈ ਗੁਰਦਾਸ ਜੀ ਦੇ ਕਬਿਤ ਸਵੈਯੇ ੪੮੫

ਪੰਡਿਤ ਤਾਰਾ ਸਿੰਘ ਜੀ ਨੇ 'ਗੁਰਮਤ ਨਿਰਣਯ ਸਾਗਰ' ਦੇ ਦਸਵੇਂ ਅਧਿਆਇ ਵਿਚ ਮੂਰਤੀ ਪੂਜਾ ਤੇ ਵਿਚਾਰ ਕੀਤਾ ਹੈ। ਉਹਦੇ ਵਿਚੋਂ ਕੁਝ ਸ਼ਬਦ ਲਿਖਦਾ ਹਾਂ ਜਿਸਨੂੰ ਪੂਰਾ ਦੇਖਣ ਦੀ ਚਾਹ ਹੋਵੇ ਉਹ ਉਥੇ ਹੀ ਦੇਖਣ ਦਾ ਕਸ਼ਟ ਕਰੇ। 'ਵੇਦ ਮੇਂ ਜਗੰਨਾਥ ਪਦਮਨਾਭ ਸ੍ਰੀ ਰੰਗਾ ਆਦਿ ਬਿਸ਼ਨੂ ਕੀ ਪਾਖਾਣ ਮੂਰਤੀਯੋਂ ਕੇ ਏਵੰ ਸ਼ਿਵ ਦਰਗਾ ਗਣੇਸ਼ ਸੂਰਯ ਕੀ ਮੂਰਤੀਯੋਂ ਕੇ ਕਾਹੂੰ ਸਰੁਤੀ ਮੇਂ ਨਾਮ ਨਹੀਂ ਲਿਖੇ, ਤੈਸੇ ਮੁਖ ਨਾਸਿਕਾਦਿ ਸਹਿਤ ਬਦ੍ਰੀਨਾਥ ਆਦਿ ਮੂਰਤੀਯ ਵਤ ਮੁਖ ਨਸਿਕਾਦਿ ਅੰਗ ਰਹਿਤ ਸਾਲਗ੍ਰਾਮ ਨਰਬਦੇਸਵਰ ਗੋਮਤੀ ਚਕ੍ਰਾਦਿਕੋਂ ਕੇਭੀ ਨਾਮ ਔਰ ਸਵਰੂਪ ਔਰ ਸਥਾਨਵੇਦ ਸਰੁਤੀ ਮੇਂ ਨਹੀਂ ਲਿਖੇ। ਤਾਂਤੇ ਮੂਰਤੀ ਕੀ ਇਛਾ ਵਾਲਾ ਤਿਯਾਗੀ ਪੁਰਸ਼ ਵਾਹਯ ਵਿਗ੍ਰਹ ਕਾ ਪੂਜਨ ਤਯਾਗ ਕੇ ਹਿਰਦੇ ਮੇਂ ਹੀ ਅਰਚਨ ਕਰੇ। ਐਸਾ ਕਹਾ ਅਨਯ ਸ੍ਰਤੀ ਇਸਟਾ ਪੂਰਤ ਕਰਮ ਕਹ ਹੈਂ। ਅਗਨੀ ਹੁਤ੍ਰ ਤਪ ਸਤਯ, ਵੇਦ ਪਾਠ, ਅਤਿਥਿ ਸੇਵਾ ਬੈਸ੍ਰ ਦੇਵ ਯਹ ਇਸ਼ਟ ਕਰਮ ਹੈਂ। ਬਾਪੀ, ਤੜਾਗ ਦੇਵ ਮੰਦਰ ਸਦਾ ਵ੍ਰਤ ਬਾਗ ਯਹ ਪੂਰਤ ਹੈਂ ਭਕਤੀ ਹੇਤ ਮੂਰਤੀ ਸਥਾਪਨ ਬਿਨਾ ਦੇਵਨ ਕੇ ਸਥਾਨ ਬਨਾਵਨੇ ਯਹ ਪੂਰਤ ਕਰਮ ਮੇਂ ਦੇਵਮੰਦਰ ਬੋਧਕ ਸ਼ਬਦ ਕਾ ਭਾਵ ਹੈ ..ਗੁਰੂਓਂ ਨੇ ਤਾਕੇ ਪੂਜਨ ਕੀ ਰੀਤੀ ਨਿਜਮੱਤ ਮੇਂ ਨਹੀਂ ਚਲਾਈ ਕਿੰਤੂ ਜੋ ਵੇਦੋਂ ਕਾ ਤਾਤਪਰਯ ਉਪਾਸਨਾ ਗਿਆਨ ਮੇਂ ਹੈ। ਵਹੀ ਬੋਧਨ ਕੀਯਾ। ਯਾਂਤੇ ਵੈਦਿਕ ਮਤ ਕੀ ਪ੍ਰਵਿਰਤੀ ਕਰੀ ਔਰ ਦਸਮ ਗੁਰੂ ਨੇ ਜੋ

ਦੁਰਗਾ ਕਾ ਆਵਾਹਨ ਕੀਆ, ਸੋ ਤਿਸ ਦੁਰਗਾ ਕੀ ਪਾਖਾਣ ਕੀ ਮੂਰਤੀ ਨਹੀਂ ਪੂਜੀ, ਕਿੰਤੂ ਏਕਾਂਤ ਅਸਥਾਨ ਮੇਂ ਬੈਠ ਕੇ ਜੋ ਅਕਾਲ ਕੇ ਚਰਨ ਸਰਨ ਰਹਨੇ ਵਾਲੀ ਸ਼ਕਤੀ ਵਾਲੀ ਭਗਵਤੀ ਹੈ, ਤਾਕਾ ਅਰਾਧਨ ਕੀਆ। ਪ੍ਰਮੇਸ਼ਵਰ ਰੂਪ ਸਾਲਗ੍ਰਾਮ ਹਮਾਰੇ ਹਾਥ ਮੇਂ ਪ੍ਰਾਪਤ ਹੂਆ ਹੈ ਜੋ ਸਰਬ ਕੋ ਬਾਂਛਤ ਫਲ ਦੇਨੇ ਵਾਲਾ ਹੈ। ਇਸ ਕਹਿਨੇ ਮੇਂ ਹੈ ਪਾਖਾਣ ਰੂਪ ਮੂਰਤ ਮੇਂ ਨਹੀਂ ਤਾਹੀ ਮੇਂ ਹੋਵੇ। ਤਬ ਗੁਰੂਓਂ ਕੇ ਔਰ ਭਗਤੋਂ ਕੇ ਨਿਖੇਧਕ ਬਚਨ ਵਯਰਥ ਹੋ ਜਾਏ, ਜੋ ਯਹ ਕਹੇ ਹੈਂ। ਵਾਰ ਬਿਲਾ: ਸ਼ਬਦ ੨੦ ਮ: ੧। ਹਿੰਦੂ ਮੂਲੇ ਭੂਲੇ ਅਖੁਟੀ ਜਾਂਹੀ। ਨਾਰਦ ਕਹਿਆ ਸਿ ਪੂਜ ਕਰਾਹੀ। ਅੰਧੇ ਗੂੰਗੇ ਅੰਧ ਅੰਧਾਰ ਪਾਥਰ ਪੂਜਹਿ ਮੁਗਧ ਗਵਾਰ। ਓਹਜਾ ਆਪ ਡੁਬੇ ਤੁਮ ਕਹਾ ਤਾਰਨਹਾਰ। ਸੋਰਠ ਮ: ੧ ਸ਼ਬਦ ੪। ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਉ ਕਿਆ ਦੇਹ। ਪਾਹਣ ਨੀਰ ਪਖਾਲੀਐ ਭਾਈ ਜਲ ਮਹਿ ਬੂਡਹ ਤੇਹ।

(ਰਾਗ ਸੋਰਥ ਅਸ਼ਟ ਪਦੀਆ ਮ: ੧ ਸ਼ਬਦ ੪)

ਯਾਂਤੇ ਮੂਰਤੀ ਪੂਜਨ ਮੇਂ ਤਿਨਕਾ ਤਾਤਪਰਯ ਨਹੀਂ ਔਰ ਮੂਰਤੀ ਕਾ ਪੂਜਨ ਹਾਨੀ ਭੀ ਕਰੇ ਹੈ। ਕਾਹਤੇ ਜਿਸ ਪੁਰਖ ਨੇ ਚਕ੍ਰਵਰਤੀ ਰਾਜਾ ਏਕ ਗ੍ਰਾਮ ਕਾ ਪਤੀ ਜਾਨਯਾ ਵਹ ਸ ਕੀ ਦਯਾ ਕਾ ਪਾਤ੍ਰ ਨਹੀਂ ਹੋਵੇਗਾ ਉਲਟਾ ਤਾਕਿ ਨਯੂਨਤਾ ਕੇ ਕੇ ਜਾਨਨੇ ਸੇ ਕੋਪ ਕਾ ਪਾਤ੍ਰ ਹੋਗਾ। ਤੈਸੇ ਬਯਾਪਕ ਸੱਚਿਦਾਨੰਦ ਈਸ਼ਵਰ ਕੋ ਜੋ ਥੋੜੇ ਸਥਾਨ ਮੇਂ ਰਹਨੇ ਵਾਲੀ ਜੜ ਮੂਹਕੀ ਸਮਝੇਗਾ ਤਾਪੈ ਭੀ ਕਿਸਕੀ ਪ੍ਰਸੰਨਤਾ ਹੋਣੀ ਕਰਨ ਹੈ। ਦੂਸਰਾ ਯਹ ਭੀ ਹੈ ਜੈਸੇ ਕੋਈ ਬਾਲਕ ਸਚੇ ਪਿਤਾ ਕੇ ਸਾਮਣੇ ਮ੍ਰਿਤਿਕਾ ਪਾਖਾਣ ਕੀ ਮੂਰਤੀ ਰੂਪ ਪਿਤਾ ਕੋ ਜਨਮ ਦਾਤਾ ਸਮਝ ਕੇ ਪੂਜਨ ਕਰੇ ਤਬ ਸਚੇ ਪਿਤਾ ਕੀ ਪ੍ਰਸੰਨਤਾ ਕਾ ਪਾਤ੍ਰ ਨਹੀਂ ਹੋਗੇ। ਕਾਹੇ ਤੇ ਮੂਰਤੀ ਮੇਂ ਪਰਮੇਸ਼ਵਰ ਅਪਨੇ ਸਗੁਣ ਵਿਗ੍ਰਹਵਤ ਅਪਨਾ ਪ੍ਰਵੇਸ਼ ਨਹੀਂ ਰਖਤਾ, ਰਖੇ ਜੋ ਛਾਤੀ ਪਰ ਪਾਉ ਦੇਕੇ ਬਨਾਤੇ ਹੈਂ ਤਿਸ ਕੋ ਕੋਪ ਕਰਕੇ ਭਖਯਨ ਕਰ ਲੇਵੇ। ਔ ਕਰਤਾ ਨਹੀਂ ਯਾਂ ਤੇ ਤਿਸ ਮੈਂ ਤਾਕਾ ਪ੍ਰਵੇਸ਼ ਨਹੀਂ, ਪ੍ਰਾਣ ਪ੍ਰਤਿਸ਼ਟਾ ਸੇ ਪੀਛੇ ਪ੍ਰਵੇਸ਼ ਹੋਵੇ ਹੈ ਯਹ ਕਹੋ ਸੋ ਕਹਨਾ ਭੀ ਸਮਯਕ ਨਹੀਂ ਕਹਿਤੇ ਜੇ ਕਰ ਪ੍ਰਾਣ ਪ੍ਰਤਿਸ਼ਟਾ ਸੇ ਪੀਛੇ ਮੂਰਤੀ ਮੇਂ ਪ੍ਰਵੇਸ਼ ਹੋਵੇ, ਤਬ ਜੋ ਰਾਮਾਆਦਿਕ ਕਾ ਮੂਰਤਾਦਿ ਸੁਭਾਵ ਹੈ ਕੁਛ ਤੇ ਮੂਰਤੀ ਮੇਂ ਹੁਏ ਚਾਹੀਏ, ਹੋਵੇ ਕਿੰਚਿਤ ਨਹੀਂ। ਕਿਉਂਕਿ ਤਿਨ ਕੀ ਭੋਗ ਕੀ ਵਸਤੂ ਕੋ ਔਰ ਬਸਤ੍ਰ ਭੂਖਨੋਂ ਕੋ ਚੋਰ ਲੇ ਜਾਵੇ, ਤਬ ਵੋਹ ਹਟਾਵੇ ਨਹੀਂ,

ਯਾਂ ਤੇ ਪ੍ਰਾਣ ਪ੍ਰਤਿਸ਼ਟਾਂ ਸੇ ਪੀਛੇ ਭੀ ਦੇਵਤਾ ਕਾ ਪ੍ਰਵੇਸ਼ਤਾ ਮੇਂ ਭਾਵਨਾ ਮਾਤ੍ਰ ਹੈ। ਵਾਸਤਵ ਮੇਂ ਨਹੀਂ। ਵਾਸਤਵ ਮੇਂ ਵਹ ਨਿਰਜੀਵ ਹੈ ਯਾਂ ਤੇ ਜੜ ਹੈ, ਜੜ ਕਾ ਪੂਜਣ ਪੁਰਾਣੋਂ ਮੇਂ ਭੀ ਤਾਮਸ ਭਕਤੀ ਕਹੀ ਹੈ। ਯਾਂ ਤੇ ਵੇਦ ਮੇਂ ਤਾਤਪਰਯ ਹੀਨ ਮੂਰਤੀ ਪੂਜਨ ਸਵਰਥਾ ਤਿਆਗਨੇ ਯੋਗ੍ਯ ਹੈ।

ਪੰਡਿਤ ਤਾਰਾ ਸਿੰਘ ਜੀ ਨੇ ਜੇਹੜੀਆਂ ਜੁਗਤੀਆਂ ਦਿਤੀਆਂ ਹਨ, ਉਹ ਤਾਂ ਓਹੋ ਹੀ ਹਨ ਜੇਹੜੀਆਂ ਸਤਯਾਰਥ ਪ੍ਰਕਾਸ਼ ਵਿਚ ਲਿਖੀਆਂ ਹੋਈਆਂ ਹਨ। ਪੰਡਿਤ ਜੀ ਨੂੰ ਮੂਰਤੀ ਪੂਜਾ ਵੇਦ ਵਿਰੁਧ ਅਤੇ ਛਡਣ ਵਾਲੀ ਚੀਜ਼ ਦੱਸਿਆ ਹੈ ਔਰ ਗੁਰੂ ਮਹਾਰਾਜ ਦਾ ਪਾਠ ਦੇ ਕੇ ਅਪਣੀ ਗੱਲ ਨੂੰ ਸਿੱਧ ਕੀਤਾ ਹੈ। ਭਾਈ ਕਾਹਨ ਸਿੰਘ ਜੀ ਨਾਭਾ ਨਿਵਾਸ਼ੀ ਗੁਰਮਤ ਪ੍ਰਭਾਕਰ ਦੇ ਪੰਨੇ ੬੦੩ ਪਰ ਲਿਖਦੇ ਹਨ।

ਜੜ੍ਹ ਅਥਵਾ ਚੇਤਨ ਸ੍ਰਿਸਟੀ ਨੂੰ ਸਿਰਜਨਹਾਰ ਤੁਲ ਇਸਟ ਮੰਨਕੇ ਪੂਜਣ ਦਾ ਨਾਉ ਮੂਰਤੀ ਪੂਜਾ ਹੈ, ਜਿਸ ਦਾ ਸਿਖ ਧਰਮ ਵਿਚ ਪਰਮ ਨਿਸ਼ੇਧ ਹੈ।

ਪ੍ਰਭਾਕਰ ਐਡੀਸ਼ਨ ਦੂਸਰਾ ਪੰਨਾ ੬੦੩।

ਭਾਈ ਸੰਤੋਖ ਸਿੰਘ ਜੀ ਸੂਰਜ ਪ੍ਰਕਾਸ਼ ਰੁਤ ਪੰਜ ਅਧਯਾਯ ੩੮ ਵਿਚ ਲਿਖਦੇ ਹਨ।

ਅਸੁਰ ਭੂਤ ਕੀ ਸੇਵਾ ਤਜੈ। ਪਾਹਨ ਕੀ ਪੂਜਾ ਨਹੀ ਜਜੈ।
ਪਾਹਨ ਪੂਜਾ ਕਲਿਕਾ ਭਾਉ। ਮੜੀ ਮਸਾਣੀ ਝੂਠਾ ਸੁਆਉ॥

ਪਾਠ ਹੋਰ ਭੀ ਬਥੇਰੇ ਹਨ। ਪਰ ਮੈਂ ਸਮਝਦਾ ਹਾਂ ਏਨੇ ਪਾਠ ਹੀ ਮੂਰਤੀ ਪੂਜਾ ਦੇ ਨ ਮੰਨਣ ਵਿਚ ਕਾਫੀ ਹਨ, ਹੋਰ ਲਿਖਣ ਦੀ ਲੋੜ ਨਹੀਂ। ਹੁਣ ਪਾਠਕ ਦੇਖ ਲੈਣ ਮੂਰਤੀ ਪੂਜਾ ਦੀ ਬਾਬਤ ਜਿੱਦਾਂ ਰਿਸ਼ੀ ਦਯਾਨੰਦ ਜੀ ਨੇ ਲਿਖਿਆ ਹੈ, ਓਦਾ ਹੀ ਗੁਰੂ ਜੀ ਲਿਖਦੇ ਹਨ ਏਸ ਕਰਕੇ ਏਸ ਗੱਲ ਵਿਚ ਆਰਿਆ ਸਮਾਜ ਤੇ ਸਿਖ ਪੰਥ ਇਕੋ ਜਿਹੇ ਹਨ। ਦੋਹਾਂ ਦਾ ਮੂਰਤੀ ਪੂਜਾ ਨ ਮੰਨਣ ਵਿਚ ਕੋਈ ਫਰਕ ਨਹੀਂ ਹੈ।

———

# ੭ ਜੀਵ

ਸਰੀਰ ਧਾਰੀ ਜੀਵ ਸਰੀਰ ਨਾਲ ਹੀ ਕੰਮ ਕਰਦਾ ਹੈ। ਬਿਨਾਂ ਸਰੀਰ ਤੋਂ ਇਹਦਾ ਪਤਾ ਲਗਣਾ ਔਖਾ ਹੈ। ਸਰੀਰ ਜੀਵ ਦੇ ਭੋਗ ਭੋਗਣ ਥਾਉਂ ਹੈ। ਸਰੀਰ ਵਿਚ ਆਕੇ ਉਹ ਕਰਮ ਕਰਦਾ ਤੇ ਕਰਮਾਂ ਦਾ ਫਲ ਭੋਗਦਾ ਹੈ। ਜੀਵ ਨੂੰ ਨ ਮੰਨਣ ਵਾਲੇ ਸੰਸਾਰ ਵਿਚ ਬਹੁਤ ਥੋੜੇ ਹਨ, ਜੀਵ ਨੂੰ ਮੰਨਣ ਵਾਲੇ ਹੀ ਵਧ ਹਨ। ਨ ਮੰਨਣ ਵਾਲਿਆਂ ਦੀ ਗਿਣਤੀ ਲਖਾਂ ਵਿਚ ਇਕ ਹੋਊਗੀ, ਇਸ ਤੋਂ ਵਧ ਨਹੀਂ। ਇਸ ਕਰਕੇ ਇਸ ਨੂੰ ਵਿਸਤਾਰ ਨਾਲ ਲਿਖਣ ਦੀ ਲੋੜ ਨਹੀਂ, ਇਹ ਗੱਲ ਸੱਚੀ ਹੈ, ਜੀਵ ਦਾ ਸਰੂਪ ਕੋਈ ਕਿਸੇ ਦਸਦਾ ਹੈ ਤੇ ਕੋਈ ਕਿਸੇ ਦਸਦਾ ਹੈ। ਪਰ ਮੰਨਦੇ ਸਾਰੇ ਹੀ ਹਨ। ਇਸ ਪ੍ਰਕਰਣ ਵਿਚ ਇਹੋ ਗੱਲ ਦਸਣੀ ਹੈ ਕਿ ਰਿਸ਼ੀ ਦਯਾਨੰਦ ਜੀ ਜੀਵ ਨੂੰ ਕਿਹੋ ਜੇਹਾ ਮੰਨਦੇ ਹਨ ਤੇ ਗੁਰੂ ਮਹਾਰਾਜ ਜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕਿਸ ਤਰਾਂ ਦਾ ਦਸਦੇ ਹਨ। ਇਹ ਥੋੜਾ ਜੇਹਾ ਲਿਖ ਕੇ ਪ੍ਰਕਰਣ ਖਤਮ ਕੀਤਾ ਜਾਊਗਾ। ਜੀਵ ਦੇ ਮੰਨਿਆਂ ਬਿਨ ਪਰਲੋਕ ਮੰਨਣਾ ਨਹੀਂ ਬਣਦਾ। ਕਿਉਂਕਿ ਜੀਵ ਸ਼ਰੀਰ ਤੋਂ ਅੱਡ ਹੋਵੇ ਤਾਂ ਪਰਲੋਕ ਜਾਕੇ ਕਰਮ ਫਲ ਭੋਗੇ, ਜੇ ਜੀਵ ਹੀ ਨ ਹੋਵੇ ਤਾਂ ਸ਼ਰੀਰ ਤਾਂ ਇਥੇ ਹੀ ਰਹਿ ਜਾਂਦਾ ਹੈ। ਮਰੇ ਸ਼ਰੀਰ ਨੂੰ ਕੋਈ ਅੱਗ ਨਾਲ ਸਾੜ ਦਿੰਦਾ ਹੈ ਕੋਈ ਜ਼ਮੀਨ ਵਿਚ ਦੱਬ ਦਿੰਦਾ ਹੈ। ਕੋਈ ਪਾਣੀ ਵਿਚ ਸੁੱਟ ਦਿੰਦਾ ਹੈ ਤੇ ਕਿਸੇ ਦੇ ਸਰੀਰ ਨੂੰ ਮਾਸਾਹਾਰੀ ਪਸ਼ੂ ਪੰਛੀ ਖਾ ਜਾਂਦੇ ਹਨ। ਕੁਝ ਹੋਵੇ ਸ਼ਰੀਰ ਸੰਸਾਰ ਵਿਚ ਹੀ ਵਿਲੇ ਲਗ ਜਾਂਦਾ ਹੈ। ਇਹਦੇ ਨਾਲ ਕੀਤੇ ਹੋਏ ਕਰਮ ਜੇ ਜੀਵ ਭੋਗਣ ਵਾਲਾ ਨਾ ਹੋਵੇ ਤਾਂ ਇਹ ਮੰਨਣਾ ਪਊਗਾ। ਜ਼ਰੂਰੀ ਨਹੀਂ ਕਿ ਕਰਮਾਂ ਦਾ ਫਲ ਮਿਲੇ। ਜਿਹੜੇ ਕਰਮਾਂ ਦਾ ਫਲ ਮਿਲ ਗਿਆ ਮਿਲ ਗਿਆ, ਜੀਹਦਾ ਨਾ ਮਿਲਿਆ ਨਾ ਮਿਲਿਆ। ਇਸ ਤਰ੍ਹਾਂ ਮੰਨਣ ਨਾਲ ਸੰਸਾਰ ਦੀ ਬਿਵਸਥਾ ਬਿਗੜਦੀ ਹੈ, ਪਰਲੋਕ ਵਾਦ ਉਡਦਾ ਹੈ, ਬੁਰਛਾ ਗਰਦੀ ਹੋ ਜਾਂਦੀ ਹੈ ਧੀਂਗੀ ਧੀਂਗੀ ਵਧਦੀ ਹੈ. ਆਪੋ ਧਾਪੀ ਪੈ ਜਾਂਦੀ ਹੈ। ਇਸ ਲਈ ਜੀਵ ਮੰਨਣ ਜ਼ਰੂਰੀ ਹੈ, ਤਾਕਿ ਸੰਸਾਰ ਦੀ ਮਰਯਾਦਾ ਬੱਝੀ ਰਹੇ ਤੇ ਤਗੜੇ ਮਾੜਿਆਂ ਨੂੰ ਮਿਟਾ ਹੀ ਨ ਦੇਣ। ਰਿਸ਼ੀ ਦਯਾਨੰਦ ਜੀ ਸਤਯਾਰਥ ਪ੍ਰਕਾਸ਼ ਦੇ ਤੀਸਰੇ ਅਤੇ ਨਤਵੇਂ ਸਮੁਲਾਸ ਵਿਚ ਜੀਵਾਦੀ ਬਾਬਤ ਲਿਖਦੇ ਹਨ। ਜਿਸਮੇਂ (ਇੱਛਾ) ਰਾਗ (ਦ੍ਵੇਸ਼) ਵੈਰ (ਪ੍ਰਯਤਨ) ਪੁਰਸ਼ਾਰਥ ਸੁਖ ਦੁਖ (ਗਿਆਨ) ਜਾਨਣਾ

ਗਣਹੋ ਵਹ ਜੀਵ ਆਤਮਾ ਕਹਾਤਾ ਹੈ । ਵੈਸੇਸ਼ਿਕ ਮੇਂ ਇਤਨਾ ਵਿਸ਼ੇਸ਼ ਹੈ । (ਪ੍ਰਾਣ) ਬਾਹਰ ਸੇ ਵਾਯੂ ਕੋ ਭੀਤਰ ਲੇਨਾ (ਅਪਾਨ) ਭੀਤਰ ਸੇ ਵਾਯੂ ਕੋ ਨਿਕਾਲਣਾ, (ਨਿਮੇਸ਼) ਆਂਖ ਨੀਚੇ ਢਾਂਕਨਾ (ਉਨਮੇਸ਼) ਆਂਖੇ (ਪਲਕਾਂ) ਊਪਰ ਉਠਾਨਾ (ਜੀਵਨ) ਪ੍ਰਣਿਕਾ ਧਾਰਣ ਕਰਨਾ (ਮਨ) ਮੰਨਨ, ਵਿਚਾਰ ਅਰਥਾਤ ਗਿਆਨ (ਗਤਿ) ਯਥੇਸ਼ਟ ਗਮਨ ਕਰਣਾ (ਇੰਦ੍ਰਿਯਾਂ) ਇੰਦ੍ਰਿਯੋਂ ਕੋ ਵਿਸ਼ਯੋਂ ਮੇਂ ਚਲਾਣਾ. ਉਨਸੇ ਵਿਸ਼ਯੋਂ ਕਾ ਗ੍ਰਹਿਣ ਕਰਨਾ (ਅੰਤਰ ਵਿਕਾਰ) ਛੁਧਾ, ਤਿਰਿਖਾ, ਜ੍ਵਰ, ਪੀੜਾ ਆਦਿ ਵਿਕਾਰੋਂ ਕਾ ਹੋਨਾ, ਸੁਖ ਦੁਖ ਇੱਛਾ ਦ੍ਵੇਸ਼ ਪ੍ਰਯਤਨ ਯੇ ਸਬ ਆਤਮਾ ਕੇ ਲਿੰਗ ਅਰਥਾਤ ਕਰਮ ਔਰ ਗੁਣ ਹੈ ।

ਸਤਯਾਰਥ: ਸਮੁਲਾਸ ੩

ਪ੍ਰਸ਼ਨ—ਜੀਵ ਸ੍ਵਤੰਤ੍ਰ ਹੈ ਵਾ ਪਰਤੰਤ੍ਰ ?

ਉੱਤਰ—ਅਪਨੇ ਕਰਤਵਯ ਕਰਮੋਂ ਮੇਂ ਸੁਤੰਤਰ ਔਰ ਈਸ਼੍ਵਰ ਕੀ ਬਿਵਸਥਾ ਮੇਂ ਪਰਤੰਤ੍ਰ ਹੈ !

ਪ੍ਰਸ਼ਨ ਸ੍ਵਤੰਤ੍ਰ ਕਿਸਕੋ ਕਹਿਤੇ ਹੈਂ ?

ਉਤਰ ਜਿਸਕੇ ਆਧੀਨ ਸਰੀਰ, ਪ੍ਰਾਣ, ਇੰਦ੍ਰਿਯ ਔਰ ਅੰਤ:ਕਰਣਾਦਿ ਹੋ । ਜੋ ਸ੍ਵਤੰਤ੍ਰ ਨ ਹੋ ਤੋ ਉਸਕੋ ਪਾਪ ਪੁੰਨ ਕਾ ਫਲ ਪ੍ਰਾਪਤ ਨਹੀਂ ਹੋ ਸਕਤਾ । ਕਿਉਂਕਿ ਜੈਸੇ ਭ੍ਰਿਤਯ ਸੁਆਮੀ ਔਰ ਸੈਨਾ ਸੇਨਾਧਯਕਸ਼ ਕੀ ਆਗਿਆ ਅਥਵਾ ਪ੍ਰੇਰਣਾ ਸੇ ਯੁੱਧ ਮੇਂ ਅਨੇਕ ਪੁਰਖੋਂ ਕੋ ਮਾਰਕੇ ਅਪਰਾਧੀ ਨਹੀਂ ਹੋਤੇ, ਵੈਸੇ ਪਰਮੇਸ਼ਵਰ ਕੀ ਪ੍ਰੇਰਣਾ ਔਰ ਆਧੀਨਤਾ ਸੇ ਕਾਮ ਸਿੱਧ ਹੋਂ, ਤੋ ਜੀਵੋਂ ਕੋ ਪਾਪ ਪੁੰਨ ਨ ਲਗੇ ਉਸ ਫਲ ਕਾ ਭਾਗੀ ਪ੍ਰੇਰਕ ਪਰਮੇਸ਼ਵਰ ਹੋਵੇ । ਨਰਕ, ਸੁਰਗ, ਅਰਥਾਤ ਦੁਖ ਸੁਖ ਕੀ ਪ੍ਰਾਪਤੀ ਭੀ ਪਰਮੇਸ਼ਵਰ ਕੋ ਹੋਵੇ । ਜੈਸੇ ਕਿਸੀ ਮਨੁਸ਼ਯ ਨੇ ਸ਼ਸਤ੍ਰ ਵਿਸ਼ੇਸ਼ ਸੇ ਕਿਸੀ ਕੋ ਮਾਰ ਡਾਲਾ ਤੋ ਵਹੀ ਮਾਰਨੇ ਵਾਲਾ ਪਕੜਾ ਜਾਤਾ ਹੈ ਔਰ ਵਹੀ ਦੰਡ ਪਾਤਾ ਹੈ । ਸ਼ਸਤ੍ਰ ਨਹੀਂ ਹੋ ਸਕਤਾ । ਇਸ ਲੀਏ ਅਪਨੇ ਸਮਰਥਾ-ਨਕੂਲ ਕਰਮ ਕਰਨੇ ਮੇਂ ਜੀਵ ਸੁਵਤੰਤਰ ਪਰੰਤੂ ਜਬ ਵਹ ਪਾਪ ਕਰ ਚੁਕਤਾ ਹੈ ਤਬ ਈਸ਼ਵਰ ਕੀ ਵਿਵਸਥਾ ਮੇਂ ਪਰਾਧੀਨ ਹੋ ਕਰ ਪਾਪ ਕੇ ਫਲ ਭੁਗਤਾ ਹੈ । ਇਸ ਲੀਏ ਕਰਮ ਕਰਨੇ ਮੇਂ ਜੀਵ ਸੁਵਤੰਤ੍ਰ ਔਰ ਪਾਪ ਕੇ ਦੁਖ ਰੂਪ ਫਲ ਭੋਗਨੇ ਮੇਂ ਪਰਤੰਤ੍ਰ ਹੋਤਾ ਹੈ ।

ਪ੍ਰਸ਼ਨ—ਜੋ ਪਰਮੇਸ਼ਵਰ ਜੀਵ ਕੋ ਨ ਬਨਾਤਾ ਔਰ ਸਾਮਰਥ ਨ ਦੇਤਾ ਤੋ ਜੀਵ ਕੁਛ ਭੀ ਨ ਕਰ ਸਕਤਾ। ਇਸ ਲੀਏ ਪਰਮੇਸ਼ਵਰ ਕੀ ਪ੍ਰੇਰਨਾ ਹੀ ਸੇ ਜੀਵ ਕਰਮ ਕਰਤਾ ਹੈ।

ਉੱਤਰ—ਜੀਵ ਉਤਪੰਨ ਕਭੀ ਨ ਹੂਆ। ਅਨਾਦਿ ਹੈ। ਜੈਸਾ ਈਸ਼ਵਰ ਔਰ ਜਗਤ ਕਾ ਉਪਾਦਨ ਕਾਰਣ ਨਿਯਤ ਹੈ। ਔਰ ਜੀਵ ਕਾ ਸ਼ਰੀਰ ਤਥਾ ਇੰਦ੍ਰਿਯੋਂ ਕੇ ਗੋਲਕ ਪਰਮੇਸ਼ਵਰ ਕੇ ਬਨਾਏ ਹੁਏ ਹੈਂ, ਪਰੰਤੂ ਵੇ ਸਬ ਜੀਵ ਕੇ ਆਧੀਨ ਹੈਂ। ਜੋ ਕੋਈ ਮਨ ਵਚਨ ਕਰਮ ਸੇ ਪਾਪ ਪੁੰਨ ਕਰਦਾ ਹੈ। ਵਹ ਭੋਗਤਾ ਹੈ, ਈਸ਼ਵਰ ਨਹੀਂ। ਜੈਸੇ ਕਿਸੀ ਕਾਰੀਗਰ ਨੇ ਪਹਾੜ ਸੇ ਲੋਹਾ ਨਿਕਾਲਾ, ਉਸ ਲੋਹੇ ਕੋ ਕਿਸੀ ਵਿਯਾਪਾਰੀ ਨੇ ਲੀਆ। ਉਸ ਕੀ ਦੁਕਾਨ ਸੇ ਲੋਹਾਰ ਨੇ ਲੇ ਤਲਵਾਰ ਬਨਾਈ। ਉਸ ਸੇ ਕਿਸੀ ਸਿਪਾਹੀ ਨੇ ਤਲਵਾਰ ਲੇਲੀ ਫਿਰ ਉਸ ਸੇ ਕਿਸੀ ਕੋ ਮਾਰ ਡਾਲਾ। ਅਬ ਯਹਾਂ ਜੈਸੇ ਵਹ ਲੋਹੇ ਕੋ ਉਤਪਨ ਕਰਨੇ, ਉਸ ਸੇ ਲੇਨੇ, ਤਲਵਾਰ ਬਨਾਨੇ ਵਾਲੇ ਔਰ ਤਲਵਾਰ ਕੋ ਪਕੜ ਕਰ ਰਾਜਾ ਦੰਡ ਨਹੀਂ ਦੇਤਾ, ਕਿੰਤੂ ਜਿਸ ਨੇ ਤਲਵਾਰ ਸੇ ਮਾਰਾ ਵਹੀ ਦੰਡ ਪਾਤਾ ਹੈ। ਇਸ ਪ੍ਰਕਾਰ ਸ਼ਰੀਰ ਆਦਿ ਕੀ ਉਤਪਤੀ ਕਰਨੇ ਵਾਲਾ ਪਰਮੇਸ਼ਵਰ ਉਸ ਕੇ ਕਰਮੋਂ ਕਾ ਭੋਕਤਾ ਨਹੀਂ ਹੋਤਾ। ਕਿੰਤੂ ਜੀਵ ਕੋ ਭੁਗਾਨੇ ਵਾਲਾ ਹੋਤਾ ਹੈ। ਜੋ ਪਰਮੇਸ਼ਵਰ ਕਰਮ ਕਰਤਾ, ਤੋ ਕੋਈ ਜੀਵ ਪਾਪ ਨਹੀਂ ਕਰਤਾ ਕਿਉਂਕਿ ਪਰਮੇਸ਼ਵਰ ਪਵਿਤ੍ਰ ਔਰ ਧਾਰਮਿਕ ਹੋਨੇ ਸੇ ਜੀਵ ਕੋ ਪਾਪ ਕਰਨੇ ਮੇਂ ਪ੍ਰੇਰਨਾ ਨਹੀਂ ਕਰਤਾ। ਇਸ ਲੀਏ ਜੀਵ ਅਪਨੇ ਕਰਮ ਕਰਨੇ ਮੇਂ ਸਵਤੰਤ੍ਰ ਹੈ। ਜੈਸੇ ਜੀਵ ਅਪਨੇ ਕਰਮੋਂ ਕੋ ਕਰਨੇ ਮੇਂ ਸਵਤੰਤ੍ਰ ਹੈ, ਵੈਸੇ ਹੀ ਪਰਮੇਸ਼ਵਰ ਭੀ ਅਪਨੇ ਕਰਮੋਂ ਕੇ ਕਰਨੇ ਮੇਂ ਸਵਤੰਤ੍ਰ ਹੈ।

ਪ੍ਰਸਨ—ਜੀਵ ਔਰ ਈਸ਼ਵਰ ਕਾ ਸਰੂਪ, ਗੁਣ ਕਰਮ ਔਰ ਸੁਭਾਵ ਕੈਸਾ ਹੈ?

ਉੱਤਰ—ਦੋਨੋਂ ਚੇਤਨ ਸਰੂਪ ਹੈਂ। ਸੁਭਾਵ ਦੋਨੋਂ ਕਾ ਪਵਿਤ੍ਰ ਅਬਿਨਾਸ਼ੀ ਔਰ ਧਾਰਮਿਕਤਾ ਆਦਿ ਹੈਂ। ਪਰੰਤੂ ਪਰਮੇਸ਼ਵਰ ਕੇ ਸ੍ਰਿਸ਼ਟੀ ਕੀ ਉਤਪਤੀ, ਸਥਿਤਿ ਪ੍ਰਲਯ ਔਰ ਸਬ ਕੋ ਨਿਯਮ ਮੇਂ ਰਖਨਾ, ਜੀਵੋਂ ਕੋ ਪਾਪ ਪੁੰਨ ਕੇ ਫਲ ਦੇਨਾ ਆਦਿ ਧਰਮ ਯੁਕਤ ਕਰਮ ਹੈਂ, ਔਰ ਜੀਵ ਕੇ ਸੰਤਾਨ ਉਤਪਤੀ, ਉਨ ਕਾ ਪਾਲਨ, ਸ਼ਿਲਪ ਵਿਦਿਆ ਆਦਿ ਅੱਛੇ ਬੁਰੇ ਕਰਮ ਹੈਂ, ਈਸ਼ਵਰ ਕੇ ਨਿਤਯ ਗਿਆਨ, ਆਨੰਦ ਅਨੰਤ ਬਲ ਆਦਿ ਗੁਣ ਹੈਂ ਔਰ ਜੀਵ ਕੇ (ਇੱਛਾ) ਪਦਾਰਥੋਂ

ਕੀ ਪ੍ਰਾਪਤੀ ਕੀ ਅਭਿਲਾਸ਼ਾ (ਦ੍ਵੈਸ਼) ਦੁਖ ਆਦਿ ਕੀ ਅਨਿਛਾ, ਵੈਰ (ਪ੍ਰਯਤਨ) ਪੁਰਸ਼ਾਰਥ ਬਲ (ਸੁਖ) ਆਨੰਦ (ਦੁਖ) ਬਿਲਾਪ ਅਪ੍ਰਸਨਤਾ (ਗਿਆਨ) ਬਿਵੇਕ ਪਹਚਾਨਨਾ ਯੇ ਤੁਲਯ ਹੈਂ ਪਰੰਤੂ ਬੈਸੇਸ਼ਿਕ ਮੇਂ ਪ੍ਰਾਣ ਵਾਯੂ ਕੋ ਬਾਹਰ ਨਿਕਾਲਣਾ (ਆਪਾਨ) ਪਰਾਣ ਕੋ ਬਾਹਰ ਸੇ ਭੀਤਰ ਕੋ ਲੇਨਾ (ਨਮੇਸ਼) ਆਂਖ ਕੋ ਮੀਚਨਾ (ਉਨਮੇਸ਼) ਆਂਖ ਕਾ ਖੋਲਨਾ (ਮਨ) ਨਿਸਚਯ ਸਮਰਣ ਔਰ ਅਹੰਕਾਰ ਕਰਨਾ (ਗਤਿ) ਚਲਨਾ (ਇੰਦ੍ਰਿਯ) ਸਬ ਇੰਦ੍ਰਿਯੋਂ ਕਾ ਚਲਾਨਾ (ਅੰਤਰ ਵਿਕਾਰ) ਭਿੰਨ ਭਿੰਨ ਛੁਧਾ, ਤਿਰਿਖਾ, ਹਰਖ ਸ਼ੋਕ ਆਦਿ ਯੁਕਤ ਹੋਨਾ, ਯੈ ਜੀਵ ਆਤਮਾ ਕੇ ਗੁਣ ਪਰਮਾਤਮਾ ਸੇ ਭਿੰਨ ਹੈ। ਇਨ ਹੀ ਸੇ ਆਤਮਾ ਕੀ ਪ੍ਰਤੀਤਿ ਕਰਨੀ, ਕਿਉਂਕਿ ਵਹ ਸਥੂਲ ਨਹੀਂ ਹੈ, ਜਬ ਤਕ ਆਤਮਾ ਦੇਹ ਮੇਂ ਹੋਤਾ ਹੈ ਤਭੀ ਤਕ ਯਹ ਗੁਣ ਪ੍ਰਕਾਸ਼ਿਤ ਰਹਿਤੇ ਹੈਂ ਔਰ ਜਬ ਸ਼ਰੀਰ ਛੋੜ ਜਾਤਾ ਹੈ ਤਬ ਯੇਹ ਗੁਣ ਸ਼ਰੀਰ ਮੇਂ ਨਹੀਂ ਰਹਤੇ। ਜਿਸ ਕੇ ਹੋਨੇ ਸੇ ਜੋ ਹੋ ਔਰ ਨ ਹੋਨੇ ਸੇ ਨ ਹੋ, ਵੇ ਗੁਣ ਉਸੀ ਕੇ ਹੋਤੇ ਹੈ। ਜੈਸੇ ਦੀਪ ਔਰ ਸੂਰਯ ਕੇ ਨ ਹੋਨੇ ਸੇ ਪ੍ਰਕਾਸ਼ਾਦਿ ਕਾ ਨਾ ਹੋਨਾ ਔਰ ਹੋਨੇ ਸੇ ਹੋਨਾ ਹੈ ਵੈਸੇ ਹੀ ਜੀਵ ਔਰ ਪਰਮਾਤਮਾ ਕਾ ਵਿਗਿਯਾਨ ਗੁਣ ਦੁਆਰਾ ਹੋਤਾ ਹੈ। ਉਪਰ ਲਿਖੇ ਪਾਠ ਤੋਂ ਸਿੱਧ ਹੁੰਦਾ ਹੈ। ਕਿ ਰਿਸ਼ੀ ਦਯਾਨੰਦ ਜੀ ਜੀਵ ਨੂੰ ਨ ਜੰਮਨ ਤੇ ਮਰਨ ਵਾਲਾ ਮੰਨਦੇ ਹਨ। ਉਹ ਆਪਣੀ ਮਰਜ਼ੀ ਨਾਲ ਚੰਗੇ ਮੰਦੇ ਕਰਦਾ ਹੈ। ਔਰ ਉਨ੍ਹਾਂ ਕਰਮਾਂ ਦੇ ਫਲ ਉਸ ਨੂੰ ਪਰਮੇਸ਼ਵਰ ਦੇ ਨਿਯਮਾਨੁਸਾਰ ਮਿਲ ਜਾਂਦੇ ਹਨ। ਉਹ ਅਪਨੇ ਕਰਮਾਨੁਸਾਰ ਅਨੇਕ ਜੂਨੀਆਂ ਵਿਚ ਜਾਕੇ ਦੁਖ ਸੁਖ ਭੋਗਦਾ ਹੈ; ਇਸ ਕਰਕੇ ਪਰਮੇਸ਼ਵਰ ਉੱਤੇ ਭੀ ਪੱਖਪਾਤ ਦਾ ਦੋਸ਼ ਨਹੀਂ ਆਉਂਦਾ ਕਿ ਕਿਉਂ ਕਿਸੇ ਨੂੰ ਸੁਖੀ ਤੇ ਕਿਸੇ ਨੂੰ ਦੁਖੀ ਬਣਾ ਦਿੱਤਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਭੀ ਜੀਵ ਨੂੰ ਦਸਨ ਵਾਲੇ ਅਨੇਕ ਸ਼ਬਦ ਹਨ। ਉਨ੍ਹਾਂ ਵਿਚੋਂ ਥੋੜ੍ਹੇ ਜੇਹੇ ਸ਼ਬਦ ਲਿਖਦਾ ਹਾਂ। ਪਹਲੈ ਪਿਆਰਿ ਲਗਾ ਥਣ ਦੁਧਿ। ਦੂਜੈ ਮਾਇ ਬਾਪ ਕੀ ਸੁਧਿ। ਤੀਜੈ ਭਯਾ ਭਾਭੀ ਬੇਬ। ਚਉਥੈ ਪਿਆਰਿ ਉਪੰਨੀ ਖੇਡ। ਪੰਜਵੈ ਖਾਣ ਪੀਅਣ ਕੀ ਧਾਤੁ। ਛਿਵੈ ਕਾਮੁ ਨ ਪੁਛੈ ਜਾਤਿ। ਸਤਵੈ ਸੰਜਿ ਕੀਆ ਘਰ ਵਾਸੁ। ਅਠਵੈ ਕ੍ਰੋਧੁ ਹੋਆ ਤਨ ਨਾਸੁ। ਨਾਵੈ ਧਉਲੇ ਉਭੇ ਸਾਹ। ਦਸਵੈ ਦਧਾ ਹੋਆ ਸੁਆਹ। ਗਏ ਸਿਗੀਤ ਪੁਕਾਰੀ ਧਾਹ। ਉਡਿਆ ਹੰਸੁ ਦਸਾਏ ਰਾਹ। ਆਇਆ ਗਇਆ ਮੁਇਆ ਨਾਉ।

ਰਾਗ ਮਾਝ ਵਾਰ ਸਲੋਕਾਂ ਨਾਲ ਮ: ੧ ਵਾਰ ੧੮

ਜੀਉ ਪਾਇ ਤਨ ਸਾਜਿਆ ਰਖਿਆ ਬਣਤ ਬਣਾਇ ।
ਅਖੀ ਦੇਖੈ ਜਿਹਵਾ ਬੋਲੇ ਕੰਨੀ ਸੁਰਤਿ ਸਮਾਇ ।
ਪੈਰੀ ਚਲੈ ਹਥੀ ਕਰਣਾ ਦਿਤਾ ਪੈਨੇ ਖਾਇ ।
ਜਿਨ ਰਚਿ ਰਚਿਆ ਤਿਸਹਿ ਨ ਜਾਣੇ ਅੰਧਾ ਅੰਧੁ ਕਮਾਇ ।
ਜਾਂ ਭਜੇ ਤਾਂ ਠੀਕਰ ਹੋਵੇ ਘਾੜਤ ਘੜੀ ਨ ਜਾਇ ।
ਨਾਨਕ ਗੁਰ ਬਿਨ ਨਾਹਿ ਪਤਿ ਪਤਿ ਬਿਣ ਪਾਰ ਨ ਜਾਇ ।

ਮਾਝ ਵਾਰ ਮ: ੧ ਵਾ: ੨

ਜੋ ਆਵਹਿ ਸੇ ਜਾਇ ਫੁਨਿ ਆਏ ਗਏ ਪਛਤਾਹਿ ।
ਲਖ ਚਉਰਾਸੀਹ ਮੇਦਨੀ ਘਟੈ ਨ ਵਧੈ ਉਤਾਹਿ ।
ਸੇ ਜਨ ਉਬਰੇ ਜਿਨ ਹਰਿ ਭਾਇਆ । ਧੰਧਾ ਮੂਆ ਵਿਗੂਤਿ ਮਾਇਆ ।
ਜੋ ਦੀਸੈ ਸੋ ਚਾਲਸੀ ਕਿਸ ਕਉ ਮੀਤੁ ਕਰੇਉ । ਜੀਉ ਸਮਪਉ ਆਪਣਾ
ਤਨ ਮਨ ਆਗੇ ਦੇਉ ।

ਰਾਮਕਲੀ ਦਖਣੀ ਓਅੰਕਾਰ ਮ: ੧ ਸ਼ਬਦ ੪੩

ਜੀਉ ਪਾਇ ਪਿੰਡ ਜਿਨਿ ਸਾਜਿਆ ਦਿਤਾ ਪੈਨਣ ਖਾਣੁ ।
ਅਪਣੇ ਦਾਸ ਕੀ ਆਪ ਪੈਜ ਰਾਖੀ ਨਾਨਕ ਸਦ ਕੁਰਬਾਣ ।

ਰਾਗ ਸੋਰਠ ਮ: ੫ ਸ਼ਬਦ ੪੪

ਦੁਲਭ ਦੇਹ ਪਾਈ ਵਡਭਾਗੀ । ਨਾਮੁ ਨ ਜਪਹਿ ਤੇ ਆਤਮ ਘਾਤੀ । ੧ ।
ਮਰਨ ਜਾਹੀ ਜਿਨ ਬਿਸਰਤ ਰਾਮ । ਨਾਮ ਬਿਹੂਨ ਜੀਵਨ ਕਉਨ ਕਾਮ । ੧ ।
ਰਹਾਉ ।

ਖਾਤ ਪੀਤ ਖੇਲਤ ਹਸਤ ਬਿਸਥਾਰ । ਕਵਨ ਅਰਥ ਮਿਰਤਕ ਸੀਗਾਰ । ੨ ।
ਜੋ ਨ ਸੁਨਹਿ ਜਸੁ ਪਰਮਾਨੰਦਾ । ਪਸੁ ਪੰਖੀ ਤ੍ਰਿਗ ਜੋਨਿ ਤੇ ਮੰਦਾ ।
ਕਾਕੀ ਮਾਈ ਕਾਕੋ ਬਾਪ । ਨਾਮ ਧਾਰੀਕ ਝੂਠੇ ਸਭ ਸਾਕ । ੧ ।
ਕਾਹੇ ਕਉ ਮੂਰਖ ਭਖ ਲਾਇਆ । ਮਿਲਿ ਸੰਜੋਗਿ ਹੁਕਮਿ ਤੂੰ ਆਇਆ । ੧ ।
ਰਹਾਉ ।

ਏਕਾ ਮਾਟੀ ਏਕਾ ਜੋਤਿ । ਏਕੋ ਪਵਨ ਕਹਾ ਕਉਨ ਰੋਤਿ । ੨ ।
ਮੇਰਾ ਮੇਰਾ ਕਰ ਬਿਲ ਲਾਹੀ । ਮਰਣ ਹਾਰ ਇਹੁ ਜੀਅਰਾ ਠਾਹੀ ।

ਰਾਗ ਗਉੜੀ ਮ: ੫ ਸ਼ਬਦ ੧੧੧, ੧੧੨

ਜਾਗਿ ਲੇਹੁ ਰੇ ਮਨਾ ਜਾਗਿ ਲੇਹੁ । ਕਹਾ ਗਾਫਲ ਸੋਇਆ ।
ਜੋ ਤਨ ਉਪਜਿਆ ਸੰਗ ਹੀ ਸੋ ਭੀ ਸੰਗ ਨ ਹੋਇਆ ।

ਮਾਤ ਪਿਤਾ ਸੁਤ ਬੰਧ ਜਨ ਹਿਤ ਜਾਸਿਉ ਕੀਨਾ । ਜੀਵ ਛੂਟਿਉ ਜਬ ਦੇਹ ਤੇ ਡਾਰਿ ਅਗਨਿ ਮੇਂ ਦੀਨਾ ।

ਤਿਲੰਗ ਮਹਲਾ ੯ ਸ਼ਬਦ ੨

ਜੋਨਿ ਛਾਡਿ ਜਉ ਜਗ ਮਹਿ ਆਇਉ । ਲਾਗਤ ਪਵਨਖਸਮ ਬਿਸਾਇਉ। ੧ । ਜੀਅਰਾ ਹਰਿ ਕੇ ਗੁਨ ਗਾਉ। ੧ । ਰਹਾਉ । ਗਰਭ ਜੋਨਿ ਮਹਿ ਉਰਧ ਤਪੁ ਕਰਤਾ। ਤਉ ਜਠਰ ਅਗਨਿ ਮਹਿ ਰਹਿਤਾ । ੨ । ਲਖ ਚਉਰਾਸੀਹ ਜੋਨਿ ਭ੍ਰਮ ਆਇਓ । ਅਬ ਕੇ ਛੁਟਕੇ ਠਉਰਨ ਠਾਇਉ । ਕਹੁ ਕਬੀਰ ਭਜ ਸਾਰੰਗ ਪਾਨੀ। ਆਵਤ ਦੀਸੇ ਜਾਤ ਨ ਜਾਨੀ ।

ਰਾਗ ਗਉੜੀ ਕਬੀਰ ਜੀ ਸ਼ਬਦ ੬੨

ਜੀਅਕਾ ਬੰਧਨ ਸੁਕਰਮ ਬਿਆਪੈ । ਜੋ ਕਿਛੁ ਕੀਆ ਸੁਆਪੇ ਆਪੇ ।
ਪ੍ਰਣਵਤਿ ਨਾਮਦੇਉ ਇਹ ਜੀਉ ਚਿਤਵੈ ਸੁਲਹੈ । ਅਮਰ ਹੋਇ ਸਦਾ ਆਕੁਲ ਰਹੈ ।

ਰਾਗ ਪ੍ਰਭਾਤੀ ਭਗਤ ਨਾਮਦੇਵ ਜੀ ਸ਼ਬਦ ੩

ਉਨਕੇ ਸੰਗਿ ਤੂ ਕਰਤੀ ਕੇਲਿ। ਉਨਕੇ ਸੰਗਿ ਹਮ ਤੁਮ ਸੰਗਿ ਮੇਲ ।
ਉਨਕੇ ਸੰਗਿ ਤੁਮ ਸਭੁ ਕੋਊ ਲੋਰੈ । ਉਸ ਬਿਨਾ ਕਉ ਮੁਖ ਨਹੀਂ ਜੋਰੈ ।
੧ । ਰਹਾਉ ॥

ਉਨਕੇ ਸੰਗਿ ਤੂ ਗ੍ਰਿਹ ਮਹਿ ਮਾਹਰਿ । ਉਨਕੈ ਸੰਗਿ ਤ ਹੋਈ ਹੈ ਜਾਹਰਿ ।
ਉਨ ਕੈ ਸੰਗਿ ਤੂ ਰਖੀ ਪਪੋਲਿ । ਉਸ ਬਿਨਾ ਤੂ ਛੁਟਕੀ ਕੋਲਿ ।
ਉਨ ਕੈ ਸੰਗਿ ਤੇਰਾ ਮਾਨੁ ਮਹਤੁ । ਉਨਕੇ ਸੰਗਿ ਤੁਮ ਸਾਕ ਜਗਤੁ ।
ਉਨ ਕੇ ਸੰਗਿ ਤੇਰੀ ਸਭ ਬਿਧੀ ਬਾਟੀ । ਉਸ ਬਿਨਾ ਤੂ ਹੋਈ ਹੈ ਮਾਟੀ ।੩।
ਉਹ ਬੈਰਾਗਾਂ ਮਰੈ ਨ ਜਾਇ । ਹੁਕਮੇ ਬਾਧਾ ਕਰਮ ਕਮਾਇ ।
ਜੋੜਿ ਵਿਛੋੜੇ ਨਾਨਕ ਥਾਪਿ ॥ ਅਪਣੀ ਕੁਦਰਤਿ ਜਾਣੈ ਆਪਿ ॥੪॥

ਆਸਾ ਮ: ੫ ਸ਼ਬਦ ੮੨

ਜਿਵੇਂ ਰਿਸ਼ੀ ਦਯਾਨੰਦ ਜੀ ਨੇ ਜੀਵ ਨੂੰ ਦਸਿਆ ਹੈ ਜਿਵੇਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਰ ਲਿਖਿਆਂ ਸ਼ਬਦਾਂ ਤੋਂ ਪ੍ਰਗਟ ਹੁੰਦਾ ਹੈ। ਤਾਂ ਤੇ ਇਹੋ ਕਹਿਣਾ ਠੀਕ ਬਣਦਾ ਹੈ ਕਿ ਜੀਵ ਦੇ ਮੰਨਣ ਵਿਚ ਭੀ ਆਰਿਆ ਸਮਾਜ ਅਤੇ ਸਿਖ ਪੰਥ ਇਕੋ ਜੇਹੇ ਹਨ। ਦੋਨੋਂ ਹੀ ਜੀਵ ਨੂੰ ਮੰਨ ਕੇ ਉਹਦੇ ਕੀਤੇ ਕਰਮਾਂ ਦਾ ਫਲ ਉਹਨੂੰ ਹੀ ਦੇਂਦੇ ਹਨ ਤੇ ਇਹ ਮੰਨਦੇ ਹਨ ਕਿ ਜੀਵ ਨ ਮਰਦਾ ਹੈ ਨ ਜੰਮਦਾ ਹੈ। ਕਰਮਾਨੁਸਾਰ ਸਰੀਰ ਨੂੰ ਨਾਲ ਮਿਲਣਾ ਜਮਣਾ ਤੇ ਕਰਮਾਂ ਦੇ ਅਨੁਸਾਰ ਹੀ ਸਰੀਰ ਨੂੰ ਛੌੜ ਜਾਣ ਦਾ ਨਾਉ ਮਰਨਾ ਹੈ। ਅਪਣੇ ਕਰਮਾਂ ਦੇ ਅਨੁਸਾਰ ਜੀਵ ਦੂਜਿ ਜੂਨਿ ਵਿਚ ਚਲਿਆ ਜਾਂਦਾ ਹੈ। ਇਸ ਤੇ ਬਹੁਤਾ ਲਿਖਣ ਦੀ ਲੋੜ ਨਹੀਂ ਹੈ ਏਸ ਕਰਕੇ ਥੋੜ੍ਹਾ ਲਿਖਣ ਨਾਲ ਸਭ ਸਮਝ ਜਾਣਗੇ।

---

# ਵੇਦ

ਵੇਦ ਸੰਸਾਰ ਵਿਚ ਸਭ ਤੋਂ ਪੁਰਾਣੀ ਪੁਸਤਕ ਹੈ। ਇਹ ਗਲ ਸਬ ਲੋਕ ਮੰਨਦੇ ਹਨ ਤੇ ਵੇਦ ਵਿਚ ਜਿਹੜਾ ਧਰਮ ਲਿਖਿਆ ਹੈ, ਉਹ ਸਭ ਮਨੁਖਾਂ ਵਾਸਤੇ ਹੈ। ਵੇਦ ਵਿਚ ਕਿਸੇ ਪੰਥ ਤੇ ਮਜਹਬ ਦਾ ਜਿਕਰ ਨਹੀਂ ਹੈ ਇਸ ਕਰਕੇ ਵੇਦ ਦਾ ਧਰਮ ਸੰਸਾਰ ਦੇ ਸਾਰੇ ਮਨੁੱਖਾਂ ਵਾਸਤੇ ਹੈ। ਵੇਦ ਵਿਚ ਜਿਹੜਾ ਧਰਮ ਲਿਖਿਆ ਹੈ ਉਹ ਅਕਲ ਦੇ ਮੁਤਾਬਕ ਹੈ ਉਹਨੂੰ ਦਲੀਲਾਂ ਨਾਲ ਸਾਬਤ ਕੀਤਾ ਜਾ ਸਕਦਾ ਹੈ। ਜੇ ਕਿਸੇ ਨੇ ਵੇਦ ਦੇ ਅਰਥ ਕਰਨ ਵੇਲੇ ਕੋਈ ਉਲਟੀਆਂ ਗਲਾਂ ਲਿਖ ਦਿੱਤੀਆਂ ਹੋਣ ਤਾਂ ਲਿਖਣ ਵਾਲੇ ਦੀ ਬੁੱਧੀ ਦੀ ਕਮੀ ਹੈ, ਵੇਦ ਦੀ ਨਹੀਂ, ਇਹ ਗੱਲ ਕਣਾਦ ਜੀ ਲਿਖਦੇ ਹਨ। ਸੰਸਾਰ ਵਿਚ ਜਿੰਨੀਆਂ ਚੰਗੀਆਂ ਧਰਮ ਦੀਆਂ ਗੱਲਾਂ ਹਨ, ਉਹ ਸਭ ਵੇਦ ਤੋਂ ਲਈਆਂ ਹੋਈਆਂ ਹਨ, ਤੇ ਬੁਰੀਆਂ ਗੱਲਾਂ ਪੰਥਾਂ ਵਾਲਿਆਂ ਨੇ ਆਪਣੇ ਪਾਸੋਂ ਬਣਾਈਆਂ ਹਨ। ਵੇਦ ਚਾਰ ਹਨ। ਉਨ੍ਹਾਂ ਦੇ ਨਾਉਂ ਹਨ। (੧) ਰਿਗ ਵੇਦ, (੨) ਯਜੁਰ ਵੇਦ, (੩) ਸਾਮ ਵੇਦ ਅਤੇ (੪) ਅਥਰਵ ਵੇਦ। ਇਹ ਚਾਰੇ ਵੇਦ ਚੌਂਹੁ ਰਿਸ਼ੀਆਂ ਉੱਤੇ ਪ੍ਰਗਟ ਹੋਇ, ਅਰਥਾਤ ਜਦ ਪਰਮਾਤਮਾਂ ਨੇ ਜਗਤ ਬਣਾਇਆ, ਉਸ ਵੇਲੇ ਚੌਂਹ ਰਿਸ਼ੀਆਂ ਨੂੰ ਵੇਦਾਂ ਦਾ ਗਿਆਨ

ਦਿੱਤਾ। ਉਨ੍ਹਾਂ ਨੇ ਵੇਦਾਂ ਦਾ ਤੇ ਵੈਦਿਕ ਧਰਮ ਦਾ ਸੰਸਾਰ ਵਿਚ ਪ੍ਰਚਾਰ ਕੀਤਾ। ਉਨ੍ਹਾਂ ਦੇ ਨਾਉਂ ਹਨ ਅਗਨੀ, ਵਾਯੂ, ਆਦਿਤਯ ਅਤੇ ਅੰਗਰਾ। ਅਗਨੀ ਨੂੰ ਰਿਗ ਵੇਦ, ਵਾਯੂ ਨੂੰ ਯਜੁਰ ਵੇਦ, ਆਦਿਤਯ ਨੂੰ ਸਾਮ ਵੇਦ ਅਤੇ ਅੰਗਿਰਾ ਨੂੰ ਅਥਰਵ ਵੇਦ ਦਿੱਤਾ। ਕੋਈ ਇਹ ਭੀ ਆਖਦੇ ਹਨ ਕਿ ਵੇਦ ਉਪਰ ਲਿਖੇ ਰਿਸ਼ੀਆਂ ਨੂੰ ਨਹੀਂ ਦਿੱਤੇ, ਉਹ ਬ੍ਰਹਮਾ ਨੂੰ ਦਿੱਤੇ ਗਏ ਸਨ ਤੇ ਬ੍ਰਹਮਾ ਨੇ ਹੀ ਹੋਰਨਾਂ ਨੂੰ ਪੜ੍ਹਾਏ ਤੇ ਪ੍ਰਚਾਰ ਕੀਤਾ।

ਰਿਸ਼ੀ ਦਯਾਨੰਦ ਜੀ ਤੇ ਹੋਰ ਵੇਦ ਮੰਨਣ ਵਾਲੇ ਸਾਰੇ ਵੇਦਾਂ ਨੂੰ ਸ੍ਵਤ: ਪ੍ਰਮਾਣ ਮੰਨਦੇ ਹਨ। ਅਰਥਾਤ ਵੇਦ ਦੇ ਧਰਮ ਨੂੰ ਹੋਰ ਕਿਸੇ ਪ੍ਰਮਾਣ ਦੀ ਲੋੜ ਨਹੀਂ। ਵੇਦ ਵਿਚ ਜੋ ਲਿਖਿਆ ਹੈ ਉਹ ਮੰਨਣੇ ਯੋਗਯ ਹੀ ਹੈ, ਤੇ ਹੋਰ ਸਾਰੀਆਂ ਪੋਥੀਆਂ ਬ੍ਰਹਮਣ ਗ੍ਰੰਥਾਂ ਤੋਂ ਲੈਕੇ ਪੁਰਾਣਾਂ ਤਕ ਸਬ ਹੀ ਵੇਦ ਦੇ ਅਨੁਸਾਰ ਹਨ ਤਾਂ ਪ੍ਰਮਾਣ, ਅਤੇ ਜੇ ਵੇਦ ਤੋਂ ਉਲਟ ਕਹਿਣ ਤਾਂ ਅਪ੍ਰਮਾਣ ਹੋ ਜਾਂਦੀਆਂ ਹਨ। ਅਰਥਾਤ ਵੇਦ ਸ੍ਵਤ: ਪ੍ਰਮਾਣ, ਤੇ ਹੋਰ ਗ੍ਰੰਥ ਪਰਤ: ਪ੍ਰਮਾਣ ਹਨ। ਇਸ ਕਰਕੇ ਸਬ ਨੂੰ ਵੇਦ ਦੇ ਧਰਮ ਨੂੰ ਮਨ ਕੇ ਉਸ ਦਾ ਪਾਲਨ ਕਰਨਾ ਚਾਹੀਦਾ ਹੈ। ਪੰਥਾਂ ਵਿਚ ਭਟਕ ਕੇ ਜੀਵਨ ਖਰਾਬ ਕਰਨਾ ਨਹੀਂ ਚਾਹੀਦਾ। ਸਤਯਾਰਥ ਪ੍ਰਕਾਸ਼ ਦੇ ਸਤਵੇਂ ਸਮੁਲਾਸ ਵਿਚ ਰਿਸ਼ੀ ਦਯਾਨੰਦ ਜੀ ਨੇ ਲਿਖਿਆ ਹੈ ਕਿ ਜਿਸ ਪਰਮਾਤਮਾ ਸੇ ਰਿਗਵੇਦ ਯਜੁਰਵੇਦ, ਸਾਮਵੇਦ ਔਰ ਅਥਰਵਵੇਦ ਪ੍ਰਕਾਸ਼ਿਤ ਹੂਏ ਹੈਂ, ਵਹ ਕੌਨਸਾ ਦੇਵ ਹੈ ? ਇਸਕਾ (ਉੱਤਰ) ਜੋ ਸਬ ਕੋ ਉਤਪੰਨ ਕਰਕੇ ਧਾਰਣ ਕਰ ਰਹੀ ਹੈ ਵਹ ਪਰਮਾਤਮਾ ਹੈ।" ਜੋ ਸ੍ਵਯੰਭੂ, ਸਰਵ ਵਿਆਪਕ, ਸ਼ੁਧ, ਸਨਾਤਨ, ਨਿਰਾਕਾਰ, ਪਰਮੇਸ਼ਵਰ ਹੈ ਵਹ ਸਨਾਤਨ ਜੀਵ ਰੂਪ ਪ੍ਰਜਾ ਕੇ ਕਲਿਆਣ ਅਰਥ ਰੀਤੀ ਪੂਰਵਕ ਵੇਦ ਦਵਾਰਾ ਸਬ ਵਿਦਆਉਂ ਕਾ ਉਪਦੇਸ਼ ਕਰਤਾ ਹੈ।

ਪ੍ਰਸ਼ਨ—ਪਰਮੇਸ਼ਵਰ ਕੋ ਆਪ ਨਿਰਾਕਾਰ ਮਾਨਤੇ ਹੋ ਵਾ ਸਾਕਾਰ ?

ਉੱਤਰ—ਨਿਰਾਕਾਰ ਮਾਨਤੇ ਹੈਂ।

ਪ੍ਰਸ਼ਨ—ਜਬ ਨਿਰਾਕਾਰ ਹੈ ਤੋ ਵੇਦ ਵਿਦਯਾ ਕਾ ਉਪਦੇਸ਼ ਬਿਨਾ ਮੁਖ ਕੇ ਵਰਣੋਚਾਰਣ ਕੈਸੇ ਹੋ ਸਕਾ ਹੋਗਾ ? ਕਿਉਂਕਿ ਵਰਣੋਂ ਕੇ ਉਚਾਰਣ ਮੇਂ ਤੂਲਾਆਦਿ ਸਥਾਨ, ਜਿਹਵਾ ਕਾ ਪ੍ਰਯਤਨ ਅਵਸ਼ਯ ਹੋਨਾ ਚਾਹੀਏ।

ਉੱਤਰ—ਪਰਮੇਸ਼ਵਰ ਕੇ ਸਰਵ ਸ਼ਕਤਿਮਾਨ ਔਰ ਸਰਵ ਵਿਆਪਕ ਹੋਨੇ ਸੇ ਜੀਵੋਂ ਕੋ ਅਪਨੀ ਵਿਯਾਪਤਿ ਸੇ ਵੇਦ ਵਿਦਿਆ ਕੇ ਉਪਦੇਸ਼ ਕਰਨੇ ਮੇਂ ਕੁਛ ਭੀ ਮੁਖਾਦਿ ਕੀ ਅਪੇਕਸ਼ਾ ਨਹੀਂ ਹੈ। ਕਿਉਂਕਿ ਮੁਖ, ਜਿਹਵਾ ਸੇ ਵਰਣੋਚਾਰਣ ਅਪਣੇ ਸੇ ਭਿੰਨ ਕੇ ਬੋਧ ਹੋਨੇ ਕੇ ਲੀਏ ਕੀਆ ਜਾਤਾ ਹੈ। ਕੁਛ ਅਪਨੇ ਲੀਏ ਨਹੀਂ। ਕਿਉਂਕਿ ਮੁਖ, ਜਿਹਵਾ ਕੇ ਵਿਆਪਾਰ ਕਰੇ ਬਿਨਾ ਹੀ ਮਨ ਮੇਂ ਅਨੇਕ ਵਿਵਹਾਰੋਂ ਕਾ ਵਿਚਾਰ ਔਰ ਸ਼ਬਦੋਚਾਰਣ ਹੋਤਾ ਰਹਿਤਾ ਹੈ। ਕਾਨੋਂ ਕੋ ਅੰਗੁਲੀਉਂ ਸੇ ਮੂੰਦ ਕੇ ਦੇਖੋ, ਸੁਨੋ ਕਿ ਬਿਨਾ ਮੁਖ, ਜਿਹਵਾ ਤਾਲੂ ਆਦਿ ਸਥਾਨੋਂ ਕੇ ਕੈਸੇ ਕੈਸੇ ਸ਼ਬਦ ਹੋ ਰਹੇ ਹੈਂ, ਵੈਸੇ ਜੀਵੋਂ ਅੰਤਰਯਾਮੀ ਰੂਪ ਸੇ ਉਪਦੇਸ਼ ਕੀਆ ਹੈ। ਕਿੰਤੂ ਕੇਵਲ ਦੂਸਰੋਂ ਕੋ ਸਮਝਾਨੇ ਕੇ ਲੀਏ ਉਚਾਰਣ ਕਰਨੇ ਕੀ ਆਵਸ਼ਯਕਤਾ ਹੈ। ਜਬ ਪਰਮੇਸ਼ਵਰ ਨਿਰਾਕਾਰ ਸਰਵ ਵਿਆਪਕ ਹੈ ਤੋ ਅਪਨੀ ਅਖਿਲ ਵੇਦ ਵਿਦਿਆ ਕਾ ਉਪਦੇਸ਼ ਜੀਵਸਥ ਸਰੂਪ ਸੇ ਜੀਵ ਆਤਮਾ ਮੇਂ ਪ੍ਰਕਾਸ਼ਿਤ ਕਰ ਦੇਤਾ ਹੈ। ਫਿਰ ਵਹ ਮਨੁਸ਼ ਅਪਨੇ ਮੁਖ ਸੇ ਉਚਾਰਣ ਕਰਕੇ ਦੂਸਰੋਂ ਕੋ ਸੁਨਾਤਾ ਹੈ। ਇਸ ਲੀਏ ਈਸ਼ਰ ਮੇਂ ਯਹ ਦੋਸ਼ ਨਹੀਂ ਆ ਸਕਤਾ।

ਪ੍ਰਸ਼ਨ—ਕਿਨ ਕੇ ਆਤਮਾ ਮੇਂ ਕਬ ਵੇਦੋਂ ਕਾ ਪ੍ਰਕਾਸ਼ ਕੀਆ ?

ਉੱਤਰ—ਪ੍ਰਥਮ ਸ੍ਰਿਸ਼ਟੀ ਕੀ ਆਦਿ ਮੇਂ ਪਰਮਾਤਮਾ ਨੇ ਅਗਨੀ, ਵਾਯੂ, ਆਦਿਤਯ ਤਥਾ ਅੰਗਿਰਾ ਇਨ ਰਿਸ਼ਿਉਂ ਕੇ ਆਤਮਾ ਮੇਂ ਏਕ ਏਕ ਵੇਦ ਕਾ ਪ੍ਰਕਾਸ਼ ਕੀਆ।

ਪ੍ਰਸ਼ਨ—ਉਪਨਿਸ਼ਦ ਮੇਂ ਬ੍ਰਹਮਾ ਜੀ ਕੇ ਹਿਰਦੇ ਮੇਂ ਵੇਦ ਕਾ ਉਪਦੇਸ਼ ਕੀਆ ਹੈ, ਐਸਾ ਲਿਖਾ ਹੈ। ਫਿਰ ਅਗਨੀ ਆਦਿ ਰਿਸ਼ੀਉਂ ਕੇ ਆਤਮਾ ਮੇਂ ਕਿਉਂ ਕਹਾ।

ਉੱਤਰ—ਬ੍ਰਹਮਾ ਕੇ ਆਤਮਾ ਮੇਂ ਅਗਨੀ ਆਦਿ ਕੇ ਦੁਆਰਾ ਸਥਾਪਿਤ ਕਰਾਯਾ। ਦੇਖੋ ਮਨੂ ਜੀ ਕਹਤੇ ਹੈਂ ਕਿ ਜਿਸ ਪਰਮਾਤਮਾ ਨੇ ਆਦਿ ਸ੍ਰਿਸ਼ਟੀ ਮੇਂ ਮਨੁਸ਼ੋਂ ਕੋ ਉਤਪੰਨ ਕਰਕੇ ਅਗਨੀ ਆਦਿ ਚਾਰੋਂ ਰਸ਼ੀਉਂ ਕੇ ਦੁਆਰਾ ਚਾਰੋਂ ਵੇਦ ਬ੍ਰਹਮਾ ਕੋ ਪ੍ਰਾਪਤ ਕਰਾਏ ਔਰ ਉਸ ਬ੍ਰਹਮਾ ਨੇ, ਅਗਨੀ, ਵਾਯੂ ਆਦਿਤਯ ਔਰ ਅੰਗਿਰਾ ਸੇ ਰਿਗ, ਯਜੂ, ਸਾਮ ਔਰ ਅਥਰਵ ਵੇਦ ਕਾ ਗ੍ਰਹਣ ਕੀਆ।

ਪ੍ਰਸ਼ਨ—ਉਨ ਚਾਰੋਂ ਹੀ ਮੇਂ ਵੇਦੋਂ ਕਾ ਪ੍ਰਕਾਸ਼ ਕੀਆ, ਅੰਨਯ ਮੇਂ ਨਹੀਂ, ਇਸ ਸੇ ਈਸ਼ਵਰ ਪਕਸ਼ਪਾਤੀ ਹੋਤਾ ਹੈ।

ਉੱਤਰ—ਵੋਹੀ ਚਾਰ ਸਬ ਜੀਵੋਂ ਸੇ ਪਵਿਤ੍ਰ ਵਿਦਆ ਕਾ ਪ੍ਰਕਾਸ਼ ਉਨ ਹੀਂ ਮੇਂ ਕੀਆ।

ਪ੍ਰਸ਼ਨ—ਵੇਦ ਇਸ਼ਵਰ ਕ੍ਰਿਤ ਹੈਂ ਅਨਯ ਕ੍ਰਿਤ ਨਹੀਂ ਇਸ ਮੇਂ ਕਿਆ ਪ੍ਰਮਾਨ ਹੈ।

ਉੱਤਰ—ਜੈਸਾ ਈਸ਼ਵਰ ਪਵਿਤ੍ਰ ਸਰਵ ਵਿਦਿਆ ਵਿਤ ਸ਼ੁਧ ਗੁਣ, ਕਰਮ ਸਵਭਾਵ ਨਿਯਾਇਕਾਰੀ ਦਿਆਲੂ ਆਦਿ ਗੁਣੋਂ ਵਾਲਾ ਹੈ, ਵੈਸੇ ਜਿਸ ਪੁਸਤਕ ਮੇਂ ਈਸ਼ਵਰ ਕੇ ਗੁਣ-ਕਰਮ-ਸਵਭਾਗ ਕੇ ਅਨੁਕੂਲ ਕਥਨ ਹੋ, ਵਹ ਈਸ਼ਵਰ ਕ੍ਰਿਤ ਅਨਯ ਨਹੀਂ ਔਰ ਜਿਸ ਮੇਂ ਸ੍ਰਿਸ਼ਟੀ ਕ੍ਰਮ ਪ੍ਰਤਯਕਸ਼ ਆਦਿ ਪ੍ਰਮਾਣ ਆਪ ਹੋਂ ਔਰ ਪਵਿਤ੍ਰ ਆਤਮਾ ਕੇ ਵਿਵਹਾਰ ਕੇ ਵਿਰੁਧ ਕਥਨ ਨ ਹੋ, ਵਹ ਈਸ਼ਵਰੋਕਤ ਜੇਸਾ ਈਸ਼ਵਰ ਕਾ ਨਿਰਮਲ ਗਿਆਨ ਵੈਸਾ ਜਿਸ ਪੁਸਤਕ ਮੇਂ ਭ੍ਰਾਂਤਿ ਰਹਿਤ ਗਿਆਨ ਕਾ ਪ੍ਰਤਿ ਪਾਦਨ ਹੋ ਵਹ ਈਸਰੋਕਤ। ਜੈਸਾ ਪਰਮੇਸ਼ਵਰ ਹੈ ਔਰ ਜੈਸਾ ਸ੍ਰਿਸਟੀ ਕ੍ਰਮ ਰੱਖਾ ਹੈ, ਵੈਸਾ ਹੀ ਈਸ਼ਵਰ, ਸ੍ਰਿਸ਼ਟੀ ਕ੍ਰਮ ਕਾਰਯ, ਕਾਰਣ ਔਰ ਜੀਵ ਕਾ ਪ੍ਰਤਿਪਾਦਨ ਜਿਸ ਮੇਂ ਹੋਵੇ ਵਹ ਪਰਮੇਸ਼ਵਰ ਰੋਕਤ ਪੁਸਤਕ ਹੋਤਾ ਹੈ ਔਰ ਜੋ ਪ੍ਰਤਯਕਸ਼ਆਦਿ ਪ੍ਰਮਾਣ ਵਿਸ਼ਯੋਂ ਸੇ ਅਵਿਰੁਧ ਸ਼ੁਧ ਆਤਮਾ ਕੇ ਸਵਭਾਗ ਸੇ ਵਿਰੁਧ ਨ ਹੋਂ, ਇਸ ਪ੍ਰਕਾਰ ਕੇ ਵੇਦ ਹੈਂ।

ਪ੍ਰਸ਼ਨ—ਵੇਦ ਕੋ ਈਸ਼ਵਰ ਸੇ ਹੋਨੇ ਕੀ ਅਵਸ਼ਯਕਤਾ ਕੁਛ ਭੀ ਨਹੀਂ ਕਿਉ ਕਿ ਲੋਗ ਕ੍ਰਮ: ਗਿਆਨ ਬੜਾਤੇ ਜਾਕਰ ਪਸਚਾਤ ਪੁਸਤਕ ਭੀ ਬਨਾ ਲੇਂਗੇ।

ਉੱਤਰ—ਕਭੀ ਨਹੀਂ ਬੜਾ ਸਕਤੇ। ਕਿਉਂਕਿ ਬਿਨਾ ਕਾਰਨ ਕੇ ਕਾਰਯੋਤ-ਪਤਿ ਕਾ ਹੋਨਾ ਅਸੰਭਵ ਹੈ। ਜੈਸੇ ਜੰਗਲੀ ਮਨੁਸ਼ਯ ਸ੍ਰਿਸ਼ਟੀ ਕੋ ਦੇਖ ਕਰ ਭੀ ਵਿਦਵਾਨ ਨਹੀਂ ਹੋਤੇ ਔਰ ਜਬ ਉਨ ਕੋ ਕੋਈ ਸ਼ਿਕਸਕ ਮਿਲ ਜਾਏ। ਤੋ ਵਿਦ-ਵਾਨ ਹੋ ਜਾਤੇ ਹੈਂ। ਔਰ ਅਬ ਭੀ ਕਿਸੀ ਸੇ ਪੜ੍ਹੇ ਬਿਨਾਂ ਕੋਈ ਭੀ ਵਿਦਵਾਨ ਨਹੀਂ ਹੋਇਆ। ਇਸ ਪ੍ਰਕਾਰ ਜੋ ਪਰਮਾਤਮਾ ਉਨ ਆਦਿ ਸ੍ਰਿਸ਼ਟੀ ਕੇ ਰਿਸ਼ੀਯੋਂ ਕੋ ਵੇਦ ਵਿਦਯਾ ਨ ਪੜ੍ਹਾਤਾ ਔਰ ਵੇ ਅਨਯ ਕੋ ਨ ਪੜ੍ਹਾਤੇ ਤੋ ਸਬ ਲੋਗ ਅਵਿਦ-ਵਾਨ ਹੀ ਰਹਿ ਜਾਤੇ ਹੈਂ। ਜੈਸੇ ਕਿਸੀ ਕੇ ਬਾਲਕ ਕੋ ਜਨਮ ਸੇ ਏਕਾਂਤ ਦੇਸ਼ ਅਵਿਦਵਾਨੋਂ ਵ ਪਸ਼ੂਉ ਕੇ ਸੰਗ ਮੇਂ ਰਖ ਦੇਵੇਂ. ਤੋ ਵਹ ਜੈਸਾ ਸੰਗ ਹੈ ਵੈਸਾ ਹੀ ਹੋ ਜਾਏਗਾ। ਇਸ ਕਾ ਦ੍ਰਿਸਟਾਂਤ ਜੰਗਲੀ ਭੀਲ ਆਦਿ ਹੈਂ। ਜੈਸੇ ਵਰਤਮਾਨ ਸਮੇਂ ਮੇਂ ਹਮ ਲੋਗ ਅਧਿਆਪਕੋਂ ਸੇ ਪੜ੍ਹ ਕੇ ਵਿਦਵਾਨ ਹੋਤੇ ਹੈਂ, ਪਰਮੇਸ਼ਵਰ

ਸ੍ਰਿਸ਼ਟੀ ਕੇ ਆਰੰਭ ਮੇ ਉਤਪੰਨ ਹੁਏ ਅਗਨੀ ਆਦਿ ਰਿਸ਼ਿਉਂ ਕਾ ਗੁਰੂ ਅਰਥਾਤ ਪੜਾਨੇਹਾਰਾ ਹੈ। ਕਿਉਂਕਿ ਜੈਸੇ ਜੀਵ ਸ਼ਸ਼ੁਪਤਿ ਔਰ ਪ੍ਰਲਯ ਮੇਂ ਗਿਆਨ ਰਹਿਤ ਹੋ ਜਾਤੇ ਹੈਂ, ਵੈਸਾ ਪਰਮੇਸ਼ਵਰ ਨਹੀਂ ਹੋਤਾ, ਉਸਕਾ ਗਿਆਨ ਨਿਯਤ ਹੈ। ਇਸ ਲੀਏ ਯਹ ਨਿਸਚਿਤ ਜਾਨਨਾ ਚਾਹੀਏ ਕਿ ਬਿਨਾ ਨਿਮਿੱਤ ਕੇ ਨੈਮਿੱਤਕ ਅਰਥ ਸਿਧ ਕਭੀ ਨਹੀਂ ਹੋਤਾ।

ਪ੍ਰਸ਼ਨ - ਵੇਦ ਸੰਸਕ੍ਰਿਤ ਭਾਸ਼ਾ ਮੇਂ ਪ੍ਰਕਾਸ਼ਿਤ ਹੂਏ ਔਰ ਵੇ ਅਗਨੀ ਆਦਿ ਰਿਸ਼ੀ ਲੋਗ ਉਸ ਸੰਸਕ੍ਰਿਤ ਭਾਸ਼ਾ ਕੋ ਨਹੀਂ ਜਾਨਤੇ ਥੇ ਫਿਰ ਵੇਦੋਂ ਕਾ ਅਰਥ ਉਨਹੋਂ ਨੇ ਕੈਸੇ ਸਮਝਾ ?

ਉੱਤਰ—ਪਰਮੇਸ਼ਵਰ ਨੇ ਜਨਾਇਆ ਔਰ ਪਰਮਾਤਮਾ ਯੋਗੀ ਮਹਿਰਿਸ਼ੀ ਲੋਗ ਜਬ ਜਬ ਜਿਸ ਜਿਸ ਕੇ ਅਰਥ ਜਾਨਨੇ ਕੀ ਇਛਾ ਕਰਕੇ ਧਿਆਨ ਅਵਸਥਿਤ ਹੋ ਕੇ ਪਰਮੇਸ਼ਵਰ ਕੇ ਸਰੂਪ ਮੇਂ ਸਮਾਧੀ ਸਿਥਿਤ ਹੂਏ ਤਬ ਤਬ ਪਰਮਾਤਮਾ ਨੇ ਅਭੀਸ਼ਟ ਮੰਤਰੋਂ ਕੇ ਅਰਥ ਜਨਾਏ। ਬਹੁਤੋਂ ਕੇ ਆਤਮਾਉਂ ਮੇਂ ਵੇਦ ਅਰਥ ਹੂਆ ਤਬ ਰਿਸ਼ੀ ਮੁਨੀਓਂ ਨੇ ਵਹ ਅਰਥ ਔਰ ਰਿਸ਼ੀ ਮੁਨੀਓ ਕੇ ਇਤਿਹਾਸ ਪੂਰਵਕ ਗ੍ਰੰਥ ਬਨਾਏ। ਉਨਕਾ ਨਾਮ ਬ੍ਰਾਹਮਣ ਅਰਥਾਤ ਬ੍ਰਹਮ ਜੋ ਵੇਦ ਉਸਕਾ ਵਿਯਾਖਯਾਨ ਗ੍ਰੰਥ ਹੋਨੇ ਸੇ ਬ੍ਰਾਹਮਣ ਨਾਮ ਹੂਆ।

ਪ੍ਰਸ਼ਨ—ਵੇਦ ਕਿਨ ਗ੍ਰੰਥੋਂ ਕਾ ਨਾਮ ਹੈ ?

ਉੱਤਰ —ਰਿਗ, ਯਜੁਰ, ਸਾਮ ਔਰ ਅਥਰਵ ਮੰਤ੍ਰ ਸੰਹਿਤਾਓਂ ਕਾ ਅਨਯ ਕਾ ਨਹੀਂ।

ਪ੍ਰਸ਼ਨ — ਕਾਤਯਾਇਨ ਜੀ ਮੰਤ੍ਰ, ਬ੍ਰਾਹਮਣ ਦੋਨੋਂ ਕੋ ਵੇਦ ਲਿਖਤੇ ਹੈ।

ਉੱਤਰ – ਦੇਖੋ ਸੰਹਿਤਾ ਪੁਸਤਕ ਕੇ ਆਰੰਭ ਅਧਿਆਇ ਕੀ ਸਮਾਪਤਿ ਮੇਂ ਵੇਦ ਸ਼ਬਦ ਸਨਾਤਨ ਸੇ ਲਿਖਾ ਆਤਾ ਹੈ ਔਰ ਬ੍ਰਾਹਮਣ ਪੁਸਤਕ ਕੇ ਆਰੰਭ ਵ ਅਧਿਆਇ ਕੀ ਸਮਾਪਤਿ ਪਰ ਮੇਂ ਨਹੀਂ ਲਿਖਾ। ਇਸ ਸੇ ਵਿਦਿਤ ਹੋਤਾ ਹੈ, ਕਿ ਵੇਦ ਮੰਤ੍ਰ ਭਾਗ ਔਰ ਬ੍ਰਾਹਮਣ ਵਿਯਾਖਯਾਨ ਹੈ ਇਸ ਮੇਂ ਜੋ ਵਿਸ਼ੇਸ਼ ਦੇਖਨਾ ਚਾਹੇ ਵਹ ਮੇਰੀ ਬਨਾਈ ਰਿਗਵੇਦਾਦੀ ਭਾਸ਼ਯ ਭੂਮਿਕਾ ਮੇਂ ਦੇਖ ਲੇ ਵਹਾਂ ਅਨੇਅਸ਼: ਪ੍ਰਮਾਣੋਂ ਕੇ ਵਿਰੁਧ ਹੋਨੇ ਸੇ ਯਹ ਕਾਤਯਾਨਿ ਕਾ ਵਚਨ ਨਹੀਂ ਹੋ ਸਕਤਾ, ਐਸਾ ਹੀ ਸਿੱਧ ਕਿਆ ਗਿਆ ਹੈ, ਕਿਉਂਕਿ ਜੋ ਮਾਨੇ ਤੋ ਵੇਦ ਸਨਾਤਨ ਕਭੀ ਨਹੀਂ

ਹੋ ਸਕੇਂ । ਕਿਉਂਕਿ ਬ੍ਰਾਹਮਣ ਪੁਸਤਕੋਂ ਮੇਂ ਬਹੁਤ ਸੇ ਰਿਸ਼ੀ, ਮਹਿਰਸ਼ੀ ਔਰ ਰਾਜ ਆਦਿ ਕੇ ਇਤਿਹਾਸ ਲਿਖੇ ਹੈਂ ਔਰ ਇਤਿਹਾਸ ਜਿਸਕਾ ਹੋ ਉਸ ਕੇ ਜਨਮ ਕੇ ਪਸ਼ਚਾਤ ਲਿਖਾ ਜਾਤਾ ਹੈ । ਵਹ ਗ੍ਰੰਥ ਭੀ ਉਸਕੇ ਜਨਮ ਕੇ ਪਸ਼ਚਾਤ ਹੋਤਾ ਹੈ । ਵੇਦੋਂ ਮੇਂ ਕਿਸੀ ਕਾ ਇਤਿਹਾਸ ਨਹੀਂ ਕਿੰਤੂ ਜਿਸ ਜਿਸ ਸ਼ਬਦ ਸੇ ਵਿਦਿਆ ਕਾ ਬੋਧ ਹੋਵੇ ਉਸ ਕੇ ਸ਼ਬਦ ਕਾ ਪ੍ਰਯੋਗ ਕੀਆ ਹੈ ਕਿਸੀ ਵਿਸ਼ੇਸ਼ ਕੀ ਸੰਗਿਆ ਵਾ ਵਿਸ਼ੇਸ਼ ਕਥਾ ਕਾ ਪ੍ਰਸਗ ਵੇਦ ਮੇਂ ਨਹੀਂ । ਉਪਰਲੇ ਲੇਖ ਵਿਚ ਇਹ ਗੱਲਾਂ ਹਨ ।

੧. ਵੇਦ ਈਸ਼ਵਰ ਨੇ ਸੰਸਾਰ ਦੇ ਸ਼ੁਰੂ ਰਿਸ਼ੀਆਂ ਨੂੰ ਦਿੱਤੇ ।

੨. ਵੇਦ ਅਗਨੀ. ਵਾਯੂ, ਆਦਿਤਯ ਤੇ ਅੰਗਿਰਾ ਰਿਸ਼ੀ ਨੂੰ ਦਿੱਤੇ ।

੩. ਵੇਦ ਹੀ ਧਰਮ ਪੁਸਤਕ ਹੈ ।

੪. ਬ੍ਰਾਹਮਣ ਗ੍ਰੰਥ ਵੇਦ ਨਹੀਂ । ਵੇਦ ਕੇਵਲ ਮੰਤ੍ਰ ਭਾਗ ਹੀ ਹੈ ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ੍ਰੀ ਗੁਰੂ ਮਹਾਰਾਜ ਨੇ ਹੋਰ ਗਲਾਂ ਤਾਂ ਲਿਖਿਆਂ ਹਨ. ਪਰ ਵੇਦ ਚਹੁੰ ਰਿਸ਼ੀਆਂ ਨੂੰ ਦਿੱਤੇ ਇਹ ਕਿਤੇ ਨਹੀਂ ਲਿਖਿਆ । ਉਥੇ ਵੇਦ ਬ੍ਰਹਮੇ ਨੂੰ ਦਿੱਤੇ ਇਹ ਥਾਂ ਥਾਂ ਤੇ ਮਿਲਦਾ ਹੈ । ਤਾਂ ਤੇ ਜਿਹੜੀ ਗੱਲ ਦਾ ਰਿਸ਼ੀ ਦਯਾਨੰਦ ਨੇ ਖੰਡਨ ਕੀਤਾ ਹੈ ਕਿ ਬ੍ਰਹਮੇ ਨੂੰ ਈਸ਼ਵਰ ਨੇ ਵੇਦ ਨਹੀਂ ਦਿੱਤੇ ਏਸੇ ਗਲ ਨੂੰ ਗੁਰੂ ਮਹਾਰਾਜ ਜੀ ਨੇ ਮੰਨਿਆ ਹੈ । ਇਸ ਤੋਂ ਬਿਨਾ ਹੋਰ ਗੱਲਾਂ ਮੰਨੀਆਂ ਹੋਈਆਂ ਪ੍ਰਤੀਤ ਹੁੰਦੀਆਂ ਹਨ । ਇਕ ਗਲ ਹੋਰ ਹੈ ਜਿਹੜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਪੜ੍ਹਨ ਤੋਂ ਪਤਾ ਲਗਦਾ ਹੈ, ਕਿ ਕਈ ਥਾਂਈਂ ਵੇਦ ਦੀ ਨਿੰਦਾ ਭੀ ਹੈ । ਉਹ ਪਾਠ ਅੱਗੇ ਜਾਕੇ ਲਿਖੂੰਗਾ ਪਰ ਉਹ ਨਿੰਦਾ ਇਸੇ ਤਰ੍ਹਾਂ ਹੈ, ਜੇ ਕੋਈ ਵੇਦ ਨੂੰ ਮਨੇ ਜਾਂ ਪੜ੍ਹੇ ਪਰ ਕੰਮ ਚੰਗੇ ਨਾ ਕਰਕੇ, ਮੰਦੇ ਹੀ ਕਰਦਾ ਰਹੇ. ਉਹਨੂੰ ਵੇਦ ਕੁਝ ਨਹੀਂ ਕਰਦਾ। ਇਹ ਨਿੰਦਾ ਹਰ ਏਕ ਧਰਮ ਪੁਸਤਕ ਤੇ ਲਗ ਸਕਦੀ ਹੈ । ਇਹ ਨਿੰਦਾ ਉਨ੍ਹਾਂ ਲਾਈ ਹੈ, ਜਿਹੜੇ ਅਧਿਕਾਰੀ ਨਹੀਂ ਹਨ । ਅਨਧਿਕਾਰੀ ਵੇਦ ਦੀ ਨਿੰਦਾ ਦੇ ਕਾਰਣ ਹਨ ਵੇਦ ਨਿੰਦਾ ਯੋਗ ਨਹੀਂ ਹਨ । ਉਪਰਲੀਆਂ ਗੱਲਾਂ ਨੂੰ ਸਿੱਧ ਕਰਨ ਵਾਸਤੇ ਅੱਗੇ ਸੀ, ਗੁਰੂ ਗ੍ਰੰਥ ਸਾਹਿਬ ਦੇ ਸ਼ਬਦ ਲਿਖਦਾ ਹਾਂ । ਤਾਕਿ ਪਾਠਕਾਂ ਨੂੰ ਸੋਚਣ ਦਾ ਸਮਾਂ ਮਿਲ ਜਾਵੇ ਤੇ ਉਹ ਰਿਸ਼ੀ ਦਯਾਨੰਦ ਦੇ ਲਿਖੇ ਸਤਯਾਰਥ ਪ੍ਰਕਾਸ਼ ਦੇ ਪਾਠ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ

ਦੇ ਸ਼ਬਦਾਂ ਨੂੰ ਮਿਲਾਕੇ ਦੇਖ ਲੈਣ ਕਿ ਉਹ ਇਕੋ ਗੱਲ ਨੂੰ ਦੱਸਣ ਵਾਲੇ ਮਹਾਂ ਪੁਰਖਾਂ ਦੇ ਵਚਨ ਇਕੋ ਜਿਹੇ ਹੀ ਹਨ ਜਾਂ ਅੱਡ ਅੱਡ ਹਨ।

"ਵੇਦ ਈਸ਼ਵਰ ਦੇ ਹਨ" ਇਸਦੇ ਪ੍ਰਮਾਣ—

ਓਅੰਕਾਰ ਬ੍ਰਹਮਾ ਉਤਪਤਿ। ਓਅੰਕਾਰ ਕੀਆ ਜਿਨਿ ਚਿਤਿ।
ਓਅੰਕਾਰ ਸਲ ਜੁਗ ਭਏ। ਓਅੰਕਾਰ ਬੇਦ ਨਿਰਮਏ।
ਓਅੰਕਾਰ ਸਬਦਿ ਉਧਰੇ। ਓਅੰਕਾਰ ਗੁਰਮੁਖਿ ਤਰੇ।
ਰਾਗ ਰਾਮਕਲੀ ਮ: ੧ ਦਖਣੀ ਓਅੰਕਾਰ ਸ਼ਬਦ ੧

ਚਉਥ ਉਪਾਏ ਚਾਰੇ ਵੇਦਾ। ਖਾਣੀ ਚਾਰੇ ਬਾਣੀ ਭੇਦਾ।
ਬਿਲਾਵਲ ਮ: ੧ ਤਿਥੀ।

ਚਚੈ ਚਾਰ ਵੇਦ ਜਿਨਿ ਸਾਜੇ। ਚਾਰੇ ਖਾਣੀ ਚਾਰ ਜੁਗਾ।
ਜੁਗ ਜੁਗ ਜੋਗੀ ਖਾਣੀ ਭੋਗੀ ਪੜਿਆ ਪੰਡਿਤ ਆਪਿ ਥੀਆ।
ਰਾਗ ਆਸਾ ਮ: ੧ ਪਟੀ ਲਿਖੀ ੯

ਓਅੰਕਾਰ ਉਤਪਾਤੀ। ਕੀਆ ਦਿਨਸ ਸਭ ਰਾਤੀ।
ਵਣ ਤ੍ਰਿਣ ਤ੍ਰਿਭਵਣ ਪਾਣੀ। ਚਾਰਿ ਵੇਦ ਚਾਰੇ ਖਾਣੀ।
ਖੰਡ ਦੀਪ ਸਭ ਲੋਆ। ਏਕ ਕਵੀ ਤੇ ਸਭ ਹੋਆ।
ਕਰਣੈ ਹਾਰਾ ਬੂਝਹੁ ਰੇ। ਸਤਿਗੁਰ ਮਿਲੈ ਤ ਸੂਝੈ ਰੇ।
ਰਾਗ ਮਾਰੂ ਧ ਸਬਦ ੧੭

ਤੂ ਸਚਾ ਸਾਹਿਬ ਸਚੁ ਸਚੁ ਸਭ ਧਾਰਿਆ।
ਗੁਰਮੁਖਿ ਕੀਤੋ ਥਾਟੁ ਸਿਰਿਜਿ ਸੰਸਾਰਿਆ।
ਹਰਿ ਆਗਿਆ ਹੋਏ ਵੇਦ ਪਾਪ ਪੁੰਨ ਵੀਚਾਰਿਆ।
ਬ੍ਰਹਮਾ ਬਿਸ਼ਨ ਮਹੇਸ਼ ਤ੍ਰੈਗਣ ਬਿਸਥਾਰਿਆ।
ਰਾਗ ਮਾਰੂ ਮ: ੫ ਡਖਣੇ ਸ਼ਬਦ ੧

ਵੇਦ ਕਿਤਨੇ ਹਨ ਤੇ ਕੀ ਨਾਮ ਹਨ ?

ਸਾਮ, ਵੇਦ, ਰਿਗ, ਯਜੁਰ ਅਥਰਬਣ। ਬ੍ਰਹਮੇ ਮੁਖਿ ਮਾਇਆ ਹੈ ਤ੍ਰੈ ਗੁਣ।
ਤਾਕੀ ਕੀਮਤ ਕਹਿ ਨ ਸਕੈ ਕੋ ਤਿਉ ਬੋਲੈ ਜਿਉ ਬੋਲਾਇਦਾ।
ਰਾਗ ਮਾਰੂ ਸੋਲਹੇ ਮ: ੫ ਸ਼ਬਦ ੧੭...੯

ਚਾਰੇ ਵੇਦ ਹੋਏ ਸਚਿਆਰ । ਪੜਹਿ ਗੁਣਹਿ ਤਿੰਨ ਚਾਰ ਵੀਚਾਰ ॥
ਭਾਉ ਭਗਤ ਕਰ ਨੀਚ ਸਦਾਏ । ਤਉ ਨਾਨਕ ਮੋਖੰਤਰ ਪਾਇ ।

ਆਸਾ ਦੀ ਵਾਰ ਮ: ੧ ਸ: ੧੩

ਚਾਰੇ ਵੇਦ ਬ੍ਰਹਮੇ ਕਉ ਦੀਏ ਪੜ੍ਹਿ ਪੜ੍ਹਿ ਕਰੇ ਵੀਚਾਰੀ ।

ਆਸਾ ਮ: ੩ ਅਸਟਪਦੀ ੧

ਚਤੁਰਵੇਦ ਮੁਖ ਬਚਨੀ ਉਚਰੇ । ਰਾਮ ਗਉੜੀ ਮ: ੫ਸ: ੧੩੪

ਦਸ ਅਠ ਚਾਰਿ ਵੇਦ ਸਭਿ ਪੂਛਹੁ ਜਨ ਨਾਨਕ ਨਾਮ ਛਡਾਈ ਜੀਉ ।

ਰਾਗ ਮਾਰੂ ਮ: ੪ ਸ਼ਬਦ ੮

ਚਤੁਰਵੇਦ ਪੂਰਨ ਹਰਿ ਨਾਇ । ਨਾਨਕ ਤਿਸਕੀ ਸਰਨੀ ਪਾਇ ।

ਰਾਮਕਲੀ ਮ: ੫ ਸ਼ਬਦ ੧੭

ਚਾਰਿ ਪੁਕਾਰਹਿ ਨਾ ਤੂੰ ਮਾਨਹਿ । ਖਟ ਭੀ ਏਕਾ ਬਾਤ ਬਖਾਨਹਿ ।

ਰਾਮਕਲੀ ਮ: ੫ ਸ਼ਬਦ ੧੨

ਚਾਰ ਵੇਦ ਕਥਹਿ ਆਕਾਰ । ਗਉੜੀ ਮ: ੧ ਸ਼ਬਦ ੧੨
ਚਾਰ ਵੇਦ ਮੁਖਾਗਾਰ ਪਾਠ । ਬਸੰਤ ਮ: ੧ ਸ਼ਬਦ ੧੩
ਚਾਰਿ ਵੇਦ ਜਿਹਵਾ ਭਲੇ । ਸਾਰੰਗ ਮ: ੫ ਸ਼ਬਦ ੧੩੧

ਏਹ ਪਾਠ ਦਸਦੇ ਹਨ ਵੇਦ ਚਾਰ ਹੀ ਹੈਂ ।

ਵੇਦਾਂ ਦਾ ਗਿਆਨ ਕੀਹਨੂੰ ਦਿਤਾ ।

ਮੈਂ ਪਹਿਲਾਂ ਲਿਖ ਚੁਕਿਆ ਹਾਂ, ਕਿ ਵੇਦਾਂ ਦੇ ਗਿਆਨ ਦੇਣ ਵਿਚ ਦੋ ਮਤ ਹਨ, ਇਕ ਮਤ ਇਹ ਹੈ ਕਿ ਵੇਦ ਗਿਆਨ ਚਾਰ ਰਿਸ਼ੀਆਂ ਨੂੰ ਦਿਤਾ। ਆਰਿਆ ਸਮਾਜ ਇਹ ਮੰਨਦਾ ਹੈ । ਦੂਜਾ ਵਿਚਾਰ ਇਹ ਹੈ ਬ੍ਰਹਮੇ ਨੂੰ ਵੇਦਾਂ ਦਾ ਗਿਆਨ ਹੋਇਆ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬ੍ਰਹਮੇ ਵਾਲੀ ਬਾਤ ਮੰਨੀ ਗਈ ਹੈ । ਅਗੇ ਉਹ ਸ਼ਬਦ ਲਿਖਦਾ ਹਾਂ ਜੇਹੜੇ ਏਸ ਬਾਤ ਨੂੰ ਸਿਧ ਕਰਦੇ ਹਨ :—

ਚਾਰੇ ਵੇਦ ਬ੍ਰਹਮੇ ਕਉ ਦੀਏ ਪੜਿ ਪੜਿ ਕਰੇ ਵੀਚਾਰੀ ।
ਰਾਗ ਆਸਾ ਮ: ੩ ਅਸਟਪਦੀਆਂ ਅਸ: ਸ਼ਬਦ ੩

ਬ੍ਰਹਮਾ ਬਿਸ਼ਨੂ ਮਹੇਸ਼ ਵੇਦ ਉਪਾਇਆ । ਬ੍ਰਹਮੇ ਦਿਤੇ ਵੇਦ ਪੂਜਾ ਲਾਇਆ ।

ਮਲ੍ਹਾਰ ਵਾਰ ਮ: ੨ ਵਾਰ ੩

ਬ੍ਰਹਮਾ ਮੂਲ ਵੇਦ ਅਭਿਆਸਾ, ਤਿਸਤੇ ਉਪਜੈ ਦੇਵ ਮੋਹਿ ਪਿਆਸਾ ।

ਰਾਗ ਗਉੜੀ ਮ: ੩ ਘ: ੪

ਮਾਇਆ ਮਾਈ ਤ੍ਰੈ ਗੁਣ ਪ੍ਰਸੂਤਿ ਜਮਾਇਆ । ਚਾਰੇ ਵੇਦ ਬ੍ਰਹਮੇ ਨੋ ਫੁਰਮਾਇਆ ।
ਵਰੇ ਮਾਹ ਵਾਰ ਥਿਤੀ ਕਰਿ ਇਸੁ ਜਗ ਮਹਿ ਸੋਈ ਪਾਇਦਾ ।

ਮਾਰੂ ਸੋਹਲੇ ਮ: ੩ ਸ਼ਬਦ ੨੨

ਇਹ ਸਾਰੇ ਸ਼ਬਦ ਬ੍ਰਹਮੇ ਨੂੰ ਵੇਦ ਉਪਦੇਸ਼ ਦੇਣ ਬਾਰੇ ਦਸਦੇ ਹਨ । ਇਥੇ ਸ਼ਬਦ ਹੋਰ ਹੈ, ਜੀਹਦੇ ਵਿਚ ਚੋਹਾਂ ਦਾ ਪਾਠ ਪਰ ਉਹ ਕਿਸੇ ਦਾ ਨਾਉਂ ਨਹੀਂ ਹੈ । ਪਰ ਮੇਰੀ ਸਮਤੀ ਵਿਚ ਇਹ ਸ਼ਬਦ ਚਹੁ ਰਿਸ਼ੀਆਂ ਨੂੰ ਕਹਿਣ ਵਾਲਾ ਹੈ ।

ਨਉ ਸਤ ਚਉਦਹ ਤੀਨਿ ਚਾਰਿ ਕਰਿ ਮਹਲਤ ਬਰਾਲੀ ।
ਚਾਰੇ ਦੀਵੇ ਚਹੁ ਹਥਿ ਦੀਏ ਏਕਾ ਏਕੀ ਵਾਰੀ ।
ਮਿਹਰਵਾਨ ਮਧੁ ਸੂਦਨ ਮਾਧੌ ਐਸੀ ਸਕਤਿ ਤੁਮਾਰੀ ।

ਬਸੰਤ ਹਿੰਡੋਲ ਮ: ੧ ਸ਼: ੧

ਚਾਰ ਦੀਵੇ, ਚਾਰ ਵੇਦ ਤੇ ਚੁਹੰ ਰਿਸ਼ੀਆਂ ਦੇ ਹਥੀਂ ਅਰਥਾਤ ਅਗਨੀ ਰਿਸ਼ੀ ਨੂੰ ਰਿਗਵੇਦ, ਵਾਯੂ ਨੂੰ ਯਜੁਰ ਵੇਦ, ਆਦਿਤਯ ਰਿਸ਼ੀ ਨੂੰ ਸਾਮ ਵੇਦ, ਅਤੇ ਅੰਗਿਰਾ ਰਿਸ਼ੀ ਨੂੰ ਅਥਰਵ ਵੇਦ ਦਿਤਾ । ਵੇਦ ਪ੍ਰਮਾਣ ਹਨ ।

ਵੇਦ ਵਖਾਣ ਕਹਹਿ ਇਕੁ ਕਹੀਐ । ਉਹ ਬੇਅੰਤ ਅੰਤ ਕਿਨ ਲਹੀਐ ।

ਬਸੰਤ ਅਸ਼ ਮ: ੧ ਅਸ਼ ੩

ਬੇਦ ਪੁਕਾਰੇ ਵਾਚੀਐ ਬਾਣੀ ਬ੍ਰਹਮ ਬਿਆਸੁ ।
ਮੁਨਿ ਜਨ ਸੇਵਕ ਸਾਧਿਕਾ ਨਾਮ ਰਤੇ ਗੁਣ ਤਾਸੁ ।
ਸਚਿ ਰਤੇ ਸੇ ਜਿਣਿ ਗਏ ਹਉ ਸਦ ਬਲਿਹਾਰੇ ਜਾਸੁ ।

ਸਿਰੀ ਰਾਗ ਮ: ੧ ਅਸਟ: ੭

ਕੇਹਾ ਕੰਚਨ ਤੁਟੈ ਸਾਰੁ । ਅਗਨੀ ਗੰਢੁ ਪਾਏ ਲੋਹਾਰੁ ।
ਗੋਰੀ ਸੇਤੀ ਤੁਟੈ ਭਤਾਰੁ । ਪੁਤੀ ਗੰਢੁ ਪਾਏ ਸੰਸਾਰੁ ।
ਰਾਜਾ ਮੰਗੈ ਦਿਤੈ ਗੰਢੁ ਪਾਇ । ਭੁਖਿਆ ਗੰਢੁ ਪਵੈ ਜਾ ਖਾਇ ।
ਕਾਲਾ ਗੰਢੁ ਨਦੀਆ ਮੀਹ ਝੋਲ । ਗੰਢੁ ਪਰੀਤੀ ਮਿਠੇ ਬੋਲ ।
ਵੇਦਾ ਗੰਢੁ ਬੋਲੇ ਸਚੁ ਕੋਇ । ਮੁਇਆ ਨੇਕੀ ਸਤੁ ਹੋਇ ।

ਏਤੁ ਗੰਢੁ ਵਰਤੈ ਸੰਸਾਰ । ਮੂਰਖ ਗੰਢੁ ਪਵੈ ਮੁਹਿ ਮਾਰ ।
ਨਾਨਕ ਆਖੈ ਏਹੁ ਬੀਚਾਰ । ਸਿਫਤੀ ਗੰਢੁ ਪਵੈ ਦਰਬਾਰ ।

ਵਾਰ ਮਾਝ ਮ: ੧ ਲਾਰ ੧੨

ਦੀਵਾ ਬਲੈ ਅੰਧੇਰਾ ਜਾਇ । ਵੇਦ ਪਾਠ ਮਤਿ ਪਾਪਾ ਖਾਇ ।
ਉਗਵੈ ਸੂਰ ਨ ਜਾਪੈ ਚੰਦੁ । ਜਹਾਂ ਗਿਆਨ ਪ੍ਰਗਾਸ ਅਗਿਆਨ ਮਿਟੰਤੁ ।
ਵੇਦ ਪਾਠ ਸੰਸਾਰ ਕੀਕਾਰ । ਪੜਿ ਪੜਿ ਪੰਡਿਤ ਕਰਹਿ ਬੀਚਾਰ ।
ਬਿਨ ਬੂਝੇ ਸਭ ਹੋਇ ਖੁਆਰ । ਨਾਨਕ ਗੁਰਮੁਖਿ ਉਤਪਸ ਪਾਰ ।

ਸੂਹੀਵਾਰ ਮ: ੧ ਵਾਰ ੧੭

ਇਸ ਸਬਦ ਵਿਚ 'ਵੇਦ ਪਾਠ' ਪਾਠ ਦੋਬਾਰ ਆਇਆ ਹੈ ਪਹਿਲੀ ਬਾਰ ਦਾ ਅਰਥ ਹੈ ਜੋ ਵੇਦ ਪਾਠ ਕਰਦਾ ਹੈ, ਅਰਥ ਸਮਝਦਾ ਹੈ ਅਤੇ ਅਮਲ ਕਰਦਾ ਹੈ, ਉਹ ਅਗਿਆਨ ਨੂੰ ਦੂਰ ਕਰਕੇ ਚੰਗਾ ਬਣ ਜਾਂਦਾ ਹੈ ਤੇ ਮੁਕਤਿ ਪੌਂਦਾ ਹੈ। ਦੂਜੇ ਵੇਦ ਪਾਠ ਦਾ ਅਰਥ ਹੈ ਜੋ ਕੋਈ ਪਾਠ ਕਰਦਾ, ਕੁਝ ਸਮਝਦਾ ਹੀ ਨਹੀਂ ਤਾਂ ਬਿਨ ਬੂਝੇ ਖੁਆਰ ਹੁੰਦਾ ਹੈ। ਉਹਦੇ ਤੇ ਇਹ ਕਹਾਵਤ ਢੁਕਦੀ ਹੈ ਕਿ ਕੋਈ ਕੋਈ ਖੋਤੀ ਬਾਹੇ ਤੇ ਕੋਈ ਪੋਥੀ ਬਾਹੇ। ਦੋਨੋਂ ਇਕੋ ਜਿਹੇ ਹਨ।

ਵੇਦ ਪੁਕਾਰੇ ਪੁੰਨ ਪਾਪੁ ਸੁਰਗ ਨਾਰਕ ਕਾ ਬੀਉ ।
ਜੋ ਬੀਜੈ ਸੋ ਉਗਵੈ ਖਾਂਦਾ ਜਾਣੈ ਜੀਉ ।
ਗਿਆਨੋ ਸਲਾਹੋ ਬਡਾ ਕਰਿ ਸਚੋ ਸਚਾ ਨਾਉ ।
ਸਚੁ ਬੀਜੈ ਸਚ ਉਗਵੈ ਦਰਗਹ ਪਾਈਐ ਥਾਉ ।

ਰਾਗ ਸਾਰੰਗ ਵਾਰ ਮ: ੧ ਸ਼ਬਦ ੧੬

ਕਹੰਤ ਵੇਦਾਂ ਗੁਣੰਤ ਗੁਣੀਆਂ ਸੁਣੰਤ ਬਾਲਾ ਬਹਬਿਧਿ ਪ੍ਰਕਾਰਾ ।
ਦ੍ਰਿੜੰਤ ਸੁ ਬਿਦਿਆ ਹਰਿ ਹਰਿ ਕ੍ਰਿਪਾਲਾ ।
ਨਾਮ ਦਾਨ ਜਾਚੰਤ ਨਾਨਕ ਦੈਨ ਹਾਰ ਗੁਰੂ ਗੋਪਾਲਾ ।

ਸਲੋਕ ਸਰਸਕ੍ਰਿਤੀ ਮ: ੫ ਸ: ੧੪

ਮਨ ਹਠਿ ਕਿਤੈ ਉਪਾਇ ਨ ਛੁਟੀਐ ਸਿਮ੍ਰਿਤਿ ਸਾਸਤ੍ਰ ਸੋਧਹੁ ਜਾਇ ।
ਮਿਲ ਸੰਗਤਿ ਸਾਧੂ ਉਬਰੇ ਗੁਰ ਕਾ ਸ਼ਬਦ ਕਮਾਇ ।

ਸਿਰੀ ਰਾਗ ਮ: ੩ ਅਸ਼ਟਪਦੀਆ ੨—੬

ਗੁਰ ਸਬਦੀ ਹਰਿ ਪਾਈਐ ਹਰਿ ਪਾਰ ਲੰਘਾਇ ।
ਮਨ ਹਠਿ ਕਿਨੈ ਨ ਪਾਇਓ ਪੁਛਹੁ ਵੇਦਾਂ ਜਾਇ।
ਨਾਨਕ ਹਰਿ ਕੀ ਸੇਵਾ ਕਰੈ ਜਿਸੁ ਲਇ ਹਰਿ ਲਾਇ।

ਸਿਰੀ ਰਾਗ ਕੀ ਵਾਰ ਮ: ੩ । ਵਾਰ ੧੦

ਸਿਮ੍ਰਿਤ ਸਾਸਤ ਵੇਦ ਵਖਾਣੈ। ਭਰਮੇ ਭੂਲਾ ਤਤ ਨ ਜਾਣੈ।
ਬਿਨ ਸਤਿਗੁਰੂ ਸੇਵੈ ਸੁਖ ਨ ਪਾਏ ਦੁਖੋ ਦੁਖ ਕਮਾਣਾਇਆ।

ਰਾਗ ਮਾਝ ਅਸ਼ਟਪਦੀਆਂ ਮ: ੩ ਅਸ਼ਟ: ੮੭

ਸਾਸਤ ਸਿਮ੍ਰਿਤਿ ਸਭਿ ਦੇਖਹੁ ਕੋਇ। ਵਿਣੁ ਨਾਵੈ ਕੋ ਮੁਕਤਿ ਨ ਹੋਇ।

ਰਾਗ ਗਉੜੀ ਮ: ੩ ਅਸਟਪਦੀਆਂ ੧

ਵੇਦਾਂ ਮਹਿ ਨਾਮ ਉਤਮ ਸੋ ਸੁਣਹਿ ਨਾਹਿ ਫਿਰਹਿ ਜਿਉ ਬੇਤਾਲਿਆ ।
ਕਹੈ ਨਾਨਕ ਜਿਨਾ ਸਚੁ ਤਜਿਆ ਕੂੜੇ ਲਾਗੇ ਤਿਨੀ ਜਨਮ ਜੂਏ ਹਾਰਿਆ।

ਰਾਮਕਲੀ ਮ ੩ ਆਨੰਦ ੧੯

ਸੂਰੇ ਏਹਿ ਨ ਆਖੀਅਹਿ ਅਹੰਕਾਰ ਮਰਹਿ ਦੁਖ ਪਾਵਹਿ ।
ਅੰਧੇ ਆਪ ਨਾ ਪਛਾਣਨੀ ਦੂਜੇ ਪਚਿ ਜਾਵਹਿ। ਅਤਿ ਕਰੋਧ ਸਿਉ ਲੁਝਦੇ ਅੱਗੈ ਪਿੱਛੈ ਦੁਖ ਪਾਵਹਿ। ਹਰਿ ਜੀਉ ਅਹੰਕਾਰ ਨ ਭਾਵਈ. ਵੇਦ ਕੂਕਿ ਸੁਣਾਵਹਿ। ਅਹੰਕਾਰ ਮੁਏ ਸੇ ਵਿਗਤਿ ਗਏ ਮਰਿ ਜਨਮਹਿ ਫਿਰਿ ਆਵਹਿ।

ਰਾਮ ਮਾਰੂ ਵਾਰ ਮ: ੩ ਵਾਰ ੯

ਸਿਮ੍ਰਿਤਿ ਸਾਸਤ ਸੋਧਿ ਦੇਖੁ ਊਤਮ ਹਰਿ। ਮਾ: ਵਾ: ਮ: ੩ ਸ: ੯

ਗੁਰ ਸਬਦੀ ਹਰਿ ਪਾਈਐ ਹਰਿ ਪਾਰ ਲੰਘਾਇ। ਮਨ ਹਠਿ ਕਿਨੈ ਨ ਪਾਇਓ ਪੁਛਹੁ ਵੇਦਾਂ ਜਾਇ। ਸਿਰੀ ਰਾਗ ਵਾਰ ਮ: ੪ ਸ਼ਬਦ ੧੦

ਨ ਸੰਖੰ ਨ ਚਕ੍ਰੰ ਨ ਗਦਾਨ ਸਿਆਮੰ ਅਸਰਚਜ ਰੂਪੰ ਰਹੰਤ ਜਨਮੰ।
ਨੇਤਿ ਨੇਤਿ ਕਥੰਤਿ ਵੇਦਾ। ਊਚ ਮੂਚ ਅਪਾਰ ਗੋਬਿੰਦ।
ਬਸੰਤ ਸਾਧ ਰਿਦਿਯ ਅਚੁਤ ਬੁਝੰਤਿ ਨਾਨਕ ਵਡਭਾਗੀਹਾ।

ਸਲੋਕ ਸਹਸਕ੍ਰਿਤ ਮਹਲਾ ੫ । ੫੭

ਨਾਨਕ ਵੀਚਾਰਹਿ ਸੰਤਿ ਜਨ ਚਾਰਿ ਵੇਦ ਕਹੰਦੇ।
ਭਗਤ ਮੁਖੈ ਤੇ ਬੋਲਦੇ ਸੇ ਵਚਨ ਸੋਹੰਦੇ ।
ਪ੍ਰਗਟ ਪਹਾਰਾ ਜਾਪਦਾ ਸਭਿ ਲੋਕ ਸੁਣੰਦੇ ।
ਸੁਖ ਨ ਪਾਇਨਿ ਮੁਗਧ ਨਰ ਸੰਤ ਨਾਲ ਖਹੰਦੇ ।
ਓਇ ਲੋਚਨ ਓਨਾ ਗੁਣ ਨੂੰ ਓਇ ਅਹੰਕਾਰ ਸੜੰਦੇ।
ਓਇ ਵਿਚਾਰੇ ਕਿਆ ਕਰਹਿ ਜਾ ਭਾਗ ਧੁਰਿ ਮੰਦੇ।
ਜੋ ਮਾਰ ਤਿਨਿ ਪਰਬ੍ਰਹਮਿਨੇ ਕਿਸੈ ਨ ਸੰਦੇ ।
ਵੈਰੁ ਕਰਹਿ ਨਿਰਵੈਰੁਨਾਲਿ ਧਰਮ ਨਿਆਇ ਪਚੰਦੇ।
ਜੋ ਜੋ ਸੰਤਿ ਸਰਾਪਿਆ ਸੇ ਫਿਰਹਿ ਭਵੰਦੇ ।
ਪੇੜ ਮੁਢਾਹ ਕਟਿਆ ਤਿਸੁ ਡਾਲ ਸੁਕੰਦੇ ।

ਗਉੜੀ ਵਾਰ ਮਹਲਾ ੪ ਵਾਰ ੧੨

ਪਰਮ ਬੈਰਾਗੁ ਨਿਤ ਨਿਤ ਹਰਿ ਧਿਆਇ, ਮੈ ਹਰਿ ਗੁਣ ਕਹਤ ਭਾਵਨੀ ਕਹੀਆ।
ਬਾਰ ਬਾਰ ਖਿਨੁ ਖਿਨੁ ਪਲੁ ਕਹੀਐ ਹਰਿ ਪਾਰੁ ਨ ਪਾਵੈ ਪਰੈ ਪਰਈਆ।੧।
ਸਾਸਤ ਵੇਦ ਪੁਰਾਣ ਪੁਕਾਰਹਿ ਧਰਮੁ ਕਰੁ, ਖਟੁ ਕਰਮ ਦ੍ਰਿੜਈਆ ।
ਸਨਮੁਖ ਪਾਖੰਡ ਭਰਮਿ ਵਿਗੁਤ ਲੋਭ ਲਹਿਰ ਨਾਵ ਭਾਰ ਬੁਡੀਆ ।

ਬਿਲਾਵਲ ਮਹਲਾ ੪ ਅਸਟਪਦੀਆ ੨

ਸਿਮ੍ਰਿਤਿ ਸਾਸਤ੍ਰ ਵੇਦ ਬਖਾਨੇ । ਜੋਗ ਗਿਆਨ ਸਿੱਧ ਸੁਖ ਜਾਨੇ ।
ਨਾਮੁ ਜਪਤ ਪ੍ਰਭ ਸਿਉ ਮਨ ਮਾਨੇ । ਗਉੜੀ ਮ: ੫ ਸ਼ਬਦ ੧੮੦, ੧੧੧—੩
ਹਰਿ ਹਰਿ ਹਰਿ ਆਰਾਧੀਐ । ਸੰਤ ਸੰਗਿ ਹਰਿ ਮਨ ਵਸੈ ।
ਭਰਮ ਮੋਹ ਭਉ ਸਾਧੀਐ । ਵੇਦ ਪੁਰਾਣ ਸਿਮ੍ਰਿਤ ਭਨੇ ।
ਸਭ ਊਚ ਬਿਰਾਜਿਤ ਜਨ ਸੁਨੇ । ਸਗਲ ਅਵਸਥਾ ਭੈ ਭੀਤ ਚੀਨ ।
ਰਾਮ ਸੇਵਕ ਭੈ ਰਹਿਤ ਕੀਨ । ਗਉੜੀ ਮ: ੫ ਸ਼ਬਦ ੧੪੪, ੧੨੨
ਸਾਸਤ ਸਿਮ੍ਰਿਤਿ ਵੇਦ ਬੀਚਰਿ ਮਹਾ ਪੁਰਖਨ ਇਉ ਕਹਿਆ ।
ਬਿਨੁ ਹਰਿ ਭਜਨ ਨਾਹੀ ਨਿਸਤਾਰਾ ਸੁਖ ਨ ਕਿਨਹੂ ਲਹਿਆ ।

ਗਉੜੀ ਮ: ੫ ਸ਼ਬਦ ੧੬੨ । ੧

ਵੇਦ ਸ਼ਾਸਤ੍ਰ ਜਨ ਪੁਕਾਰਹਿ ਸੁਨੈ ਨਾਹੀ ਡੋਰਾ। ਨਿਪਟ ਬਾਜਿ ਹਾਰਿ ਮੂਕਾ ਪਛੁਤਾਇਓ ਮਨਿ ਭੋਰਾ। ਆਸਾ ਮ: ੫ ਸ਼ਬਦ ੧੪੨

ਸਾਸਤ ਵੇਦ ਸਿਮ੍ਰਿਤ ਸਭਿ ਸੋਧੇ ਸਭ ਏਕਾ ਬਾਤ ਪੁਕਾਰੀ।
ਬਿਨੁ ਗੁਰ ਮੁਕਤਿ ਨ ਕੋਊ ਪਾਵੈ ਮਨਿ ਵੇਖਹੁ ਕਰ ਬੀਚਾਰੀ।

ਗੁਜਰੀ ਮਹੱਲਾ ੫ ਸ਼ਬਦ ੨

ਸਮਿਤਿ ਵੇਦ ਪੁਰਾਨ ਪੁਕਾਰਨਿ ਪੋਥੀਆਂ। ਨਾਮ ਬਿਨਾ ਸਭਿ ਕੂੜ ਗਾਲੀ ਹੋਛੀਆਂ।
ਨਾਮ ਨਿਧਾਨੁ ਅਪਾਰਭਗਤਾ ਮਨਿ ਵਸੈ। ਜਨਮ ਮਰਣ ਮੋਹੁ ਦੁਖੁ ਸਾਧੂ ਸੰਗ ਨਸੈ।

ਸੂਹੀ ਮਹੱਲਾ ੫ ਅਸ਼ਟਪਦੀਆਂ ਅਸ: ੫—੧

ਸਿਮ੍ਰਿਤ ਸਾਸਤ੍ਰ ਵੇਦ ਪੁਰਾਣ। ਪਾਰਬ੍ਰਹਮ ਕਾ ਕਰਹਿ ਵਖਿਆਣ।
ਜੋਗੀ ਜਤੀ ਬੈਸਨੋ ਰਾਮਦਾਸ। ਮਿਤਿ ਨਾਹੀ ਬ੍ਰਹਮ ਅਬਿਨਾਸ।

ਗੋਂਡ ਮਹਲਾ ੫ ਸ਼ਬਦ ੧੭

ਸੰਤ ਸਭਾ ਮਿਲਿ ਕਰਹੁ ਵਖਿਆਣ। ਸਿਮ੍ਰਿਤਿ ਸਾਸਤ ਵੇਦ ਪੁਰਾਣਾ।
ਬ੍ਰਹਮ ਬੀਚਾਰੁ ਬੀਚਾਰੇ ਕੋਇ। ਨਾਨਕ ਤਾਕੀ ਪਰਮ ਗਤਿ ਹੋਇ।

ਰਾਮਕਲੀ ਮ: ੫ ਸ਼ਬਦ ੫੪—੪

ਵੇਦ ਪੁਰਾਣ ਸਾਸਤ੍ਰ ਬੀਚਾਰੰ। ਏਕੰਕਾਰ ਨਾਮ ਉਰਧਾਰੰ।
ਕੁਲਹ ਸਮੂਹ ਸਗਲ ਉਧਾਰੰ। ਬਡ ਭਾਗੀ ਨਾਨਕੋ ਤਾਰੰ।

(ਗਾਥਾ ਮਹਲਾ ੫। ੨੦)

ਕੋਈ ਮਾਈ ਭੂਲਿਓ ਮਨ ਸਮਝਾਵੈ। ਵੇਦ ਪੁਰਾਨ ਸਾਧ ਸੰਗ ਸੁਨਿ
ਕਰ ਨਿਮਖ ਨ ਹਰਿ ਹਰਿ ਗੁਣ ਗਾਵੈ। ਗਉੜੀ ਮਹਲਾ ੯ ਸ਼ਬਦ ੫

ਸਾਧੋ ਰਾਮ ਸ਼ਰਨਿ ਬਿਸਰਾਮਾ। ਵੇਦ ਪੁਰਾਨ ਪੜ੍ਹ ਕੈ ਇਹ ਗੁਨ ਸਿਮਰੇ
ਹਰਿ ਕੋ ਨਾਮਾ। ਗਉੜੀ ਮ: ੯ ਸ਼ਬਦ ੭

ਵੇਦ ਪੁਰਾਨ ਜਾਸ ਗੁਨ ਗਾਵਤ ਤਾਕੋ ਨਾਮੁ ਹੀਐ ਮੋ ਧਰੁ ਰੇ।
ਪਾਵਨ ਨਾਮੁ ਜਗਤਿ ਮੈ ਹਰਿ ਕੋ ਸਿਮਰਿ ਸਿਮਰਿ ਕਲ ਮਲ ਸਭ ਹਰੁ ਰੇ।

ਗਉੜੀ ਮਹਲਾ ੯ ਸ਼ਬਦ ੯

ਵੇਦ ਪੁਰਾਨ ਸਿਮ੍ਰਿਤ ਸਬ ਖੋਜੇ ਕਹੂ ਨ ਉਬਰਨਾ।
ਕਹੁ ਕਬੀਰ ਇਉ ਰਾਮਹਿ ਜੰਪਉ ਮੇਟਿ ਜਨਮ ਮਰਨਾ।

ਰਾਗ ਆਸਾ ਕਬੀਰ ਜੀ ਸ਼ਬਦ ੫

ਵਦ ਕਤੇਬ ਕਹਹੁ ਮਤ ਝੂਠੇ, ਝੂਠਾ ਜੋ ਨ ਬਿਚਾਰੈ ।
ਜਉ ਸਭ ਮਹਿ ਏਕੁ ਖੁਦਾਇ ਕਹਤ ਹਉ, ਤਉ ਕਿਉ ਮੁਰਗੀ ।

ਪ੍ਰਭਾਤੀ ਕਬੀਰ ਜੀ ਸ਼ਬਦ ੩

ਕਲ ਮੈ ਏਕ ਨਾਮੁ ਕਿਰਪਾ ਨਿਧਿ ਜਾਹਿ ਜਪੈ ਗਤਿ ਪਾਵੈ।
ਅਉਰ ਧਰਮ ਤਾਕੈ ਸਮ ਨਾਹਨਿ ਇਹ ਬਿਧਿ ਵੇਦ ਬਤਾਵੈ ।

ਸੋਰਠ ਮ: ੯ ਸ਼ਬਦ ੫

ਉਪਰ ਲਿਖੇ ਸ਼ਬਦ ਦਸਦੇ ਹਨ ਕਿ ਵੇਦ ਪ੍ਰਮਾਣ ਹੈ ਅੱਗੇ ਮੈਂ ਉਹ ਸ਼ਬਦ ਲਿਖਦਾ ਹਾਂ ਜਿਨ੍ਹਾਂ ਵਿਚ ਵੇਦ ਪੜ੍ਹਨ ਤੋਂ ਕੁਛ ਨਹੀਂ ਬਣਦਾ ਤਾਂ ਜੋ ਕਿ ਪਾਠਕ ਦੋਨੋਂ ਤਰ੍ਹਾਂ ਦੇ ਸ਼ਬਦਾਂ ਨੂੰ ਦੇਖਕੇ ਠੀਕ ਠੀਕ ਸੋਚ ਕੇ ਨਿਸਚਾ ਕਰ ਲੈਣ ਕਿ ਗੁਰੂ ਜੀ ਦਾ ਭਾਵ ਕੀ ਸੀ ।

ਗਿਆਨ ਬਿਨਾ ਵੇਦ ਪੜ੍ਹਨਾ ਕੋਈ ਲਾਭ ਨਹੀਂ ਹੈ ।

ਅੱਗੇ ਉਹ ਸ਼ਬਦ ਲਿਖਦਾ ਹਾਂ, ਜਿਨ੍ਹਾਂ ਵਿਚ ਵੇਦ ਦੇ ਪੜ੍ਹਨ ਤੇ ਕੋਈ ਲਾਭ ਨਹੀਂ ਹੂੰਦਾ, ਇਹ ਲਿਖਿਆ ਹੈ। ਸ਼ਬਦ ਲਿਖਣ ਤੋਂ ਪਹਿਲਾਂ ਇਕ ਪਾਠ ਸਤਯਾਰਥ ਪ੍ਰਕਾਸ਼ ਦਾ ਲਿਖ ਦੇਣਾ ਠੀਕ ਹੋਊਗਾ । ਜਿਸ ਦੇ ਵਿਚ ਵੇਦ ਮੰਤ੍ਰ ਦਾ ਹਵਾਲਾ ਦੇ ਕੇ ਦਸਿਆ ਹੈ ਕਿ ਜੋ ਪਰਮੇਸ਼ਵਰ ਨੂੰ ਨ ਜਾਣੇ ਤਾਂ ਰਿਗਵੇਦ ਉਹਨੂੰ ਕੀ ਕਰੇ । "ਜਿਸ ਵਿਆਪਕ ਅਬਿਨਾਸੀ ਸਰਵੋਤਕ੍ਰਿਸਟ, ਪਰਮੇਸ਼ਵਰ ਮੇਂ ਸਬ ਵਿਦਵਾਨ ਔਰ ਪ੍ਰਿਥਵੀ, ਸੂਰਯ ਆਦਿ ਸਬ ਲੋਕਸਿਥਿਤ ਹੈਂ, ਜਿਸਮੇਂ ਸਬ ਵੇਦੋਂ ਕਾ ਮੁਖ ਤਾਤਪਰਯ ਹੈ, ਉਸ ਬ੍ਰਹਮ ਕੋ ਜੋ ਨਹੀਂ ਜਾਨਤਾ, ਵਹ ਰਿਗਵੇਦਾਦਿ ਸ ਕਿਆ ਕੁਛ ਸੁਖ ਕੋ ਪ੍ਰਾਪਤ ਹੋ ਸਕਤਾ ਹੈ ? ਨਹੀਂ ਨਹੀਂ ਕਿੰਤੂ ਜੋ ਵੇਦੋਂ ਕੋ ਪੜ੍ਹ ਕੇ ਧਰਮਾਤਮਾ ਯੋਗੀ ਹੋ ਕਰ ਉਸ ਬ੍ਰਹਮ ਕੋ ਜਾਨਤੇ ਹੈਂ, ਵੇ ਸਬ ਪਰਮੇਸ਼ਵਰ ਮੇਂ ਸਿਥਿਤਿ ਹੋ ਕੇ ਮੁਕਤੀ ਰੂਪ ਪਰਮਾ ਨੰਦ ਕੋ ਪ੍ਰਾਪਤ ਹੋਤੇ ਹੈਂ ਰਿਗਵੇਦ ਮੰਡਲ ੧ ਸੂਕਤ ੧੬੪ ਮੰਤ੍ਰ ੩੯

ਪੜਿ ਪੜਿ ਪੋਥੀ ਸਿਮ੍ਰਿਤ ਪਾਠਾ । ਵੇਦ ਪੁਰਾਣ ਪੜ੍ਹੈ ਸੁਣ ਥਾਟਾ ।
ਬਿਨ ਰਸ ਰਾਤ ਮਨ ਬਹੁ ਨਾਟਾ । ਜਿਉ ਚਾਤ੍ਰਿਕ ਜਲ ਪ੍ਰੇਮ ਪਿਆਸਾ ।
ਤਿਉ ਮੀਨਾਂ ਜਲ ਮਾਹਿ ਉਲਾਸਾ ਨਾਨਕ ਹਰਿ ਰਸੁ ਪੀ ਤ੍ਰਿਪਤਾਸਾ ।

ਗਉੜੀ ਮਹਲਾ ਅਸਟਪਦੀਆਂ ਸ਼ਬਦ ੧੧-੭-੮

ਪੰਡਿਤ ਪੜਹਿ ਵਖਾਣੇ ਵੇਦ । ਅੰਤਰ ਵਸਤੁ ਨ ਜਾਣ ਭੇਦੁ ।
ਗੁਰ ਬਿਨ ਸੋਝੀ ਬੂਝ ਨ ਹੋਇ । ਸਾਚਾ ਰਵ ਰਰਿਆ ਪ੍ਰਭੁ ਸੋਇ ।

ਆਸਾ ਮਹਲਾ ੧ ਸਬਦ ੨੧

ਨਾਭਿ ਕਮਲ ਤੈ ਬ੍ਰਹਮਾ ਉਪਜੈ ਵੇਦ ਪੜ੍ਹਹਿ ਮੁਖ ਕੰਠ ਸਵਾਰਿ ।
ਤਾਕੋ ਅੰਤ ਨ ਜਾਈ ਲਖਣਾ ਆਵਤ ਜਾਵਤ ਰਹੇ ਗੁਬਾਰਾ ।

ਰਾਗ ਗੂਜਰੀ ਮ: ੧ ਸ਼ਬਦ ੨

ਸਾਸ਼ਤ੍ਰ ਵੇਦ ਬਕੈ ਖੜੋ ਭਾਈ, ਕਰਮ ਕਰਹੁ ਸੰਸਾਰੀ ।
ਪਾਖੰਡਿ ਮੈਲੁ ਚੁਕਈ ਭਾਈ, ਅੰਤਰ ਮੈਲ ਵਿਕਾਰੀ ।
ਇਨ ਬਿਧਿ ਡੂਬੀ ਮਾਕੁਰੀ, ਉਂਡੀ ਸਿਰ ਕੇ ਭਾਰੀ ।

ਸੋਰਠ ਮ: ੧ ਅਸਟਪਦੀਆਂ ਸ਼ਬਦ ੨

ਵੇਦ ਕਤੇਬੀ ਭੇਦੁ ਨ ਜਾਤਾ । ਨਾ ਤਿਸ ਮਾਤ ਪਿਤਾ ਸੁਤਭਾਤਾ ।

ਮਾਰੂ ਮ: ੧ ਸੋਹਲੇ ੨

ਵਾਚਹਿ ਪੁਸ ਤਕ ਵੇਚ ਪੁਰਾਨਾ । ਇਕ ਬਹਿ ਸੁਨਹਿ ਸੁਨਾਵਹਿ ਕਾਨਾ ।
ਅਜਗਰ ਕਪਟੁ ਕਹਹੁ ਕਿਉਂ ਖੁਲੈ ਬਿਨ ਸਤਗੁਰ ਤਤ ਨ ਪਾਇਆ ।

ਮਾਰੂ ਮਹਲਾ ੧ ੨੨

ਬ੍ਰਹਮੇ ਗਰਬੁ ਕੀਆ ਨਹੀਂ ਜਾਨਿਆ । ਵੇਦ ਕੀ ਬਿਪਤਿ ਪੜੀ ਪਛੁਤਾਨਿਆ ।
ਜਹਿ ਪ੍ਰਭੁ ਸਿਮਰੇ ਤਹੀ ਮਨ ਮਾਨਿਆ ।

ਗਉੜੀ ੧ ਸ਼ਬਦ ੯

ਕੇਤੇ ਕਹਹਿ ਵਖਾਣ ਕਹਿ ਕਹਿ ਜਾਵਣਾ । ਵੇਦ ਕਹਹਿ ਵਖਿਆਣ ਅੰਤ ਨ ਪਾਵਣਾ ।
ਪੜਿਐ ਨਾਹੀ ਭੇਦ ਬੁਝਿਐ ਪਾਵਣਾ । ਖਟੁ ਦਰਸਣ ਕੇ ਭੇਖਿ ਕਿਸੈ ਸਚਿ ਸਮਾਵਣਾ ।

ਮਾਝ ਕੀ ਵਾਰ ਮ: ੧ ਸਬਦ ੨੧

ਆਚਾਰੀ ਨਹੀ ਜੀਤਿਆ ਜਾਇ । ਪਾਠਾ ਪੜੇ ਨਹੀਂ ਕੀਮਤ ਪਾਇ ।
ਅਸਟਦਸੀ ਭੇਦ ਨ ਪਾਇਆ । ਨਾਨਕ ਸਤਗੁਰ ਬ੍ਰਹਮ ਦਿਖਾਇਆ ।

ਆਸਾ ਮ: ੧ ਸਬਦ ੨੦

ਬ੍ਰਹਮਾ ਬਿਸਨ ਮਹੇਸੁ ਦੇਵ ਉਪਾਇਆ। ਬ੍ਰਹਮੇ ਦਿਤੇ ਵੇਦ ਪੂਜਾ ਲਾਇਆ।
ਦੇਸ ਅਵਤਾਰੀ ਰਾਮ ਰਾਜਾ ਆਇਆ। ਦੈਤਾ ਮਾਰੈ ਧਾਇ ਹੁਕਮਿ ਸਬਾਇਆ।
ਈਸ ਮਹੇਸਰ ਸੇਵ ਤਿਨੀ ਅੰਤ ਨ ਪਾਇਆ।

ਵਾਰ ਮਲਾਰ ਮ: ਪਹਲੇ ੨ਸ਼:੩

ਤ੍ਰੈਗੁਣ ਬਿਖਿਆ ਅੰਧੁ ਹੈ ਮਾਇਆ ਮੋਹ ਗੁਬਾਰ। ਲੋਭੀਅਨ ਕਉ ਸੇਵਦੇ ਪੜਿ ਵੇਦਾ ਕਰਹਿ ਪੁਕਾਰ। ਬਿਖਿਆ ਅੰਦਰ ਪਚੁ ਮੁਏ ਨ ਉਰਵਾਰ ਨ ਪਾਰੁ।

ਸਿਰੀ ਰਾਗ ਮ: ੩ ਸ਼: ੪੩

ਪੜਿ ਪੜਿ ਪੰਡਿਤ ਬੇਦ ਬਖਾਣਹਿ ਮਾਹਿਆ ਮੋਹੁ ਸੁਆਇ।
ਦੂਜਿ ਭਾਇ ਹਰਿ ਨਾਮੁ ਵਿਸਾਰਿਆ ਮਨ ਮੂਰਖ ਮਿਲੈ ਸਜਾਇ।

ਸਿਰੀ ਰਾਗ ਕੀ ਵਾਰ ਮਹਲੇ ਚੌਥੇ ਕੀਮ: ੩ ਸ: ੯

ਮਨਮੁਖ ਪੜਹਿ ਪੰਡਿਤ ਕਹਾਵਹਿ। ਦੂਜੇ ਭਾਇ ਮਹਾ ਦੁਖ ਪਾਵਹਿ।
ਬਿਖਿਆ ਮਾਤੇ ਕਿਛੁ ਸੂਝੇ ਨਾਹੀਂ ਫਿਰ ਫਿਰ ਜੂਨੀ ਆਵਣਿਆ।
ਵੇਦ ਪੜਹਿ ਹਰਿ ਰਸੁ ਨਹੀਂ ਆਇਆ। ਵਾਦੁ ਬਖਾਣਹਿ ਮਾਇਆ।
ਅਗਿਆਨ ਮਤੀ ਸਦਾ ਅੰਧਿਆਰਾ ਗੁਰਮੁਖ ਬੂਜ ਹਰਿ ਗਾਵਣਿਆ।

ਮਾਝ ਮਹਲਾ ੩ ਅਸ਼ਟਪਦੀਆਂ ਸ਼ਬਦ ੩੧

ਬ੍ਰਹਮਾ ਮੂਲੁ ਵੇਦ ਅਭਿਆਸਾ। ਤਿਸਤੇ ਉਪਜੈ ਦੇਵ ਮੋਹਿ ਪਿਆਸਾ।
ਤ੍ਰੈ ਗੁਣ ਭਰਮੇ ਨਾਹੀ ਨਿਜਘਰ ਵਾਸਾ।

(ਗਉੜੀ ਮ: ੩ ਅਸਟਪਦੀਆਂ ਸ਼ਬਦ ੪

ਬ੍ਰਹਮਾ ਵੇਦ ਪੜੈ ਵਾਦ ਵਖਾਣੇ। ਅੰਤਰਿ ਤਾਮਸੁ ਆਪਨਾ ਪਛਾਣੇ।
ਤਾ ਪ੍ਰਭੁ ਧਾਏ ਗੁਰੂ ਸ਼ਬਦ ਵਖਾਣੇ। ਗਉੜੀ ਮ: ੩ ਅਸ਼ਟਪਦੀਆਂ ਸ਼ਬਦ ੧
ਚਾਰੇ ਵੇਦ ਬ੍ਰਹਮੇ ਕਉ ਦੀਏ ਪੜਿ ਪੜਿ ਕਰੇ ਵੀਚਾਰੀ।
ਤਾਂਕਾ ਹੁਕਮੁ ਨ ਬੁਝੈ ਬਪੁੜਾ ਨਰਕਿ ਸੁਰਗਿ ਅਵਤਾਰੀ।

ਆਸਾ ਮ: ੩ ਅਸਟਪਦੀਆਂ ਸ਼ਬਦ ੧

ਪੰਡਿਤ ਮੈਲੁ ਨ ਚੂਕਈ ਜੋ ਵੇਦੁ ਪੜੈ ਜੁਗ ਚਾਰਿ।
ਤ੍ਰੈਗੁਣ ਮਾਇਆ ਮੂਲ ਹੈ ਵਿਚ ਹਉਮੈ ਨਾਮਿ ਵਿਸਾਰਿ।
ਪੰਡਿਤ ਭੂਲੇ ਦੂਜੈ ਲਾਗੇ ਮਾਇਆ ਕੈ ਵਾਪਾਰਿ।
ਅੰਤਰੀ ਤ੍ਰਿਸਨਾ ਭੁਖ ਹੈ ਮੂਰਖ ਮੂਏ ਗਵਾਰ।

ਸੋਰਠ ਵਾਰ ਮ: ੩ ਸ: ੧੩

ਵੇਦ ਪੜ੍ਹੇ ਪੜ੍ਹਿ ਵਾਦੁ ਵਖਾਣੈ ਬ੍ਰਹਮਾ ਬਿਸਨ ਮਹੇਸਾ ।
ਇਹ ਤ੍ਰਿਗੁਣ ਮਾਇਆ ਜਿਨ ਜਗਤੁ ਭੁਲਾਇਆ ਜਨਮ ਮਰਨ ਕਾ ਸਹਸਾ ।
ਗੁਰੂ ਪ੍ਰਸਾਦਿ ਏਕੋ ਜਾਣੈ ਚੂਕੈ ਮਨਹੁ ਅੰਦੇਸਾ ।

ਰਾਗ ਮਲਾਰ ਮਹਲਾ ੩ ਸ਼ਬਦ ੧

ਸਿਮ੍ਰਿਤਿ ਸਾਸਤ੍ਰ ਪੁੰਨ ਪਾਪ ਬਿਚਾਰਦੇ ਤਤੈ ਸਾਰ ਨ ਜਾਣੀ ।
ਤਤੈ ਸਾਰ ਨ ਜਾਣੀ ਗੁਰੂ ਬਾਝਹੁ ਤਤੈ ਸਾਰ ਨ ਜਾਣੀ ।
ਤਿਹੀ ਗੁਣੀ ਸੰਸਾਰ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ ।
ਗੁਰ ਕਿਰਪਾ ਤੇ ਸੇ ਜਨ ਜਾਗੇ ਜਿਨ੍ਹਾਂ ਹਰਿ ਮਨ ਵਸਿਆ ਬੋਲਹ ਅੰਮ੍ਰਿਤ ਬਾਣੀ ।

ਮ: ੩ ਰਾਮਕਲੀ ਆਨੰਦ ਸ਼ਬਦ ੨੭

ਸਿੰਮ੍ਰਿਤ ਸਾਸਤ੍ਰ ਬਹੁਤ ਬਿਸਥਾਰਾ । ਮਾਇਆ ਮੋਹੁ ਪਸਰਿਆ ਪਾਸਾਰਾ ।
ਮੂਰਖ ਪੜਹਿ ਸ਼ਬਦ ਨ ਬੂਝਹਿ ਗੁਰਮੁਖ ਵਿਰਲੇ ਜਾਤਾ ਹੈ ।

ਮਾਰੂ ਸੋਲਹੇ ਮ: ੩ ਸ਼ਬਦ ੯

ਬੇਦ ਪੜਹਿ ਹਰਿ ਨਾਮੁ ਨ ਬੂਝਹਿ ਮਾਇਆ ਕਾਰਣ ਪੜ੍ਹਿ ਪੜ੍ਹਿ ਲੂਝਹਿ ।
ਅੰਤਰ ਮੈਲ ਅਗਿਆਨੀ ਅੰਧਾ ਕਿਉਂ ਕਰ ਦੁਤਰ ਤਰੀਜੈ ਹੇ । ੧੫ ।
ਵੇਦ ਬਾਦ ਸਭ ਆਖ ਵਖਾਣਹਿ । ਨ ਅੰਤਰ ਭੀਜੈ ਨ ਸ਼ਬਦ ਪਛਾਣਹਿ ।
ਪੁੰਨ ਪਾਪ ਸਭ ਬੇਦਿ ਦ੍ਰਿੜਾਇਆ ਗੁਰਮੁਖ ਅੰਮ੍ਰਿਤ ਪੀਜੈ ਹੇ । ੧੫ ।

ਮਾਰੂ ਸੋਲਹੇ ਮਹਲਾ ੩ ਸ਼ਬਦ ੬

ਸਾਸਤ ਸਿਮ੍ਰਿਤਿ ਵੇਦ ਚਾਰਿ ਮੁਖਾਗਰ ਬਿਚਰੇ ।
ਤਪੇ ਤਪੀਸਰ ਜੋਗੀਆ ਤੀਰਥਿ ਨਾਵਨ ਕਰੇ ।
ਖਟਕਰਮਾ ਤੇ ਦੁਗੁਣੇ ਪੂਜਾ ਕਰਤਾ ਨਾਇ ।
ਰੰਗ ਨ ਲਗੀ ਪਾਰਬ੍ਰਹਮ ਤਾਂ ਸਰਪਰ ਕਰਕੇ ਜਾਇ ।

ਸਿਰੀ ਰਾਗ ਮਹਲਾ ੫ ਸ਼ਬਦ ੨੬

ਧੋਤੀ ਖੋਲਿ ਵਿਛਾਏ ਹੇਠਿ । ਗਰਧਪ ਵਾਂਗ ਲਾਹੇ ਪੇਟਿ ।੧।
ਬਿਨ ਕਰਤੂਤੀ ਮੁਕਤੀ ਨ ਪਾਈਐ । ਮੁਕਤਿ ਪਦਾਰਥ ਨਾਮ ਧਿਆਈਐ ।
੧ । ਰਹਾਉ ।

ਪੂਜਾ ਤਿਲਕ ਕਰਤ ਇਸਨਾਨਾ। ਛੁਰੀ ਕਾਢਿ ਲੇਵੈ ਹਥਿ ਦਾਨਾ।੨।
ਬੇਦੁ ਪੜੈ ਮੁਖਿ ਮੀਠੀ ਬਾਣੀ। ਜੀਆਂ ਕੁਹਤ ਨ ਸੰਗੈ ਪਰਾਣੀ।੩।
ਕਹੁ ਨਾਨਕ ਜਿਸ ਕਿਰਪਾ ਧਾਰੈ। ਹਿਰਦਾ ਸੁਧੁ ਬ੍ਰਹਮ ਬੀਚਾਰੈ।
ਗਉੜੀ ਮਹਲਾ ੫ ਸ਼ਬਦ ੧੦੭—੧੭੬

ਚਤਰ ਬੇਦ ਮੁਖ ਬਚਨੀ ਉਚਰੈ ਆਗੈ ਮਹਲੁ ਨ ਪਾਈਐ।
ਬੂਝੈ ਨਾਹੀ ਏਕ ਸੁਧਾਖਰੁ ਉਹ ਸਗਲੀ ਝਾਖ ਝਖਾਈਐ।
ਰਾਗ ਗਉੜੀ ਮਹਲਾ ਸ਼ਬਦ ੧੬੪

ਬੇਦ ਪੜੇ ਪੜਿ ਬ੍ਰਹਮੇ ਹਾਰੇ ਇਕ ਤਿਲੁ ਨਹੀਂ ਕੀਮਤਿ ਪਾਈ।
ਸਾਧਿਕ ਸਿੱਧ ਫਿਰੇ ਬਿਲਤਾਤੇ ਤੇ ਭੀ ਮੋਹੇ ਮਾਈ।੨।
ਦਸ ਅਉਤਾਰ ਰਾਜੇ ਹੋਇ ਵਰਤੇ ਮਹਾਦੇਵ ਅਉਧੂਤਾ।
ਤਿਨ ਭੀ ਅੰਤ ਨ ਪਾਇਓ ਤੇਰਾ ਲਾਇ ਥਕੇ ਬਿਭੂਤਾ।
ਸੂਹੀ ਮ: ੫ ਸ਼ਬਦ ੪੯

ਬੇਦ ਕਤੇਬ ਸਿੰਮ੍ਰਿਤਿ ਸਭਿ ਸਾਸਤ੍ਰ ਇਨ ਪੜਿਆ ਮੁਕਤਿ ਨ ਹੋਈ।
ਏਕ ਅਖਰੁ ਜੋ ਗੁਰਮੁਖਿ ਜਾਪੈ ਤਿਸਕੀ ਨਿਰਮਲ ਸੋਈ।
ਸੂਹੀ ਮਹਲਾ ੫, ਸ਼ਬਦ ੫੦

ਬ੍ਰਹਮੈ ਕਥਿ ਕਥਿ ਅੰਤ ਨ ਪਾਇਆ। ਰਾਮ ਭਗਤਿ ਬੈਠੇ ਘਰ ਆਇਆ।੨।
ਕਹੁ ਕਬੀਰ ਚੰਚਲ ਮਤਿ ਤਿਆਗੀ। ਕੇਵਲ ਰਾਮ ਭਗਤਿ ਨਿਜ ਭਾਗੀ।
ਗਉੜੀ ਕਬੀਰ ਸ਼ਬਦ ੧੯

ਬੇਦ ਕਤੇਬ ਤੇ ਰਹੇ ਨਿਹਾਰਾ। ਗਉੜੀ ਕਬੀਰ ਜੀ ੩੧

ਬੇਦ ਪੁਰਾਨ ਸਭੈ ਮਤਿ ਸਨਕੈ ਕਰੀ ਕਰਮ ਕੀ ਆਸਾ।
ਕਾਲ ਗ੍ਰਸਤ ਸਭ ਲੋਗ ਸਿਆਨੇ ਉਠਿ ਪੰਡਿਤ ਪੈ ਚਲੈ ਨਿਰਾਸਾ।
ਮਨ ਰੇ ਸਰਿਓ ਨ ਏਕੈ ਕਾਜਾ। ਭਜਿਓ ਨ ਰਘੁਪਤਿ ਰਾਜਾ।
ਸੋਰਠ ਕਬੀਰ ਜੀ ਸਬਦ ੩

ਸਨਕ ਸਨੰਦ ਅੰਤ ਨ ਪਾਇਆ। ਬੇਦ ਪੜੇ ਪੜਿ ਬ੍ਰਹਮੇ ਜਨਮ ਗਵਾਇਆ।
ਹਰਿ ਕਾ ਬਿਲੋਵਨਾ ਬਿਲੋਵੇ ਮੇਰੇ ਭਾਈ। ਸਹਜ ਬਿਲੋਵਹੁ ਜੈਸੇ ਤਤ ਨ ਜਾਈ।
ਆਸਾ ਕਬੀਰ ਜੀ ੧੦

ਬੇਦ ਕਤੇਬ ਇਫਤਰਾ ਭਾਈ ਦਿਲ ਕਾ ਫਿਕਰ ਨ ਜਾਈ।
ਟੁਕ ਦਮ ਕਰਾਰੀ ਜਉ ਕਰਹੁ ਹਾਜਿਰ ਹਜੂਰ ਖੁਦਾਇ।
ਬੰਦੇ ਖੋਜ ਦਿਲ ਹਰਰੋਜ ਨ ਫਿਰ ਪਰੇਸਾਨੀ ਮਾਹਿ।
ਇਹ ਜੁ ਦੁਨੀਆ ਸਿਹਰੁ ਮੇਲਾ ਦਸਤਗੀਰੀ ਨਾਹਿ।

ਤਿਲੰਗ ਕਬੀਰ ਜੀ ੧

ਕਬੀਰ ਮਾਇ ਮੂੰਡਉ ਤਿਹ ਗੁਰੂ ਜੀ ਜਹਤੇਭਰਮੁ ਨ ਜਾਇ।
ਆਪ ਡੂਬੇ ਚਹੁ ਬੇਦ ਮਹਿ ਚੇਲੇ ਦੀਏ ਬਹਾਇ।

ਕਬੀਰ ਜੀ ਸਲੋਕ ੧੦੪

ਜਿਸ ਮੁਖ ਬੇਦ ਗਾਇਤ੍ਰੀ ਨਿਕਸੈ ਸੋ ਕਿਉਬ੍ਰਹਮਨੁ ਬਿਸਰੁ ਕਰੈ।
ਜਾਕੇ ਪਾਇ ਜਗਤ ਸਭ ਲਾਗੈ ਸੋ ਕਿਉ ਪੰਡਿਤ ਹਰਿ ਨ ਕਹੈ।੧।
ਕਾਹੇ ਰੇ ਬਾਮਨ ਹਰਿ ਨ ਕਹਾਹਿ। ਰਾਮ ਨ ਬੋਲਹਿ ਪਾਡੇ ਦੋਜਕੁ ਭਰਹਿ।
।੧। ਰਹਾਉ।
ਆਪ ਨ ਉਚ ਨੀਚ ਘਰਿ ਭੋਜਨ ਹਠੇ ਕਰਮ ਕਰ ਉਦਰ ਭਰਹਿ।
ਚਉਦਸ ਅਮਾਵਸ ਰਚਿ ਰਚਿ ਮਾਂਗਹਿ ਕਰ ਦੀਪਕ ਲੈ ਕੂਪ ਪਰਹਿ।੨।
ਤੂੰ ਬ੍ਰਾਹਮਨੁ ਮੈਂ ਕਾਸੀ ਕੋ ਜਲਾਹਾਂ ਮੁਹਿ ਤੋਹਿ ਬਰਾਬਰੀ ਕੈਸੀ ਕੇ ਬਨਹਿ।
ਹਮਰੇ ਰਾਮ ਨਾਮ ਕਹਿ ਉਬਰੇ ਬੇਦ ਭਰੋਸੇ ਪਾਂਡੇ ਡੂਬਿ ਮਰਹਿ।

ਰਾਮਕਲੀ ਕਬੀਰ ਜੀ ਸ਼ਬਦ ੫

ਇਸੇ ਤਰਾਂ ਦੇ ਹੋਰ ਭੀ ਬਹੁਤ ਔਰ ਸ਼ਬਦ ਹਨ। ਇਨਾਂ ਸ਼ਬਦਾਂ ਨੂੰ ਧਿਆਨ ਨਾਲ ਪੜ੍ਹਿਆ ਜਾਵੇ ਤਾਂ ਪਤਾ ਲਗਦਾ ਹੈ ਕਿ ਕੁਝ ਸ਼ਬਦ ਐਸੇ ਹਨ ਜਿਹੜੇ ਵੇਦ ਸ਼ਾਸਤਰ ਜਾਂ ਹੋਰ ਧਰਮ ਗ੍ਰੰਥਾਂ ਬਾਰੇ ਹਨ ਜਿਨ੍ਹਾਂ ਨੂੰ ਲੋਕ ਪੜ੍ਹਦੇ ਹਨ, ਪਰ ਓਹਦੇ ਅਰਥ ਨਹੀਂ ਸਮਝਦੇ ਜਾਂ ਅਰਥ ਜਾਣਦੇ ਭੀ ਹਨ ਪਰ ਪਾਠ ਮਾਤ੍ਰ ਕਰਕੇ ਹੀ ਸੰਤੋਖ ਕਰ ਲੈਂਦੇ ਹਨ। ਉਸ ਵਿਚ ਜੋ ਕੁਝ ਲਿਖਿਆ ਹੈ, ਉਹਦੇ ਤੇ ਕੋਈ ਅਮਲ ਨਹੀਂ ਕਰਦੇ ਹਨ, ਉਨ੍ਹਾਂ ਨੂੰ ਕੋਈ ਲਾਭ ਨਹੀਂ ਹੁੰਦਾ ਜਦੋਂ ਮਹਾਤਮਾ ਲੋਗ ਕਹਿੰਦੇ ਹਨ ਜੇ ਗਿਦੜ ਕਪਾਹ ਦੇ ਖੇਤ ਵਿਚ ਦੀ ਨਿਕਲ ਗਿਆ ਤਾਂ ਕੋਈ ਖੇਸ ਬਣਾਕੇ ਨਹੀਂ ਲੈ ਗਿਆ। ਏਦਾਂ ਹੀ ਅਮਲ ਨ ਕਰਨ ਵਾਲੇ ਹਨ। ਇਹ ਗੱਲ ਵੇਦ ਕਤੇਬ ਉਤੇ ਹੀ ਨਹੀਂ ਘਟਦੀ ਬਲਕਿ ਸਾਰੇ ਧਰਮ ਗ੍ਰਥਾਂ ਤੇ ਇਕੋ ਜਿਹੀ

ਘਟਦੀ ਹੈ, ਅਤੇ ਇਸ ਗਲ ਨੂੰ ਸਾਰੇ ਪੰਥਾਂ ਵਾਲੇ ਮੰਨਦੇ ਭੀ ਹਨ। ਤਾਂ ਤੇ ਇਹ ਸ਼ਬਦ ਵੇਦ ਦਾ ਖੰਡਨ ਨ ਕਰਕੇ ਵੇਦ ਮੰਨਣ ਵਾਲੇ। ਜਿਹੜੇ ਉਸ ਤੇ ਅਮਲ ਨਹੀਂ ਕਰਦੇ ਉਹਨਾਂ ਦਾ ਨਿਖੇਦ ਕਰਦੇ ਹਨ।

ਇਨ੍ਹਾਂ ਸ਼ਬਦਾਂ ਵਿਚ ਕੁਝ ਸ਼ਬਦ ਇਹੋ ਜਿਹੇ ਹਨ। ਜਿਹੜੇ ਵੇਦ ਦਾ ਨਿਖੇਧ ਕਰਦੇ ਹਨ। ਉਹ ਭੀ ਗਿਆਨ, ਈਸ਼ਵਰ ਵਲ ਲਗਨ ਅਤੇ ਰਾਮ ਨਾਮ ਦੀ ਅਪੇਖਾ ਕਰਕੇ ਨਿਖੇਧ ਕਰਦੇ ਹਨ। ਇਹ ਬਾਤ ਭੀ ਸਭਨਾਂ ਗ੍ਰੰਥਾਂ ਤੇ ਧਰਮ ਗ੍ਰੰਥਾਂ ਤੇ ਲਾਗੂ ਹੋਣ ਵਾਲੀ ਹੈ। ਇਕ ਵੇਦ ਤੇ ਹੀ ਨਹੀਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਆਮ ਤੌਰ ਨਾਲ ਵੇਦ ਤੇ ਕਤੇਬ ਦਾ ਹੀ ਨਾਉ ਹੈ. ਕਿਉਂਕਿ ਉਸ ਵੇਲੇ ਬਾਇਬਲ ਦਾ ਪ੍ਰਚਾਰ ਨਹੀਂ ਸੀ। ਵੇਦ ਦੇ ਸਾਥ ਸਾਥ ਕਿਤੇ ਕਿਤੇ ਪੁਰਾਣ ਸਿਮਿਤ੍ਰੀਆਂ, ਸ਼ਾਸਤ੍ਰ ਸ਼ਬਦ ਭੀ ਹੈ। ਕੋਈ ਭੀ ਸਿਆਨਾ ਬੰਦਾ ਜਿਵੇਂ ਇਨ੍ਹਾਂ ਧਰਮ ਗ੍ਰੰਥਾਂ ਨੂੰ ਵਿਚਾਰੇਗਾ ਤਿਵੇਂ ਹੀ ਬਾਇਬਲ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਭੀ ਗ੍ਰੰਥ ਹੀ ਹਨ, ਉਹ ਨਿਯਮ ਉਹਨਾਂ ਤੇ ਭੀ ਲਗ ਜਾਊਗਾ। ਇਹਨਾਂ ਦਾ ਨਾਉਂ ਉਸ ਵੇਲੇ ਨ ਹੋਣ ਕਰਕੇ ਹੀ ਨਹੀਂ ਲਿਆ। ਨਹੀਂ ਤਾਂ ਵੇਦੁ ਕਤੇਬ ਦੇ ਨਾਲ ਨਾਲ, ਏਹ ਭੀ ਹੁੰਦੇ। ਗਰੀਬ ਦਾਸ ਜੀ ਨੇ ਹੋਰਨਾਂ ਦੇ ਭੀ ਨਾਉਂ ਲੈਕੇ ਖੰਡਨ ਕੀਤਾ ਹੈ। ਜੇ ਕੋਈ ਅਜ ਕਲ ਉਨ੍ਹਾਂ ਗਲਾਂ ਨੂੰ ਲਿਖੇ ਤਾਂ ਹੋਰਨਾਂ ਸੰਪ੍ਰਦਾਵਾਂ ਨੂੰ ਭੀ ਨਾਲ ਹੀ ਲਿਖੂਗਾ। ਇਸੀ ਵਿਸ਼ੇ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਭੀ ਸ਼ਬਦ ਲਿਖਦਾ ਹਾਂ।

ਕਈ ਇੰਦ੍ਰ ਬਾਰ ਬੁਹਾਰ। ਕਈ ਬੇਦ ਅਉਮੁਖ ਚਾਰ। ੪੦।
ਕਈ ਕੰਕ ਕਾਬ ਕਹੰਤ। ਕਈ ਬੇਦ ਭੇਦ ਕਹੰਤ। ੪੧।
ਕਹੂੰ ਸਾਸਤ੍ਰ ਸਿੰਮ੍ਰਿਤ ਰੀਤ। ਕਹੂ ਬੇਦ ਜਿਉਂ ਬਿਪ੍ਰੀਤਿ।੪੪।
ਕਈ ਬ੍ਰਹਮ ਬੇਦ ਰਟੰਤ। ਕਈ ਲੇਖ ਨਾਮ ਉਚਰੰਤ। ੪੯।
ਸਭ ਕਰਮ ਫੋਕਟ ਜਾਨ। ਸਭ ਧਰਮ ਨਿਹਫਲ ਮਾਨ।
ਬਿਨ ਏਕ ਨਾਮ ਅਧਾਰ। ਸੁਭੁ ਕਰਮ ਭਰਮ ਬਿਚਾਰ। ੫੦।

ਅਕਾਲ ਉਸਤਤਿ।

ਦੇਵ ਭੇਦ ਨ ਜਾਨ ਹੀ ਜਿਹ ਮਰਮ ਬੇਦ ਕਤੇਬ। ੧੮੩।
ਪਾਹਨ ਪਾਇ ਸਕੈ ਪਦਮਾਪਤਿ ਬੈਦ ਕਤੇਬ ਨ ਭੇਦ ਉਚਾਰੇ। ੨੪੪।
ਬੇਦ ਪਰਾਨ ਕਤੇਬ ਕੁਰਾਨ; ਹਸੇਬ ਥਕੇ ਕਰ ਹਾਥ ਨ ਆਏ। ੨੪੫।

ਬੇਦ ਕਤੇਬ ਨ ਭੇਦ ਲਖਿਓ ਸਭ ਹਾਰ ਪਰੇ ਹਰਿ ਹਾਥ ਨ ਆਇਓ। ੨੫੦।
ਬੇਦ ਪੁਰਾਨ ਕਤੇਬ ਕੁਰਾਨ ਅਭੇਦ ਨਿਪਾਨ ਸਭੇ ਪਚਹਾਰੇ। ੨੫੧ ਅਕਾਲ ਉ: ।
ਜਿਨ ਕੀ ਲਿਵ ਹਰਿ ਚਰਨਨ ਲਾਗੀ। ਤੇ ਬੇਦਨ ਤੇ ਭਏ ਤਯਾਗੀ।

ਬਚਿਤ੍ਰ ਨਾਟਕ ਅਧਯਾਯ ੬। ੧੯

ਜਿਨ ਮਤ ਬੇਦੁ ਕਤੇਬਨ ਤਯਾਗ। ਪਾਰਬ੍ਰਹਮ ਕੇ ਭੈ ਅਨੁਰਾਗ ੨੦।
ਬੇਦ ਭੇਦ ਨੇਹੀ ਲਖੇ ਬ੍ਰਹਮ ਬ੍ਰਹਮਾ ਨਹੀਂ ਬੁਝੈ।

ਗਿਆਨ ਪ੍ਰਬੋਧ ੩੨

ਬੇਦ, ਪੂਰਨ ਕੁਰਾਨ ਸਭੈ ਮਤ ਜਾਂਕਰ ਨੇਤਿ ਕਹੈ ਹੈ। ਹਜ਼ਾਰੇ ਸ਼ਬਦ ੧੦
ਬੇਦ ਪੁਰਾਨ ਕੁਰਾਨ ਸਭੈ ਗੁਨ ਗਾਯ ਥਕੇ ਪਰ ਜਾਪਨ ਚੀਨੋ।

ਸਵੈਯੇ ੯

ਬੇਦ ਕਤੇਬ ਕੇ ਭੇਦ ਸਭੇ ਤਜ ਕੇਵਲ ਕਾਲ ਕ੍ਰਿਪਾਨਿਧਿ ਮਾਨਯੋ।

ਸਵੈਯੇ ੨੪

ਜਿਸ ਦੀ ਪਰਮਾਤਮਾ ਨਾਲ ਲਿਵ ਲਗ ਜਾਵੇ ਉਸ ਦੇ ਵਾਸਤੇ ਫੇਰ ਕਿਸੇ ਪੋਥੀ ਪੜ੍ਹਨੇ ਦੀ ਲੋੜ ਨਹੀ ਹੈ। ਇਹਨਾਂ ਸ਼ਬਦਾ ਦਾ ਏਹੀ ਭਾਵ ਹੈ। ਅੱਜ ਕਲ ਕਈ ਲਿਖਾਰੀ ਵੇਦ ਸ਼ਬਦ ਸ੍ਰੀ ਗੁਰੂ ਜੀ ਨੇ ਜਿਥੇ ਲਿਖਿਆ ਹੈ. ਉਹ ਸਬ ਜਗਾਹ ਵੇਦ ਦਾ ਅਰਥ ਗਿਆਨ ਹੀ ਕਰਦੇ ਹਨ। ਵੇਦ ਪੁਸਤਕ ਨਹੀਂ ਮੰਨਦੇ ਜੇ ਇਹ ਕਹੀਏ ਵੇਦ ਮੰਨਣ ਵਾਲੇ ਭੀ ਵੇਦ ਨੂੰ ਈਸ਼ਵਰ ਦਾ ਗਿਆਨ ਹੀ ਮੰਨਦੇ ਹਨ, ਇਹ ਠੀਕ ਹੈ ਪਰ ਉਨ੍ਹਾਂ ਦਾ ਮਤਲਬ ਇਹ ਨਹੀਂ। ਏਸ ਕਰਕੇ ਇਹ ਸਮਾਧਾਨ ਠੀਕ ਨਹੀਂ ਹੈ। ਇਹ ਸੱਚ ਹੈ ਕਿ ਵੇਦ ਦਾ ਅਰਥ ਗਿਆਨ ਭੀ ਹੈ, ਪਰ ਏਹ ਭੀ ਮੰਨਣਾ ਹੀ ਪਊਗਾ ਕਿ ਵੇਦ ਨਾਉਂ ਰਿਗ, ਯਜੁਰ, ਸਾਮ ਅਤੇ ਅਥਰਵ ਦਾ ਭੀ ਹੈ, ਅਤੇ ਗੁਰੂ ਮਹਾਰਾਜ ਨੇ ਇਹ ਨਾਉ ਲਿਖੇ ਭੀ ਹਨ। ਉਨ੍ਹਾਂ ਦਾ ਵੇਦ ਲਿਖਣ ਤੋਂ ਮਤਲਬ ਇਨ੍ਹਾਂ ਪੁਸਤਕਾਂ ਵਲ ਹੀ ਹੈ। ਕਿਤੇ ਕਿਤੇ ਜਿਥੇ ਇਹ ਅਰਥ ਨ ਜਚਦੇ ਹੋਣ ਉਥੇ ਵੇਦ ਦਾ ਅਰਥ ਗਿਆਨ ਮੰਨਣਾ ਹੀ ਪਊਗਾ, ਪਰ ਸਬ ਥਾਈਂ ਵੇਦ ਦਾ ਅਰਥ ਗਿਆਨ ਕਰਨਾ ਬਿਨਾਂ ਖਿਚਾਤਾਨ ਤੋਂ ਹੋਰ ਕੁਝ ਭੀ ਨਹੀਂ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਕੋਸ਼ ਵਿਚ ਵੇਦ ਸ਼ਬਦ ਉਤੇ ਜੋਕੁਝ ਪੰ: ਤਾਰਾ ਸਿੰਘ ਜੀ ਨੇ ਲਿਖਿਆ ਹੈ, ਉਹ ਉਤੇ ਲਿਖੀ ਗਲ ਨੂੰ ਹੀ ਸਿਧ ਕਰਦਾ ਹੈ ਇਸ ਲਈ ਮੈਂ ਉਸ ਪਾਸ ਨੂੰ ਇਥੇ ਲਿਖਣਾ ਉਚਿਤ ਸਮਝਦਾ ਹਾਂ :—

ਵੇਦ । ਸੰ: ਧਰਮ ਔਰ ਬ੍ਰਹਮ ਰੂਪ ਅਰਥ ਕੋ ਵਿੰਦਤਿ ਅਨੇਨ ਲਭਤੇ ਹੈਂ ਪਰਖ ਜਿਸ ਕਰ, ਵਾ ਪਰਮ ਬ੍ਰਹਮ ਕੋ ਵੇਤਿ ਅਨੇਨ ਜਾਣੇ ਹੈ ਪੁਰਖ ਜਿਸ ਕਰ, ਤਿਸ ਬਾਣੀ ਕਾ ਨਾਮ ਵੇਦ ਹੈ ਵਾ ਧਰਮ ਬ੍ਰਹਮ ਰੂਪ ਅਰਥ ਵਿਦਵਾਨੋ ਕੇ ਹੈ ਰੂਪ ਕਰ ਕਾ ਵਿਚਾਰਣੀਯ ਰੂਪ ਕਰ ਵਿਦਯਤੇ ਯਤ੍ਰ ਜਾਣੀ ਤੇ ਹੈਂ ਜਿਸ ਬਾਣੀ ਕੇ ਬੀਚ ਤਿਸਕਾ ਨਾਮ ਵੇਦ ਹੈ ।

ਸੋ ਬਾਣੀ ਚਾਰ ਸਰੂਪ ਹੈ. ਨਾਮ ਚਾਰੋਂ ਕੇ ੧, ਰਿਗ ੨, ਯਜੁਰ ੩, ਸਾਮ ੪ ਅਥਰਵਣ ਹੈ । ਇਨ ਵੇਦ ਬ੍ਰਿਛੋਂ ਕਾ ਮੂਲ ਈਸ਼ਵਰ ਹੈ, ਕਰਮ ਉਪਾਸਨਾ, ਗਿਆਨ ਤੀਨੋਂ ਕਾਂਡ ਭਾਵ ਇਨਕੇ ਮੋਟੇ ਟਾਲੇ (ਟਹਿਣੇ) ਹੈਂ । ਯੇਹ ਚਾਰੋਂ ਵੇਦ ਮੰਤ੍ਰ ਬ੍ਰਹਮਣ ਭੇਦ ਸੇ ਦੋ ਰੂਪ ਹੈਂ । ਦੋਨੋਂ ਮੇਂ ਮੂਲ ਵੇਦ ਕਾ ਨਾਮ ਮੰਤ੍ਰ ਹੈ. ਵਿਆਖਿਆਨ ਰੂਪ ਵੇਦ ਕਾ ਨਾਮ ਬ੍ਰਹਮਣ ਹੈ । ਸੋ ਬ੍ਰਾਹਮਣ ਭੀ ਚਾਰ ਹੈ । ਜਿਨ ਮੇਂ ਰਿਗ ਸਵਰੂਪ ਮੰਤ੍ਰ ਕਾ ਏਤ੍ਰਦ ਬ੍ਰਾਹਮਣ ਹੈ । ਯਜੁਰ ਸਵਰੂਪ ਵੇਦ ਕਾ ਸ਼ਤਪਥ ਬ੍ਰਾਹਮਣ ਹੈ । ਸਾਮ ਸਵਰੂਪ ਮੰਤ੍ਰ ਕੇ ਸਾਮ ਵਿਧਾਨਾਦਿ ਅਸਟ ਬ੍ਰਾਹਮਣ ਹੈਂ । ਜਿਨਕੇ ਨਾਮ ਪੰਚਵਿੰਸ਼, ਖਟਾਵਿੰਸ, ਨਾਮ ਵਿਧਾਨੁ, ਆਰਸ਼ੇਯ, ਦੇਵਤਾਧਯਾਯ, ਉਪਨਿਖਦ ਹੈਂ । ਸੰਹਿਤੋਪਨਿਖਦ ਬੰਸ਼ ਯੇ ਹੈਂ । ਅਥਰਵਣ ਸਵਰੂਪ ਮੰਤ੍ਰ ਕਾ ਗੋਪਥ ਬ੍ਰਾਹਮਣ ਹੈ । ਇਨ ਬ੍ਰਾਹਮਣ ਭਾਗੋਂ ਮੇਂ ਹੀ ਬਹੁਧਾ ਬ੍ਰਹਮ ਪ੍ਰਤਿਪਾਦਕ ਉਪਨਿਖਦ ਹੈਂ ਸੂਤ੍ਰ ਹੈਂ ।

ਵੇਦ ਸ੍ਵਤ: ਪ੍ਰਮਾਣ ਹੈ, ਐਸੇ ਸਾਂਖ ਸਾਸਤ੍ਰ ਕੇ ਕਰਤਾ ਕਪਲ ਮੁਨੀ ਨੇ ਸ੍ਵੀਕਾਰ ਕੀਆ ਹੈ । ਭਾਵ ਯਹ ਸਮਗਰ ਵੇਦ ਯਥਾਰਥ ਪ੍ਰਤਿਪਾਦਨ ਕਰਨੇ ਕੇ ਸ੍ਵਭਾਵ ਸ ਸ੍ਵਤ: ਪ੍ਰਮਾਣ ਹੈ । ਇਸ ਰੀਤਿ ਕੀ ਹੀ ਵੇਦ ਕ ਪ੍ਰਮਾਣਤਾ ਰਿਖੀ ਜੈਮੁਨਿਜੀ ਮਾਨੇ ਹੈਂ । ਯਾਂ ਤੇ ਵਦੋਂ ਕੀ ਪ੍ਰਮਾਣਤਾ ਮੇਂ ਔਰ ਕਾਹੂੰ ਕੀ ਚਾਹ ਨਹੀਂ । ਸਿੰਮ੍ਰਿਤੀ ਆਦਿ ਕੀ ਪ੍ਰਮਾਣਤਾ ਮੇਂ ਵੇਦੋਂ ਕੀ ਚਾਹ ਹੈ, ਇਸ ਲੀਏ ਵੇਦ ਸ੍ਵਤ: ਪ੍ਰਮਾਣ ਹੈ । ਉਪਵੇਦਾਦਿ ਦੂਸਰੇ ਗ੍ਰੰਥ ਪਰਤ: ਪ੍ਰਮਾਣ ਹੈ ਅਰਥਾਥ ਵੇਦ ਮੇਂ ਕਹੇ ਅਰਥ ਜੋ ਕਹਨੇ ਮੇਂ ਪ੍ਰਮਾਣ ਹੈ ਵੇਦ ਸੇ ਵਿਰੁਧ ਕਹਨੇ ਮੇਂ ਪ੍ਰਮਾਣ ਨਹੀਂ ਸਭੀ ਅਪ੍ਰਮਾਣ ਹੈ । ਇਸ ਲੀਏ ਉਪਵੇਦਾਦਿ ਸਭ ਗ੍ਰੰਥ ਪਰਤ: ਪ੍ਰਮਾਣ ਹੈ । ਜੀਵ ਪੁਰਖ ਕਰ ਰਚਿਤ ਨ ਹੋਨੇ ਸੇ ਅਪੌਰਖੇਯ ਹੈ । ਯਹ ਬਿਆਸ ਆਦਿ ਮੁਨੀਸਰੋਂ ਕਾ ਸਿਧਾਂਤ ਹੈ ਸੋਈ "ਹਰਿ ਆਗਿਆ ਹੋਏ ਵੇਦ ਪਾਪ ਪੁੰਨ ਵੀਚਾਰਿਆ ਕਹਿ ਕੈ ਗੁਰੂ ਕਾ ਸਿਧਾਂਤ ਹੈ ।

ਵੇਦ ਰਚਕੇ ਈਸ਼੍ਵਰ ਨੇ ਸਭ ਸੇ ਪਹਿਲੇ ਕਿਸ ਕੇ ਹਿਰਦੇ ਪ੍ਰਕਾਸ਼ਿਤ ਕੀਏ ? ਇਸ ਵਿਸਯ ਮੇਂ ਸਤਪਥ ਮੇਂ ਅਗਨੀ, ਵਾਯੂ, ਆਦਿਤਯ ਸੇ ਰਿਗ, ਯਜੁਰ, ਸਾਮ ਵੇਦ ਪ੍ਰਗਟ ਹੂਏ ਜਿਨ ਮੇਂ ਅਗਨੀ ਸ਼ੇ ਰਿਗਵੇਦ ਵਾਯੂ ਸੇ ਯਜੁਰ ਵੇਦ. ਆਦਿਤਯ ਸੇ ਸਾਮ ਵੇਦ ਹੂਆ, ਯਹ ਸ਼੍ਰੁਤੀ ਕਾ ਅਰਥ ਹੈ । ਇਨ ਸ਼੍ਰੁਤਿ ਕੇ ਅਨੁਸਾਰ ਆਧੁਨਿਕ ਲੋਗ ਐਸਾ ਕਹਿਤ ਹੈਂ ਪਰਮਾਤਮਾ ਨੇ ਅਗਨੀ ਆਦਿ ਦੁਆਰਾ ਬ੍ਰਹਮਾ ਜੀ ਕੋ ਵੇਦ ਕੀ ਪ੍ਰਾਪਤਿ ਕਰੀ, ਪ੍ਰਾਚੀਨ ਗ੍ਰੰਥੋਂ ਕੇ ਅਨਕੂਲ ਨਿਰਣੇ ਕਰਨੇ ਵਾਲੇ ਕਹਤੇ ਹੈ । ਸ੍ਵੇਤਾ ਸ੍ਵਤਰ ਉਪਨਿਸ਼ਦ ਮੇਂ ਕਹਾ ਹੈ । ਸੋ ਪਰਮਾਤਮਾ ਸਭ ਸ੍ਰਿਸ਼ਟਿ ਸੇ ਪਹਿਲੇ ਬ੍ਰਹਮਾ ਜੀ ਕੋ ਰਚਤਾ ਭਯਾ ਔਰ ਰਚਕੇ ਜੋ ਪਰਮਾਤਮਾ ਬ੍ਰਹਮਾ ਜੀ ਕੇ ਲੀਏ ਔਰ ਸਭ ਕੋ ਛੋੜ ਵੇਦੋਂ ਕਾ ਉਪਦੇਸ਼ ਕਰਤਾ ਭਯਾ । ਪੁਨਾ ਜੈਸੇ ਸ਼੍ਰੁਤਿ ਮੇਂ ਬ੍ਰਹਮਾ ਜੀ ਕੇ ਪ੍ਰਥਮ ਹੋਨੇਂ ਮੇਂ ਪੂਰਖ ਪਦ ਹੈ । ਤੈਸੇ ਮੁੰਡਕੋਪਨਿਖਦ ਮੇਂ ਪ੍ਰਥਮ ਲਿਖਾ ਹੈ । ਬ੍ਰਹਮਾ ਸਰਬ ਦੇਵ ਤਾਯੋਂ ਸੇ ਪ੍ਰਥਮ ਉਤਪੰਨ ਹੂਏ ਸੋ ਵਿਸ੍ਵ ਕੀ ਰਚਨਾ ਔਰ ਪਾਲਨਾ ਕੇ ਦ੍ਵਾਰ ਹੈਂ । ਅਬ ਨਿਸਚੇ ਕਰੋ ਜਬ ਬ੍ਰਹਮਾ ਸਰਬ ਦੇਵਤਾਯੋਂ ਕੇ ਆਦਿ ਮੇਂ ਉਪਜੇ ਔਰ ਬਿਸ਼ਵ ਰਚਨਾ ਕੇ ਦੁਆਰ ਹੈ ਤਬ ਅਗਨੀ ਆਦਿਕੋਂ ਕੀ ਉਤਪਤੀ ਬ੍ਰਹਮਾਂ ਜੀ ਕੇ ਪਸਚਾਤ ਸ੍ਵਯੰ ਸਿੱਧ ਹੋਵੇ ਹੈ । ਯਾਂਤੇ ਪੂਰਣ ਗਿਆਨੀ ਬ੍ਰਹਮਾ ਜੀ ਸੇ ਹੀ ਅਗਨੀ ਆਦਿਕੋਂ ਨੇ ਪੜ੍ਹਾ ਯਹੀ ਮਾਨਨਾ ਸਾਰ ਹੈ । ਵੇਦ ਪਰਮਾਤਮਾ ਨੇ ਬ੍ਰਹਮਾ ਕੇ ਹਿਰਦੇ ਮੇਂ ਪ੍ਰਕਾਸ਼ਿਤ ਕੀਏ ਸਿਧਾਂਤ ਹੈਂ । ਸੋਈ ਗੁਰੂ ਜੀ ਲਿਖੇ ਹੈ । "ਚਾਰੇ ਵੇਦ ਬ੍ਰਹਮੇ ਕਉ ਦੀਏ ਪੜਿ ਪੜਿ ਕਰੇ ਵਿਚਾਰੀ" ਆਪਸਤੰਬ ਔਰ ਕਾਤਯਾਯਨ ਮੁਨਿਮੰਤ੍ਰ ਬ੍ਰਾਹਮਣ ਦੋਨੋਂ ਭਾਗੋ ਕੋ ਵੇਦ ਮਾਨੇ ਹੈਂ । ਉਨਕੇ ਅਨੁਸਾਰ ਬਹੁਤ ਲੋਗ ਵਹੀ ਪ੍ਰਕ੍ਰਿਆ ਸਵੀਕਾਰ ਕਰੇ ਹੈਂ । ਕੋਈ ਆਧੁਨਿਕ ਮੰਤ੍ਰ ਭਾਗ ਮਾਤ੍ਰ ਵੇਦ ਹੈ । ਇਤਿਹਾਸ ਪੁਰਾਣ ਰੂਪ ਹੋਨੇ ਸੇ ਬ੍ਰਾਹਮਣ ਭਾਗ ਵੇਦ ਨਹੀਂ ਐਸੈ ਕਹੇ ਹੈਂ । ਸੋਈ ਦਿਖਾਵੇ ਹੈਂ ।

੧. ਬ੍ਰਾਹਮਣ ਵੇਦ ਨਹੀਂ । ਵੇਦ ਸੰਗਿਆ ਸੇ ਵਿਰੁਧ ਇਤਿਹਾਸ ਪੁਰਾਣ ਨਾਮੋਂ ਵਾਲਾ ਹੋਨੇ ਤੇ ਮਹਾਂਭਾਰਤ, ਪਦਪ ਪੁਰਾਣ ਆਦਿ ਵਤ ਜੈਸੇ ਮਹਾਭਾਰਤ ਪਦਮ ਪੁਰਾਣ ਆਦਿ ਇਤਿਹਾਸ ਪੁਰਾਣ ਨਾਮੇ ਵਾਲੇ ਹਨ ਤੇ ਵੇਦ ਨਹੀਂ । ਤੈਸੇ ਬ੍ਰਾਹਮਣ ਭਾਗ ਭੀ ਵੇਦ ਨਹੀਂ ।

੨. ਪੁਨ: ਬ੍ਰਾਹਮਣ ਭਾਗ ਵੇਦ ਨਹੀਂ ਬਨੇ । ਮੰਤ੍ਰ ਕਾ ਵਿਯਾਖਯਾਨ ਰੂਪ ਹੋਨੇ ਤੇ, ਔਰ ਵਿਯਾਖਯਾਨੋਵਤ, ਜੈਸੇ ਔਰੋ ਕੇ ਵਿਯਾਖਯਾਨ, ਵਿਖਾਪਯਾਨ ਰੂਪ ਹੋਨੇ ਤੇ ਮੂਲ ਰੂਪ ਨਹੀਂ ਬਨੇ । ਤੈਸੇ ਬ੍ਰਾਹਮਣ ਭਾਗ ਰੂਪ ਵਿਯਾਖਯਾਨ ਭੀ ਨਹੀਂ ਬਨੇ ।

੩. ਪੁੰਨ: ਬ੍ਰਾਹਮਣ ਭਾਗ ਵੇਦ ਨਹੀਂ । ਰਿਖੀਓਂ ਕਾ ਕਹਿਆ ਹੋਨੇ ਸ । ਮਨੁ ਸਿੰਮ੍ਰਿਤੀ ਆਦਿ ਗ੍ਰੰਥੋਂ ਵਤ । ਜੈਸੇ ਮਨੂ-ਸਿੰਮ੍ਰਿਤੀ ਆਦਿ ਗ੍ਰੰਥ ਰਿਖੀਓਂ ਕੇ ਕਹੇ ਹੋਨੇ ਸੇ ਵੇਦ ? ਹੀਂ ਤੈਸੇ ਬ੍ਰਾਹਮਣ ਭਾਗ ਭੀ ਰਿਖੀਓਂ ਕਾ ਕਹਿਆ ਹੋਨੇ ਸੇ ਵੇਦ ਨਹੀਂ ।

੪ ਪੁਨ: ਬ੍ਰਾਹਮਣ ਭਾਗ ਵੇਦ ਨਹੀਂ । ਕਾਤਯਾਯਨ, ਆਪਸਤੰਬ ਤੇ ਬਿਨਾ ਔਰ ਮੁਨੀਸ਼ਵਰੋਂ ਨੇ ਵੇਦ ਸੰਗਿਆ ਨ ਮਾਨਨੇ ਸੇ ।

੫ ਪੁੰਨ: ਬ੍ਰਾਹਮਣ ਭਾਗ ਵੇਦ ਹੋਨੇ ਹੀ ਯੋਗਯ ਨਹੀਂ । ਮਨੁਖੋਂ ਕੀ ਬੁੱਧੀ ਕਾ ਰਚਿਆ ਹੋਨੇ ਸੇ । ਜੈਸੇ ਮਨੁਖੋਂ ਕੀ ਬੁੱਧੀ ਕੇ ਰਚੇ ਹੋਨੇ ਸੇ ਰਘੁਬੰਸਾਦਿ ਗ੍ਰੰਥ ਵੇਦ ਨਹੀਂ, ਤੈਸੇ ਬਾਹਮਣ ਭਾਗ ਭੀ ਵੇਦ ਨਹੀਂ ਸਿੱਧ ਹੋਵੇ ।

ਆਪਸਤੰਬਾਦਿ ਮੁਨੀਓਂ ਕੇ ਕਹੇ ਅਨੁਸਾਰ ਬ੍ਰਾਹਮਣ ਭਾਗ ਕੋ ਵੇਦ ਮਾਨਨੇ ਵਾਲੇ ਕਹਤੇ ਹੈਂ । ਇਤਿਹਾਸ ਪੁਰਾਣ ਸੰਗਿਆ ਵੇਦ ਸੰਗਿਆ ਕੀ ਵਿਰੋਧੀ ਨਹੀਂ । ਜੇਕਰ ਵਿਰੋਧੀ ਹੋਵੇ ਤਬ ਵੇਦ ਸੰਗਿਆ ਨ ਬਨੇ । ਜੈਸੇ ਮਨੁਖ, ਪਸ਼ੂ ਆਦਿ ਸੰਗਿਆ ਬਿਰੋਧੀ ਹੈਂ । ਸੋ ਏਕ ਅਰਥ ਵਿਖੇ ਨਹੀਂ ਬਨੇ ਹੈਂ । ਐਸੇ ਇਤਿਹਾਸ, ਪੁਰਾਣ ਸੰਗਿਆ ਕਾ ਵੇਦ ਸੰਗਿਆ ਸੇ ਵਿਰੋਧ ਨਹੀਂ ਯਾ ਤੇ ਜੈਸੇ ਏਕ ਘਟ. ਕਲਸ, ਦ੍ਰਵਯ, ਪ੍ਰਿਥਵੀ ਨਾਨਾ ਸੰਗਿਆ ਵਰਤੇ ਹੈ, ਤੈਸੇ ਏਕ ਵੇਦ ਵਿਖੇ ਭੀ ਇਤਿਹਾਸ, ਪੁਰਾਣ ਸੰਗਿਆ ਕਾ ਵਿਰੋਧ ਨ ਹੋਨੇ ਸੇ ਬ੍ਰਾਹਮਣ ਭਾਗ ਮੇਂ ਦੋਨੋਂ ਸੰਗਿਆ ਸੰਭਵਾ ਹੈ । ਯਾਂਤੇਬਾਹਮਣ ਭਾਗ ਭੀ ਮੰਤ੍ਰ ਭਾਗਵਤ ਵੇਦ ਹੈ ।

ਉੱਤਰ – ਬ੍ਰਾਹਮਣ ਭਾਗ ਕੀ ਪੁਰਾਣ ਇਤਿਹਾਸ ਸੰਗਿਆ ਉਸਕੋ ਵੇਦ ਮਾਨਨੇ ਵਾਲੋ ਭੀ ਕਹੇ ਹੈਂ । ਔਰ ਪੁਰਾਣ ਨਾਮ ਕਾ ਪੁਰਾਤਨ ਅਰਥ ਰਾਜ ਬੰਸਾਦਿ ਨਵੀਨ ਅਰਥੋਂ ਕੋ ਬਰਨਨ ਸੇ ਪੁਰਾਣੋਂ ਸੇ ਵੇਦ ਵਤ ਸੰਭਵ ਨਹੀਂ, ਕਿੰਤੂ "ਪੁਰਾ ਨਵੰ ਭਵਿਤਿ ਇਤਿ ਪੁਰਾਣੋਂ" ਬਨਨੇ ਸਮੇਂ ਨਏ ਹੋਕਰ ਜੋ ਪੀਛੇ ਪੁਰਾਣੇ ਹੋ ਗਏ ਹੋਵੰ ਸੋ ਕਹੀਏ ਪੁਰਾਣ । ਪੁਰਾਣੇ ਪਦ ਕਾ ਐਸਾ ਅਰਥ ਸੰਭਵੇ ਹੈ । ਸੋ ਵੇਦ ਵਿਖੇ ਸੰਭਵੇ ਹੈ । ਸੋ ਵੇਦ ਵਿਖੇ ਸੰਭਵੇ ਨਹੀਂ । ਕਿਉਂਕਿ ਵੇਦ ਕਭੀ ਨਵੀਨ ਨਹੀਂ ਬਨਾ । ਸਦਾ ਅਨਾਦਿ ਅਪੌਰਖੇਯ ਹੈ । ਪੁਰਾਣ ਵਤ ਇਤਿਹਾਸ ਨਾਮ ਭੀ ਨਵੀਨ ਅਰਥ ਕੋ ਹੀ ਕਹੇ ਹੈ । ਕਾਹੇਤੇ ਇਤਿ, ਇਸ ਪ੍ਰਕਾਰ ਹ ਪ੍ਰਸਿੱਧ ਹੂਆ । ਜੈਸੇ ਕਠ ਉਪਨਿਖਦ ਮੇਂ ਲਿਖਾ ਹੈ ਤਸਯਹ ਨਚਿਕੇਤਾ ਨਾਮਪੁਤ੍ਰ ਆਸ' ਅਰਥ ਯਹ ਤਿਸ ਉਦਾਲਕ ਰਿਖਿ ਕਾ, ਹੀ ਪ੍ਰਸਿੱਧ ਨਚਿਕੇਤਾ ਨਾਮ ਪੁਤ੍ਰ ਆਸ ਹੂਆ ।

ਐਸੇ ਵਰਤਮਾਨ ਕਾਲ ਮੇ ਕੁਛ ਕਾਲ ਪੂਰਵ ਹੋਨੇ ਵਾਲੇ ਅਰਥੋਂ ਕੋ ਇਤਿਹਾਸ ਪਦ ਕਹੇ ਹੈਂ। ਵੈਸੇ ਹੀ ਜਨਕ ਯਾਗਯਲਵਕਸ ਆਦਿਕੋਂ ਕੀ ਗਾਥਾ ਮੇਂ ਨਵੀਨ ਅਰਥੋਂ ਕਾ ਵਰਣਨ ਹੈ। ਜਿਸਕੋ ਕਾਹੂੰ ਰਿਖਿ ਨੇ ਬਿਦੇਹ ਦੇਸ਼ ਕੇ ਰਾਜਾ ਜਨਕਾਦਿ ਕੇ ਹੋਨੇ ਸੇ ਪੀਛੇ ਰਚਾ ਹੈ। ਇਸੀ ਪ੍ਰਕਾਰ ਇਤਿਹਾਸੋਂ ਮੇਂ ਜਿਨ ਕੀ ਕਥਾ ਹੈ। ਵਹ ਸਭ ਕਥਾ, ਕਥਾ ਵਾਲੋਂ ਸੇ ਪੀਛੇ ਬਨੀ ਹੈ। ਯਥਾ ਰਾਵਣ ਰਾਮ ਆਦਿਕੋਂ ਕੀ। ਯਾਂ ਤੇ ਪਰਮ ਪੁਰਾਤਨ ਅਨਾਦਿ ਅਰਥ ਕੋ ਕਹਨੇ ਵਾਲੀ ਮੰਤ੍ਰ ਭਾਗ ਕੀ ਵੇਦ ਸੰਗਿਆ ਕੇ ਸਾਥ ਨਵੀਨ ਅਰਥ ਕਹਨੇ ਵਾਲੀ ਅਵਿਰੁਧ ਮਾਨਨੀ ਸਮਯਕ ਨਹੀਂ। ਰਹੋ ਅਧਿਕ ਵਿਚਾਰ।

ਏਵੰ। ਪਾਣਨੀ ਪਾਤੰਜਲੀ ਆਦਿ ਰਿਖੀਓਂ ਕੇ ਰਚੇ ਸੂਤ੍ਰ ਭਾਖਯਾਦਿ ਵਿਯਾਖੇਯ ਵਿਯਾਖਯਾਨ ਗ੍ਰੰਥੋਂ ਮੇਂ ਏਕ ਬਯਕਰਣ ਸੰਗਿਆ ਵੇਖਕੇ ਮੰਤ੍ਰ ਬ੍ਰਾਹਮਣ ਭਾਗੋਂ ਮੇਂ ਏਕ ਸੰਗਿਆ ਮਾਨੋ ਪੁਨ: ਮੰਤ੍ਰ ਬ੍ਰਾਹਮਣ ਰੂਪ ਵਿਯਾਖਯਾਨ ਕੋ ਏਕ ਕੀ ਬਨਾਈ ਮੂਲ ਟੀਕਾ ਵਤ ਏਕ ਈਸ਼ਵਰ ਕ੍ਰਿਤ ਮਾਨੋ ਸੋ ਭੀ ਅਯੋਗਯ ਹੈ। ਕਾਹੇ ਤੇ, ਜੇ ਕਰ ਬ੍ਰਾਹਮਣ ਭਾਗ ਭੀ ਈਸ਼ਵਰ ਬਨਾਤਾ ਤਬ ਉਪਵੇਦ ਅੰਗ, ਉਪਾਂਗ ਆਦਿਕੋਂ ਕੇ ਬਨਾਨੇ ਮੇਂ ਰਿਖੀਓਂ ਕੋ ਸ਼੍ਰਮ ਕਿਉਂ ਦੇਤਾ, ਦੀਆ ਹੈ ਤੋ ਬ੍ਰਾਹਮਣ ਭਾਗ ਰੂਪ ਵਿਯਾਖਯਾਨ ਭੀ ਔਰੋਂ ਕੇ ਬਨਾਏ ਹੈਂ, ਈਸ਼ਵਰ ਕੇ ਨਹੀਂ। ਔਰ ਗੁਣ ਗੌਣ ਇਤਿਹਾਸ ਪੁਰਾਣੋਂ ਸੇ ਮੁਖਯ ਹੈ, ਯਾਂ ਤੇ ਆਪਸਤੰਭ ਆਦਿ ਮਹਾਤਮਾਓਂ ਨੇ ਅਪਨੇ ਸੂਤ੍ਰੋਂ ਮੇਂ ਇਨ ਬ੍ਰਾਹਮਣ ਭਾਗੋ ਵਤ ਉਪਨਿਖਦ ਰੂਪ ਉਤ੍ਰ ਕਾਂਡ ਕਾ ਵਿਚਾਰ ਕੀਆ ਹੈ। ਇਸ ਲੀਏ ਬ੍ਰਾਹਮਣ ਭਾਗ ਮੰਤ੍ਰ ਸੇ ਉਤ੍ਰ ਪ੍ਰਮਾਣ ਹੈ। ਔਰ ਗ੍ਰੰਥੋਂ ਜੇ ਪੂਰਵ ਪ੍ਰਮਾਣ ਹੈ। ਸ਼ੈਵ ਵੈਸਨਵਾਦਿ ਮਤੋਂ ਵਾਲੇ ਵੇਦ ਕੋ ਸਭ ਮੇਂ ਮੁਖਯ ਮਾਨੇ ਹੈ। ਵੇਦ ਸੇ ਉਤ੍ਰ ਅਪਨੇ ਅਪਨੇ ਮੰਤਪ੍ਰਤਿ-ਪਾਦਕ ਆਚਾਰਿਯੋਂ ਕੇ ਬਨਾਏ ਗ੍ਰੰਥੋਂ ਕੋ ਮਾਨਤੇ ਹੈਂ। ਯਾਂਤੇ ਸੈਵਾਦਿ ਪੰਥੋ ਕੇ ਪ੍ਰਤਿਪਾਦਕ ਮਤੇ ਵਾਲਿਓਂ ਨੇ ਅਪਨੇ-ਅਪਨੇ ਮਤੋਂ ਸੇ ਜੋ ਅਨਤਮ ਉਨ ਮੇਂ ਦੋਖ ਕਹੇ ਹੈ। ਵੇਦ ਕੇ ਊਪਰ ਜੈਨ, ਬੋਧ ਮਤੋਂ ਬਿਨਾ ਕਿਸੇ ਦੋਖ ਨਹੀਂ ਲਗਾਇਆ। ਉਲਟਾ ਜੋ ਜੋ ਅਪਨੇ ਮਤੋ ਕੇ ਅਨੁਕੂਲ ਸ਼੍ਰੁਤੀਓਂ ਕੇ ਅੰਰਥ ਕੀਏ ਹੈਂ। ਉਨ ਕੇ ਵਿਰੁਧ ਅਰਥ ਕਹਨੇ ਵਾਲਿਓਂ ਕੇ ਖੰਡਨ ਮੇਂ ਜੋਰ ਲਗਾਇਆ ਹੈ। ਇਸ ਸੇ ਜਾਨ ਪੜਤਾ ਹੈ ਵੇਦ ਕੇ ਅਸਲ ਅਰਥ ਉਨਕੀ ਖੈਂਚ ਕੇ ਅਰਥੋਂ ਸੇ ਜੁਦੇ ਹੈਂ। ਵੇਦ ਕੋ ਕੋਈ ਝੂਠਾ ਨਹੀਂ ਕਹ ਸਕੇ। ਜੋ ਕਹੇ ਸੋ ਵਿਚਾਰ ਹੀਨ ਹੈ। ਯਹ ਵਾਰਤਾ ਗ੍ਰੰਥ ਸਾਹਿਬ ਜੀ ਸੇ ਸਿੱਧ

ਹੈ। ਯਥਾ "ਵੇਦ ਕਤੇਬ ਕਹੋ ਮਤ ਝੂਠੇ ਝੂਠਾ ਜੋ ਨ ਵਿਚਾਰੇ।" ਵੇਦ ਕੀ ਵਿਆਖਯਾ ਬ੍ਰਾਹਮਣ ਭਾਗ ਹੈ। ਉਸ ਵਿਚ ਕਿਸੀ ਮੱਤ ਕੀ ਖੈਂਚ ਨਹੀਂ। ਉਸਕੇ ਅਨੁਕੂਲ ਔਰ ਭੀ ਵਿਆਖਯਾ ਪ੍ਰਮਾਣ ਹੈ। ਜੋ ਵੇਦ ਵਿਆਖਯਾ ਕਰਨੇ ਵਾਲੇ ਜਨੋਂ ਨੇ ਕਰੀ ਹੈ। ਵਿਆਖਯਾ ਕਾਰੋਂ ਮੇਂ ਪਰਸਪਰ ਅਰਥੋਂ ਕਾ ਫਰਕ, ਬੁਧੀ ਕਾ ਫਰਕ ਬਿਪ੍ਰਲਿਪਸਾਦਿ ਦੇਖੋਂ ਕੇ 'ਪ੍ਰਤਾਪ ਸੇ ਹੋ ਸਕੇ। ਜਿਨ ਕੀ ਬੁੱਧੀ ਮੇਂ ਦੋਖ ਨਹੀਂ ਕਹੇ। ਯਾਤੇ ਸਭ ਕਾ ਮਾਰਗ ਏਕ ਹੀ ਹੈ।

ਪੂਰਵ ਕੇ ਵਿਚਾਰ ਸੇ ਯਹ ਸਾਰ ਨਿਕਲਾ ਗੁਰੂਮਤ ਸੋ ਭੀ ਵੇਦ ਕਤੇਬ ਕਹੋ ਮਤ ਝੂਠੇ, ਇਤਿਯਾਦਿ ਵਚਨੋਂ ਸੇ ਵੇਦ ਸਭ ਸੇ ਮੁਖਯ ਪ੍ਰਮਾਣ ਹੈ। ਅਪ੍ਰਮਾਣ ਨਹੀਂ। ਕੇਵਲ ਇਤਨੀ ਬਾਤ ਹੈ। ਜਿਨ ਕੇ ਮਤ ਕੁਛ ਦੇਰ ਪਹਿਲੇ ਚਲੇ ਹੈਂ, ਵਹ ਵਦ ਕੋ ਔਰ ਅਪਨੇ ਆਚਾਰਿਯ ਕੇ ਕਹੇ ਕੋ ਪ੍ਰਮਾਣ ਮਾਨ ਕੇ ਅਪਨੇ ਮਤ ਸੇ ਇਤਰੋਂ ਕੇ ਮਤ ਕੀ ਨਿੰਦਾ ਕਰੇ ਹੈ। ਉਨ ਕੋ ਸੁਨ ਪੀਛੇ ਚਲੇ ਮਤੋਂ ਵਾਲੇ ਵਿਦਯਾ ਹੀਨ ਦੁਖੀ ਹੋਕਰ ਪਹਲੇ ਮਤੋਂ ਕੀ ਨਿੰਦਾ ਕਰਤੇ ਬੀਚ ਹੀ ਵੇਦ ਕੀ ਨਿੰਦਾ ਕਰੇ। ਪੂਰਾ ਜਾਨਨੇ ਵਾਲੇ ਨਿੰਦਕ ਮਤੋਂ ਕੀ ਉਪੇਖਯਾ ਕਰ ਅਪਨੇ ਆਚਾਰਯ ਕੇ ਰਚੇ ਗ੍ਰੰਥ ਸਹਿਤ ਵੇਦ ਕੀ ਪ੍ਰਸੰਸਾ ਕਰੇ ਹੈ। ਔਰ ਨਿਜ ਮਤ ਕੀ ਬਾਣੀ ਕੋ ਵੇਦ ਕੇ ਤੁਲਯ ਪ੍ਰਮਾਣ ਮਾਨਨੇ ਹੇਤ "ਜੈਸੀ ਮੈਂ ਆਵੇ ਖਸਮ ਕੀ ਬਾਣੀ ਤੈਸੜਾ ਕਰੀ ਗਿਆਨ ਵੇ ਲਾਲੋ" ਇਤਿਯਾਦਿ ਵਚਨੋਂ ਸੇ ਈਸ਼ਵਰ ਪ੍ਰੇਰਣਾ ਕਹ ਰਚੀ ਬਾਣੀ ਕ ਈਸ਼ਵਰ ਕੀ ਰਚਨਾ ਸਿੱਧ ਕਰਨੇ ਕੇ ਲੀਏ, ਬ੍ਰਹਮਾ ਕੋ ਦ੍ਵਾਰ ਮਾਨਨੇ ਵਤ, ਗੁਰੋਂ ਕੋ ਦ੍ਵਾਰ ਮਾਨਕੇ ਗ੍ਰੰਥ ਜੀ ਕੋ ਵਾਖਾ ਵਪੁ ਵੇਦ ਸਿੱਧ ਕਰੇ ਹੈ।' ਇਸ ਲੰਬੇ ਪਾਠਾਂ ਵਿਚ ਲਿਖਾਰੀ ਨੇ ਏਹ ਸਿੱਧ ਕੀਤਾ ਹੈ ਕਿ ਮੰਤ੍ਰ ਭਾਗ ਵੇਦ ਹੈ। ਵੇਦ ਬ੍ਰਹਮਾ ਨੂੰ ਏਹ ਈਸ਼ਵਰ ਨੇ ਗਿਆਨ ਦਿੱਤਾ। ਵੇਦ ਰਿਗ, ਯਜੁਰ, ਸਾਮ, ਅਥਰਵ ਚਾਰ ਹਨ। ਬ੍ਰਾਹਮਣ ਭਾਗ ਵੇਦ ਦੀ ਵਿਆਖਯਾ ਹੈ। ਵੇਦ ਦੇ ਬਰਾਬਰ ਨਹੀਂ ਵੇਦ ਹੀ ਸ੍ਵਤ: ਪ੍ਰਮਾਣ ਹੈ 'ਹੋਰ ਪਰਤ: ਪ੍ਰਮਾਣ ਹੈ। ਬ੍ਰਹਮਾ ਨੂੰ ਗਿਆਨ ਹੋਣ ਨੂੰ ਛੱਡ ਕੇ ਹੋਰ ਸਾਰੀਆਂ ਗੱਲਾਂ ਓਹੀ ਹਨ, ਜੇਹੜੀਆਂ ਰਿਸ਼ੀ ਦਯਾਨੰਦ ਜੀ ਨੇ ਸਤਯਾਰਥ ਪ੍ਰਕਾਸ਼ ਵਿਚ ਲਿਖੀਆਂ ਹਨ। ਅੰਤ ਵਿਚ ਆਕੇ ਗੁਰੂ ਜੀ ਨੂੰ ਬ੍ਰਹਮਾਂ ਵਾਂਗੂਰ ਗ੍ਰੰਥ ਦਾ ਗਿਆਨ ਮਿਲਿਆ ਏਹ ਲਿਖਿਆ ਹੈ। ਏਸ ਵਿਚ ਆਰਿਆ ਸਮਾਜ ਇਉਂ ਮੰਨਦਾ ਹੈ। ਈਸ਼ਵਰ ਸੰਸਾਰ ਦੇ ਸ਼ੁਰੂ ਵਿਚ ਗਿਆਨ ਦਿੰਦਾ ਹੈ ਕਿਉਂ ਓਦੋਂ ਕੋਈ ਦੱਸਣ ਤੇ ਪੜ੍ਹਾਉਣ ਵਾਲਾ ਨਹੀਂ ਹੁੰਦਾ। ਚਲਦੇ ਸੰਸਾਰ ਵਿਚ ਮਹਾਤਮਾ ਧਿਆਨ ਲਾਕੇ

ਉਸ ਵੇਦ ਗਿਆਨ ਦਾ ਨਿਸਚੇ ਕਰ ਲੈਂਦੇ ਹਨ, ਉਨ੍ਹਾਂ ਕੋਈ ਨਵਾਂ ਗਿਆਨ ਨਹੀਂ ਹੁੰਦਾ। "ਗੁਰਮਤ ਨਿਰਣਯ ਸਾਗਰ" ਵਿਚ ਇਕ ਪ੍ਰਸ਼ਨ ਕਰਕੇ ਉੱਤਰ ਦਿੱਤਾ ਹੈ। ਉਹ ਇਹ ਹੈ "ਨਨੂ ਦਸਮ ਮੁਖ ਆਪਨੇ ਸਿੰਮ੍ਰਿਤ ਕਚੀਗਾਤ। ਹਰ ਚਰਨੀ ਮਨ ਵਾਰ ਜਨ ਸਿੰਮ੍ਰਿਤ ਰਾਹ ਨ ਜਾਤ"। ਤਥਾ ਗੁਰੂ ਵਾਕਯੰ "ਜਿਨ ਮਨ ਹਰ ਚਰਨਨ ਠਹਰਾਯੋ। ਸੋ ਸਿਮ੍ਰਿਤਨ ਕੇ ਰਾਹ ਨਆਯੋ ਜਿਨ ਕੀ ਲਿਵ ਹਰ ਚਰਨਨ ਲਾਗੀ। ਤੇ ਵੇਦਨ ਤੇ ਭਏ ਤਿਆਗੀ। ਯਾਂਤੇ ਤਿੰਨ ਪ੍ਰਮਾਨਮਾ ਭਾਖਨ ਸਮਯਕ ਨਾਹਿ। ਜਾਕੋ ਤਯਾਅਨ ਗੁਰੂਵਰ ਮੁਖ ਤੇ ਭਾਖਤ ਜਾਇ"।

ਉੱਤਰ—ਕ੍ਰਿਤ ਕਾਰਯ ਹਰਿ ਭਕਤ ਹੈ ਹਰਪਰਾਚੀਨ ਪ੍ਰਭਾਵ।
ਤਿਨ ਪ੍ਰਤਿ ਸਭ ਹੀ ਪਾਠ ਕੋ ਸ੍ਰੁਤਿ ਹੀ ਤਯਾਗ ਜਨਾਵ।
ਗ੍ਰੰਥ ਕੇ ਪੜਿ ਜਨ ਪਾਇ ਗਿਆਨ ਵਿਗਿਆਨ।
ਗ੍ਰੰਥ ਨ ਤਿਆਗੇ ਸਰਬ ਹੁੰ ਵਹ ਪਲਾਲ ਗਹਿਧਾਨ।
ਵਹੀ ਦ੍ਰਿਸਟਿ ਲੇ ਸਤਗੁਰ ਭਾਖਯੋਂ ਤਯਾਗਨ ਤਾਹਿ।
ਅਬ ਸੁਨ ਬਾਤ ਪ੍ਰਸੰਗ ਕੀ ਮੋਦ ਲਹੋ ਮਨ ਮਾਹਿ।
ਸੁਨ ਪ੍ਰਕ੍ਰਿਤਿ ਬਚ (ਭਾਖਾਵਚਨ) ਗਆਨ ਯੁਤ ਜੋ ਗੁਰ ਮੋਦਨ ਕੀਨ।
ਸ੍ਰੁਤਿ ਆਦਿਕ ਬਚ ਮੋ ਗੁਰੂ ਕਲਨ, ਮੁਦਿਤ ਹ੍ਵੈ ਦੀਨ।
ਯੋਂ ਏਕਾਂਗੀ ਲੰਕ ਕੋ ਇਹ ਬਿਦ ਕਰਕੇ ਸ਼ਾਂਤ।
ਵਾਸਤਵ ਰੀਤਿ ਕੋ ਸਮਝਾਉ ਇਹ ਭਾਂਤ।
ਉਤਮ ਨਾਮ ਨ ਬੇਦਗਤ ਸੁਣੇ ਫਿਰੇ ਬੇਤਾਲ।
ਸਮੰ ਯੋਂ ਕਹਿਉ ਆਨੰਦ ਮੇਂ ਗੁਰੂ ਵਰ ਪਰਮ ਕ੍ਰਿਪਾਲ।
ਵੇਦ ਕਤੇਬ ਨ ਝੂਠ ਹੈ ਝੂਠਾ ਜੋ ਨ ਵਿਚਾਰ।
ਐਸੇ ਸ੍ਰੀ ਗੁਰੂ ਗ੍ਰੰਥ ਮੇਂ ਬਹੁ ਬਚ ਕੀਨ ਉਚਾਰ।
ਤਾਤੇ ਬਾਣੀ ਬੇਦ ਕੀ ਜੇ ਨਰ ਕਚੀ ਗਾਤ।
ਕਚੇ ਸੋ ਪੁਨ ਜਾਨੀਯੇਂ ਕਚੀ ਤਿਨ ਕੀ ਬਾਤ।
ਕਚੀ ਝੂਠੀ ਪ੍ਰਮਾਪਨ ਸੁਨ ਲੇਹ ਤੁਮ ਜਾਨ।
ਸੋ ਨ ਬਨੇ ਬੇਦਾਦਿ ਮੇਂ ਤਾਂਤ ਪੱਕੀ ਜਾਨ।

ਗੁਰਮਤ ਨਿਰਣਯ ਸਾਗਰ ਪੰਨਾ ੧੩ ੧੪ ਉਪਰ ਲਿਖੇ ਸਾਰੇ ਪ੍ਰਮਾਣ ਜੋ

ਕੋਈ ਪਖ ਪਾਤ ਛਡਕੇ ਪੜ੍ਹੇ ਤਾਂ ਉਹ ਇਸੇ ਨਤੀਜੇ ਤੇ ਪੁਜੇਗਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਗੁਰੂਆਂ ਨੇ ਬੇਦਾਂ ਨੂੰ ਧਰਮ ਗ੍ਰੰਥ ਤੇ ਪ੍ਰਮਾਣ ਮੰਨਿਆ ਹੈ। ਰਾਗ ਸਾਰੰਗ ਦੇ ਦੋ ਸ਼ਬਦ ਲਿਖਕੇ ਇਹ ਲੇਖ ਪੂਰਾ ਕਰਦਾ ਹਾਂ। :—

ਅਵਰ ਸਭ ਭੂਲੇ ਭ੍ਰਮਤ ਨ ਜਾਨਿਆ। ਏਕ ਸੁਧਾਖਰ ਜਾਕੈ ਹਿਰਦੈ ਵਸਿਆ ਤਿਨ ਬੇਦਹਿ ਤਤੁ ਪਛਾਨਿਆ।

ਸਾਰੰਗ ਮ: ੫ ਸ਼ਬਦ ੧੧

ਸਾਸ਼ਤ੍ਰ ਬੇਦ ਕੀ ਬਿਧਿ ਨਹੀਂ ਜਾਣਹਿ ਬਿਆਪੇ ਮਨ ਕੈ ਮਾਨ।

ਸਾਰੰਗ ਮ: ੫ ਸ਼ਬਦ ੨

———

# ੮ ਕਰਮ

ਵੇਦ ਦਾ ਸਿਧਾਂਤ ਹੈ, ਜੀਵ ਜਿਹੋ ਜਿਹੇ ਕਰਮ ਕਰਦਾ ਹੈ ਉਨ੍ਹਾਂ ਕਰਮਾ ਦੇ ਅਨੁਸਾਰ ਹੀ ਉਸ ਨੂੰ ਸੁਖ ਦੁਖ ਮਿਲਦਾ ਹੈ। ਸੰਸਾਰ ਵਿਚ ਕੋਈ ਸੁਖੀ ਅਤੇ ਕੋਈ ਦੁਖੀ ਹੈ, ਇਸ ਸੁਖ ਦੁਖ ਦੀ ਵਜਹ ਅਪਣੇ ਅਪਣੇ ਕਰਮ ਹੀ ਹਨ। ਰਿਸ਼ੀ ਦਯਾਨੰਦ ਜੀ ਨੇ ਸਤਯਾਰਥ ਪ੍ਰਕਾਸ਼ ਵਿਚ ਕਰਮਾਂ ਦੀ ਬਾਬਤ ਇਉਂ ਲਿਖਿਆ ਹੈ "ਪਰਮੇਸ਼੍ਵਰ ਕੀ ਪੁਰਸ਼ਾਰਥ ਕਰਨੇ ਕੀ ਆਗਿਆ ਹੈ। ਉਸਕੋ ਜੋ ਕੋਈ ਤੋੜੇਗਾ, ਵਹ ਸੁਖ ਕਭੀ ਨਹੀਂ ਪਾਵੇਗਾ। ਜੈਸੇ ਪਰਮੇਸ਼ਰ ਆਗਿਆ ਦੇਤਾ ਹੈ ਕਿ ਮਨੁਸ਼ ਸੌ ਵਰਸ਼ ਪ੍ਰਯੰਤ ਅਰਥਾਤ ਜਬ ਤਕ ਜੀਵੇ ਤਬ ਤਕ ਕਰਮ ਕਰਤਾ ਹੂਆ ਜੀਨੇ ਕੀ ਇੱਛਾ ਕਰੇ ਆਲਸੀ ਕਭੀ ਨ ਹੋ। ਦੇਖੋ ਸ੍ਰਿਸ਼ਟੀ ਕੇ ਬੀਚ ਮੇਂ ਜਿਤਨੇ ਪ੍ਰਾਣੀ ਅਥਵਾ ਅਪ੍ਰਾਣੀ ਹੈ ਵੇ ਸਭ ਅਪਣੇ ਅਪਣੇ ਕਰਮ ਔਰ ਜਤਨ ਕਰਤੇ ਹੀ ਰਹਿਤੇ ਹੈਂ। ਜੈਸੇ ਪਿਪੀਲਕਾ ਆਦਿ ਸਦਾ ਪ੍ਰਯਤਨ ਕਰਤੇ. ਪ੍ਰਿਥਵੀ ਆਦਿ ਸਦਾ ਘੂਮਤੇ, ਔਰ ਬ੍ਰਿਛਾਦਿ ਸਦਾ ਬੜਤੇ ਘਟਤੇ ਰਹਿਤੇ ਹੈਂ, ਵੈਸੇ ਯਹ ਦ੍ਰਿਸ਼ਟਾਂਤ ਮਨੁਸ਼ੋਂ ਕੋ ਭੀ ਗ੍ਰਹਨ ਗ੍ਰਹਿਣ ਕਰਨਾ ਯੋਗ ਹੈ। ਜੈਸੇ ਪੁਰਸ਼ਾਰਥ ਕਰਤੇ ਹੁਏ ਮਨੁਸ਼ ਕਾ ਸਹਾਇ ਦੂਸਰਾ ਭੀ ਕਰਤਾ ਹੈ, ਵੈਸੇ ਧਰਮ ਸੇ ਪੁਰਸ਼ਾਰਥੀ ਪੁਰਸ਼ ਕਾ ਸਹਾਇ ਈਸ਼ਵਰ ਭੀ ਕਰਤਾ ਹੈ ਦੇਖਣੇ ਕੀ ਇੱਛਾ ਕਰਨੇ ਨੇਤ੍ਰ ਵਾਲੇ ਕੋ ਦਿਖਲਾਤੇ ਹੈਂ,

ਅੱਨਯ ਕੋ ਨਹੀਂ ਇਸੀ ਪ੍ਰਕਾਰ ਪਰਮੇਸ਼ਵਰ ਭੀ ਸਬ ਕੇ ਉਪਕਾਰ ਕਰਨੇ ਕੀ ਪ੍ਰਾਰਥਨਾ ਸੇ ਸਹਾਇਕ ਹੋਤਾ ਹੈ, ਹਾਨੀ ਕਾਰਕ ਕਰਮ ਮੇਂ ਨਹੀਂ ।

ਸ. ਪ੍ਰ: ਸਮੁਲਾਸ ੭

ਪ੍ਰਸ਼ਨ—ਜੀਵ ਸਵਤੰਤ੍ਰ ਹੈ ਵਾ ਪਰਤੰਤ੍ਰ ?

ਉੱਤਰ—ਅਪਨੇ ਕਰਤੱਵ ਕਰਮੋਂ ਮੇਂ ਸਵਤੰਤ੍ਰ ਔਰ ਈਸ਼ਵਰ ਕੀ ਬਿਵਸਥਾ ਸੇਂ ਪਰਤੰਤ੍ਰ ਹੈ ।

ਪ੍ਰਸ਼ਨ—ਸਵਤੰਤ੍ਰ ਕਿਸ ਕੋ ਕਹਤੇ ਹੈਂ ?

ਉੱਤਰ—ਜਿਸਕੇ ਆਧੀਨ ਸਰੀਰ, ਪ੍ਰਾਣ, ਇੰਦ੍ਰਯ ਔਰ ਅੰਤ: ਕਰਣਾਦਿ ਹੋਂ । ਜੋ ਸਵਤੰਤ੍ਰ ਨ ਹੋ ਤੋ ਉਸ ਕੋ ਪਾਪ ਪੁੰਨ ਕਾ ਫਲ ਪ੍ਰਾਪਤ ਨਹੀਂ ਹੋ ਸਕਤਾ। ਜੈਸੇ ਭ੍ਰਿਤਯ ਸੁਆਮੀ ਔਰ ਸੇਨਾ ਸੇਨਾਧਯਕਸ਼ ਕੀ ਆਗਿਆ ਅਥਵਾ ਪ੍ਰੇਰਣਾ ਸੇ ਯੁਧ ਮੇਂ ਅਨੇਕ ਪੁਰਸ਼ੋਂ ਕੋ ਮਾਰ ਕੇ ਅਪਰਾਧੀ ਨਹੀਂ ਹੋਤੇ, ਵੈਸੇ ਪਰਮੇਸ਼ਵਰ ਕੀ ਕੀ ਪ੍ਰੇਰਨਾ ਔਰ ਆਧੀਨਤਾ ਸੇ ਕਾਮ ਸਿੱਧ ਹੋ ਤੋ ਜੀਵ ਕੋ ਪਾਪ ਪੁੰਨ ਨ ਲਗੇ ।

ਸਮੁਲਾਸ ੭

ਪ੍ਰਸ਼ਨ—ਈਸ਼ਵਰ ਨੇ ਕਿੰਨ ਹੀ ਜੀਵੋਂ ਕੋ ਮਨੁਸ਼ ਕਿਨਹੀ ਕੋ ਸਿੰਘਾਦਿ (ਸਿੰਘਭਾਲੂ) ਕਰੂਰ ਜਨਮ, ਕਿਨ ਹੀ ਕੋ ਹਰਿਣਾਂ ਗਾਇ ਆਦਿ ਪਸ਼ੂ, ਕਿਨ ਹੀ ਕੋ ਬ੍ਰਿਛਾਦਿ ਕ੍ਰਿਮੀ, ਕੀਟ ਪਤੰਗਾਦਿ ਜਨਮ ਦੀਏ ਹੈ । ਇਸ ਸੇ ਪਰਮਾਤਮਾ ਮੇਂ ਪਕਸ਼ਪਾਤ ਆਤਾ ਹੈ ।

ਉਤਰ—ਪਕਸ਼ਪਾਤ ਨਹੀਂ ਆਤਾ, ਕਿਉਂਕਿ ਉਨ ਜੀਵੋਂ ਕੋ ਪੂਰਵ ਸ੍ਰਿਸ਼ਟੀ ਮੇਂ ਕੀਏ ਹੂਏ ਕਰਮਾਂਨੁਸਾਰ ਬਿਵਸਥਾ ਕਰਨੇ ਸੇ ਜੋ ਕਰਮ ਕੇ ਬਿਨਾ ਜਨਮ ਦੇਤਾ ਤੋ ਪਕਸ਼ਪਾਤ ਆਤਾ । ਸਤਯਾਰਥ ਪ੍ਰਕਾਸ਼ ਸਮੁਲਾਸ ੮

ਯਹ ਜੀਵ ਮਨ ਸੇ ਜੈਸੇ ਸ਼ੁਭ ਵਾ ਅਸ਼ੁਭ ਕਰਮ ਕੋ ਕਰਤਾ ਹੈ ਉਸ ਕੋ ਮਨ, ਬਾਣੀ ਸੇ ਕੀਏ ਕੋ ਬਾਣੀ, ਔਰ ਸਰੀਰ ਸੇ ਕੀਏ ਕੇ ਸਰੀਰ ਅਰਥਾਤ ਸੁਖ ਦੁਖ ਭੋਗਤਾ ਹੈ ।

ਪ੍ਰਸ਼ਨ—ਜਬ ਜੀਵ ਕੋ ਪੂਰਵ ਕਾ ਗਿਆਨ ਨਹੀਂ ਔਰ ਈਸ਼ਵਰ ਇਸ ਕੋ ਦੰਡ ਦੇਤਾ ਹੈ, ਤੋ ਜੀਵ ਕਾ ਸੁਧਾਰ ਨਹੀਂ ਹੋ ਸਕਤਾ, ਕਿਉਂਕਿ ਜਬ ਉਸ ਕੋ ਗਿਆਨ ਹੋ, ਕਿ ਹਮ ਨੇ ਅਮੁਕ ਕਾਮ ਕਿਆ ਥਾ, ਉਸੀ ਕਾ ਯਹ ਫਲ ਹੈ, ਤਭੀ ਯਹ ਪਾਪ ਕਰਮੋਂ ਸੇ ਬਚ ਸਕੇ ।

ਉਤਰ—ਤੁਮ ਗਿਆਨ ਕੈ ਪ੍ਰਕਾਰ ਕਾ ਮਾਨਤੇ ਹੋ ।

ਪ੍ਰਸ਼ਨ—ਪ੍ਰਤਯਕਸ਼ਾਦਿ ਪ੍ਰਮਾਣੋਂ ਸੇ ਆਠ ਪ੍ਰਕਾਰ ਕਾ ।

ਉੱਤਰ—ਤੋ ਜਬ ਤੁਮ ਜਨਮ ਸੇ ਲੇਕਰ ਸਮਯ ਸਮਯ ਮੇਂ ਰਾਜ. ਧਨ, ਬੁਧੀ, ਵਿਦਿਯਾ, ਦਾਰਿਦ੍ਰ. ਨਿਰਬੁਧੀ. ਮੂਰਖਤਾਦਿ, ਸੁਖ. ਦੁਖ ਸੰਸਾਰ ਮੇਂ ਦੇਖ ਕਰ ਪੂਰਵ ਜਨਮ ਕਾ ਗਿਆਨ ਕਿਉਂ ਨਹੀਂ ਕਰਤੇ ? ਜੈਸੇ ਏਕ ਅਵੈਦ ਔਰ ਵੈਦ ਕੋ ਕੋਈ ਰੋਗ ਹੋ. ਉਸਕਾ ਨਿਦਾਨ ਅਰਥਾਤ ਕਾਰਣ ਵੈਦ ਜਾਨ ਲੇਤਾ ਹੈ ਔਰ ਅਵਿਦ੍ਵਾਨ ਨਹੀਂ ਜਾਨ ਸਕਤਾ, ਉਸ ਨੇ ਵੈਦਿਕ ਵਿਦਿਆ ਪੜ੍ਹੀ ਹੈ । ਔਰ ਦੂਸਰੇ ਨੇ ਨਹੀਂ ਪੜੀ । ਪਰੰਤੂ ਜੁਵਰ ਆਦਿ ਰੋਗ ਕੇ ਹੋਨੇ ਸੇ ਅਵੈਦ ਭੀ ਇਤਨਾ ਜਾਨ ਸਕਤਾ ਹੈ । ਕਿ ਮੁਝ ਸੇ ਕੋਈ ਕੁਪੱਥ ਹੋ ਗਿਆ ਹੈ । ਜਿਸ ਸੇ ਮੁਝੇ ਯਹ ਰੋਗ ਹੂਆ ਹੈ । ਵੈਸੇ ਹੀ ਜਗਤ ਮੇਂ ਵਿਚਿਤ੍ਰ ਸੁਖ ਦੁਖ ਆਦਿਕ ਕੀ ਘਟਤੀ ਬੜਤੀ ਦੇਖ ਕੇ ਪੂਰਵ ਜਨਮ ਕਾ ਗਿਆਨ ਕਿਉਂ ਨਹੀਂ ਜਾਨ ਲੇਤੇ । ਔਰ ਜੋ ਪੂਰਵ ਜਨਮ ਕੋ ਨ ਮਾਨੋਗੇ ਤੋ ਪਰਮੇਸ਼ਵਰ ਪਕਸਪਾਤੀ ਹੋ ਜਾਤਾ ਹੈ । ਕਿਉਂਕਿ ਬਿਨਾ ਪਾਪ ਕੇ ਦਾਰਿਦ੍ਰ ਆਦਿ ਦੁਖ ਔਰ ਬਿਨਾ ਪੂਰਵ ਸੰਚਿਤ ਪੁੰਨ ਕੇ ਰਾਜ, ਧਨਾਡਤਾ ਉਸ ਕੋ ਕਿਉਂ ਦੀ ? ਔਰ ਪੂਰਵ ਜਨਮ ਕੇ ਪਾਪ ਪੁੰਨ ਕੇ ਅਨੁਸਾਰ ਸੁਖ ਦੁਖ ਕੇ ਦੇਨੇ ਸੇ ਪਰਮੇਸ਼ਵਰ ਨਿਆਇਕਾਰੀ ਯਥਾਵਤ ਰਹਤਾ ਹੈ ।

ਪ੍ਰਸ਼ਨ—ਏਕ ਜਨਮ ਕੇ ਹੋਨੇ ਸੇ ਭੀ ਪਰਮੇਸ਼ਵਰ ਨਿਆਇਕਾਰੀ ਹੋ ਸਕਤਾ ਹੈ । ਜੈਸੇ ਸਰਵੋਪਰੀ ਰਾਜਾ ਜੋ ਕਰੇ ਸੋ ਨਿਆਇ । ਜੈਸੇ ਮਾਲੀ ਅਪਣੇ ਉਪਬਨ ਮੇਂ ਛੋਟੇ ਔਰ ਬੜੇ ਬ੍ਰਿਛ ਲਗਾਤਾ, ਕਿਸੀ ਕੋ ਕਾਟਤਾ, ਉਖਾੜਤਾ ਔਰ ਕਿਸੀ ਕੀ ਰਕਸ਼ਾ ਕਰਤਾ, ਬੜਾਤਾ ਹੈ । ਜਿਸ ਕੀ ਜੋ ਵਸਤੂ ਹੈ ਉਸਕੋ ਵਹ ਚਾਹੇ ਜੈਸੇ ਰੱਖੇ, ਉਸਕੇ ਊਪਰ ਕੋਈ ਭੀ ਦੂਸਰਾ ਨਿਆਇ ਕਰਨੇ ਵਾਲਾ ਨਹੀ, ਜੋ ਉਸਕੋ ਦੰਡ ਦੇ ਸਕੇ. ਵਾ ਈਸਵਰ ਕਿਸੀ ਸੇ ਡਰੇ ।

ਉੱਤਰ—ਪਰਮਾਤਮਾ ਜਿਸ ਲੀਏ ਨਿਆਇ ਚਾਹਤਾ ਕਰਤਾ ਹੈ ਅਨਿਆਇ ਕਭੀ ਨਹੀਂ ਕਰਤਾ । ਇਸ ਲੀਏ ਵਹ ਪੂਜਨੀਯ ਔਰ ਬੜਾ ਹੈ । ਜੋ ਨਿਆਇ ਬਿਰੁਧ ਕਰੇ ਵਹ ਈਸ਼ਵਰ ਵੀ ਨਹੀਂ, ਜੈਸੇ ਮਾਲੀ ਯੁਕਤੀ ਕੇ ਬਿਨਾ ਮਾਰਗ ਵਾ ਅਸਥਾਨ ਮੇਂ ਬ੍ਰਿਛ ਲਗਾਨੇ, ਨ ਕਾਟਨੇ ਯੋਗ ਕੋ ਕਾਟਨੇ, ਅਯੋਗ ਕੋ ਬੜਾਨੇ ਸੇ

ਦੂਸ਼ਿਤ ਹੋਤਾ ਹੈ, ਇਸੀ ਪ੍ਰਕਾਰ ਬਿਨਾ ਕਾਰਣ ਕੇ ਕਰਨੇ ਸੇ ਈਸ਼ਵਰ ਕੋ ਦੋਸ਼ ਲਗੇ। ਪਰਮੇਸ਼ਵਰ ਕੇ ਉਪਰ ਨਿਆਇ ਯੁਕਤ ਕਾਮ ਕਰਨਾ ਅਵਸ਼ਲ ਹੈ। ਕਿਉਂਕਿ ਵਹ ਸਵਭਾਵ ਸੇ ਪਵਿਤ੍ਰ ਔਰ ਨਿਆਇ ਕਾਰੀ ਹੈ। ਜੋ ਉਨ ਮੱਤ ਕੇ ਸਮਾਨ ਕਾਮ ਕਰੇ ਤੋ ਜਗਤ ਕੇ ਸ੍ਰੇਸ਼ਟ ਨਿਆਇਧੀਸ਼ ਸੇ ਭੀ ਨਿਊਨ ਔਰ ਅਪ੍ਰਤਿਸ਼ਟਿਤ ਹੋਵੇ। ਕਿਆ ਇਸ ਜਗਤ ਮੇਂ ਬਿਨਾ ਯੋਗਯਤਾ ਕੇ ਉਤਮ ਕਾਮ ਕੀਏ ਪ੍ਰਤਿਸਠਾ ਔਰ ਦੁਸ਼ਟ ਕਾਮ ਕੀਏ ਬਿਨਾ ਦੰਡ ਦੇਨੇ ਵਾਲੇ ਨਿੰਦਨੀਯ ਅਪ੍ਰਤਿਸਠਿਤ ਨਹੀਂ ਹੋਤਾ? ਇਸ ਲੀਏ ਈਸ਼ਵਰ ਅਨਿਆਇ ਨਹੀਂ ਕਰਤਾ। ਇਸੀ ਸੇ ਕਿਸੀ ਸੇ ਨਹੀਂ ਡਰਤਾ।

ਸਲੂਲਾਸ ੬

ਇਸ ਤਰਾਂ ਰਿਸ਼ੀ ਦਯਾਨੰਦ ਜੀ ਨੇ ਅਨੇਕ ਜੁਗਤੀਆਂ ਦੇਕੇ ਸਮਝਾਇਆ ਹੈ ਕਿ ਜੀਵ ਨੂੰ ਜਿਹੜਾ ਸੁਖ ਦੁਖ ਹੁੰਦਾ ਰਹਿੰਦਾ ਹੈ, ਉਹ ਉਸਦੇ ਅਪਣੇ ਕੀਤੇ ਕਰਮਾਂ ਦੇ ਅਨੁਸਾਰ ਹੀ ਹੁੰਦਾ ਹੈ। ਕੋਈ ਕਰਮ ਇਥੇ ਕੀਤੇ ਹਨ ਤੇ ਬਾਕੀ ਪਿਛਲੇ ਜਨਮਾਂ ਦੇ ਕੀਤੇ ਹੋਏ ਕਰਮਾਂ ਦੇ ਅਨੁਸਾਰ ਹੀ ਪਰਮੇਸ਼ਵਰ ਨਿਆਇ ਕਰਕੇ ਜੀਵ ਦੇ ਕਰਮ ਜੀਵ ਨੂੰ ਭੋਗ ਕਰਾਉਂਦਾ ਰਹਿੰਦਾ ਹੈ। ਅੱਗੇ ਇਹ ਦੱਸਣਾ ਹੈ ਕਿ ਗੁਰੂ ਜੀ ਭੀ ਇਹ ਗੱਲ ਇਵੇਂ ਹੀ ਮੰਨਦੇ ਹਨ।

ਆਪ ਬੀਜਿ ਆਪੇ ਹੀ ਖਾਹੁ।

ਜਪੁ ਜੀ ਸਾਹਿਬ ੨੦

ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ। ਜਪੁਜੀ ਸਲੋਕ

ਜਿਨ ਕਉ ਪੂਰਬਿ ਲਿਖਿਆ ਸੇਈ ਨਾਮ ਧਿਆਇ।

ਸਿਰੀ ਰਾਗ ਮਹਲਾ ੧ ਸ਼ਬਦ ੧੦੦

ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆਂ।
ਜੋ ਮੈਂ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ।

ਆਸਾ ਕਬੀਰ ਜੀ ੨੧

ਕੂੜਾ ਲਾਲਚ ਛਡੀਐ ਹੋਇ ਇਕ ਮਨਿ ਅਲਖੁ ਧਿਆਈਐ ਫਲੁ ਤੇ ਵੇਹੇ
ਪਾਈਐ ਜੇ ਵੇਹੀ ਕਾਰ ਕਮਾਈਐ।

ਆਸਾ ਮਹਲਾ ੩ ਸ਼ਬਦ ੧੦

ਜੈਸਾ ਕਰੇ ਸੁ ਤੈਸਾ ਪਾਵੇ । ਆਪਿ ਬੀਜਿ ਆਪੇ ਹੀ ਖਾਵੈ ॥
ਜੇ ਵਡਿਆਈਆਂ ਆਪੇ ਖਾਇ। ਜੇਹੀ ਸੁਰਤੀ ਤੇਹੇ ਰਾਹਿ ਜਾਇ।

ਧਨਾਸਰੀ ਮਹਲਾ ੧ ਸ਼ਬਦ ੬

ਮਤੁ ਕੋ ਜਾਣੈ ਜਾਇ ਅਗੇ ਪਾਇਸੀ । ਜੇਹੇ ਕਰਮ ਕਮਾਇ ਤੇਹਾ ਹੋਇਸੀ ।

ਸੂਹੀ ਮਹਲਾ ੧ ਸ਼ਬਦ ੬

ਅੰਤਰਿ ਬਹਿਕੈ ਕਰਮ ਕਮਾਵੇ ਸੋ ਚਹੁੰ ਕੁੰਡੀ ਜਾਣੀਐ ॥
ਜੋ ਧਰਮੁ ਕਮਾਵੇ ਤਿਸੁ ਧਰਮੈ ਨਾਉ ਹੋਵੈ ਪਾਪਿ ਕਮਾਣੈ ਪਾਪੀ ਜਾਣੀਐ ।

ਵਾਰ ਮਾਝ ਕੀ ਸਲੋਕ ਮ: ੧ ਮ: ੨ ਸ਼ਬਦ ੨

ਦੇਵਣ ਵਾਲੇ ਕੈ ਹਥਿ ਦਾਤਿ ਹੈ ਗੁਰੂ ਦੁਆਰੈ ਪਾਇ ।
ਜੇਹਾ ਕੀਤੋਨੁ ਤੇਹਾ ਹੋਆ ਜੇਹੇ ਕਰਮ ਕਮਾਇ ॥

ਸਿਰੀ ਰਾਗ ਮਹਲਾ ੩ ਸ਼ਬਦ ੫੦

ਆਗੈ ਜਾਤਿ ਰੂਪੁ ਨ ਜਾਇ । ਤੇਹਾ ਹੋਵੈ ਜੇਹੇ ਕਰਮ ਕਮਾਇ ।

ਆਸਾ ਮਹਲਾ ੩ ਸ਼ਬਦ ੪੭

ਕਰਮ ਧਰਤੀ ਸਰੀਰ ਕਲਿਜੁਗ ਵਿਚ ਜੇਹਾ ਕੋ ਬੀਜੇ ਤੇਹਾ ਕੋ ਖਾਇ ।

ਗਉੜੀ ਵਾਰ ਮਹਲਾ ੪ ਸ਼ਬਦ ੧੫

ਹਰਿ ਵੇਖੈ ਸੁਣੈ ਨਿਤ ਸਭ ਕਿਛੁ ਤਿਦੂ ਕਿਛੁ ਗੁਝਾ ਨ ਹੋਇਆ ।
ਜੈਸਾ ਬੀਜੈ ਸੋ ਲੁਣੈ ਜੇਸਾ ਪੁਰਬਿ ਕਿਨੈ ਬੋਇਆ ।

ਗਉੜੀ ਵਾਰ ਮਹਲਾ ੪ ਸ਼ਬਦ ੧੬

ਪਰਾਇਆ ਛਿਦ੍ਰ ਅਕਟਲੈ ਆਪਣਾ ਅਹੰਕਾਰੁ ਵਧਾਵੈ । ਜੈਸਾ ਬੀਜੈ ਤੈਸਾ ਖਾਵੈ ।

ਰਾਗ ਆਸਾ ਮ: ੪ ਸ਼ਬਦ ੫੪

ਕਰਮ ਧਰਤੀ ਸਰੀਰੁ ਜੁਗਿ ਅੰਤਰਿ ਜੁਗਿ ਅੰਤਰਿ ਜੋ ਬੋਵੈ ਸੋ ਖਾਹਿ ।

ਸਿਰੀ ਰਾਗ ਮ: ੫ ਸ਼ਬਦ ੪

ਜੇਹਾ ਬੀਜੈ ਸੋ ਲੁਣੈ ਮਥੇ ਜੋ ਲਿਖਿਆਸੁ ।

ਬਾਰਹ ਮਾਹ ਮਾਝ ਮ: ੫ ਸ਼ਬਦ ੫

ਕਤਕਿ ਕਰਮ ਕਮਾਵਣੇ ਦੋਸ ਨ ਕਾਹੂ ਜੋਗ । ਮਾਝ ਬਾਰਹ ਮਾਹ ਮ: ੫

ਬਹੁ ਜੋਨਿ ਭਵਹਿ ਧੁਰਿ ਕਿਰਤਿ ਲਿਖਿਆਸਾ । ਜੈਸਾ ਬੀਜਹਿ ਤੈਸਾ ਖਾਸਾ ।
ਗਉੜੀ ਗੁਆਰੇਰੀ ਮ: ੧ ਸ਼ਬਦ ੭੧

ਕਿਰਤੁ ਕਰਮ ਨ ਮਿਟੈ ਨਾਨਕ ਹਰਿ ਨਾਮੁ ਧਨ ਨਹੀਂ ਖਟਿਆ ।
ਜੈਤਸਰੀ ਮਹਲਾ ੫ ਸ਼ਬਦ ੨੭

ਦੋਸ਼ ਨ ਦੀਜੈ ਕਾਹੂ ਲੋਗ, ਜੋ ਕਮਾਵਨ ਸੋਈ ਭੋਗੁ ।
ਆਪਨ ਕਰਮ ਆਪੇ ਹੀ ਬੰਧ । ਆਵਨੁ ਜਾਵਨੁ ਮਾਇਆ ਧੰਧ ।
ਰਾਮਕਲੀ ਮਹਲਾ ੫ ਸ਼ਬਦ ੧੯

ਭੂਲਿਓ ਮਨ ਮਾਇਆ ਉਰਝਾਇਓ । ਜੋ ਜੋ ਕਰਮ ਕੀਓ ਲਾਲਚ ਲਗਿ ਤਿਹ ਤਿਹ ਆਪ ਬੰਧਾਇਓ ।
ਜੈਤ ਸਿਰੀ ਮ: ੯

ਫਰੀਦਾ ਵੇਖ ਕਪਾਹੈ ਜਿ ਥੀਆ ਜਿ ਸਿਰਿ ਥੀਆ ਤਿਲਹਿ ।
ਕਮਾਵੈ ਅਰੁ ਕਰਾਏ ਕੂੰਨੇ ਕੇਇ ਲਿਆਹ । ਮੰਦੇ ਅਮਲ ਕਰੇਦਿਆਂ ਇਹ ਸਜਾਇ ਤਿਨਾਹ ।
ਸਲੋਕ ਫਰੀਦ ਜੀ ੪੮

ਫਰੀਦਾ ਮਉਤੇ ਦਾ ਬੰਨਾ ਇਵੇ ਦਿਸੈ ਜਿਉ ਦਰਆਵੈ ਢਾਹ ।
ਅਗੈ ਦੋਜਕ ਤਪਿਆ ਸੁਣੀਐ ਹੂਲ ਪਵੇ ਕਹਾਹਾ ।
ਇਕਨਾ ਨੋ ਸਭ ਸੋਝੀ ਆਈ ਇਕ ਫਿਰਦੇ ਵੇ ਪਰਵਾਹਾ ।
ਅਮਲ ਜਿ ਕੀਤਿਆ ਦੁਨੀ ਵਿਚਿ ਸ ਦਰਗਾਹ ਉਗਾਹ । ਫਰੀ:ਸ: ੯੮
ਜਿਉ ਕਪਿ ਕੇ ਕਰ ਮੁਸਟਿ ਚਨਨ ਕੀ ਲੁਬਦਿਨ ਤਿਆਗ ਦਿਉ ।
ਜੋ ਜੋ ਕਰਮ ਕੀਏ ਲਾਲਚ ਸਿਉ ਤੇ ਫਿਰਿ ਗਰਹਿ ਪਰਿਉ ।
ਗਉੜੀ ਕਬੀਰ । ਜੀ ਸ਼ਬਦ ੮੫੯

ਨਾਰਾਇਣ ਨਿੰਦਸਿ ਕਾਇ ਭੂਲੀ ਗਵਾਰੀ । ਦੁਕ੍ਰਿਤ ਸੁਕ੍ਰਿਤੁ ਥਾਰੋ ਕਰਮੁਰੀ ।
ਧਨਾਸਰੀ ਭਗਤ ਤ੍ਰਿਲੋਚਨ ਜੀ ੧੦੧

ਪੂਰਬਲੋ ਕ੍ਰਿਤ ਕਰਮ ਨ ਮਿਟੈਰੀ ਘਰ ਗੇਰਣਿ ਤਾਂਚੇ ਮੋਹਿ ਜਾਪੀਅਲੇ ਰਾਮਚੇ ਨਾਮੰ। ਬਦਤਿ ਤ੍ਰਿਲੋਚਨ ਰਾਮ ਜੀ।

ਧਨਾਸਰੀ ਤ੍ਰਿਲੋਚਨ ੧—੬

ਇਸੇ ਤਰ੍ਹਾਂ ਦੇ ਹੋਰ ਭੀ ਅਨੇਕ ਸ਼ਬਦ ਹਨ ਜਿਹੜੇ ਇਹ ਸਿੱਧ ਕਰਦੇ ਹਨ ਕਿ ਕਰਮਾਨੁਸਾਰ ਹੀ ਫਲ ਮਿਲਦਾ ਹੈ। ਈਸ਼ਵਰ ਕਰਮਾਂ ਦਾ ਫਲ ਦਿੰਦਾ ਹੈ। ਇਹ ਗੱਲ ਇਹਨਾਂ ਸ਼ਬਦਾਂ ਨਾਲ ਹੀ ਸਾਫ਼ ਹੋ ਜਾਂਦੀ ਹੈ, ਤਾਂ ਤੇ ਹੋਰ ਲਿਖਣੇ ਦੀ ਲੋੜ ਨਹੀਂ। ਰਿਸ਼ੀ ਦਯਾਨੰਦ ਜੀ ਨੇ ਆਰਯ ਉਦੇਸ਼ੇ ਰਤਨ ਮਾਲਾ ਵਿਚ ਭੇਦ ਲਿਖੇ ਹਨ। ਉਹ ਲਿਖਦੇ ਹਨ :

ਕਰਮ। ਜੋ ਮਨ ਇੰਦ੍ਰਿਯ ਔਰ ਸਰੀਰ ਮੇਂ ਜੀਵ ਚੇਸ਼ਟਾ ਵਿਸ਼ੇਸ਼ ਕਰਤਾ ਹੈ, ਵਹ ਕਰਮ ਕਹਾਤਾ ਹੈ। ਸ਼ੁਭ, ਅਸ਼ੁਭ ਔਰ ਮਿਸ਼੍ਰਿਤ ਭੇਦ ਸੇ ਤੀਨ ਪ੍ਰਕਾਰ ਹੈ। ਕ੍ਰਿਯਮਾਣ, ਜੋ ਵਰਤਮਾਨ ਮੇਂ ਕੀਆ ਜਾਤਾ ਹੈ। ਸੋ ਕ੍ਰਿਯਮਾਣ ਕਰਮ ਕਹਾਤਾ ਹੈ। ਸੰਚਿਤ, ਜੋ ਕ੍ਰਿਯਮਾਣ ਕਾ ਸੰਸਕਾਰ ਗਿਆਨ ਸੇ ਜਮ੍ਹਾ ਹੋਤਾ, ਉਸ ਕੋ ਸੰਚਿਤ ਸੰਸਕਾਰ ਕਹਤੇ ਹੈਂ। ਪ੍ਰਾਰਬਧ। ਜੋ ਪੂਰਵ ਕੀਏ ਕਰਮੋਂ ਕੇ ਸੁਖ ਦੁਖ ਰੂਪ ਫਲ ਕਾ ਭੋਗ ਕੀਆ ਜਾਤਾ ਹੈ ਉਸਕੋ ਪ੍ਰਾਰਬਧ ਕਹਤੇ ਹੈਂ।

———

# ੯ ਜਨੇਊ

ਰਿਸ਼ੀ ਦਯਾਨੰਦ ਜੀ ਨੇ ਸਤਯਾਰਥ ਪ੍ਰਕਾਸ਼ ਵਿਚ ਜਨੇਊ ਪੌਣਾ ਲਿਖਿਆ ਹੈ। ਤੀਜੇ ਸਮੁਲਾਸ ਵਿਚ ਲਿਖਿਆ ਹੈ ਕਿ "ਅਪਨੇ ਘਰ ਮੇਂ ਲੜਕੇ ਕਾ ਯਗ੍ਯੋਪਵੀਤ ਔਰ ਕਨਯਾਓਂ ਕਾ ਭੀ ਯਥਾਯੋਗ ਸੰਸਕਾਰ ਕਰਕੇ ਯਥੋਕਤ ਆਚਾਰਯਕੁਲ ਅਰਥਾਤ ਅਪਨੀ ਅਪਨੀ ਪਾਠਸ਼ਾਲਾ ਮੇਂ ਭੇਜ ਦੇਂ। ਆਰਿਆ ਸਮਾਜ ਵਿਚ ਮੁੰਡੇ ਤੇ ਕੁੜੀਆਂ ਦੋਹਾਂ ਦੇ ਜਨੇਊ ਪਾਈਦਾ ਹੈ। ਉਪਰ ਲਿਖੇ ਪਾਠ ਵਿਚ 'ਕੰਨਯਾਓਂ' ਕਾ ਭੀ ਯਥਾਯੋਗ ਸੰਸਕਾਰ ਲਿਖਿਆ ਹੈ। ਉਸਦਾ ਭਾਵ ਇਹ ਹੈ ਕਿ ਜਨੇਊ

ਵੇਲੇ ਮੁੰਡੇ ਦਾ ਸਿਰ ਮੁਨਾਇਆ ਜਾਂਦਾ ਹੈ ਅਤੇ ਲਕ ਬੰਨਣ ਨੂੰ ਕੁਪੀਨ ਦਿਤੀ ਜਾਂਦੀ ਹੈ, ਪਰ ਕੁੜੀਆਂ ਦੇ ਇਹ ਦੋਨੋਂ ਗੱਲਾਂ ਨਹੀਂ ਹੁੰਦੀਆਂ, ਇਸੇ ਕਰਕੇ "ਯਥਾਯੋਗ" ਸ਼ਬਦ ਲਿਖਿਆ ਹੈ। ਜਨੇਊ, ਜੰਞੂ ਉਪਵੀਤ, ਯਗਯੋਪਵੀਤ, ਵ੍ਰਤ ਬੰਧਨ ਸੌਤ੍ਰਾਮਣੀ ਆਦਿ ਸਭ ਜਨੇਊ ਦੇ ਹੀ ਨਾਮ ਹਨ। ਜਿਸਨੂੰ ਜਨੇਊ ਪਾਇਆ ਜਾਵੇ ਉਸਨੂੰ ਵੇਦ ਪੜ੍ਹਨ ਦਾ ਹਕ ਸਭ ਦਾ ਹੀ ਮੰਨਦੇ ਹਨ। ਆਰਿਆ ਸਮਾਜ ਦੇ ਪ੍ਰਚਾਰ ਤੋਂ ਪਹਿਲਾਂ ਇਸਤ੍ਰਆਂ ਤੇ ਸੂਦ੍ਰਾਂ ਨੂੰ ਵੇਦ ਪੜ੍ਹਨ ਦਾ ਅਧਿਕਾਰ ਨਹੀਂ ਸੀ. ਪਰ ਰਿਸ਼ੀ ਨੇ ਉਸ ਮਨਾਹੀ ਨੂੰ ਵੇਦ ਬਿਰੁਧ ਜਾਣਕੇ ਹਟਾ ਦਿੱਤਾ ਹੈ। ਇਸ ਕਰਕੇ ਜਨੇਊ ਪੌਂਣ ਦਾ ਹੱਕ ਹਰੇਕ ਦਾ ਹੈ। ਜਨੇਊ ਤਿੰਨ ਧਾਗਿਆਂ ਦਾ ਹੁੰਦਾ ਹੈ। ਉਹ ਤਿੰਨ ਤਾਰਾਂ ਵੀ ਤਿਲੜੀਆਂ ਹੁੰਦੀਆ ਹਨ। ਇਸ ਤਰ੍ਹਾਂ ਤਿੰਨ ਮਿਲਕੇ ਸਭ ਨੌਂ ਧਾਗੇ ਹੁੰਦੇ ਹਨ, ਤੇ ਉਪਰ ਦੇਖਨ ਵਿਚ ਤਿੰਨੇ ਹੀ ਹੁੰਦੇ ਹਨ। ਤਿਹਾਂ ਨੂੰ ਜੋੜ ਕੇ ਉਪਰ ਗੰਢ ਦਿੱਤੀ ਹੈ, ਇਨ੍ਹਾਂ ਧਾਗਿਆਂ ਦੀ ਬਾਬਤ ਸਿਆਣੇ ਇਹ ਦਸਦੇ ਹਨ ਕਿ ਉਪਰਲੇ ਤਿੰਨ ਧਾਗੇ ਸਿਖਿਆ ਦਿੰਦੇ ਹਨ, ਹਰੇਕ ਮਨੁਸ਼ ਤੇ ਤਿੰਨ ਰਿਣ ਹੁੰਦੇ ਹਨ। ਉਨ੍ਹਾਂ ਦੇ ਨਾਉਂ ਰਿਸ਼ੀ ਰਿਣ, ਪਿਤਰ ਰਿਣ, ਦੇਵ ਰਿਣ ਹਨ। ਵਿਦਯਾ ਪੜ੍ਹਨ ਨਾਲ ਰਿਸੀ ਰਿਣ ਉਤਰਦਾ ਹੈ, ਤੇ ਬਿਆਹ ਕਰਕੇ ਸੰਤਾਨ ਪੈਦਾ ਕਰਨ ਤੇ ਪਿਤਰ ਰਿਣ ਉਤਰ ਜਾਂਦਾ ਹੈ, ਅਤੇ ਧਰਮ ਦੇ ਕੰਮ ਕੀਤਿਆਂ ਦੇਵ ਰਿਣ ਤੋਂ ਛੁਟ ਜਾਂਦਾ ਹੈ। ਨਵਾਂ ਧਾਗਿਆਂ ਤੋਂ ਇਹ ਉਪਦੇਸ਼ ਮਿਲਦਾ ਹੈ। ਰਿਗਵੇਦ, ਯਜੁਰ ਵੇਦ, ਸਾਮ ਵੇਦ ਪੜਨ ਦਾ ਯਤਨ ਕਰ, ਤੇ ਮਾਂ ਪਿਓ ਅਤੇ ਆਚਾਰਜ ਦੀ ਸੇਵਾ ਕਰਤੇ ਆਗਿਆ ਮੰਨ, ਬਾਣੀ ਤੇ ਸਰੀਰ ਨਾਲ ਕਦੇ ਭੀ ਬੁਰਾ ਅਰਥਾਥ ਅਧਰਮ ਦਾ ਕੰਮ ਨ ਕਰ। ਇਹ ਸਿਖਿਆ ਦੇਣ ਵਾਸਤੇ ਜਨੇਊ ਪਾਈਦਾ ਹੈ।

ਜੇ ਕੋਈ ਜਨੇਊ ਪਾਕੇ ਆਪਣੇ ਜੀਵਨ ਵਿਚ ਉਪਰ ਲਿਖੇ ਉਪਦੇਸ਼ ਧਾਰਣ ਕਰ ਲਵੇ ਤਾਂ ਜਨੇਊ ਪੌਣਾ ਸਫਲ ਹੋ ਗਿਆ ਅਤੇ ਜੇ ਕੋਈ ਜਨੇਊ ਪਾਕੇ ਭੀ ਉਪਰ ਲਿਖਿਆਂ ਕੰਮਾਂ ਨੂੰ ਨ ਕਰਕੇ ਉਲਟੇ ਰਾਹ ਚਲਦਾ ਰਹੇ ਤਾਂ ਉਸਨੂੰ ਜਨੇਊ ਪੌਣ ਨਾਲ ਲਾਭ ਨਹੀਂ ਹੁੰਦਾ ਹੈ। ਉਸਨੇ ਰਸਮ ਪੂਰੀ ਕੀਤੀ ਹੈ, ਤਾਂਤੇ ਓਹ ਰਸਮੀ ਹੀ ਹੈ। ਏਸ ਕਰਕੇ ਜਨੇਊ ਦਾ ਨਾਉ ਬ੍ਰਤ ਬੰਧਨ ਭੀ ਹੈ।

ਹੁਣ ਵੇਖਣਾ ਹੈ ਸਿੱਖ ਪੰਥ ਵਿਚ ਜਨੇਊ ਦੀ ਬਾਬਤ ਕੀ ਲਿਖਿਆ ਹੈ।

ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਦਸਵੇਂ ਗੁਰੂ ਮਹਾਰਾਜ ਜੀ ਨੇ ਕੀ ਲਿਖਿਆ ਹੈ ਤੇ ਪਿਛੋਂ ਹੋਰ ਲਿਖਾਰੀਆਂ ਤੇ ਮੰਨੇ ਪਰਮੰਨੇ ਸਿੱਖਾਂ ਦੀ ਕੀ ਰਾਇ ਹੈ ਤਾਕਿ ਸਮਝਣ ਵਿਚ ਸੁਖਾਲ ਹੋਵੇ। ਜਨੇਊ ਖੰਡਨ ਵਿਚ ਇਹ ਸ਼ਬਦ ਪ੍ਰਮਾਣ ਦਸਿਆ ਜਾਂਦਾ ਹੈ।

ਦਇਆ ਕਪਾਹ ਸੰਤੋਖ ਸੂਤ ਜਤ ਗੰਢੀ ਸਤੁ ਵਟੁ। ਇਹ ਜਨੇਊ ਜੀਅ ਜਨੇਊ ਜੀਅ ਕਾ ਹਈ ਤਾਂ ਪਾਂਡੇ ਘਤੁ। ਨਾ ਏਹ ਤੁਟੈ ਨ ਮਲੁ ਲਗੈ ਨਾ ਏਹੁ ਜਲੈ ਨ ਜਾਇ। ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ। ਚਉਕੜਿ ਮੁਲਿ ਅਣਾਇਆ ਬਹਿ ਚਉਕੇ ਪਾਇਆ। ਸਿਖਾ ਕੰਨਿ ਚੜਾਈਆ ਗੁਰ ਬ੍ਰਾਹਮਣ ਥੀਆਂ। ਓਹੁ ਮੁਆ ਓਹੁ ਝੜਿ ਪਇਆ ਵੇ ਤਗਾ ਗਇਆ। ਸ:। ਮ: ੧

ਲੱਖ ਚੋਰੀਆ ਲੱਖ ਜਾਰੀਆਂ ਲੱਖ ਕੂੜੀਆਂ ਲੱਖ ਗਾਲਿ। ਲੱਖ ਠਗੀਆਂ ਪਹਿਨਾਮੀਆਂ ਰਾਤ ਦਿਨਸੁ ਜੀਅ ਨਾਲਿ। ਤਗ ਕਪਾਹਹੁ ਕੱਤੀਐ ਬਾਹਮਣ ਵਟੈ ਆਇ। ਕੁਹਿ ਬਕਰਾ ਰਿੰਨ੍ਹ ਖਾਇਆ ਸਭੁ ਕੋ ਆਖੈ ਪਾਇ। ਹੋਇ ਪੁਰਾਣਾ ਸੁਟੀਐ ਭੀ ਫਿਰ ਪਾਈਐ ਹੋਰੁ। ਨਾਨਕ ਤਗ ਨ ਤੁਟਈ ਜੇ ਤਗਿ ਹੋਵੈ। ੧। ਮ: ੧ ਨਾਇ ਮੰਨਿਐ ਪਤਿ ਉਪਜੈ ਸਾਲਾਹੀ ਸਚੁ ਸੂਤੁ। ਦਰਗਾਹ ਅੰਦਰਿ ਪਾਈਐ ਤਗੁ ਨ ਨਾਰੀ। ਭਲਕੇ ਥੁਕ ਪਵੈ ਨਿਤ ਦਾੜੀ। ਤਗੁ ਨ ਪੈਰੀ ਤਗੁ ਨ ਹਥੀ। ਤਗੁ ਨ ਜਿਹਵਾ ਤਗੁ ਨ ਅਖੀ। ਵੇਤਗਾ ਆਪੈ ਵਤੈ। ਵਾਟ ਧਾਗੇ ਅਵਰਾ ਘਤੈ। ਲੈ ਭਾੜਿ ਕਰੇ ਵੀਆਹੁ। ਕਢਿ ਕਾਗਲ ਦਸੇ ਰਾਹੁ। ਸੁਣਿ ਵੇਖਹੁ ਲੋਕਾ ਏਹੁ ਵਿਡਾਣੁ। ਮਨਿ ਅੰਧਾ ਨਾਉ ਸੁਜਾਣੁ।

ਆਸਾ ਵਾਰ ਮ: ੧ ਸ਼ਬਦ ੧੫

ਕਈ ਲਿਖਾਰੀ ਲਿਖਦੇ ਹਨ ਕਿ ਗੁਰੂ ਜੀ ਨੇ ਜਨੇਉ ਸਮੇਂ ਪੁਰੋਹਿਤ ਤੇ ਲੋਕਾਂ ਨੂੰ ਇਹ ਉਪਦੇਸ ਦਿੱਤਾ ਅਤੇ ਜਨੇਉ ਪੌਣੋਂ ਇਨਕਾਰ ਕੀਤਾ। ਇਸ ਕਰਕੇ ਇਹ ਸ਼ਬਦ ਜਨੇਊ ਦਾ ਖੰਡਨ ਕਰਦਾ ਹੈ। ਗੁਰੂ ਜੀ ਕਾ ਸਿੱਖ ਜੰਞੂ ਟਿਕੇ ਦੀ ਕਾਣ ਨ ਕਰੇ ਅਰਥਾਤ ਜੰਞੂ ਟਿਕਾ ਧਾਰਨ ਨ ਕਰੇ।

ਰਹਿਤਨਾਮਾ ਭਾਈ ਚੋਪਾ ਸਿੰਘ ਜੀ

ਜਨੇਊ ਨ ਪਾਇ। ਤਿਲਕ ਧਾਗਾ ਕਾਠ ਕੀ ਮਾਲਾ ਧਾਰੇ ਸੋ ਤਨਖਾਹੀਆ।

ਰਹਿਤ ਨਾਮਾ ਭਾਈ ਦਯਾ ਸਿੰਘ ਜੀ

ਜੋ ਸਿਖ ਗਲ ਮਹਿ ਧਾਗਾ ਮੇਲੈ । ਚੌਪੜ ਬਾਜੀ ਗਨਕਾ ਖੇਲੈ ।
ਜਨਮ ਸੁਆਨ ਪਾਵੈਗਾ ਕੋਟਿ । ਰਹਿਤ: ਭਾਈ ਪ੍ਰਹਲਾਦ ਸਿੰਘ ਜੀ

ਹੁਣ ਇਨ੍ਹਾਂ ਪਾਠਾਂ ਅਰਥਾਤ ਗੁਰੂ ਨਾਨਕ ਦੇਵ ਜੀ ਦੇ ਸ਼ਬਦਾਂ ਤੇ ਭਾਈ ਚੌਪਾ ਸਿੰਘ ਜੀ ਤੇ ਭਾਈ ਦਯਾ ਸਿੰਘ ਜੀ ਦੇ ਰਹਿਤ ਨਮਿਆਂ ਦੇ ਪਾਠਾਂ ਤੇ ਵਿਦਾਨ ਕਰਕੇ ਨਿਸਚੇ ਕਤਨਾ ਹੈ ਕਿ ਸਿਖ ਪੰਥ ਵਿਚ ਜਨੇਊ ਦਾ ਖੰਡਨ ਹੈ ਜਾਂ ਨਹੀਂ ।

ਅੱਗੇ ਅਸੀਂ ਜਨਮ ਸਾਖੀਆਂ ਚੋਂ ਜਨੇਊ ਬਾਰੇ ਲਿਖਦੇ ਹਾਂ—

ਜਨਮ ਸਾਖੀ ਭਾਈ ਬਾਲੇ ਜੀ ਦੀ । "ਜਾਂ ਗੁਰੂ ਨਾਨਕ ਨੌ ਬਰਸਾਂ ਦਾ ਹੋਇਆ ਤਾਂ ਜਨੇਊ ਪਾਵਣ ਦੀ ਰੀਤ ਕਰਨ ਵਾਸਤੇ ਕਾਲੂ ਨੇ ਪਰੋਹਿਤ ਹਰ ਦਿਆਲ ਕੋ ਬੁਲਾਇਆ । ਸ਼ੁਭ ਮਹੂਰਤ ਦੇਖ ਕਰ ਪਰੋਹਿਤ ਜੀ ਨੇ ਸਭ ਸਮਿਗ੍ਰੀ ਮੰਗਵਾਈ । ਜੋ ਜਾਤ ਭਾਈ ਕਾਲੂ ਕੇ ਥੇ ਸਭ ਕੋ ਕਹਾ, ਔਰ ਬ੍ਰਾਹਮਣ ਜੋ ਵਹਾਂ ਰਹਿਤੇ ਥੇ ਸਭ ਕੇ ਨਿਉਤਾ ਦੀਆ । ਸਭ ਭਾਈ ਬਦ ਜਾਤੀ ਕੇ ਔਰ ਬ੍ਰਾਹਮਣ ਭੀ ਇਕਤਰ ਹੋਇ ਕੇ ਗੁਰੂ ਬਾਬਾ ਜੀ ਕੋ ਜਨੇਊ ਪਾਵਣ ਲਗੇ । ਅਸਥਾਨ ਕੋ ਲੇਪਨ ਪੋਚਣ ਕਰ ਵੇਦ ਬਿਧ ਚੌਂਕ ਪੂਰਨ ਕੀਆ । ਬੇਦੀ ਬੰਸ ਕੇ ਸਭ ਭਾਈ ਔਰ ਬ੍ਰਾਹਮਣ ਜੋ ਵੇਦ ਵਿਧ ਕੇ ਗਯਾਤਾ ਥੇ, ਸਰਵਤ੍ਰ ਇੱਕਠੇ ਹੋਇਕੇ ਬੈਠੇ । ਬਾਬਾ ਨਾਨਕ ਜੀ ਕੋ ਇਸ਼ਨਾਨ ਕਰਵਾਇ ਕੇ ਬੁਲਾਇਆ, ਤਾਂ ਬਾਬਾ ਜੀ ਇਸ਼ਨਾਨ ਕਰਕੇ ਆ ਬੈਠੇ । ਐਸੇ ਸ਼ੋਭਾ ਪਾਵਤੇ ਹੈਂ ਜੈਸੇ ਸਭ ਤਾਰਾ ਮੰਡਲ ਮੇਂ ਚੰਦ੍ਰਮਾਂ ਸੋਭਾ ਪਾਵਤਾ ਹੈ । ਪਰੋਹਤ ਨੇ ਛਤ੍ਰੀਓਂ ਕੀ ਰੀਤ ਬੇਦ ਬਿਹਿਤ ਸਭ ਕਰਵਾਈ । ਜੋ ਪੁਰਾਤਨ ਰੀਤ ਥੀ ਔਰ ਕੁਲਾਚਾਰ ਸਭ ਸਿਖਾਨੇ ਲਗਾ । ਸੰਧਯਾ, ਤਰਪਣ, ਸਿੱਖਾ, ਸੂਤ ਧੋਤੀ ਜਨੇਊ ਮਾਲਾ ਤਿਲਕ ਖਟ ਕਰਮ ਗੁਰੂ ਜੀ ਨੂੰ ਸਿਖਾਵਨੇ ਲਗਾਂ । ਤੋ ਸਰਬ ਸ਼ਮਰਥ ਗੁਰੂ ਨਾਨਕ ਜੀ ਮੁਕਤ ਭੁਗਤ ਦੇ ਦੇਣੇ ਵਾਲੇ ਪਰੋਹਤ ਨੂੰ ਕਹਿਣ ਲਗੇ । ਹੇ, ਮਿਸਰ ਜੀ, ਏਸ ਜਨੇਊ ਕੋ ਪਾਏ ਤੇ ਕਿਆ ਅਧਿਕਤਾ ਹੁੰਦੀ ਹੈ । ਜਿਸ ਜਨੇਊ ਪਾਏ ਦਾ ਕਯਾ ਧਰਮ ਹੈ ਅਤੇ ਕੌਣ ਪਦਵੀ ਮਿਲਦੀ ਹੈ, ਔਰ ਇਸਦੇ ਨਾ ਪਹਿਰਨੇ ਪਰ ਕੇਹੜੀ ਊਨਤਾ ਹੁੰਦੀ ਹੈ ਤਾਂ ਹਰਦਯਾਲ ਜੀ ਬੋਲੇ । ਇਸ ਜਨੇਊ ਦੇ ਪਹਰਨੇ ਬਿਨਾ ਅਪਵਿਤ੍ਰ ਹੁੰਦਾ ਹੈ, ਚੌਕੇ ਕਾ ਅਧਿਕਾਰ ਹੂੰਦਾ ਨਹੀਂ, ਅਪਵਿਤ ਰਹਿੰਦਾ ਹੈ । ਜਬ ਵੇਦ ਕੀ ਬਿਧ ਪੂਰਬਕ ਖਤ੍ਰੀ, ਬ੍ਰਾਹਮਣ ਇਸ ਜਨੇਊ ਕੋ ਪਹਨਤੇ ਹੈਂ ਤਬ ਸਭ ਕਰਮ, ਧਰਮ ਕੇ ਅਧਿਕਾਰੀ ਹੂੰਦੇ ਹਨ । ਤਾਂ ਫੇਰ, ਗੁਰੂ ਜੀ ਨੇ

ਕਿਹਾ, ਸੁਣੋ ਪੰਡਿਤ ਜੀ, ਖਤ੍ਰੀ ਬ੍ਰਾਹਮਣ ਹੋਇ ਕਰ ਜਨੇਊ ਗਲ ਪਾਇਆ ਔਰ ਬੁਰੇ ਕਰਮ ਕਰਨ ਥੀਂ ਨਾਂ ਟਲਿਆ ਖੋਟੇ ਕਰਮ ਕਰਦਾ ਹੀ ਰਹਿਆ ਤਾਂ ਬ੍ਰਾਹਮਣ ਖਤ੍ਰੀ ਜਨੇਊ ਪਾਇਕੇ ਬਾਹਰਲੇ ਧਰਮ ਨੂੰ ਕਯਾ ਕਰੇਗਾ। ਧਨ ਦੇ ਵਾਸਤੇ ਹਿੰਸਾ, ਧਰੋਹ ਅਧਰਮ ਅੰਤ ਪਰਯੰਤ, ਦੁਸ਼ਟਤਾ, ਝੂਠ ਚੁਗਲੀ ਕੀਤੀ, ਤਬ ਉਹ ਖਤ੍ਰੀ ਬ੍ਰਾਹਮਣ ਨਹੀਂ ਚੰਡਾਲ ਹੈ? ਅੰਤ ਕੋ ਜਮਰਾਜ ਕੀ ਸਾਸ਼ਨਾ ਪਾਵੇਗਾ ਤਿਸ ਨੂੰ ਜਨੇਊ ਪਾਏ ਕਯਾ ਫਲ ਹੋਜਾ। ਈਹਾਂ ਜੇ ਪਾਪ ਕਰੇਗਾ, ਨਰਕ ਭੋਗੇਗਾ। ਜਬ ਏਹ ਬਾਰਤਾ ਗੁਰੂ ਜੀ ਨੇ ਕਹੀ, ਤਾਂ ਜਿਤਨੇ ਲੋਕ ਬੈਠੇ ਸਨ ਸਭ ਹੈਰਾਨ ਹੋਇ ਗਏ। ਮਨ ਮੇਂ ਕਹਨੇ ਲਗੇ। ਹੇ ਪਰਮੇਸ਼ਵਰ ਜੀ ਅਜੇ ਤਾਂ ਇਹ ਬਾਲਕ ਰੂਪ ਹੈ ਅਤੇ ਕੈਸੀਆਂ ਬਾਤਾਂ ਕਰਦਾ ਹੈ। ਤਾਂ ਫੇਰ ਪੰਡਿਤ ਕਹਯਾ, ਹੇ ਨਾਨਕ ਜੀ! ਉਹ ਕੌਨ ਸਾ ਜਨੇਊ ਹੈ ਜਿਸ ਜਨੇਊ ਪਾਂਏ ਤੇ ਇਸ ਪ੍ਰਾਣੀ ਦਾ ਧਰਮ ਰਹਿੰਦਾ ਹੈ। ਤਾਂ ਬਾਬਾ ਜੀ ਨੇ ਇਕ ਸਲੋਕ ਕਹਿਆ।

ਦਇਆ ਕਪਾਹ ਸੰਤੋਖ ਸੂਤ ਜਤੁ ਗੰਢੀ ਸਤੁ ਵਟ...: ਤਾਂ ਫੇਰ ਪੰਡਿਤ ਜੀ ਨੇ ਕਹਿਆ, ਮਹਿਤਾ ਕਾਲੂ ਤੇਰਾ ਪੁਤਰ ਕੋਈ ਦੇਵਤਾ ਹੈ। ਆਪੇ ਹੀ ਜਨੇਊ ਪਾਵੇ ਤਾਂ ਮਹਿਤੇ ਕਾਲੂ ਕਹਿਆ ਬਚਾ ਮਹਾ ਪੁਰਖ ਭੀ ਜਗਤ ਦੀ ਚਾਲ ਕਰਤੇ ਆਏ ਹੈਂ। ਤਾਂ ਬਾਬੇ ਕਹਿਆ ਜਿਵੇਂ ਤੁਹਾਡੀ ਰਜਾਇ। ਤਾਂ ਪੰਡਿਤ ਨੇ ਕਿਹਾ। ਹੇ ਨਾਨਕ ਜੀ ਏਸ ਜਨੇਊ ਨੂੰ ਪਵਿਤ੍ਰ ਕਰੋ ਤਾਂ ਬਾਬੇ ਜੀ ਨੇ ਜਨੇਊ ਪਾਇਆ।

(ਜਨਮ ਸਾਖੀ ਭਾਈ ਮਨੀ ਸਿੰਘ ਪੰਨਾ ੨੦—੨੩)

ਤਾਂ ਰਾਇ ਬੁਲਾਰ ਆਖਿਆ। ਨਾਨਕ ਤੂੰ ਵਲੀ ਹੈਂ। ਔਰ ਸੇਵਕਾਂ ਨੂੰ ਕਹਿਆ ਤੁਸੀਂ ਕਾਲੂ ਨੂੰ ਬਲਾ ਲਿਆਵੋ। ਜਾਂ ਉਹ ਕਾਲੂ ਨੂੰ ਬੁਲਾਵਣ ਗਏ। ਤਾਂ ਕਾਲੂ ਬ੍ਰਿਜ ਨਾਥ ਪਰੋਹਤ ਦੇ ਘਰ ਬਾਬੇ ਦੇ ਜਨੇਊ ਦਾ ਮਹੂਰਤ ਪਛਣ ਗਇਆ ਹੋਇਆ ਸੀ। ਤਾਂ ਉਹ ਉਥੋਂ ਹੀ ਬੁਲਾਇ ਲਿਆਏ ਤਾਂ ਰਾਇ ਬੁਲਾਰ ਨੇ ਕਾਲੂ ਨੂੰ ਪੁਛਿਆ ਕਿ ਤੂੰ ਬ੍ਰਿਜਨਾਥ ਦੇ ਕਿਉਂ ਗਿਆ ਸੀ ਤਾਂ ਕਾਲੂ ਕਹਿਆ। "ਮੈਂ ਪੁਤ੍ਰ ਦੇ ਜਨੇਊ ਦੇ ਪਾਵਣ ਵਾਸਤੇ ਲਗਨ ਗਿਣਨ ਗਇਆ ਸਾਂ"। ਅਤੇ ਉਸਨੇ ਆਖਿਆ ਹੈ ਕਿ ਸਵਾ ਸਉ ਮਣ ਲਚੀਆਂ ਔਰ ਖੀਰ ਬ੍ਰਹਮਣਾਂ ਵਾਸਤੇ ਤਯਾਰ ਕਰੋ ਔਰ ਦਸ ਬਕਰੇ ਔਰ ਪੰਜ ਸੋ ਮਣ ਔਰ ਪਦਾਰਥ ਖਤ੍ਰੀਆਂ ਵਾਸਤੇ ਤਯਾਰ ਕਰੋ ਅਰ ਇਕ ਮਿਰਗ ਭੀ ਸਿਕਾਰ ਕਾ ਮਾਰਿਆ ਹੋਇਆ ਹੋਯਾ ਹੋਵੇ। ਸੋ ਹੋਰ ਸਮੱਗਰੀ ਤਾਂ ਮੈਂ ਸਭ ਤਿਆਰ ਕਰ ਆਇਆ ਹਾਂ।

ਪਰ ਇਕ ਮਿਰਗ ਦੀ ਤੁਚਾ ਹਥ ਨਹੀਂ ਲਗਤੀ। ਤਾਂ ਰਾਇ ਬੁਲਾਰ ਕਹਿਆ। ਮੈਂ ਭਲਕੇ ਸ਼ਿਕਾਰ ਚੜ੍ਹੂੰਗਾ ਔਰ ਮਿਰਗ ਮਾਰਕੇ ਲਿਆਊਂਗਾ ਤਾਂ ਕਾਲੂ ਕਹਿਆ, ਭਲਕੇ ਨਉ ਚੰਦਾ ਐਤਵਾਰ ਹੈ ਔਰ ਥਿਤ ਪੰਚਮੀ ਹੈ। ਤੇ ਮੈਂ ਭਲਕੇ ਨਾਨਕ ਕੋ ਜਨੇਊ ਪਾਵਾਂਗਾ। ਤੁਸਾਂ ਮਿਰਗ ਜਰੂਰ ਲਿਆਵਣਾ ਤਾਂ ਬਾਬੇ ਕਹਿਆ ਪੰਜ ਸੋ ਮਣ ਲੁਚੀ ਕਚਉਰੀ ਕੜਾਹ ਸਾਧਾਂ ਸੰਤਾਂ ਵਾਸਤੇ ਹੋਰ ਤਯਾਰ ਕਰਨਾ। ਜੋ ਸਾਰੇ ਤਲਵੰਡੀ ਦੇ ਚਉਫੇਰੇ ਸਾਧ ਉਤਰੇ ਹੋਏ ਹਨ ਤਾ ਕਾਲੂ ਗੁਰੂ ਨਾਨਕ ਜੀ ਨੂੰ ਲੈ ਕਰ ਘਰ ਆਇਆ ਔਰ ਜਗ ਦੀ ਤਿਆਰੀ ਕਰਨ ਲਗਾ। ਕਾਲੂ ਸਭ ਤਯਾਰੀ ਕਰਕੇ ਬ੍ਰਿਜਨਾਥ ਦੇ ਘਰ ਬਾਬੇ ਨੂੰ ਘਰ ਲੈ ਗਿਆ ਔਰ ਸਭ ਬ੍ਰਹਮਪੁਰੀ ਔਰ ਸਭ ਸੰਤ ਸਾਧ ਇਕਠੇ ਹੋਏ। ਤਾਂ ਕਾਲੂ ਆਖਿਆ ਹੇ ਪਰੋਹਤ, ਗੁਰੂ ਨਾਨਕ ਜੀ ਨੂੰ ਗਾਇਤ੍ਰੀ ਮੰਤ੍ਰ ਵੀ ਦੇਵੋ ਅਤੇ ਜਨੇਊ ਭੀ ਪਾਉ, ਤਾਂ ਪਰੋਹਤ ਲਗਾ ਗੁਰੂ ਨਾਨਕ ਜੀ ਦੇ ਕੰਨ ਵਿਚ ਗਾਇਤ੍ਰੀ ਮੰਤ੍ਰ ਫੂਕਣ। ਤਾਂ ਬਾਬੇ ਪੰਡਿਤ ਪੰਡਿਤ ਜੀ ਨੂੰ ਕਹਿਆ ਕਿ ਤੂੰ ਆਪ ਮੰਤ੍ਰ ਸਿਖਿਆ ਹੋਇਆ ਹੈ ? ਜੋ ਸਾਨੂੰ ਸਿਖਾਵਤਾ ਹੈ ਤਾਂ ਉਸ ਆਖਿਆ ਮੈਂ ਪੁਰਾਨ ਸ਼ਾਸਤ੍ਰ ਸਭ ਕੁਛ ਪੜਿਆ ਹੋਇਆ ਹਾਂ। ਤਾਂ ਬਾਬੇ ਕਹਿਆ। ਚਹੂੰ ਵੇਦਾਂ ਕਾ ਮਤ ਕਿਆ ਹੈ ਤਾਂ ਉਸ ਕਹਿਆ ਜੇ ਤੂੰ ਜਾਣਦਾ ਹੈਂ ਤਾਂ ਤੂੰ ਕਹੁ। ਤਾਂ ਬਾਬੇ ਸਲੋਕ ਕਹਿਆ :

੧. 'ਨਾਨਕ ਮੇਰੇ ਸਰੀਰ ਕਾ ਇਕ ਰਥੁ ਇਕ ਰਥੁਵਾਹੁ ..

੨. ਸਿਮਲ ਰੁਖੁ ਸਰਾਇਰਾ ਅਤਿ ਦੀਰਘ ਅਤਿਮੁਚੁ...

੩. ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ..

ਤਾਂ ਪਰੋਹਤ ਕਹਿਆ ! ਹੇ ਕਾਲੂ ਏਹ ਤੇਰਾ ਪੁਤਰ ਕੋਈ ਦੇਵਤਾ ਪੈਦਾ ਹੋਇਆ ਹੈ। ਪਰ ਜਿਵੇਂ ਹਨੂਮਾਨ ਨੂੰ ਰਾਵਣ ਬ੍ਰਹਮ ਫਾਸ ਪਾਈ ਸੀ, ਤੇ ਉਸ ਆਪੇ ਮੰਨ ਲਈ ਸੀ। ਸੋ ਏਹ ਭੀ ਜੇ ਆਪੇ ਮੰਨ ਲਵੇਗਾ, ਤਾਂ ਜਨੇਊ ਪਾਵੇਗਾ। ਤਾਂ ਕਾਲੂ ਆਖਿਆ। ਬਚਾ ! ਮਹਾਂ ਪੁਰਖ ਭੀ ਜਗਤ ਦੀ ਕਰਦੇ ਆਏ ਹਨ। ਤਾਂ ਬਾਬੇ ਕਹਿਆ ਜਿਵੇਂ ਤੁਹਾਡੀ ਰਜਾਇ। ਤਾਂ ਬਾਬੇ ਨੂੰ ਜਨੇਊ ਪੁਆਇ ਕੇ ਕਾਲੂ ਘਰ ਲਿਆਇਆ।

(ਜਨਮ ਸਾਖੀ ਭਾਈ ਮਨੀ ਸਿੰਘ ਜੀ ਦੀ ੯੦—੯੭ ਨਾਨਕ ਪ੍ਰਕਾਸ਼)

ਕਾਲੂ ਬਹੁਰੋ ਕੀਨ ਵਿਚਾਰਾ। ਜਗਯੋਪਵੀਤ ਦੇਣ ਹਿਤਧਾਰਾ।
ਪ੍ਰੋਹਤ ਜੋ ਤਿਹ ਕੋ ਹਰ ਦਯਾਲਾ। ਸੋ ਬੁਲਾਇ ਲੀਨ ਤਤਕਾਲਾ।

ਉਠ ਅਭਿਲਾਖਾ ਸਕਲ ਸੁਨਾਈ । ਛਤ੍ਰੀ ਰੀਤਿ ਕਰੋ ਦ੍ਵਿਜਰਾਈ ।
ਸੁਨ ਕਰ ਬਚ ਅਸ ਦ੍ਵਿਜ ਹਰਦਯਾਲੂ । ਕਹਯੋ ਜੋ ਮੌਜ ਸਭ ਆਨ ਬਿਸਾਲੂ ।
ਸੁਭ ਅਵਸਰ ਸੋ ਦੀਨ ਬਤਾਈ । ਕਰ ਆਰੰਭ ਜਿਉ ਅਧਿਕ ਵਡਾਈ ।
ਦ੍ਵਿਜ ਵਰ ਤੇ ਸੁਨ ਤਬ ਕਾਲੂ । ਸਭ ਸੰਭਾਰਨ ਆਨ ਉਤਾਲੂ ।
ਗੋਮੈ ਸੇ ਲੇਪਣ ਛਿਨ ਕਰਕੇ । ਪੂਰਯੋ ਚੌਂਕ ਹਰਖ ਉਰ ਧਰ ਕੇ ।
ਸ੍ਰੀ ਨਾਨਕ ਜੀ ਪੁਨ ਬੁਲਵਾਏ, ਦ੍ਵਿਜ ਬਾਹਨ ਕੇ ਬੀਚ ਬਸਾਏ ।
ਛਤ੍ਰਿਨ ਰੀਤ ਜੁ ਹੁਤੀ ਪੁਰਾਤਨ । ਸੋ ਕੀਨੀ ਦ੍ਵਿਜ ਵਰ ਸਭ ਭਾਤਨ ।
ਕੁਲ ਆਚਾਰ ਸਿਖਾਵਨ ਲਾਗਾ । ਪੁਨ ਪਾਵਨ ਜੰਝੂ ਅਨੁਰਾਗਾ ।
ਪੂਛਤ ਤੇ ਦ੍ਵਿਵ ਮੋਹਿ ਸੁਨਾਵੋ । ਕਿਸ ਕਾਰਣ ਤੇ ਜੰਝੂ ਪਾਵੋ ।
ਦ੍ਵਿਜ ਛਤ੍ਰੀ ਕੋ ਧਰਮ ਜੁ ਧਰਣੀ । ਜਗਯੋਪਵੀਤ ਸੁ ਪਾਵਨ ਕਰਣੀ ।
ਦ੍ਵਿਜ ਬਾਹੁਜ ਕੋ ਜਿਸ ਬਿਨ ਧਰਮਾ । ਰਹਤ ਨਹੀਂ ਬੂਝਹੁ ਇਹ ਬਰਮਾ ।
ਬੇਦਨ ਬਿਧ ਸੋ ਜਬ ਗਰ ਪਾਵਹਿ ।
ਦ੍ਵਿਜ ਬਾਹੁਜ ਨਿਜ ਧਰਮਹਿ ਆਵਹਿ । ਸੁਨ ਪ੍ਰੋਪਾ ਕੇ ਬਚਨ ਕ੍ਰਿਪਾਲਾ ।
ਕੇਵਲ ਵਦਨ ਕਹਿ ਗਿਰਾ ਰਸਾਲਾ । ਦ੍ਵਿਜ ਬਾਹੁਜ ਕੇ ਧਰਮ ਜੋ ਆਹੀ ।
ਗਰ ਮੇਂ ਪਾਏ ਸੂਤ ਰਹਾਹੀ । ਕਿਧੋਂ ਸੁ ਕਰਮ ਕਰੇ ਤੇ ਰਹਈ ।
ਦਯਾ ਆਦਿ ਜੋ ਸੁਭ ਨਿਰ ਬਹਈ, ਪਾਇ ਸੂਤ ਗਰ ਕਰਤ ਕੁਕਰਮਾ ।
ਧਨ ਹਿਤ ਹਿੰਸਾ ਦ੍ਰੋਹ ਅਧਰਮਾ । ਅੰਤ ਪਰਯੰਤ ਦੁਸ਼ਟਤਾ ਧਾਰੇ ।
ਝੂਠ ਪਿਸੁਨਤਾ ਚਿਤ ਹਿਤ ਕਾਰੇ । ਸੋ ਛਤ੍ਰੀ ਦ੍ਵਿਗ ਕਿਯੋਂ ਚਡਾਲਾ ।
ਲਹਹਿ ਜਾਇ ਜਮ ਦੰਡ ਬਿਸਾਲਾ । ਕੌਨ ਜਨੇਉ ਤਿਹ ਫਲ ਦੀਨਾ ।
ਪਾਯੋ ਨਰਕ ਈਹਾਂ ਅਘ ਕੀਨਾ । ਕੌਣ ਜੰਜੂ ਤੇ ਜਾਇ ਨ ਨਰਕਾ ਜਾਕੋ
ਜਮ ਨਹਿ ਕਰੇ ਕੁਤਰਕਾ ।
ਸੋ ਨਿਜ ਰਸਨਾ ਦੇਹ ਸਨਾਈ । ਸਨਨ ਚਾਹਿ ਸਭ ਓਰ ਹਰ ਖਾਈ ।
ਸਲੋਕ ਮ: ੧

ਦਯਾ ਕਪਾਹ ਸੰਤੋਖ ਸੂਤ ਜਤ ਗੰਢੀ ਸਤ ਵਟੁ...ਚਲ ਪਾਇ ।
ਤੋ ਬਾਲਕ ਇਹ ਜਗਯੋ ਪਵੀਤਾ । ਬੇਦ ਪੰਥ ਮਹਿ ਗਿਣਿਆ ਪੁਨੀਤਾ ।
ਪਰਮਪਰਾ ਪਾਵਸ ਧਰ ਧਰਮਾ । ਦ੍ਵਿਜ ਬਾਹੁਜ ਕੋ ਰਾਖਤ ਧਰਮਾ ।
ਬ੍ਰਹਮਾਦਿਕ ਤੇ ਇਹ ਚਲ ਆਵਾ । ਸਨਕ ਸਨੰਦਨ ਸਭ ਪਹਰਾਵਾ ।ਮ: ੧

ਚਉਕੜ ਮੂਲ ਅਣਾਇਆ...ਵੇ ਤਗਾ ਗਇਆ ਪੁਨ ਤਿਹ ਕਾਲ ਜੋ
ਕਾਲ ਗਯਾਤੀ।

ਸੋ ਬੋਲੇ ਨਿਜ ਬਾਤ ਸੁਹਾਤੀ।...ਦ੍ਵਿਜ ਬਾਹੁਜ ਸਭ ਤੁਮ ਘਰ ਆਵਾ।
ਪਹਰੋਂ ਜੰਞੂ ਜਗਤ ਸੁਹਾਵਾ। ਜੋ ਨਿਜ ਕੁਲ ਕੀ ਚਲਹਿ ਨ ਚਾਲੋ।
ਜਾਤ ਪਾਤ ਤੇ ਕਰੇ ਨਿਰਾਲੇ। ਨਰ ਸੰਪੂਰਨ ਅਰ ਪਰਵਾਰੂ।
ਹਰਖਹਿ ਉਰ ਕਰ ਹੁ ਗੁਰ ਧਾਰੂ। ਨਾਤਰ ਸਭ ਕੋ ਬਧਯੋ ਹੁਲਾਸਾ।
ਮਿਟ ਜੈਹੇ ਮਨ ਹੋਇ ਉਦਾਸਾ। ਏਕ ਬਾਰ ਗਰ ਪਾਇ ਜਨੇਊ।
ਪੁਨ ਕਰੀਏ ਉਰ ਇਛਾ ਜੇਊ। ਅਸ ਸੁਨ ਕਰ ਗਯਾਤਨ ਕੇ ਬੈਨਾ।
ਪੁਨ ਬੋਲੇ ਸ੍ਰੀ ਪੰਕਜ ਨੈਨਾ।
ਮ: ੧। ਲਖ ਚੋਰੀਆਂ ਲਖ ਜਾਰੀਆਂ .....ਜੇ ਤੱਗ ਹੋਵੇ ਜੋ।
ਅਸ ਬਿਸ ਸ੍ਰੀ ਨਾਨਕ ਸਤਿ ਦਾਨੀ। ਉਪਦੇਸ਼ਨ ਕੀ ਉਚਰਤ ਬਾਨੀ
ਬਚਨ ਬਦਤ ਬਿਪ੍ਰਨ ਬਰ ਆਈ। ਜਗਯੋਪਵੀਤ ਦੀਉ ਪਹਰਾਈ।
ਤੂਸਨ ਭਏ ਤਬੈ ਸੁਖਸਦਨਾ। ਦ੍ਵਿਜ ਦੰਭਨ ਕੋ ਕੀਨ ਨਿਕਦਨਾ।
ਤਿਹ ਖਿਨ ਹਰਖਯੋ ਉਰ ਪਰਵਾਰੂ। ਸਭ ਕੇ ਮਨ ਤੇ ਮਿਟਾ ਖੰਭਾਰੂ।
(ਨਾਨਕ ਪ੍ਰਕਾਸ਼ ਅਧਯਾਇ ੯)

ਪਤਿ ਵਿਣੁ ਪੂਜਾ ਸਤਵਿਣੁ ਸੰਜਮੁ ਜਤ ਵਿਣ ਕਾਹੇ ਜਨੇਊ।
ਨਾਵਹੁ ਧੋਵਹੁ ਤਿਲਕੁ ਚੜਾਵਹੁ ਸੁਚ ਵਿਣੁ ਸੋਚ ਨ ਹੋਈ।
ਰਾਮਕਲੀ ਅਸ਼ਟਪਦੀਆਂ ਮ: ੧—੧—੬

ਆਦਿ ਗ੍ਰੰਥ ਸਾਹਿਬ ਕੇ ਬਚਨ ਜ ਨਿੰਦਾ ਪਰ ਪ੍ਰਤੀਤ ਹੋਤੇ ਹੈਂ। ਤਿਨਕਾ ਤਾਤਪਰਯ "ਦਯਾ ਕਪਾਹ ਸੰਤੋਖ ਸੂਤ ਜਤ ਗੰਢੀ ਸਤ ਵਟ"। ਪਾਠ ਸੇ ਕਹੇ ਜਨੇਊ ਕੀ ਸਤੁਤਿ ਮੇਂ ਹੈ। ਇਸ ਕੀ ਨਿੰਦਾ ਮੇਂ ਨਹੀਂ। ਗੁਰਮਤ ਨਿਰਨਯ ਸਾਗਰ ਪੰਨਾ ੪੫੪ ਜਨਮ ਸਾਖੀ ਕੇ ਲਿਖਾਰੀ ਭਾਈ ਬਾਲਾ ਜੀ ਸੰਧੂ ਗੁਰੂ ਜੀ ਦੇ ਨਾਲ ਰਹੇ ਅਤੇ ਭਾਈ ਮਨੀ ਸਿੰਘ ਜੀ ਗੁਰੂ ਗੋਬਿੰਦ ਜੀ ਨਾਲ ਰਹੇ ਅਤੇ ਭਾਈ ਸੰਤੋਖ ਸਿੰਘ ਜੀ ਭੀ ਪੁਰਾਣੇ ਹੀ ਹੈਂ। ਇਹ ਤਿੰਨੇ 'ਦਇਆ ਕਪਾਹ' ਵਾਲਾ ਸ਼ਬਦ ਲਿਖ ਕੇ ਗੁਰੂ ਜੀ ਦੇ ਜਨੇਊ ਪੌਣਾ ਮੰਨਦੇ ਹਨ। ਇਸ ਕਰਕੇ ਇਨ੍ਹਾਂ ਦੇ ਲਿਖੇ ਨੂੰ ਝੂਠ ਲੌਣਾ ਸੁਖਾਲੀ ਜੇਹੀ ਗਲ ਨਹੀਂ ਹੈ। ਇਸ ਸ਼ਬਦ ਦਾ ਅਰਥ ਏਹੋ ਹੀ ਹੈ

ਕਿ ਕੋਈ ਨਿਰਾ ਜਨੇਊ ਪਾਕੇ ਚੰਗਾ ਨਹੀਂ ਬਣ ਜਾਂਦਾਂ। ਜਨੇਊ ਪਾਕੇ ਚੰਗੇ ਕੰਮ ਕਰਕੇ ਹੀ ਚੰਗਾ ਹੁੰਦਾ ਹੈ ਅਰਥਾਤ ਜੇ ਦਇਆ, ਸੰਤੋਖ. ਜਤ. ਸਤ ਹੋਵੇ ਤਾਂ ਹੀ ਜਨੇਊ ਦਾ ਲਾਭ ਹੈ। ਇਸੇ ਕਰਕੇ ਗੁਰੂ ਜੀ ਕਹਿੰਦੇ ਹਨ—

ਨਾਨਕ ਸਚੇ ਨਾਮ ਬਿਨੁ ਕਿਆ ਟਿਕਾ ਕਿਆ ਤਗੁ।

ਆਸਾ ਦੀ ਵਾਰ ਮ: ੧ ਸ਼ਬਦ ੮

ਗੁਰੂ ਜੀ ਨੇ ਜ਼ਨੇਊ ਨੂੰ ਹੀ ਅੰਤਰੀਵ ਨਹੀਂ ਕਹਿਆ ਹੋਰ ਭੀ ਅਨੇਕ ਗਲਾਂ ਅੰਤਰੀਵ ਕਹੀਆ ਹਨ। ਜੈਸੇ :—

ਸੁਣ ਬੇਟਾ ਅਸਾਡੀ ਖੇਤੀ ਬਾਹਰ ਪਕੀ ਖੜੀ ਹੈ ਔਰ ਜੇ ਤੂੰ ਵਿਚ ਜਾਇ ਕਰ ਖੜਾਂ ਹੋਵੇਂ, ਤਾਂ ਖੇਤੀ ਕਿਉਂ ਉਜੜੇ ਅਤੇ ਸਭ ਕੋਈ ਸਰੀਕ ਅਤੇ ਦੇਖਣ ਵਾਲੇ ਆਖਣ। ਵਾਹ। ਵਾਹ ਭਾਈ ਕਾਲੂ ਦਾ ਪੁਤ੍ਰ ਭਲਾ ਹੋਇਆ ਹੈ ਤੇ ਸੁਣ ਬੇਟਾ ਲੋਕਾਂ ਦੀ ਬਾਤ ਹੈ, 'ਖੇਤੀ ਖਸਮਾ ਸੇਤੀ। ਤਾਂ ਫੇਰ ਗੁਰੂ ਜੀ ਬੋਲੇ, ਹੇ ਪਿਤਾ ਜੀ ਹੁਣ ਅਸਾਂ ਨਵੇਕਲੀ ਖੇਤੀ ਵਾਹੀ ਹੈ, ਅਤੇ ਹਲ ਵਾਹਿਆ ਹੈ ਅਤੇ ਸਾਡੀ ਜਮੀਨ ਵਤ੍ਰ ਆਈ ਹੈ। ਸੋ ਉਹ ਖੇਤੀ ਅਸਾਂ ਬਹੁਤ ਤਕੜੀ ਹਾਂ... ਫੇਰ ਗੁਰੂ ਜੀ ਨੇ ਸ਼ਬਦ ਆਖਿਆ।

ਮਨੁ ਹਾਲੀ ਕਿਰਸਾਨੀ ਕਰਣੀ ਸਰਮ ਪਾਣੀ ਤਨੁ ਖੇਤੁ।
ਨਾਮ ਬੀਜ ਸੰਤੋਖ ਸੁਹਾਗਾ ਰਖ ਗਰੀਬੀ ਵੇਸੁ।
ਭਾਉ ਕਰਮ ਕਰਿ ਜੰਮਸੀ ਸੇ ਘਰ ਭਾਗਠ ਦੇਖੁ।੧।
ਬਾਬਾ ਮਾਇਆ ਸਾਥਿ ਨ ਹੋਇ। ਇਨ ਮਾਇਆ ਜਗ ਮੋਹਿਆ ਵਿਰਲਾ ਬੂਝੈ ਕੋਇ।

ਰਾਗ ਸੋਰਠ ਮ: ੧ ਸ਼: ੨

ਤਾਂ ਕਾਲੂ ਨੇ ਆਖਿਆ ਬਚਾ ਖੇਤੀ ਨਹੀਂ ਕਰਦਾ ਤਾਂ ਹਟ ਹੀ ਕੱਡ ਬੈਠ।

ਅਸਾਂ ਖਤ੍ਰੀਆਂ ਦੀ ਖੇਤੀ ਤਾਂ ਹਟੀ ਹੈ। ਤਾਂ ਗੁਰੂ ਨਾਨਕ ਦੇਵ ਜੀ ਨੇ ਦੂਸਰੀ ਪਉੜੀ ਆਖੀ।

ਹਾਣੁ ਹਟੁ ਕਰ ਆਰਜਾ ਸਚ ਨਾਮ ਕਰ ਵਥ। ਸੁਰਤਿ ਸੋਚ ਕਰਿ ਭਾਂਡ ਸਾਲ
ਤਿਸੁ ਵਿਚਿ ਤਿਸਨੋ ਰਖੁ।
ਵਣਜਾਰਿਆਂ ਸਿਉ ਵਣਜ ਕਰਿ ਲੈ ਲਾਹਾ ਮਨੁ ਹਸੁ।

(ਰਾਗ ਸੋਰਠ ਮ: ੧)

ਤਾਂ ਫੇਰ ਕਾਲੂ ਨੇ ਆਖਿਆ, ਹੇ ਨਾਨਕ ਜੀ ਜੇ ਹਟ ਨਹੀਂ ਕਰਦਾ, ਅਤੇ ਭੇਰਾ ਮਨ ਫਿਰਣੇ ਤੇ ਹੈ, ਤਾਂ ਸਉਦਾਗਰੀ ਘੋੜਿਆ ਦੀ ਕਰ ਤਾਂ ਬਾਬੇ ਆਖਿਆ, ਪਿਤਾ ਜੀ ਅਸਾਂ ਸਉਦਾਗਰੀ ਭੀ ਕੀਤੀ ਹੈ । ਤਾਂ ਬਾਬੇ ਜੀ ਤੀਸਰੀ ਪਉੜੀ ਆਖੀ ।

ਸੁਣਿ ਸਾਸਤ ਸਉਦਾਗਰੀ ਸਤ ਘੋੜੇ ਲੈ ਚਲ । ਖਰਚ ਬੰਨ ਚੰਗਿਆਈਆਂ ਮਤ ਮਨ ਮਨ ਜਾਣਹਿ ਕਲ ।

ਨਿਰੰਕ ਰ ਕੇ ਦੇਸਿ ਜਾਹਿ ਤਾ ਸੁਖ ਲਹਹਿ ਮਹਲ । ਰਾਗ ਸੋਰਠ ਮ: ੧

ਤਾਂ ਕਾਲੂ ਜੀ ਨੇ ਇਹ ਸੁਣ ਕਰ ਆਖਿਆ ਹੈ ਨਾਨਕ ! ਜੇ ਤੂੰ ਸਾਡੇ ਕੰਮ ਕਾਰ ਤੋਂ ਰਹਿ ਚੁਕੋਂ ਪਰ ਘਰ ਤਾਂ ਚਲ ਤੇ ਬੈਠ, ਅਸਾਂ ਤੇਰਾ ਖਟਣਾ ਛਡਿਆ ਹੈ ··ਕਿਸੇ ਦੀ ਚਾਕਰੀ ਹੀ ਕਰ, ਤਾਂ ਗੁਰੂ ਨਾਨਕ ਜੀ ਚਉਥੀ ਪਉੜੀ ਆਖੀ—

ਲਾਇ ਚਿਤ ਕਰਿ ਚਾਕਰੀ ਮੰਨ ਨਾਮੁ ਕਰ ਕੰਮ ।
ਬੰਨ ਬੰਦੀਆਂ ਕਰ ਧਾਵਣੀ ਤਾਕੋਂ ਆਖੈ ਧਨ ।
ਨਾਨਕ ਵੇਖੈ ਨਦਰਿ ਕਰਿ ਚੜੈ ਚਵਗਣ ਵੰਨ । ਸੋਰਠ ਮ: ੧

ਜਨਮ ਸਾਖੀ ਪੰਨਾ ੨੬—੨੮, ਰਾਗ ਸੋਰਠ ਮ: ੧ ਸ: ੨

ਇਸੀ ਤਰ੍ਹਾਂ ਗੁਰੂ ਨਾਨਕ ਜੀ ਨੂੰ ਪਾਂਦਾਂ ਪਾਸ ਪੜ੍ਹਨ ਭੇਜਿਆ । ਤਦ ਇਹ ਇਹ ਸ਼ਬਦ ਕਿਹਾ—

ਜਾਲਿ ਮੋਹੁ ਘਸਿਮਸੁ ਕਰਿ ਮਤਿ ਕਾਗਦੁ ਕਰਿ ਸਾਰੁ ।
ਭਾਉ ਕਲਮੇ ਕਰਿ ਚਿਤੁ ਲਿਖਾਰੀ ਗੁਰੂ ਪੁਛਿ ਲਿਖ ਬੀਚਾਰੁ ।
ਲਿਖੁ ਨਾਮ ਸਾਲਾਪਿ ਲਿਖ ਲਿਖੁ ਅੰਤਰ ਨ ਪਾਰਾਵਾਰ ।੧।
ਬਾਬਾ ਏਹ ਲੇਖਾ ਲਿਖਿ ਜਾਣੁ ।
ਜਿਥੇ ਲੇਖਾ ਮੰਗੀਐ ਤਿਥੈ ਹੋਇ ਸੱਚਾ ਨੀਸਾਣੁ ।੧।

ਸਿਰੀ ਰਾਗ ਮਹਲਾ ੧ ਸ਼ਬਦ ੬ । ਜਨਮਸਾਖੀ ਪੰਨਾ ੨੭

ਜਤ ਸਤੁ ਚਾਵਲ ਦੈਆ ਕਣਕ ਕਰਿ ਪ੍ਰਾਪਤਿ ਪਾਤੀ ਧਾਨੁ ।
ਦੁਧ ਕਰਮੁ ਸੰਤੋਖੁ ਘੀਉ ਕਰਿ ਐਸਾ ਮਾਂਗਉ ਦਾਨੁ ।
ਖਿਮਾ ਧੀਰਜੁ ਕਰਿ ਗਉ ਗਊ ਲਵੇਰੀ ਸਹਜੈ ਬਛਰਾ ਖੀਰੁ ਪੀਐ ।
ਸਿਫਤ ਸ਼ਰਮ ਕਾ ਕਪੜਾ ਮਾਂਗਉ ਹਰਿ ਗੁਣ ਨਾਨਕ ਰਵਸ਼ ਰਹੈ ।।

ਪ੍ਰਭਾਤੀ ਮਹਲਾ ੧ ਸ਼ਬਦ ੭

ਜਿਵੇਂ ਇਨ੍ਹਾਂ ਸ਼ਬਦਾਂ ਵਿਚ ਖੇਤੀ, ਸੌਦਾਗਰੀ, ਦੁਕਾਨ, ਨੌਕਰੀ, ਸਿਆਹੀ, ਕਲਮ, ਕਾਗਜ਼, ਕਣਕ, ਚੌਲ, ਦੁੱਧ, ਘਿਉ ਅਤੇ ਕਪੜੇ ਨੂੰ ਤਿਆਗਣ ਦਾ ਅਰਥ ਨਹੀਂ ਹੈ, ਬਲਿਕ ਠੀਕ ਵਿਵਸਥਾ ਕਰਨ ਦਾ ਹੈ। ਉਸੀ ਤਰ੍ਹਾਂ ਜਨੇਊ ਵਾਲੇ ਸ਼ਬਦਾਂ ਦੇ ਅਰਥ ਜਨੇਊ ਛੱਡਣ ਦੇ ਨਹੀਂ। ਇਹ ਸਾਰੇ ਸ਼ਬਦ ਬਾਹਰ ਦੀਆਂ ਬਾਤਾਂ ਦੇ ਨਾਲ ਨਾਲ ਅੰਤਰੀਵ ਗੁਣ ਧਾਰਣ ਦਾ ਉਪਦੇਸ਼ ਦਿੰਦੇ ਹਨ। ਸੋ ਇਹ ਬਾਤ ਸਰਵਥਾ ਠੀਕ ਹੈ।

ਗੁਰੂ ਨਾਨਕ ਦੇਵ ਜੀ ਦੇ ਜਨੇਊ ਸਾਰੀ ਉਮਰ ਰਿਹਾ। ਜਦ ਗੁਰੂ ਨਾਨਕ ਦੇਵ ਜੀ ਦਾ ਬਿਯਾਹ ਹੋਇਆ ਉਸ ਸਮੇਂ ਦਾ ਵਰਣਨ ਇਉਂ ਕੀਤਾ ਹੈ—

ਮਹਿੰਦੀ ਪਦ ਸੰਜੁਤ ਕੋਕ ਨਦੰ, ਮਕਰੰਦ ਅਨੰਦ ਉਦਾਰ ਬਸਾਈ।
ਗਰ ਚੀਰ ਹੈ ਪੀਤ ਪੁਨੀਤ ਮਨੋ ਹਾਰ ਜਗਯੋਪਵੀਤ ਮਹਾ ਛਬ ਛਾਈ।
ਕਚ ਕੰਕਨ ਕੰਚਨ ਭੂਰ ਕਿਯੂਰ ਬਨੀ ਉਰਮਾਲ ਬਿਸਾਲ ਸੁਹਾਈ।
ਜੂਨ ਸਾਂਤ ਸਰੂਪ ਸ਼ਿੰਗਾਰਾ ਧਰੇ ਜਗ ਮੇਂ ਪ੍ਰਗਟਯੋ ਨਿਜ ਭਾਵ ਦਿਖਾਈ।

ਨਾਨਕ ਪ੍ਰਕਾਸ਼ ਅਧਯਾਇ ੨੨ ਛੰਦ ੪੪

ਜਿਸ ਸਮੇਂ ਗੁਰੂ ਨਾਨਕ ਜੀ ਨੇ ਘਰ ਛੱਡਿਆ, ਉਸ ਸਮੇਂ ਦਾ ਵਰਣਨ ਇਸ ਪ੍ਰਕਾਰ ਹੈ :—

ਇਤਨੇ ਮਹਿ ਲਾਲੋ ਤਿਹ ਆਵਾ ਇਹ ਬਿਧ ਕਹਯੋ ਸੁਨਾਇ।
ਅਚਵਹੁ ਅਸਨ ਚਲਹੁ ਸ੍ਰੀ ਨਾਨਕ ਦੁਖ ਕੁੰਜਰ ਮ੍ਰਿਗ ਰਾਈ।

ਭਵ ਬੰਧਨ ਪੰਨਗ ਜੋ ਗਰੱਸੇ ਬੈਨਤੇਯ ਹੋ ਤਿਨ ਕੋ।
ਕ੍ਰਿਤਾਰਥ ਕਰ ਮੁਝ ਕਰਨਾ ਕਰ, ਆਨਨ ਪਾਇ ਅਸਨ ਕੋ।੨੩।

ਸੁਨ ਕਰ ਸ੍ਰੀ ਮੁਖ ਬਚਨਾ ਭਾਖੇ ਆਨਹੁ ਇਹ ਠਾਂ ਜਾਈ।
ਕਹ ਲਾਲੋ ਤੁਮਰੇ ਗਲ ਜੰਞੂ ਬਾਹਰ ਆਸਨ ਕਿਯੋਂ ਪਾਈ।

ਚੌਂਕੇ ਅੰਦਰ ਚਲ ਕਰ ਜੇਵੋ ਉਚਤਮ ਜਨਮ ਤੁਮਾਰਾ।
ਜੇ ਏਹ ਨਾਂ ਮੰਗਵਾਵਹੁ ਸੁਆਮੀ ਸੰਸੇ ਖਾਇ ਹਮਾਰਾ।੨੪।

ਸ੍ਰੀ ਮੁਖ ਕਹਤ ਧਰਤ ਹੈ ਜਿਤਨੀ ਤਿਤਨੇ ਚੌਕਾ ਜਾਨਉ।

ਸਚ ਰਤੇ ਸੇ ਸੁਚੇ ਹੋਏ ਮਨ ਕੋ ਭਰਮ ਮਿਟਾਨੋ ।
ਸੁਨ ਕਰ ਲਾਲੋ ਬਿਗਸਯੋ ਤਬ ਹੀ, ਆਨਯੋ ਭੋਜਨ ਧਾਈ ।

ਨਾਨਕ ਪ੍ਰਕਾਸ਼ ਅਧਿਆਇ ੩੯

ਤਾਂ ਅੱਗੇ ਕਿਆ ਦੇਖੇ ਕਿ ਇਕ ਤਪਾ ਜੇਹਾ, ਤੇ ਗਲ ਵਿਚ ਜਨੇਊ ਹੈਸੂ ਅਤੇ ਇਕ ਡੁਮੇਟਾ ਨਾਲ ਹੈਸੂ । ਜਨਮਸਾਖੀ ਪੰਨਾ ੮੯ ਸੂਰਜ ਵੰਸ਼ੀਯ ਖਾਲਸਾ ਪੰਥ ਪੰਨਾ ੧੧੧ ਤਾਂ ਲਾਲੋ ਰਸੋਈ ਤਯਾਰ ਕਰਕੇ ਸਦਣ ਆਇਆ । ਤਾਂ ਲਾਲੋ ਆਖਿਆ, ਗੁਰੂ ਜੀ ਪ੍ਰਸਾਦ ਤਿਆਰ ਹੈ । ਤਾਂ ਗੁਰੂ ਨਾਨਕ ਆਖਿਆ. ਭਾਈ ਲਾਲੋ ਏਥੇ ਹੀ ਲਿਆਓ ਤਾਂ ਲਾਲੋ ਆਖਿਆ. ਜੀ ਤਹਾਡੇ ਗਲ ਵਿਚ ਜੰਞੂ ਹੈਗਾ, ਤਾਂ ਗੁਰ ਨਾਨਕ ਜੀ ਆਖਿਆ, ਜਿਤਨੀ ਧਰਤੀ ਤਿਤਨਾ ਹੀ ਚਉਂਕਾ, ਏਥੇ ਹੀ ਲੈ ਆਉ । ਤਾਂਤੇ ਲਾਲ ਪ੍ਰਸਾਦ ਲਿਆਕੇ ਅੱਗੇ ਜਾਣ ਰਖਿਆ ।

ਜਨਮ ਸਾਖੀ ਪੰਨਾ ੭੯

ਜਨੇਊ ਦਾ ਅਲੰਕਾਰ । ਕਾਇਆ ਬ੍ਰਹਮਾ ਮਨੁ ਹੈ ਧੋਤੀ । ਗਿਆਨ ਜਨੇਊ ਧਿਆਨ ਕੁਸਪਾਤੀ ।... ਬਾਹਰਿ ਜਨੇਊ ਜਿਚਰੁ ਜੋਤਿ ਹੈ ਨਾਲਿ । ਧੋਤੀ ਟਿਕਾ ਨਾਮ ਸਮਾਲਿ । ਐਥੇ ਉਥੇ ਨਿਬ ਹੀ ਨਾਲਿ ਵਿਣੁ ਨਾਵੈਂ ਹੋਰਿ ਕਰਮਿ ਨ ਭਾਲਿ ।

ਆਸਾ ਮ: ੧ ਸ਼ਬਦ ੨੦ ।

ਖਲੜੀ ਖਪਰੀ ਲਕੜੀ ਚਮੜੀ ਸਿਖਾ ਸੂਤ ਧੋਤੀ ਕੀਨੀ ।
ਤੂੰ ਸਾਹਿਬੁ ਹਉ ਸਾਂਗੀ ਤੇਰਾ ਪ੍ਰਣਵੈ ਨਾਨਕ ਜਾਤਿ ਕੈਸ਼ੀ ।

ਰਾਗ ਆਸਾ ਮਹਲਾ ੧ ਸ਼ਬਦ ੩੩

ਗੁਰੂ ਨਾਨਕ ਜੀ ਦੇ ਮੁਖ ਤੇ ਕਹੇ ਹੋਏ ਸ਼ਬਦ ਤੇ ਉਨ੍ਹਾਂ ਦੀ ਜੀਵਨੀ ਲਿਖਣ ਵਾਲਿਆਂ ਦੇ ਪਾਠ ਲਿਖਕੇ ਪਾਠਕਾਂ ਤੇ ਛੱਡਦਾ ਹਾਂ ਕਿ ਉਹ ਆਪ ਹੀ ਪੜ੍ਹਕੇ ਦੇਖ ਲੈਣ ਕਿ ਗੁਰੂ ਮਹਾਰਾਜ ਜੀ ਦੇ ਜੰਞੂ ਥਾ ਜਾਂ ਨਹੀਂ । ਮੇਰੀ ਸਮਝ ਵਿਚ ਤਾਂ ਇਹੋ ਆਉਂਦਾ ਹੈ ਕਿ ਉਨ੍ਹਾਂ ਦੇ ਜਨੇਊ ਸੀ । ਅੱਗੇ ਹੋਰ ਗੁਰੂਆਂ ਦੀ ਬਾਬਤ ਜਿਹੜਾ ਕੁਝ ਪੁਰਾਣੇ ਸਿੱਖਾਂ ਨੇ ਹੀ ਲਿਖਿਦਾ ਹਾਂ :—

ਗੁਰੂ ਨਿਦੇਸ ਸੁਨ, ਬਿਪ੍ਰ, ਤਬ ਸੁਭ ਜੰਞੂ ਗਰ ਧਾਰ । ਕਰ ਪੂਜਾ ਗੁਰ ਪੂਤ, ਗਰ ਲਾਗੋ ਪਰੋਹਿਤ ਡਾਰ । ਹਰ ਗੋਬਿੰਦ ਕਹਯੋ ਹਮ ਗਰੇ ਜੰਞੂ ਹਰਿ ਅਸਿ ਪਾਇ ।

ਕੁਲ ਪਰੋਹਿਤ ਕੁਲ ਰੀਤਿ ਕਰ ਪਾਯੋ ਗਰ ਹਰ ਖਾਇ ॥

ਗੁ: ਬਿਲਾਸ ਪਾਦਸ਼ਾਹੀ ੬ ਅਧਿਆਇ ੫

ਇਸ ਪਾਠ ਵਿਚ ਜਨੇਊ ਤੇ ਤਲਵਾਰ ਦੋਹਾਂ ਦੇ ਪਾਉਣ ਦੀ ਗੱਲ ਹੈ। ਅੱਗੇ ਗੁਰੂ ਤੇਗ ਬਹਾਦੁਰ ਜੀ ਬਾਰੇ ਲਿਖਦੇ ਹਾਂ :—

ਤਿਲਕ ਜੰਞੂ ਰਾਖਾ ਪ੍ਰਭ ਤਾਕਾ। ਕੀਨੋ ਬਡੋ ਕਲੂ ਮਹਿ ਸਾਕਾ।

ਬਿਚਿੱਤ੍ਰ ਨਾਟਕ ਅਧਿਆਇ ੫ ਛੰਤ ੧੨—੧੩

ਜਾ ਦਿਨ ਤੇ ਗੁਰੂ ਸਾਕਾ ਕਰਯੋ। ਬਿਪਤਾ ਵਿਚ ਨੌਰੰਗਾ ਰਹਯੋ।
ਹਿੰਦੂ ਤੁਰਕ ਨ ਕਰਨਾ ਪਾਯੋ। ਤੱਗ ਤਿਲਕ ਗੁਰੂ ਰਖ ਦਿਖਾਯੋ।

ਪੰਥ ਪ੍ਰਕਾਸ਼ ਪੰਨਾ ੫੫੪

ਪੀਤ ਪੁਨੀਤ ਉਪਰਨਾ ਧੋਤੀ, ਜੇਤਿ ਰਵਿ ਨਵ ਛਵ ਛਾਜੈ।
ਪੀਤ ਜਨੇਊ ਮਨੋ ਬਦਨ ਸਸਿ ਪੈ ਬਿਜਰੀ ਬਿਜੁਰੀ ਭ੍ਰਾਜੈ।

ਪੰਥ ਪ੍ਰਕਾਸ਼ ਪੰਨਾ ੫੧੦

ਇਹ ਪ੍ਰਕਰਣ ਗੁਰੂ ਗੋਬਿੰਦ ਸਿੰਘ ਜੀ ਦੇ ਬਿਆਹ ਦਾ ਹੈ ਉਸ ਵੇਲੇ ਉਹਨਾਂ ਦੇ ਭੀ ਜਨੇਊ ਸੀ। ਰਹਿਤ ਨਾਮਿਆਂ ਵਿਚ ਜਨੇਊ ਸੀ। ਰਹਿਤ ਨਾਮਿਆਂ ਵਿਚ ਜਨੇਉ ਦਾ ਨਿਸ਼ੇਧ ਹੈ। ਉਨ੍ਹਾਂ ਦਾ ਉੱਤਰ ਪੰਡਿਤ ਤਾਰਾ ਸਿੰਘ ਜੀ ਹੇਠ ਲਿਖਿਆ ਦਿੰਦੇ ਹਨ :

ਪ੍ਰਸ਼ਨ—ਚੋਬੀਸਵਾਂ : ਗੁਰਮਤ ਮੇਂ ਤਿਲਕ ਮਾਲਾ ਜਨੇਊ ਰੂਪ ਬਾਹਯ ਬਾਹਯ ਸੰਸਕਾਰ ਧਾਰਣ ਕਰਨੇ ਯੋਗਯ ਹੈ ਵਾ ਨਹੀਂ ?

ਉੱਤਰ—ਜੈਸੇ ਅੰਤਰ ਵੈਰਾਗਯ, ਬਿਵੇਕਾਦਿ ਸੰਸਕਾਰ ਆਦਿ ਭੀ ਧਾਰਨੇ ਯੋਗਯ ਹੈ, ਤੈਸੇ ਬਾਹਯ ਸੰਸਕਾਰ ਮਾਲਾਦਿਕ ਭੀ ਯੋਗਯ ਹੈਂ। ਗੁਰੂ ਸਭੀ ਧਾਰਤੇ ਰਹੇ ਹੈ। ਔਰ ਬਾਹਯ ਸੰਸਕਾਰੋ ਕੀ ਰਖਯਾ ਹੇਤ ਹੀ ਗੁਰੂ ਜੀ ਨੇ ਸੀਸ ਦੀਆਂ ਹੈ। ਕਿਹਾ ਹੈ ਬਿਚਿਤ੍ਰ ਨਾਟਕ ਮੇਂ—

ਧਰਮ ਹੇਤ ਸਾਕਾ ਜਿਨ ਕੀਆ। ਸੀਸ ਦੀਆ ਪਰ ਸ਼ਿਰਰ ਨ ਦੀਆ।
ਤਿਲਕ ਜੰਞੂ ਰਾਖਾ ਪ੍ਰਭ ਤਾਕਾ। ਕੀਨੋ ਬਡੋ ਕਲੂ ਮਹਿ ਸਾਕਾ।

ਏਤਾਂ ਬਸੇਖ ਹੈ। ਜਿਸ ਜਾਤਿ ਮੇਂ ਜੋ ਸੰਸਕਾਰ ਯੋਗਯ ਹੈ ਵਹ ਧਾਰੇ। ਜੈਸੇ ਜਨੇਊ ਕਾ ਧਾਰਨਾ ਤੀਨ ਬਰਣੋਂ ਮੇਂ ਔਰ ਬਰਣ ਸੰਕਰੋ ਮੇਂ ਨਹੀਂ, ਵਹ ਨ ਨ ਧਾਰੇ। ਯਾਂਹੀ ਤੇ ਪ੍ਰਥਮ ਗੁਰੂ ਜੀ ਨੇ ਬੈਰਾਗੀਓਂ ਵਤਭਾਈ ਬਾਲੇ ਔਰ ਬਾਬੇ ਬੁਢੇ ਆਦਿਕੋਂ ਕੋ ਪਹਰਾਇਆ ਨਹੀਂ। ਜੋ ਬ੍ਰਾਹਮਣ ਖਤ੍ਰੀ ਸਿੱਖ ਪਹਰਤੇ ਥੇ, ਤਿੰਨ ਕਾ ਹਟਾਇਆ ਨਹੀਂ। ਤਥਾ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਸਮੇਂ ਦਯਾ ਸਿੰਘ ਕਾ ਹਟਾਇਆ ਨਹੀਂ ਔਰ ਚਾਰੋਂ ਕੋ ਪਹਰਾਇਆ ਨਹੀਂ। ਕਹੀਂ ਅਮ੍ਰਿਤ ਸਮੇਂ ਪਹਿਰਾਵਨਾ ਲਿਖਾ ਹੋਵੇ ਤੋ ਰਹੋ, ਪਰੰਤੂ ਦਯਾ ਸਿੰਘ ਕਾ ਨਹੀਂ ਹਟਾਇਆ। ਯਾਂ ਤੇ ਜਿਨ ਕੋ ਅਧਿਕਾਰ ਹੈ ਵਹਨਿਸ਼ੰਕ ਪਹਰੇ। ਹਟਾਵਨੇ ਮੇਂ ਗੁਰੂ ਕੀ ਆਗਿਆ ਨਹੀਂ। ਐਸੇ ਤਿਲਕ ਭੀ ਗ੍ਰੰਥ ਸਾਹਿਬ ਕੀ ਸਮਾਪਤਿ ਕਾਲ ਮੇਂ ਔਰ ਕਥਾ ਕਾਲ ਮੇਂ ਕਰਨੇ ਵਤ ਸਰਬਦਾ ਗੁਰੂ ਕੋ ਚੰਦਨ ਚੜ੍ਹਾ ਕੇ ਨਿਸੰਕ ਕਰੇ। ਗੁਰੂਓਂ ਨੇ ਹਟਾਇਆ ਨਹੀਂ। ਪੁਨ: ਮਾਲਾ ਭੀ ਲੋਹੇ ਕਪੂਰ ਆਦਿਕੋਂ ਕੇ ਸਿਮਰਨੇ ਫੇਰਨੇ ਵਤ ਜਿਸ ਚੀਜ ਕੀ ਰੁਚਿ ਹੋਵੇ, ਉਸਕੀ ਫੇਰੇ। ਗੁਰੂ ਨੇ ਹਟਾਈ ਨਹੀਂ।

ਗੁਰਮਤ ਨਿਰਣਯ ਸਾਗਰ ਪੰਨਾ ੪੫੧—੨

'ਸਿਖ ਹੋਇ ਗਲਾ ਤਾਗਾ ਮੇਲੇ।

ਇਸ ਬਚਨ ਕੀ ਪਖਪਾਤ ਰਹਿਤ ਕਵਿ ਜਨੋਂ ਸੇ ਪਰੀਖਯਾ ਕਰਵਾਨੀ ਚਾਹੀਏ। ਜੋ ਯਹ ਕਵਿਤਾ ਕਿਸ ਕੀ ਹੈ। ਯਾਂਤੇ ਨਿਕਸ ਹੋ ਕਰ ਗੁਰਮਤ ਮੇਂ ਜਨੇਊ ਕਾ ਰਖਨਾ ਕਰਨਾ ਪੂਰਬ ਕਹੇ ਬਚਨੋਂ ਮੇਂ ਗੁਰੂ ਜੀ ਕੀ ਰਚਨਾ ਕੇ ਨਿਸਚੇ ਸੇ ਅਨੰਤਰ ਉਚਿਤਿ ਹੈ। ਗੁਰਮਤ ਨਿਰਣਯ ਸਾਗਰ ਪੰਨਾ ੪੫੪

ਸਿਖਾ ਨੂੰ ਜਨੇਊ ਪੌਣ ਦੀ ਆਗਿਆ

ਪ੍ਰਸ਼ਨ—ਜਨੇਊ ਪਾਵਨੇ ਸਮੇਂ ਆਗੇ ਸਿਰ ਮੁੰਡਵਾਨੇ ਕੀ ਰੀਤਿ ਥੀ। ਅਬ ਸਿਖ ਰੋਕਤੇ ਹੈਂ, ਕਿਯਾ ਹੁਕਮ ?

ਉੱਤਰ—ਸਹਜਧਾਰੀ ਕੇ ਬੇਟੇ ਕੀ ਕੈਂਚੀ ਸੇ ਰੀਤਿ ਕਰੋ। ਕੇਸਧਾਰੀ ਕੇ ਬੇਟੇ ਕੋ ਦਹੀਂ ਸੇ ਕੇਸ਼ੀ ਅਸ਼ਨਾਨ ਕਰਾਯੋ। ਜਨੇਊ ਸਮੇਂ।

ਗੁਰਮਤ ਨਿਰਣਯ ਸਾਗਰ ਪੰਨਾ ੫੯੫

ਰਹਿਤ ਨਾਮਿਆਂ ਦੀ ਬਾਬਤ ਪੰਡਿਤ ਤਾਰਾ ਸਿੰਘ ਜੀ ਦਾ ਪਾਠ ਇਉਂ ਹੈ। "ਇਤਨੇ ਹੀ ਉੱਤਰ ਗੁਰੂ ਸਾਹਿਬ ਜੀ ਨੇ ਬਾਹਰ ਕੀ ਰਹਿਤੋਂ ਕੇ ਦੀਏ। ਜੇਕਰ

ਰਹਿਤ ਨਾਵੇਂ. ਪ੍ਰੇਮ ਸਮਾਗਮ ਜੈਸੇ ਗੁਰੂ ਜੀ ਨੇ ਬਣਾਏ ਹੋਤੇ, ਤਬ ਭਾਈ ਮਨੀ ਸਿੰਘ ਜੀ ਜਰੂਰ ਸਾਖੀ ਮੇਂ ਉਨਕਾ ਪਤਾ ਲਿਖਤੇ। ਲਿਖਿਆ ਕੋਈ ਨਹੀਂ, ਇਸਤੇ ਵਹ ਗੁਰੂ ਕੀ ਰਚਨਾ ਨਹੀਂ ਪ੍ਰੇਮੀ ਸਿੱਖੋਂ ਕੀ ਹੈ। ਛਲੀਏ ਕੀ ਬਾਤ ਮਾਨਨੇ ਲਾਇਕ ਤੋ ਕੋਈ ਭੀ ਨਹੀਂ ਹੋਤੀ, ਪਰੰਤੂ ਸਚੀ ਬਾਤ ਬਾਲਕ ਕੀ ਭੀ ਮਾਨ ਲੈਣੀ। ਇਸ ਵਾਸਤੇ ਜੋ ਅਸਲ ਹੋਵੇ ਸੋ ਸਚੀ ਮਾਨੋ। ਕੋਈ ਪ੍ਰੇਮੀ ਲੋਗ ਕਹਤੇ ਹੈਂ। ਗੁਰੂ ਕੇ ਨਾਮ ਸੇ ਲਿਖੀ ਕੋ ਜ਼ੇਬ (ਸ਼ੋਭਾ) ਦੇਨੀ ਉਚਿਤ ਹੈ। ਮੇਰੇ ਕੋ ਯਹ ਚਿਤ ਨਹੀਂ ਮਾਲੂਮ ਦੇਤੀ ਕਿਉਂਕਿ ਝੂਠ ਕੋ ਜ਼ੇਬ ਦੇਨੀ ਵਾਜਬ ਹੋਤੀ, ਤਬ ਗੁਰੂ ਤੇਗ ਬਹਾਦਰ ਜੀ ਬਕਾਲੇ ਮੇਂ ਬਾਈਸ ਮੰਜੀਓਂ ਕੋ ਜ਼ੇਬ ਦੇਤੇ। ਆਪ ਜ਼ਾਹਰ ਨ ਹੋਤੇ। ਗੁਰੂ ਹਰ ਰਾਇ ਜੀ "ਮਿੱਟੀ ਬੇਈ ਮਾਨ ਕੀ ਪੜ੍ਹਨੇ ਵਾਲੇ ਰਾਮਰਾਇ ਜੀ ਕੇ ਛਲ ਕੇ ਪਾਠ ਕੋ ਜ਼ੇਬ ਦੇਤੇ, ਬੁਰਾ ਸਮਝਕੇ ਗਦੀ ਸੇ ਖਾਰਜ ਨ ਕਰਤੇ। ਨੌਮੇਂ ਗੁਰੂ ਜ਼ਾਹਰ ਹੂਏ। ਸਾਤਵੇਂ ਗੁਰੂ ਜੀ ਨੇ ਖਾਰਜ ਕੀਆ. ਇਸ ਸੇ ਨਿਸਚੇ ਕਰਾਇਆ। ਝੂਠ ਕੋ ਜ਼ੇਬ ਭੂਲ ਕਰ ਭੀ ਭਲਾ ਲੋਕ ਨਾ ਦੇਵੇ। । ਇਸੀ ਸੇ ਮਨੀ ਸਿੰਘ ਜੀ ਨੇ ਬਾਣੀ ਕੇ ਅਰਥੋਂ ਕਾ ਨਿਰਣੈ ਲਿਖਾ। ਜੋ ਪੀਛੇ ਔਰ ਲੋਕ ਰੋਚੇਗੇ ਤਬ ਨਿਰਣੈ ਕਰਨਾ ਕਠਿਨ ਹੋਗਾ। ਯਾਂ ਤੇ ਉਨ੍ਹੋਂ ਨੇ ਭੀ ਜ਼ੇਬ ਦੇਣੀ ਹਟਾਈ ਜੋ ਦੇਣੀ ਕਰੇ ਸੋ ਜਾਲ ਕੇ ਪਿਆਰੇ ਹੈਂ । ਵਾਸਤਵ ਮੇਂ ਯਹ ਨਿਸ਼ਚੈ ਹੈ। ਜੋ ਮਨੀ ਸਿੰਘ ਜੀ ਕੋ ਬੀੜ ਸਮੇਂ ਨਹੀਂ ਮਿਲੀ। ਸੋ ਗੁਰੂਓਂ ਨੇ ਨਹੀਂ ਰਚੀ।

ਗੁਰਮਤ ਨਿਰਣਯ ਸਾਗਰ ਪੰਨਾ ੫੯੬—੭

ਉਪਰਲਾ ਸਾਰਾ ਲੇਖ ਪੜ੍ਹਨ ਦੇ ਪਿਛੋਂ ਏਹੋ ਨਿਸ਼ਚੈ ਹੁੰਦਾ ਹੈ। ਜਿਦਾਂ ਆਰਿਆ ਸਮਾਜ ਜਨੇਊ ਨੂੰ ਅੰਤਰੀਵ ਧਰਮਾਂ ਦੇ ਧਾਰਣ ਵਾਸਤੇ ਬ੍ਰਤ ਬੰਧ ਕਰਦਾ ਹੈ, ਏਦਾਂ ਹੀ ਗੁਰੂ ਜੀ ਦਇਆ ਸੰਤੋਖ ਆਦਿ ਅੰਤਰੀਵ ਧਰਮਾਂ ਦਾ ਧਾਰਣ ਜ਼ਰੂਰ ਮੰਨਦੇ ਹਨ ਅਤੇ ਨਿਰੇ ਜਨੇਊ ਪੌਣ ਨਾਲ ਕਿਸੇ ਦਾ ਭਲਾ ਨਹੀਂ ਹੁੰਦਾ। ਏਹ ਗਲ ਭੀ ਆਰਿਯਾ ਸਮਾਜ ਤੂੰ ਗੁਰੂ ਮਹਾਰਾਜ ਜੀ ਦੀ ਮਿਲਦੀ ਹੈ। ਇਸ ਕਰਕੇ ਜਨੇਊ ਵਾਲਾ ਸਿਧਾਂਤ ਆਰਿਆ ਸਮਾਜ ਤੇ ਗੁਰੂ ਜੀ ਦਾ ਇਕੋ ਹੀ ਹੈ, ਇਹ ਸਚ ਹੈ ਕਿ ਇਸ ਵੇਲੇ ਜਿਹੜੇ ਸਿੱਖ ਪੰਥ ਦੇ ਆਗੂ ਮੰਨੇਦੇ। ਪੁਰਾਣੀਆਂ ਸਾਖੀਆਂ ਪਰਾਣੇ ਲਿਖਾਰੀ, ਪੁਰਾਣੇ ਸਿਖ ਪੁਰਾਣੇ ਗ੍ਰੰਥ ਆਰਿਆ ਸਮਾਜ ਦੇ ਨਾਲ ਹਨ ਏਹੀ ਮੇਰਾ ਨਿਸ਼ਚੈ ਹੈ। ਸਿਖਾ ਦੀ ਮਰਜ਼ੀ ਹੈ ਉਹ ਜੋ ਚਾਹੁਣ ਸੋ ਮੰਨਣ।

---

# ੧੦ ਸੰਧਿਆ

ਆਰਿਆ ਸਮਾਜੀਓਂ ਕੋ ਰਿਸ਼ੀ ਦਯਾਨੰਦ ਜੀ ਨੇ ਦੋ ਵੇਲੇ ਸੰਧਿਆ ਕਰਨੇ ਵਾਸਤੇ ਆਗਿਆ ਦਿੱਤੀ ਹੈ। ਸੰਧਿਆ ਦੇ ਅਰਥ ਹਨ ਚੰਗੀ ਤਰ੍ਹਾਂ ਪਰਮੇਸ਼ਵਰ ਦਾ ਧਿਆਨ ਕਰਨਾ। ਸਿਮ੍ਰਤੀਆਂ ਵਿਚ ਏਹਦਾ ਨਾਉ ਰਿਸ਼ੀ ਯਗ ਹੈ। ਜਿਸ ਦੇ ਵਿਚ ਵੇਦ ਦਾ ਪੜਨਾ ਭੀ ਸ਼ਾਮਿਲ ਹੈ। ਰਿਸ਼ੀਆਂ ਨੇ ਵਦ ਦੇ ਕੁਝ ਮੰਤ੍ਰ ਇੱਕਠੇ ਕਰਕੇ ਉਨ੍ਹਾਂ ਦੇ ਪਾਠ ਨੂੰ ਸੰਧਿਆ ਨਾਮ ਦੇਕੇ ਦੋ ਵੇਲੇ ਕਰਨ ਦੀ ਆਗਿਆ ਦਿੱਤੀ ਹੈ। ਜੇ ਕਿਸੇ ਨੂੰ ਬਾਹਲਾ ਸਮਾਂ ਮਿਲੇ ਤਾਂ ਉਹ ਸੰਧਿਆ ਤੇ ਬਿਨਾ ਵੇਦ ਦਾ ਪਾਠ ਭੀ ਕਰ ਲਵੇ ਏਹੀ ਚੰਗਾ ਹੈ। ਪਰ ਸੰਧਿਆ ਜਰੂਰ ਕਰੇ। ਸਤਯਾਰਥ ਪ੍ਰਕਾਸ਼ ਵਿਚ ਰਿਸ਼ੀ ਦਯਾਨੰਦ ਜੀ ਲਿਖਦੇ ਹਨ। 'ਸੰਧੀ ਉਪਾਸਨਾ, ਜਿਸ ਕੋ ਬ੍ਰਹਮ ਯਗਯ ਭੀ ਕਹਤੇ ਹੈਂ। 'ਆਚਮਨ' ਉਤਨੇ ਜਲ ਕੋ ਹਥੇਲੀ ਮੇਂ ਲੈਕੇ ਉਸਕੇ ਮੂਲ ਔਰ ਮਧ ਦੇਸ਼ ਮੇਂ ਉਸ਼ਠ ਲਗਾਕੇ ਕਰੇ ਕਿ ਵਹ ਜਲ ਕੰਠ ਕੇ ਨੀਚੇ ਹਿਰਦਯ ਤਕ ਪਹੁੰਚੇ, ਨ ਉਸ ਸੇ ਅਧਿਕ ਨ ਉਸ ਸੇ ਨਿਯੂਨ। ਉਸ ਸੇ ਕੰਠਸਥ ਕਫ ਔਰ ਪਿਤ ਕੀ ਨਿਵਰਿਤੀ ਥੋੜੀ ਸੀ ਹੋਤੀ ਹੈ। ਪਸ਼ਚਾਤ ਮਾਰਜਨ ਅਰਥਾਤ ਮੱਧਮਾ ਔਰ ਅਨਾਮਿਕਾ ਅੰਗੁਲੀ ਕੇ ਅਗ੍ਰਭਾਗ ਸੇ ਨੇਤ੍ਰ ਆਦਿ ਅੰਗੋਂ ਪਰ ਜਲ ਛਿੜਕੇਂ। ਉਸ ਸੇ ਆਲਸ ਦੂਰ ਹੋਤਾ ਹੈ। ਜੋ ਆਲਸ ਔਰ ਜਲ ਪ੍ਰਾਪਤ ਨ ਹ ਤੋ ਨ ਕਰੇ। ਪੁਨ: ਸਮੰਤ੍ਰਕ ਪ੍ਰਾਣਾਯਾਮ, ਮਨਸਾ ਪਰਿਕ੍ਰਮਣਾ, ਉਪਸਥਾਨ ਪੀਛੇ ਪਰਮੇਸ਼ਵਰ ਕੀ ਸਤੁਤਿ ਪ੍ਰਾਰਥਨਾ ਔਰ ਉਪਾਸਨਾ ਕੀ ਰੀਤੀ ਸਿਖਲਾਵੇ। ਅਘਮਰਸ਼ਣ ਅਰਥਾਤ ਪਾਪ ਕਰਨੇ ਕੀ ਇੱਛਾ ਭੀ ਕਭੀ ਨ ਕਰੇ। ਯਹ ਸੰਧੀ ਉਪਾਸਨਾ ਏਕਾਂਤ ਦੇਸ਼ ਮੇਂ ਏਕਾਗ੍ਰ ਚਿਤ ਸੇ ਕਰੇ। ਗਾਇਤਰੀ ਮੰਤ੍ਰ ਕਾ ਉਚਾਰਣ ਅਰਥ ਗਿਆਨ ਔਰ ਉਸਕੇ ਅਨੁਸਾਰ ਅਪਨੇ ਚਾਲ ਚਲਨ ਕੋ ਕਰੇ। ਪਰੰਤੂ ਯਹ ਜਪ ਮਨ ਸੇ ਕਰਨਾ ਉੱਤਮ ਹੈ"। ਸੰਧਿਆ ਔਰ ਅਗਨੀ ਹੋਤ੍ਰ ਸਾਯ ਪ੍ਰਾਤ: ਦੋ ਹੀ ਕਾਲ ਮੇਂ ਕਰੇ। ਰਾਤ ਦਿਨ ਹੀ ਸੰਧੀ ਵੇਲਾ ਹੈ, ਅੰਨਯ ਨਹੀਂ। ਨਿਯੂਨ ਸੇ ਨਿਯੂਨ ਏਕ ਘੰਟਾ ਧਿਆਨ ਅਵਸ਼ਯ ਕਰੇ। ਜੈਸੇ ਸਮਧਿਪਥ ਹੋ ਕਰ ਯੋਗੀ ਲੋਗ ਪਰਮਾਤਮਾ ਕਾ ਧਿਆਨ ਕਰਤੇ ਹੈਂ ਵੈਸੇ ਹੀ ਸੰਧਿਆ ਉਪਾਸਨਾ ਭੀ ਕੀਆ ਕਰੇਂ। ਸਤਯਾਰਥ ਪ੍ਰਕਾਸ਼ ਸਮੁਲਾਸ ੩ ਸੰਧਿਆ ਕਰਨ ਤੋਂ ਪਹਿਲਾਂ ਇਸਨਾਨ ਭੀ ਕਰਨਾ ਚਾਹੀਏ। ਇਹ ਇਸ ਵਾਸਤੇ ਹੈ ਕਿ ਸ਼ਰੀਰ ਸ਼ੁਧ ਹੋ ਜਾਵੇ। ਸ: ੩

ਦਿਨ ਔਰ ਰਾਤ੍ਰੀ ਕੀ ਸੰਧੀ ਮੇਂ ਅਰਥਾਤ ਸੂਰਯੋਦਯ ਔਰ ਅਸਤ ਸਮੇਂ ਮੇਂ ਪਰਮੇਸ਼ਵਰ ਕਾ ਧਿਆਨ ਔਰ ਅਗਨੀ ਹੋਤ੍ਰ ਅਵਸ਼ਯ ਕਰਨਾ ਚਾਹੀਏ ।

ਪ੍ਰਸ਼ਨ – ਤ੍ਰਿਕਾਲ ਸੰਧਿਆਂ ਕਿਉਂ ਨਹੀਂ ਕਰਨਾ ।

ਉੱਤਰ—ਤੀਨ ਸਮੇਂ ਸੰਧੀ ਨਹੀਂ ਹੋਤੀ । ਪ੍ਰਕਾਸ਼ ਔਰ ਅੰਧਕਾਰ ਕੀ ਸੰਧੀ ਨਹੀਂ ਹੋਤੀ । ਪ੍ਰਕਾਸ਼ ਔਰ ਅੰਧਕਾਰ ਕੀ ਸੰਧੀ ਭੀ ਸਾਯੰ ਪ੍ਰਾਤ: ਦੋ ਹੀ ਬੇਲਾ ਮੇਂ ਹੋਤੀ ਹੈ । ਜੋ ਇਸਕੋ ਨ ਮਾਨ ਕਰ ਮਧਯਾਨ ਕਾਲ ਮੇਂ ਤੀਸਰੀ ਸੰਧਿਆ ਮਾਨੇ, ਵਹ ਮਧ ਰਾਤ੍ਰੀ ਮੇਂ ਭੀ ਸੰਧਿ ਉਪਾਸਨਾ ਕਿਉਂ ਨ ਕਰੇ ? ਜੋ ਮੱਧ ਰਾਤ੍ਰੀ ਮੇਂ ਭੀ ਭੀ ਕਰਨਾ ਚਾਹੇ, ਤੋ ਪ੍ਰਹਰ ਪ੍ਰਹਰ, ਘੜੀ ਘੜੀ, ਪਲ ਪਲ, ਔਰ ਔਰ ਛਣ ਛਣ ਕੀ ਭੀ ਸੰਧੀ ਹੋਤੀ ਹੈ । ਉਸ ਉਸ ਮੇਂ ਭੀ ਸੰਧਿ-ਉਪਾਸਨਾ ਕੀਆ ਕਰੇ । ਜੋ ਐਸਾ ਭੀ ਕਰਨਾ ਚਾਹੇ, ਤੋ ਹੋ ਹੀ ਨਹੀਂ ਸਕਤਾ, ਔਰ ਕਿਸੀ ਸ਼ਾਸਤ੍ਰ ਕਾ ਪ੍ਰਮਾਣ ਭੀ ਮਧਯਾਨ: ਸੰਧਿਆਂ ਮੇਂ ਨਹੀਂ । ਇਸ ਲੀਏ ਦੋਨੋਂ ਕਾਲੋਂ ਮੇਂ ਸੰਧਿਆ ਔਰ ਅਗਨੀ ਹੋਤ੍ਰ ਕਰਨਾ ਸਮੁਚਿਤ ਹੈ । ਤੀਸਰੇ ਕਾਲ ਮੇਂ ਨਹੀਂ । ਔਰ ਜੋ ਤੀਨ ਕਾਲ ਹੋਤੇ ਹੈਂ ਹੈ, ਵੋ ਭੂਤ ਭਵਿਸ਼ਯਤ ਔਰ-ਵਰਤਮਾਨ ਕੇ ਭੇਦ ਸੇ ਹੈਂ, ਸੰਧਿ-ਉਪਾਸਨਾ ਕੇ ਭੇਦ ਸੇ ਨਹੀਂ ।

ਸਤਯਾਰਥ ਪ੍ਰਕਾਸ਼ ਸਮੁਲਾਸ ੪

ਉਪਰਲੇ ਲੇਖ ਤੋਂ ਇਹ ਜਾਣਿਆ ਜਾਂਦਾ ਹੈ । ਸਵੇਰੇ ਤੇ ਸਾਝ ਨੂੰ ਵੇਦ ਮੰਤ੍ਰਾਂ ਦਾ ਪਾਠ ਤੇ ਪਰਮੇਸ਼ਵਰ ਦਾ ਧਿਆਨ ਕਰੇ । ਇਸ ਨੂੰ ਰਿਸ਼ੀ ਮੁਨਿ ਸੰਧਿਆ ਕਰਕੇ ਆਖਦੇ ਹਨ । ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਚ ਵੇਦ ਪਾਠ ਤੇ ਸੰਧਿਆ ਕਰਨ ਦੇ ਪਾਠ ਹੇਠ ਲਿਖੇ ਜਾਂਦੇ ਹਨ ।

ਗੁਰਮੁਖ ਪਰਚੈ ਵੇਦ ਬਿਚਾਰੀ । ਗੁਰਮੁਖਿ ਪਰਚੈ ਤਰੀਐ ਤਾਰੀ ।
ਗੁਰਮੁਖਿ ਪਰਚੈ ਸੁਸਬਦ ਗਿਆਨੀ । ਗੁਰਮੁਖਿ ਪਹਚੈ ਅੰਤਰਿ ਬਿਧਿ ਜਾਨੀ ।
ਗੁਰਮੁਖਿ ਪਾਈਐ ਅਲਖੁ ਅਪਾਰੁ । ਨਾਨਕ ਗੁਰਮੁਖਿ ਮੁਕਤਿ ਦੁਆਰੁ ।

(ਰਾਗ ਰਾਮਕਲੀ ਮ: ੧ ਸਿਧ ਗੋਸਟ)

ਏਹਾ ਸੰਧਿਆ ਪ੍ਰਵਾਣ ਹੈ ਜਿਤ ਹਰਿ ਪ੍ਰਭ ਮੇਰਾ ਚਿਤ ਆਵੈ ।
ਰਹਿ ਸਿਉ ਪ੍ਰੀਤਿ ਉਪਜੇ ਮਾਇਆ ਮੋਹਿ ਜਲਾਵੈ ।
ਗੁਰ ਪ੍ਰਸਾਦਾ ਦੁਬਿਧਾ ਮਰੇ ਮਨੂਆ ਅਸਥਿਰ ਸੰਧਿਆ ਕਰੇ ਵੀਚਾਰ ।
ਨਾਨਕ ਸੰਧਿਆ ਕਰੈ ਮਨ ਮੁਖੀ, ਜੀਉ ਨ ਟਿਕੈ ਮਰ ਜੰਮੈ ਹੋਇ ਖੁਆਰੁ ।

(ਬਿਹਾਗੜੇ ਕੀ ਵਾਰ ਮ: ੩ ਸ਼: ੧੩)

ਤ੍ਰੈ ਗੁਣ ਧਾਤ ਬਹੁ ਕਰਮ ਕਮਾਵਹਿ ਹਰਿ ਰਸ ਸਾਦੁ ਨ ਆਇਆ ।
ਸੰਧਿਆ ਤਰਪਣੁ ਕਰਹਿ ਗਾਇਤ੍ਰੀ ਬਿਨ ਬੂਝੈ ਦੁਖ ਪਾਇਆ ।
(ਸੋਰਠ ਮਹਲਾ ੩ ਸ਼ਬਦ ੧੦)

ਜੇ ਕੋਈ ਸੰਧਿਆ ਕਰੇ ਪਰ ਮਨ ਨ ਟਿਕੇ ਤੇ ਪਰਮੇਸ਼ਵਰ ਨੂੰ ਨ ਬੁਝੇ ਤਾਂ ਲਾਭ ਨਹੀਂ ਹੁੰਦਾ। ਇਹ ਗਲ ਨਿਰੀ ਗਾਇਤ੍ਰੀ ਤੇ ਨਹੀਂ, ਹੋਰ ਸਾਰਿਆਂ ਪਾਠਾਂ ਤੇ ਭੀ ਘਟਦੀ ਹੈ। ਜਿਹਦਾ ਮਨ ਪਰਮਾਤਮਾ ਵਲ ਲਗ ਜਾਵੇ ਉਹਦੀ ਸੰਧਿਆ ਸਫਲੀ ਹੈ।

ਸੰਧਿਆ ਤਰਪਣ ਇਸ਼ਨਾਨੁ ਕਰਾਹੀ। ਜਿਉਂ ਭਏ ਦਾਦੁਰ ਪਾਨੀ ਮਾਹੀ।
ਜਉਪੈ ਰਾਮ ਰਾਮ ਰਤਿ ਨਾਹੀ। ਤੇ ਸਭ ਧਰਮ ਰਾਇ ਕੇ ਜਾਹੀ।
(ਰਾਗ ਗਉੜੀ ਕਬੀਰ ਜੀ ਸ਼ਬਦ ੫)

ਰਿਸ਼ੀ ਦਯਨੰਦ ਜੀ ਨੇ ਗਾਇਤ੍ਰੀ ਮੰਤ੍ਰ ਦਾ ਪਾਠ ਕਰਨ ਵੇਲੇ ਲਿਖਿਆ ਹੈ ਉਸਕੇ ਅਨੁਸਾਰ ਅਪਨੇ ਚਾਲ ਚਲਨ ਕੋ ਠੀਕ ਕਰੇ। ਕਬੀਰ ਜੀ ਕਹਿੰਦੇ ਹਨ ਜੇ ਕੋਈ ਸੰਧਿਆ ਕਰਦਾ ਹੈ ਤੇ ਰਾਮ ਦੇ ਨਾਲ ਰਤਿ ਨਹੀਂ ਹੈ ਤਾਂ ਜਨਮ ਮਰਨ ਦੇ ਚਕ੍ਰ ਤੋਂ ਛੁਟ ਜਾਂਦਾ ਹੈ। ਇਹ ਅਰਥ ਅਰਥਾ ਪਤਿ ਨਾਲ ਸਿਧ ਹੁੰਦਾ ਹੈ। ਇਨ੍ਹਾਂ ਪਾਠਾਂ ਵਿਚ ਪਹਿਲਾ ਪਾਠ ਤਾਂ ਸੰਧਿਆ ਕਰਨ ਦੀ ਆਗਿਆ ਦਿੰਦਾ ਅਤੇ ਦੂਜੇ ਪਾਠ ਜਿਸਦਾ ਮਨ ਸੰਨ ਸੰਧਿਆ ਵਿਚ ਨ ਲਗੇ ਉਸਦੀ ਨਿੰਦਾ ਕਰਦੇ ਹੋਏ ਸੰਧਿਆ ਕਰਨੀ ਮੰਨਦੇ ਹਨ।

---

# ੧੧ ਹੋਮ

ਆਰਿਆ ਸਮਾਜੀਆਂ ਨੂੰ ਦੋ ਵੇਲੇ ਹੋਮ ਕਰਨ ਦੀ ਆਗਿਆ ਹੈ। ਜੇ ਕਿਸੇ ਕੋਲੋਂ ਦੋ ਵੇਲੇ ਨ ਹੋ ਸਕੇ ਤਾਂ ਇਕ ਵੇਲੇ ਜ਼ਰੂਰ ਕਰੇ। ਹੋਮ ਵਿਚ ਘਿਓ ਤੇ ਸਾਮੱਗ੍ਰੀ ਵਰਤੀ ਜਾਂਦੀ ਹੈ। ਸਤਯਾਰਥ ਪ੍ਰਕਾਸ ਦੇ ਤੀਜੇ ਸਮੁਲਾਸ ਵਿਚ ਲਿਖਿਆ ਹੈ।

ਪ੍ਰਸ਼ਨ—ਹੋਮ ਸੇ ਕਿਆ ਹੋਤਾ ਹੈ ?

ਉੱਤਰ—ਸਬ ਲੋਗ ਜਾਨਤੇ ਹੈਂ ਕਿ ਦੁਰਗੰਧ ਯੁਕਤ ਔਰ ਜਲ ਸੇ ਰੋਗ, ਰੋਗ ਸੇ ਪ੍ਰਾਣੀਓ ਕੋ ਦੁੱਖ ਔਰ ਸੁਗੰਧਿਤ ਵਾਯੂ ਤਥਾ ਜਲ ਸੇ ਆਰਗਯ ਔਰ ਰੋਗ ਕੇ ਨਸ਼ਟ ਹੋਨੇ ਸੇ ਸੁਖ ਹੋਤਾ ਹੈ।

ਪ੍ਰਸ਼ਨ—ਚੰਦਨਾਦਿ ਘਿਸ ਕੇ ਕਿਸੀ ਕੋ ਲਗਾਨੇ ਯਾ ਘ੍ਰਿਤਾਦਿ ਕਿਸੀ ਕੋ ਖਾਨੇ ਤੋ ਬੜਾ ਉਪਕਾਰ ਹੈ। ਅਗਨੀ ਮੇਂ ਡਾਲ ਕਰ ਬਿਅਰਥ ਨਸ਼ਟ ਕਰਨਾ ਬੁਧੀਵਾਨੋਂ ਕਾ ਕਾਮ ਨਹੀਂ।

ਉੱਤਰ—ਜੋ ਤੁਮ ਪਦਾਰਥ ਵਿਦਯਾ ਜਾਨਤੇ ਤੋ ਕਭੀ ਐਸੀ ਬਾਤ ਨ ਕਹਤੇ ਕਿਉਂਕਿ ਕਿਸੀ ਦ੍ਰਵ੍ਯ ਕਾ ਅਭਾਵ ਨਹੀਂ ਹੋਤਾ। ਦੇਖੋ ਜਹਾਂ ਹੋਮ ਹੋਤਾ ਹੈ ਵਹਾਂ ਸੇ ਦੂਰ ਦੇਸ਼ ਮੇਂ ਸਥਿਤ ਪੁਰਸ਼ ਕੇ ਨਾਸਿਕਾ ਮੇਂ ਸੁਗੰਧ ਕਾ ਗ੍ਰਹਣ ਹੋਤਾ ਹੈ। ਵੈਸੇ ਦੁਰਗੰਧ ਕਾ ਭੀ। ਇਤਨੇ ਹੀ ਸੇ ਸਮਝ ਲੋ ਕਿ ਅਗਨੀ ਮੇਂ ਡਾਲਾ ਹੁਆ ਪਦਾਰਥ ਸੂਖਮ ਹੋਕੇ ਫੈਲ ਕੇ ਵਾਯੂ ਕੇ ਸਾਥ ਦੂਰ ਦੇਸ਼ ਮੇਂ ਜਾਕਰ ਦੁਰਗੰਧ ਕੀ ਨਿਵਿਰਤੀ ਕਰਤਾ ਹੈ।

ਪ੍ਰਸ਼ਨ—ਜਬ ਐਸਾ ਹੀ ਹੈ, ਤੋ ਕੇਸਰ ਕਸਤੂਰੀ ਸੁਗੰਧਿਤ ਪੁਸ਼ਪ ਔਰ ਅਤਰ ਆਦਿ ਕੇ ਘਰ ਮੇਂ ਰਖਨੇ ਸੇ ਸੁਖ ਕਾਰਕ ਹੋਗਾ?

ਉੱਤਰ—ਉਸ ਸੁਗੰਧ ਕਾ ਯਹ ਸਾਮਰਥ ਨਹੀਂ ਹੈ, ਕਿ ਗ੍ਰਿਹਸਥ (ਘਰ ਕੀ) ਵਾਯੂ ਕੋ ਬਾਹਰ ਨਿਕਾਲ ਕਰ ਸ਼ੁਧ ਵਾਯੂ ਕੋ ਬਾਹਰ ਨਿਕਾਲ ਕਰ ਸ਼ੁਧ ਵਾਯੂ ਕਾ ਪ੍ਰਵੇਸ਼ ਕਰਾ ਸਕੇ ਕਿਉਂਕਿ ਉਸਮੇਂ ਭੇਦਕ ਸ਼ਕਤੀ ਨਹੀਂ ਹੈ ਔਰ ਅਗਨੀ ਹੀ ਕਾ ਸਾਮਰਥ ਹੈ, ਕਿ ਉਸ ਵਾਯੂ ਔਰ ਦੁਰਗੰਧ ਯੁਕਤ ਪਦਾਰਥੋਂ ਕੋ ਛਿੰਨ-ਭਿੰਨ ਔਰ ਹਲਕਾ ਕਰਕੇ ਬਾਹਰ ਨਿਕਾਲ ਕਰ ਪਵਿਤ੍ਰ ਵਾਯੂ ਕਾ ਪ੍ਰਵੇਸ਼ ਕਰਾ ਦੇਤਾ ਹੈ।

ਪ੍ਰਸ਼ਨ—ਤੋ ਮੰਤ੍ਰ ਪੜ ਕੇ ਹੋਮ ਕਰਨੇ ਕਾ ਕਿਆ ਪ੍ਰਯੋਜਨ ਹੈ?

ਉੱਤਰ—ਮੰਤ੍ਰੋਂ ਮੇਂ ਵਹ ਬਿਆਖਿਆਨ ਹੈ ਕਿ ਜਿਸ ਮੇਂ ਹੋਮ ਕਰਨੇ ਕੇ ਲਾਭ ਵਿਦਿਤ ਹੋ ਜਾਏ ਔਰ ਮੰਤ੍ਰੋਂ ਕੀ ਆਬ੍ਰਿਤੀ ਹੋਨੇ ਸੇ ਕੰਠਸਥ ਰਹੇਂ। ਵੇਦ ਪੁਸਤਕੋਂ ਕਾ ਪਠਨ-ਪਾਠਨ ਔਰ ਰਕਸ਼ਾ ਭੀ ਹੋਵੇ।

ਪ੍ਰਸ਼ਨ—ਕਿਆ ਇਸ ਹੋਮ ਕਰਨੇ ਕੇ ਬਿਨਾ ਪਾਪ ਹੋਤਾ ਹੈ?

ਉੱਤਰ—ਹਾਂ, ਕਿਉਂਕਿ ਜਿਸ ਮਨੁਸ਼ ਕੇ ਸ਼ਰੀਰ ਸੇ ਜਿਤਨਾ ਦੁਰਗੰਧ ਉਤਪੰਨ ਹੋਕੇ ਵਾਯੂ ਔਰ ਜਲ ਕੋ ਬਿਗਾੜ ਕਰ ਰੋਗੋਤਪੱਤੀ ਕਾ ਨਿਮਿੱਤ ਹੋਨੇ ਸੇ

ਪ੍ਰਾਣੀਉਂ ਕੋ ਦੁਖ ਪ੍ਰਾਪਤ ਕਰਤਾ ਹੈ, ਉਤਨਾ ਹੀ ਪਾਪ ਉਸ ਮਨੁਸ਼ ਕੋ ਹੋਤਾ ਹੈ। ਇਸ ਲੀਏ ਉਸ ਪਾਪ ਕੇ ਨਿਵਾਰਣਾਰਥ ਉਤਨਾ ਸੁਗੰਧ ਵਾ ਉਸ ਸੇ ਅਧਿਕ ਵਾਯੂ ਔਰ ਖਿਲਾਨੇ ਪਿਲਾਨੇ ਸੇ ਉਸੀ ਏਕ ਵਿਅਕਤੀ ਕੋ ਸੁਖ ਵਿਸ਼ੇਸ ਹੋਤਾ ਹੈ। ਜਿਤਨਾ ਘ੍ਰਿਤ ਔਰ ਸੁਗੰਧਾਦਿ ਪਦਾਰਥ ਏਕ ਮਨੁਸ ਖਾਤਾ ਹੈ. ਉਤਨੇ ਦ੍ਰਵਯ ਕੇ ਹੋਮ ਸੇ ਲਾਖੋਂ ਮਨੁਸ਼ੋਂ ਕਾ ਉਪਕਾਰ ਹੋਤਾ ਹੈ। ਪਰੰਤੂ ਜੋ ਮਨੁਸ਼ ਲੋਗ ਘ੍ਰਿਤਾਦਿ ਉੱਤਮ ਪਦਾਰਥ ਨ ਖਾਵੇਂ ਤੋ ਉਨਕੇ ਸ਼ਰੀਰ ਔਰ ਆਤਮਾ ਕੇ ਬਲ ਕੀ ਉੱਨਤੀ ਨ ਹੋ ਸਕੇ, ਇਸਸੇ ਅੱਛੇ ਪਦਾਰਥ ਖਿਲਾਨਾ ਪਿਲਾਨਾ ਭੀ ਚਾਹੀਏ। ਪਰੰਤੂ ਉਸ ਸੇ ਹੋਮ ਅਧਿਕ ਕਰਨਾ ਉਚਿਤ ਹੈ, ਇਸ ਲੀਏ ਹੋਮ ਕਰਨਾ ਅਤੀ ਆਵਸ਼ਯਕ ਹੈ।

ਪ੍ਰਸ਼ਨ—ਪ੍ਰਤਯੇਕ ਮਨੁਸ਼ ਕਿਤਨੀ ਆਹੁਤੀ ਕਰੇ ਔਰ ਏਕ ਆਹੁਤੀ ਕਾ ਕਿਤਨਾ ਪਰੀਮਾਣ ਹੋ।

ਉੱਤਰ—ਪ੍ਰਤਯੇਕ ਮਨੁਸ਼ ਕੋ ਸੋਲਹ ਸੋਲਹ ਆਹੁਤੀ ਔਰ ਛੇ ਛੇ ਮਾਸ਼ੇ ਘ੍ਰਿਤਾਦਿ ਏਕ ਏਕ ਆਹੁਤੀ ਕਾ ਪਰਿਮਾਣ ਨਿਯੂਨ ਸੇ ਨਿਯੂਨ ਚਾਹਿਏ, ਔਰ ਜੋ ਇਸਸੇ ਅਧਿਕ ਕਰੇ ਤੋ ਬਹੁਤ ਹੀ ਅੱਛਾ ਹੈ। ਇਸ ਲੀਏ ਆਰਯਾਵਰ ਸਿਰੋਮਣਿ, ਮਹਾਸ਼ਯ; ਰਿਸ਼ੀ ਮਹਰਿਸ਼ੀ, ਰਾਜੇ, ਮਹਾਰਾਜੇ ਲੋਗ ਬਹੁਤ ਸਾ ਹੋਮ ਕਰਤੇ ਔਰ ਕਰਾਤੇ ਥੇ। ਜਬ ਤਕ ਇਸ ਹੋਮ ਕਰਨੇ ਕਾ ਪ੍ਰਚਾਰ ਰਹਾ, ਤਬ ਤਕ ਆਰਯਾਵਰਤ ਦੇਸ਼ ਰੋਗੋਂ ਸੇ ਰਹਿਤ ਔਰ ਸੁਖੋਂ ਸੇ ਪੂਰਿਤ ਥਾ। ਅਬ ਭੀ ਪ੍ਰਚਾਰ ਹੋ ਤੋ ਵੈਸਾ ਹੀ ਹੋ ਜਾਇ। ਸਤਯਾਰਥ ਪ੍ਰਕਾਸ਼ ਸਮਲਾਸ ੩

ਇਸ ਦੇਸ਼ ਵਿਚ ਹਰੇਕ ਨੂੰ ਹੋਮ ਕਰਨਾ ਚਾਹੀਦਾ ਹੈ। ਇਹੋ ਆਖਿਆ ਹੈ। ਪਰ ਅੱਜ ਕੱਲ ਘਿਉ ਦਾ ਮਿਲਨਾ ਹੀ ਔਖਾ ਹੋ ਗਿਆ ਹੈ। ਜਦ ਖਾਨ ਨੂੰ ਹੀ ਨਹੀਂ ਤਾਂ ਹੋਮ ਕਿਦਾਂ ਕਰੇ। ਇਸ ਦਾ ਉੱਤਰ ਜਿਹੜਾ ਰਿਸ਼ੀਆਂ ਮੁਨੀਆਂ ਨੇ ਦਿਤਾ ਸੀ ਉਹ ਮੈਂ ਅੰਤ ਵਿਚ ਲਿਖੂੰਗਾ। ਹੁਣ ਇਥੇ ਪਹਿਲਾਂ ਇਹ ਲਿਖਦਾ ਹਾਂ ਕਿ ਸਿਖ ਪੰਥ ਵਿਚ ਹੋਮ ਦੀ ਬਾਬਤ ਕਿਆ ਕਹਿਆ ਹੈ।

*ਵੁਠੇ ਅੰਨੁ ਕਮਾਦੁ ਕਪਾਹਾ ਸਭ ਸੈ ਪੜਦਾ ਹੋਵੈ।
ਵੁਠੇ ਘਾਹੁ ਚਰਹਿ ਨਿਤਿ ਸੁਰਹੀ ਸਾਭਨ ਦਹੀ ਵਿਲੋਵੈ।
ਤਿਤ ਘਿਣਿ ਹੋਮ ਜਗ ਸਦ ਪੂਜਾ ਪਇਐ ਕਾਰਜ ਸੋਹੈ।

ਮਾਝਵਾਰ ਮ: ੧ ਸ਼ਬਦ ੨੬।

*ਮੀਂਹ ਪੈਣਾ — ਸੋਰਠ ਮ: ਪ੍ਰ: ਸ਼ਬਦ ੨੦

ਸਾਦ ਕਰਿ ਸਮਿਧਾ ਤ੍ਰਿਸਨਾ ਘਿਉ ਤੇਲੁ । ਕਾਮ ਕ੍ਰੋਧ ਅਗਨੀ ਸਿਉ ਮੇਲੁ ।
ਹੋਮ ਜਗ ਅਰ ਪਾਠ ਪੁਰਾਣ । ਜੋ ਤਿਸ ਭਾਵੈ ਸੋ ਪਰਵਾਣ ।

ਮਲਾਰ ਮ: ੧ ਸਬਦ ੮ ।

ਇਸ ਸ਼ਬਦ ਵਿਚ ਗੁਰੂ ਜੀ ਨੇ ਜਿਵੇਂ ਘਿਉ ਤੇ ਸਮਿਧਾ ਜਲ ਦੀਆਂ ਹਨ, ਉਵੇਂ ਜਿਵੇਂ ਸਾਦ ਤੇ ਤ੍ਰਿਸ਼ਨਾ ਨੂੰ ਭੀ ਜਲੌਣ ਦਾ ਉਪਦੇਸ਼ ਦਿਤਾ ਹੈ । ਯਹ ਅੰਤਰੀਵ ਹੋਮ ਹੈ ।

੦

ਹੋਮ ਜਗ ਸਭਿ ਤੀਰਥਾ ਪੜ੍ਹਿ ਪੰਡਿਤ ਥਕੇ ਪੁਰਾਣ ।
ਬਿਖੁ ਮਾਇਆ ਮੋਹੁ ਨ ਮਿਟਈ ਵਿਚਿ ਹਉਮੈ ਆਵਣੁ ਜਾਣੁ ।

ਸਲੋਕ ਮ: ੩। ੩੭

ਇਸ ਸ਼ਬਦ ਵਿਚ ਗੁਰੂ ਜੀ ਨੇ ਉਪਦੇਸ਼ ਦਿੱਤਾ ਹੈ ਕਿ ਜੋ ਕੋਈ ਹੋਮ ਕਰਕੇ ਹੰਕਾਰੀ ਹੋ ਜਾਵੇ ਉਸਨੇ ਹੋਮ ਤੋਂ ਕੋਈ ਸਿਖਿਆ ਨਹੀਂ ਲਈ । ਜਿਵੇਂ ਹੋਮੇ ਹੋਏ ਪਦਾਰਥ ਆਪ ਨੂੰ ਮਿਟਾ ਦਿੰਦੇ ਹਨ, ਇਸੀ ਤਰਾਂ ਹੋਮ ਕਰਕੇ ਹੰਕਾਰ ਮਿਟਾ ਦੇਣਾ ਚਾਹੀਦਾ ਹੈ ।

ਹੋਮ ਜਗ ਤੀਰਥ ਕੀਏ ਬਿਚਿ ਹਉਮੈ ਬਧੇ ਬਿਕਾਰ ।
ਨਰਕੁ ਸੁਰਗੁ ਦੁਇ ਭੁੰਚਨਾ ਹੋਇ ਬਹੁਰਿ ਬਹੁਰਿ ਅਵਤਾਰ ।

ਗਉੜੀ ਮ: ੫ ਸ਼ਬਦ ੧੫੯

ਘਾਲਣ ਭਾਨੈ ਅੰਤਰਿ ਬਿਧਿ ਜਾਨੈ ਤਾਕੀ ਕਰਿ ਮਨਿ ਸੇਵਾ ।
ਕਰਿ ਪੂਜਾ ਹੋਮਿ ਇਹੁ ਮਨੂਆ ਅਕਾਲ ਮੂਰਤਿ ਗੁਰਦੇਵਾ ।

ਮਨ ਨੂੰ ਮੋਹਣ ਦੀ ਆਗਿਆ ਹੈ ਜਿਸ ਤਰਾਂ ਸਾਮਗ੍ਰੀ ਹੋਮੀ ਦੀ ਹੈ ਉਸ ਤਰਾਂ ਹੀ ਮਨ ਨੂੰ ਹੋਮ ਕਰਨਾ ਚਾਹੀਦਾ ਹੈ ।

ਕਹੂੰ ਅਗਨ ਹੋਤ੍ਰ ਅਨੂਪ । ਕਹੂੰ ਨਿਆਇ ਰਾਜ ਬਿਭੂਤ ।
ਕਹੂੰ ਸਾਸਤ੍ਰ ਸਿਮ੍ਰਿਤ ਰੀਤ । ਕਹੂੰ ਬੇਦ ਸਿਉ ਬਿਪ੍ਰੀਤ ।

ਸ੍ਰੀ ਦਸਮ ਗ੍ਰੰਥ ਸਾਹਿਬ ਅਕਾਲ ਉਸਤਤਿ ੪੪

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜਦ ਆਨੰਦਪੁਰ ਰਹਿੰਦੇ ਸੀ ਤਦ ਉਨ੍ਹਾਂ ਨੇ ਨੈਣਾਂ ਦੇਵੀ ਦੇ ਮੰਦਰ ਪਾਸ ਯਗਯਸ਼ਾਲਾ ਬਣਾ ਕੇ ਬੜਾ ਹੋਮ ਕੀਤਾ ਸੀ। ਉਸ ਹੋਮ ਦੀ ਬਾਬਤ ਗਿਆਨੀ ਗਿਆਨ ਸਿੰਘ ਜੀ ਪੰਥ ਪ੍ਰਕਾਸ਼ ਵਿਚ ਹੇਠ ਲਿਖਿਆ ਪਾਠ ਲਿਖਦੇ ਹਨ—ਜੇਹੜਾ ਗੁਰੂ ਜੀ ਦੇ ਮੁਖਾਰਬਿੰਦ ਸੇ ਅਖਵਾਇਆ ਹੈ—

ਜਗਯ ਹੋਮ ਬੇਸ਼ਕ ਕਰਾਵੇਂ । ਇਹ ਤੋ ਧਰਮ ਹਮਾਰਾ ਸਾਰ।
ਕਰਤ ਰਹੇ ਨ੍ਰਿਪ ਮੁਨਿ ਅਵਤਾਰ । ਸੋ ਤੇ ਹਮ ਭੀ ਕਰਨਾ ਚੇਹੇ।
ਜਿਸਤੈ ਸਭ ਸ੍ਰਿਸ਼ਟੀ ਸੁਖ ਪੈਹੈ। ਇਕ ਤੋ ਅਬ ਦੁਰਭਿਖ ਅਤਿ ਭਾਰੀ।
ਹੈ ਪੜ ਰਹਿਉ ਨ ਬਰਸਤ ਵਾਰੀ ।ਦੂਸਰ ਭਾਰਤਵਰਸ਼ ਮਝਾਰੇ।
ਮਹਾਂਮਰੀ ਪੜ ਰਹੀ ਅਪਾਰੇ। ਤ੍ਰਿਤੀਏ ਜੋ ਨਰ ਨਾਰੀ ਆਰਜ।
ਹੋਇ ਰਹੇ ਨਿਜ ਧਰਮੋਂ ਖਾਰਜ। ਪਾਪ ਕੁਕਰਮਨ ਮੇਂ ਸਬ ਲਾਗੇ।
ਇਸੀ ਹੇਤ ਬਨ ਰਹੇ ਅਭਾਗੇ।

ਜਗਯ ਹਵਨ ਲੋਂ ਸੁਕ੍ਰਿਤ ਜੇ ਹੈਂ। ਹਾਕਮ ਤੁਰਕ ਕਰਨ ਨਾ ਦੈਹੈਂ।
ਹਮ ਜਬ ਹਵਨ ਜਗਯ ਕਰਵੈਹੈਂ। ਖੁਸ ਹੋਇ ਘਨ ਜਲ ਬਹੁ ਬਰਸੈਹੈ।
ਦੁਰਭਿਖ ਨਾਸੈ ਅੰਨਯ ਬਹੁ ਥੈਹੈਂ। ਧਰਨੀ ਰਸ ਸਬ ਬਿਧ ਪ੍ਰਗਟੈਹੈ।
ਪਵਨ ਹਵਨ ਤੇ ਸੁਧ ਭਵੈਹੈ । ਰੋਗ ਸੋਗ ਸਭ ਦੂਰ ਨਸੈਹੈ।
ਬੁੱਧਿ ਸੁੱਧ ਨਰ ਨਾਰਿਨ ਲੈਹੈਂ । ਸੁਕ੍ਰਿਤ ਸਬ ਕਰਨੇ ਲਗ ਜੈਹੈਂ।
ਨਸੈ ਅਬਿਦਯਾ ਬਿਦਯਾ ਐਹੈ । ਸੂਰ ਬੀਰਤਾ ਦ੍ਰਿੜ ਪ੍ਰਗਟੈਹੈ।
ਵਰਣਾਸ੍ਰਮੀ ਜਨ ਹੈਂ ਜੇਤੇ । ਕਾਇਰਤਾ ਕਰ ਪੂਰਨ ਤੇਤੇ ।

ਭੇਡ ਬਕਰੀਆਂ ਸਮ ਹੋਇ ਰਹੇ। ਬਾਂਛਿਤ ਕਾਮ ਤੁਰਕ ਸਬ ਲਹੇ।
ਇਨੇ ਹਵਨ ਕੀ ਪਵਨ ਲਗੇ ਜਬ। ਸ਼ੇਰ ਬਘ ਯਾੜਨ ਸੇ ਹੂੈ ਹੈਂ ਤਬ।
ਸੂਰਬੀਰਤਾ ਉਰ ਮੋ ਜਗ ਹੈ। ਧਰਮ ਪੁਰਾਤਨ ਕਰਨੇ ਲਗ ਹੈ।
ਪ੍ਰਭਤਾ ਦੇਹ ਅਰੋਗ ਕਰਾਤੀ। ਬਿਜੈ ਗਿਆਨ ਸੰਤਤ ਸੁਖ ਦਾਤੀ।
ਨਿਰਭੈਤਾ ਜਸ, ਗੁਣ ਦੈਵੀ ਸਬ। ਬਾਲਕ ਭਾਗਯਵਾਨ ਪ੍ਰਗਟੈ ਹੈ।
ਰੋਗ ਸੀਤਲਾ ਆਦ ਨਸੈ ਹੋਂ । ਕਾਮਾਦਿਕ ਸਬ ਅਸੁਰੀ ਸੰਪਤਿ।
ਜਗਯ ਹੋਮ ਕੋ ਪਿਖ ਕੇ ਕੰਪਤ। ਉੱਤਮ ਗੁਣ ਸੱਤ ਆਦਿਕ ਜੋਹੈਂ।

ਬਾਵਨ ਕਹੇ ਵੇਦ ਰਿਗ ਮੋਹ ਹੈਂ । ਸੋ ਅਵਸ਼ ਜਗ ਮੇਂ ਬਰਤੇ ਹੈਂ ।
ਜਗਯ ਹਵਨ ਬਿਧਿਵਤ ਜਬ ਯੈ ਹੈ ।

ਪੰਥ ਪ੍ਰਕਾਸ਼ ਨਿਵਾਸ ੨੫ ਪੰਨਾ ੨੦੧, ੨।

ਆਪ ਹਵਨ ਕੇ ਨਵੇ ਜੋ ਗਾਏ । ਹੋਹਿ ਅਵੱਸਮੇਵ ਸਬ ਭਾਏ ।
ਪਰ ਉਪਕਾਰ ਜਗਤ ਪਰ ਭਾਰੀ । ਹੋਇ ਆਪ ਜਗ ਸੁਖਕਾਰੀ ।

ਪੰਥ ਪ੍ਰਕਾਸ਼ ਨਿਵਾਸ ੨੫ ਪੰਨਾ ੨੦੨

ਆਨੰਦ ਪੁਰ ਸਟਲੁਜੈ ਗੁਰ ਕੇ ਬਾਗ ਮਝਾਰ ।
ਹਵਨ ਹੋਨ ਲਾਗਿਓ ਤਹਾਂ ਪਿਖ ਅਸਥਾਨ ਉਦਾਰ ।
ਸਤ੍ਰਾਂ ਸੈ ਚੁਹੰਜਾ, ਚੇਤ ਨਵਰਾਤ੍ਰਾ ਕੇ ਮਾਂਹੀ ।
ਲਗਨ ਮਹੂਰਤ ਸੋਧ ਭਲੈ ਸਬ ਹਵਨ ਅਰੰਭਯੋ ਵਾਰੀ ।
ਕੇਸ਼ਵ ਹਵਨ ਕਰਾਵਨ ਬੈਠੋ ਗੁਰ ਆਹੁਤੀ ਦੇਤੇ ।
ਬਰਨੀ ਕਰਨੀ ਔਰੋ ਬਿਪ੍ਰਨ ਠਾਂਨੀ ਸਾਂਤੀ ਹੋਤੇ ।
ਸਾਮਗ੍ਰੀ-ਯੁਤ ਪਰਨਾਰੋ ਸਮ ਧਾਰਾ ਘ੍ਰਿਤ ਪਵੈਹੈ ।
ਚਾਰ ਮਾਸ ਤਹਿ ਹਵਨ ਭਯੋ ਜਬ ਬਰਖਾ ਲਗੀ ਅਤੇਹੈ ।
ਫਿਰ ਨੈਣਾਦੇਵੀ ਟਿਲੇ ਪਰ ਅਸਥਲ ਪੇਖ ਸੁਹਾਵਨ ।
ਜਾਇ ਹਵਨ ਕਰਨੇ ਗੁਰ ਲਾਗੇ ਦਿਜਵਰ ਬੈਠ ਕਰਾਵਨ ।

ਪੰਥ ਪ੍ਰਕਾਸ਼ ਨਿਵਾਸ ੨੬ ਪੰਨਾ ੨੦੪

ਤਬ ਗੁਰੁ ਸਰਬ ਸਾਮਗ੍ਰੀ ਹਵਨ ਕੁੰਡ ਕੇ ਮਾਂਹਿ ।
ਏਕਹਿ ਬਿਰ ਜਬ ਪਾਵਸੀ ਭਯੋ ਮਹਹਿ ।

ਪੰ. ਪ੍ਰ. ਨਿ: ੨੫ ਪੰ: ੨੦੫

ਅਬ ਤੁਰਕਨ ਕੇ ਜੁਲਮ ਤੇ ਛੁਟ ਜੈਹੇ ਹਿੰਦਵਾਨ ।
ਮੁਸਲਯਾਂ ਕੋ ਗੁਰ ਮਾਰ ਹੈ ਠਾਨ ਘਨੇ ਘਮਸਾਨ ।
ਯਾ ਬਿਧ ਕਰ ਸਤਗੁਰ ਨਿਜ ਕਾਰਜ ।
ਆਨੰਦ ਪੁਰ ਦਿਨ ਆਏ ਆਰਜ ।

ਪੰਥ ਪ੍ਰਕਾਸ਼ ਨਿਵਾਸ ੨੫ ਪੰਨਾ ੨੦੫

ਜਗ ਕਰਨੇ ਸੋਂ, ਜੋ ਕੁਛ ਪਿਛੇ ਹੋਇਆ ਉਹ ਇਉਂ ਹੈ :—

ਜਾ ਦਿਨ ਤੇ ਜਗਯ ਹੋਮ ਕਰ ਜੋ ਗੁਰ ਪੂਰ ਰਹਯੋ ਜਸ ਭੂਰ ਉਦਾਰੇ।
ਘੋਰ ਜਿਤੇ ਜਗਯ ਹੋਮਨ ਕੇ ਫਲ ਬੇਦ ਭਨੇ ਬਰਤੇ ਜੱਗ ਸਾਰੇ।
ਵਾਰਸ ਹੋਨੇ ਲਗੀ ਮਨ ਬਾਂਛਿਤ ਰੋਗ ਬਿਸੂਚਕ ਲੌਂ ਸਬ ਟਾਰੇ।
ਲੋਗਨ ਕੇਰ ਸੁਭਾਵ ਸੁਤੇ ਸਿਧ, ਥੇ ਬਦਲੇ ਸਭ ਕਾਜ ਬਿਥਾਰੇ।੩।
ਫੈਲ ਰਹੇ ਫਲ ਫੂਲ ਯੁਕਤੋ ਤਰ, ਔ ਉਗਲੇ ਧਰਨੀ ਰਸ ਸਾਰੇ।
ਤੇਜ ਲਗੋ ਤੁਰਕੈ ਘਟਨੇ ਚਮਕਯੋ ਹਿੰਦਵਾਇਨ ਵਾਂਗ ਸਤਾਰੇ।
ਭੈ ਮਿਟਿਓ ਸਤਈਤਨ ਕੋ ਸਭ ਔਰ ਉਪਦ੍ਰਵ ਈਸ ਨਿਵਾਰੇ।
ਦੈਨ ਲਗੀ ਬਹੁ ਦੂਧ ਗਊ ਮਹਿ ਹੋਨ ਲਗੇ ਅੰਨ ਘਾਸ ਅਪਾਰੇ।੪।
ਲੋਗ ਸਿਆਨੇ ਕਹੇ ਮਿਲਯੋ ਇਹ ਹੋਮ ਸੁ ਜਗਯ ਗੁਰੈ ਬਦਿਆਇ।
ਭਾਰਤ ਭੂਮਿ ਵਿਖੇ ਅਤਿ ਆਨੰਦ ਹੋਇ ਗਯੋ ਸਤਜੁਗ ਨਿਆਈ।
ਮੰਦ ਸੁਭਾਵ ਕੁਕਰਮ ਕਲੇਸ਼ ਗਏ ਉਠ ਯੋਂ ਰਵਿ ਤੇ ਤਮ ਜਾਈ।
ਹੋਤ ਵਿਚਾਰ ਘਰੋਂ ਘਰ ਯੋਂ। ਗੁਰੁ ਕੀਰਤਿ ਫੂਲੀ ਮਨੋ ਫੁਲ ਭਾਈ।੫।

ਪੰਥ ਪ੍ਰਕਾਸ਼ ਨਿਵਾਸ ੨੬ ਪੰਨ ੨੦੮-੯,

ਰੋਗ ਕਟਾਵਨ ਹੋਮ ਮਹਾ ਸ਼ਕਤੀ, ਵਿਦਤਾਵਨ ਕੀ ਸੁਨਕੈ।
ਸੰਗਤ ਦੇਸ ਬਿਦੇਸਨ ਤੇ ਬਹੁ ਆਨੇ ਲਗੀ ਗੁਰਪੈ ਗੁਨ ਕੈ।
ਇਸ ਸੈਂ ਧਨ ਭੂਰ ਗੁਰੈ ਖਰਚਿਯੋਂ ਇਹ ਸੋਚ ਚੜ੍ਹਾਵਹਿ ਦੁਗਨ ਕੈ।

ਪੰਥ ਪ੍ਰਕਾਸ਼ ਪੰਨਾ ੨੦੯

ਇਸ ਸਾਰੇ ਲੇਖ ਤੋਂ ਸਿੱਧ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਆਨੰਦਪੁਰ ਨੈਣਾ ਦੇਵੀ ਵਿਖੇ ਬੜਾ ਭਾਰੀ ਹੋਮ ਕੀਤਾ ਸੀ। ਉਹ ਹੋਮ ਦੇ ਫਲ ਉਹੋ ਜਿਹੇ ਹੀ ਮੰਨਦੇ ਹਨ ਜਿਹੇ ਕਿ ਰਿਸ਼ੀ ਦਯਾਨੰਦ ਜੀ ਲਿਖਦੇ ਹਨ। ਤਾਂ ਤੇ ਹੋਮ ਦੀ ਬਾਬਤ ਦੋਹਾਂ ਦਾ ਮੱਤ ਇਕ ਹੀ ਹੈ ਅਰਥਾਤ ਰਿਸ਼ੀ ਦਯਾਨੰਦ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ। ਜਲ, ਵਾਯੂ ਦੀ ਸੁਧੀ, ਰੋਗਾਂ ਦਾ ਮਿਟਣਾ, ਬਰਖਾ ਦਾ ਸਮੇਂ ਸਮੇਂ ਸਿਰ ਹੋਣਾ, ਅੰਨ ਦੀ ਬਹਤਾਇਤ ਆਦਿ ਜਗ ਦੇ ਫਲ ਮੰਨਦੇ ਹਨ।

ਸਿਖਾਂ ਵਿਚ ਨਾਮਧਾਰੀ ਪੰਥ ਵਿਚ ਹੁਣ ਵੀ ਹੋਮ ਦਾ ਪ੍ਰਚਾਰ ਹੈ। ਸ੍ਰੀਮਾਨ ਨਿਧਾਨ ਸਿੰਘ ਜੀ ਆਲਮ ਨੇ ਹਵਨ ਪ੍ਰਕਾਸ਼ ਨਾਮੀ ਪੁਸਤਕ ਵਿਚ ਲਿਖਿਆ ਹੈ—

"ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਆਪਣੇ ਧਰਮ ਪ੍ਰਚਾਰ ਦੇ ਪ੍ਰੋਗ੍ਰਾਮ ਵਿਚ ਯਗ ਹੋਮ ਨੂੰ ਵਿਸ਼ੇਸ਼ ਰੂਪ ਵਿਚ ਪ੍ਰਚਾਰਿਆ ਹੈ। ਹਰ ਦੀਵਾਨ ਦੀ ਸਮਾਪਤੀ ਦੇ ਸਮੇਂ ਹੋਮ ਕੀਤਾ ਜਾਂਦਾ ਹੈ। 'ਹਵਨ ਦੀ ਮ੍ਰਯਾਦਾ' ਜੋ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਉਚਾਰਨ ਕੀਤੀ, ਇਉਂ ਹੈ। ਪਹਿਲਾ ਚੌਕਾ ਦੇਣਾ ਹੋਮ ਦੀ ਜਗਾ। ਲਕੜੀ ਹੋਮ ਵਿਚ ਪਲਾਸ ਦੀ ਪਾਉਣੀ ਜਾਂ ਬੇਰੀ ਦੀ ਪਾਉਣੀ। ਫੂਕ ਨਹੀਂ ਮਾਰਨੀ। ਹੋਮ ਦੀ ਅੱਗ ਨੂੰ ਪੱਖੀ ਨਾਲ ਝਲਨਾ। ਪੰਜਾਂ ਆਦਮੀਆਂ ਨੇ ਹੋਮ ਵਿਚ ਪੋਥੀਆਂ ਤੋਂ ਬਾਣੀ ਪੜ੍ਹਨੀ, ਚਉਪਈ, ਜਪੁ, ਜਾਪੁ, ਚੰਡੀ ਦੀ ਵਾਰ, ਉਗ੍ਰਦੰਤੀ ਚਰਿਤ ਅਕਾਲ ਉਸਤਤ। ਛੇਵਾਂ ਆਦਮੀ ਆਹੂਤੀ ਪਾਵੇ। ਸਤਵਾਂ ਨਾਲ ਜਲਦਾ ਛਿੱਟਾ ਦੇਵੇ ਥੋੜ੍ਹਾ ਥੋੜ੍ਹਾ। ਵਧੇਰੇ ਵਾਕਬੀ। ਹਵਨ ਕਰਨ ਵਾਲੇ ਸੱਤ ਸਿੰਘ ਇਸ਼ਨਾਨ ਕਰਕੇ ਸ਼ੁੱਧ ਦੇਹੀ, ਸ਼ੁੱਧ ਬਸਤ੍ਰ ਪਹਿਨਕੇ ਤਿਹਾਰ ਬਰ ਤਿਆਰ ਹੋ ਜਾਣ। ਹਵਨ ਵਾਲੇ ਥਾ ਨੂੰ ਲਿਪਣ ਪੋਚਣ ਵਾਲੀ ਮਿੱਟੀ ਵਿਚ ਗੋਹਾ ਨਹੀਂ ਰਲੌਣਾ। ਬੇਰੀ ਕਪਾਸ ਦੀਆਂ ਲਕੜੀਆਂ ਨਿਕੀਆਂ ਨਿਕੀਆਂ ਕਰਕੇ ਹਵਨ ਕੁੰਡ ਵਿਚ ਜੋੜ ਦੇਣੀਆਂ ਤੇ ਵਿਚ ਇਕ ਸਾਬਤ ਨਰੇਲ ਰਖ ਕੇ ਬਸੰਤ੍ਰ ਜਗਾਣੀ। ਉਪਰੰਤ ਅਰਦਾਸ ਕਰਕੇ ਬਾਣੀਆਂ ਪੜ੍ਹਨੀਆਂ। ਬਾਣੀਆਂ ਦੀ ਸਮਾਪਤੀ ਤੇ ਫੇਰ ਅਰਦਾਸ ਕਰਕੇ ਕਰਕੇ ਜੈਕਾਰਾ ਗਜਾ ਦੇਣਾ।" (ਹਵਨ ਪ੍ਰਕਾਸ਼ ਪੰਨਾ ੧੬-੭)

ਸ਼ੁਧ ਘੀ ਆਸਾਨੀ ਨਾਲ ਨਹੀਂ ਮਿਲਦਾ, ਇਸ ਲਈ ਅਜਿਹੇ ਕਠਿਨਾਈ ਨੂੰ ਮੁਖ ਰਖਕੇ ਹੀ ਸ਼ਾਇਦ ਘੀ ਬਿਨਾ ਹਵਨ ਦਾ ਵਿਧਾਨ ਕੀਤਾ ਹੈ। ਸਤਪਥ ਬ੍ਰਾਹਮਣ ਵਿਚ ਇਕ ਥਾਂ ਰਿਸ਼ੀ ਯਾਗਵਲਕ ਨਾਲ ਰਾਜਾ ਜਨਕ ਦੀ ਗਿਆਨ ਚਰਚਾ ਹੈ। ਉਥੇ ਰਾਜਾ ਜਨਕ ਜੀ ਨੇ ਪੁਛਿਆ ਹੈ। ਰਿਸ਼ੀ ਜੀ, ਤੁਹਾਨੂੰ ਹੋਮ ਦੇ ਸਮਾਨ ਦਾ ਗਿਆਨ ਹੈ ਜਾਂ ਨਹੀਂ? ਉਸ ਨੇ ਉਤਰ ਦਿੱਤਾ ਗਿਆਨ ਹੈ, ਫ਼ਿਰ ਪੁਛਿਆ ਕੀ ਹੈ? ਪਹਿਲਾ ਘਿਓ, ਤੇ ਘਿਓ ਨ ਹੋਵੇ ਤਾਂ ਦੁੱਧ, ਜੇ ਦੁੱਧ ਵੀ ਨ ਹੋਵੇ, ਤਾਂ ਚਾਵਲ ਅਤੇ ਜੌਆਂ ਨਾਲ ਹੋਮ ਕਰੋ। ਜੋ ਚੋਲ ਤੇ ਜੌਂ ਵੀ ਨ ਹੋਣ, ਤਾਂ ਹੋਰ ਅੰਨ ਨਾਲ ਕਰੋ। ਜੇ ਹੋਰ ਅਨਾਜ ਵੀ ਨ ਹੋਵੇ ਤਾਂ ਜੰਗਲ ਦੀਆਂ ਬੂਟੀਆਂ ਨਾਲ ਹਵਨ ਕੀਤਾ ਜਾਇ। ਜੇ ਜੰਗਲ ਦੀਆਂ ਬੂਟੀਆਂ ਵੀ ਨ ਹੋਣ ਤਾਂ ਦਰਖਤਾਂ ਦੇ ਫ਼ਲਾ ਨਾਲ ਕਰ ਲਵੇ। ਜੇ ਏਹ ਭੀ ਨ ਹੋਣ ਤਾਂ ਜਲ ਨਾਲ ਹੋਮ ਕਰਨਾ ਚਾਹੀਦਾ ਹੈ। ਰਾਜੇ ਨੇ

ਫੇਰ ਕਿਹਾ। ਜੋ ਕਿਤੇ ਪਾਣੀ ਵੀ ਨ ਹੋਵੇ ? ਰਿਸ਼ੀ ਨੇ ਉੱਤਰ ਦਿੱਤਾ, ਏਹ ਥੋਥੀ ਜਿਹੀ ਗਲ ਹੈ ਕਿ ਕਿਤੇ ਪਾਣੀ ਵੀ ਨ ਲੱਭੇ, ਪਰ ਜੇ ਇਹੋ ਜਿਹੇ ਸਮਾ ਆ ਹੀ ਜਾਵੇ, ਤਾਂ ਸ਼ਰਧਾ ਨਾਲ ਸੱਚੀ ਬਾਣੀ ਪੜ ਲਵੇ, ਏਹੀ ਬਸ ਹੈ। ਅੱਜ ਕਲ੍ਹ ਉਪਰ ਵਾਲੇ ਸ਼ੁਤਪਥ ਦੇ ਪਾਠ ਨੂੰ ਵੇਖਕੇ ਜਿਹੋ ਜਿਹਾ ਹੋਮ ਕੋਈ ਕਰ ਸਕਦਾ ਹੈ ਉਹੋ ਜਿਹਾ ਹੋਮ ਸ਼ਰਧਾ ਨਾਲ ਕਰ ਲਵੇ।

———

# ੧੨ ਸ਼੍ਰਾਧ

'ਸ਼੍ਰਧ' ਸ਼ਬਦ ਦਾ ਭਾਵ ਹੈ—ਸ਼੍ਰਧਾ ਪੂਰਵਕ ਮਾਤਾ ਪਿਤਾ ਦੀ ਸੇਵਾ ਕਰਨਾ, ਇਸ ਲਈ ਆਰਿਆ ਸਮਾਜ ਸ੍ਰਾਧ ਮੰਨਦਾ ਹੈ ਪਰ ਸ਼੍ਰਾਧ ਜੀਉਂਦਿਆਂ ਦੇ ਹੁੰਦੇ ਹਨ ਅਰਥਾਤ ਜੀਉਂਦੇ ਮਾਪਿਆਂ ਦੀ ਸੇਵਾ ਕਰਨੀ, ਅੰਨ, ਪਾਣੀ ਤੇ ਕਪੜੇ ਅੱਛੀ ਤਰਾਂ ਦੇਣੇ ਤੇ ਹੋਰ ਸ਼ਭ ਤਰਾਂ ਦੀ ਸੇਵਾ ਕਰਨੀ ਹੀ ਸ੍ਰਾਧ ਹੈ। ਮਾਂ ਜਾਂ ਬਾਪ, ਸ਼ਰੀਰ ਅਤੇ ਆਤਮਾ ਦਾ ਮਿਲਿਆ ਹੋਇਆਂ ਦਾ ਨਾਉਂ ਹੈ। ਜਦ ਤੱਕ ਸ਼ਰੀਰ ਤੇ ਆਤਮਾ ਮਿਲ਼ੇ ਰਹਿਣ ਉਦੋਂ ਤਕ ਹੀ ਮਾਂ ਜਾਂ ਪਿਉ ਆਖੀਦਾ ਹੈ। ਜਦ ਆਤਮਾ ਸ਼ਰੀਰ ਤੋਂ ਅੱਡ ਹੋਜਾਇ ਤਾਂ ਮਰਨਾ ਆਖੀਦਾ ਹੈ ਅਤੇ ਸਰੀਰ ਨੂੰ ਸ਼ਮਸ਼ਾਨਾ ਵਿਚ ਲਿਜਾਕੇ ਸਾੜ ਦੇਈਦਾ ਹੈ। ਤਦ ਉਸ ਸਰੀਰ ਦਾ, ਜਿਹੜਾ ਸਰੀਰ ਮਾਂ ਪਿਉ ਦਾ ਸੀ, ਨਾਸ ਹੋਗਿਆ ਅਤੇ ਆਤਮਾ ਅਪਣੇ ਕਰਮਾਨੁਸਾਰ ਕਿਸੇ ਹੋਰ ਜੂਨੀ ਵਿਚ ਚਲਿਆ ਗਇਆ। ਉਸ ਵੇਲੇ ਨਾ ਮਾਂ ਰਹੀ ਤੇ ਨਾ ਹੀ ਪਿਉ ਰਿਹਾ। ਜਦ ਮਾਂ ਪਿਉ ਹੀ ਨਹੀਂ ਰਹੇ ਤਾਂ ਸ਼੍ਰਾਧ ਕਿਸਦਾ ਕੀਤਾ ਜਾਵੇ।

'ਸ੍ਰਾਧ' ਸਿਮ੍ਰਿਤਿਆਂ ਵਿਚ ਮਾਂ, ਦਾਦੀ, ਪੜਦਾਦੀ, ਤੇ ਪਿਉ ਦਾਦਾ ਅਤੇ ਪੜਦਾਦੇ ਜਾ ਹੀ ਕਰਨਾ ਲਿਖਿਆ ਹੈ। ਇਸ ਕਰਕੇ ਹੈ ਕਿ ਆਮ ਤੌਰ ਤੇ ਆਦਮੀ ਤਿੰਨਾਂ ਪੀੜ੍ਹੀਆਂ ਤਕ ਜੀਉ ਦਾ ਹੀ ਰਹਿੰਦਾ ਹੈ।

'ਸ਼੍ਰਾਧ' ਵਿਚ ਨਿਰੇ ਮਾਂ ਪਿਉ ਹੀ ਨਹੀਂ ਮੰਨੇ ਜਾਂਦੇ, ਜਿਹੜੇ ਘਰ ਵਿਚ ਵੱਡੇ ਬੁੱਢੇ ਹਨ, ਉਹ ਸਾਰੇ ਹੀ ਮੰਨਣੇ ਯੋਗ ਹਨ। ਇਨ੍ਹਾਂ ਤੋਂ ਬਿਨਾਂ ਘਰਾਂ ਵਿਚ

ਜੇਹੜੇ ਵੱਡੇ ਬੁੱਢੇ ਹਨ ਉਹ ਭੀ ਅਤੇ ਹੋਰ ਗਿਆਨੀ ਧਿਆਨੀ ਮਾਂ ਪਿਉ ਵਾਂਗੂ ਹੀ ਮੰਨੇ ਜਾਂਦੇ ਹਨ। ਇਨ੍ਹਾਂ ਸਾਰਿਆਂ ਦੀ ਸੇਵਾ ਕਰਨੀ 'ਸ਼੍ਰਾਧ ਕਹਾਂਦਾ ਹੈ। ਸਤਯਾਰਥ ਪ੍ਰਕਾਸ਼ ਵਿਚ ਰਿਸ਼ੀ ਦਯਾਨੰਦ ਜੀ ਨੇ ਲਿਖਿਆ ਹੈ—"ਪਿਤਰੀ-ਯਗਯ ਅਰਥਾਤ ਜਿਸਮੇਂ ਦੇਵ ਜੋ ਵਿਦਵਾਨ, ਰਿਸ਼ੀ ਜੋ ਪੜ੍ਹਨੇ ਪੜ੍ਹਾਨੇ ਹਾਰੇ, ਪਿਤਰ ਜੋ ਮਾਤਾ ਪਿਤਾਦਿ ਬ੍ਰਿਧ ਗਿਆਨੀ ਔਰ ਪਰਮ ਯੋਗੀਯੋਂ ਕੀ ਸੇਵਾ ਕਰਨੀ। ਪਿਤਰੀਯਗਯ ਕੇ ਦੋ ਭੇਦ ਹੈਂ। ਏਕ ਸ਼੍ਰਾਧ ਔਰ ਦੂਸਰਾ ਤਰਪਣ। ਸ਼੍ਰਾਧ ਜੋ ਸ਼੍ਰਧਾ ਸੇ ਕੀਆ ਜਾਇ ਉਸਕਾ ਨਾਮ ਸ਼੍ਰਾਧ ਹੈ, ਔਰ ਜਿਸ ਕਰਮ ਸੇ ਤ੍ਰਿਪਤ ਹੋ, ਵਹ ਤਰਪਣ ਹੈ. ਅਰਥਾਤ ਵਿਦਯਮਾਨ ਮਾਤਾਪਿਤਾ ਆਦਿ ਪਿਤਰ ਪ੍ਰਸੰਨ ਹੋਂ ਔਰ ਪ੍ਰਸੰਨ ਕੀਏ ਜਾਇੰ ਵਹ ਤਰਪਣ ਹੈ। ਪਰੰਤੂ ਉਹ ਜੀਵਤੋਂ ਕੇ ਲੀਏ ਹੈ, ਮ੍ਰਿਤ ਕੇ ਲੀਏ ਨਹੀਂ। ਅਪਨੀ ਇਸਤ੍ਰੀ ਤਥਾ ਭਗਨੀ ਸੰਬੰਧੀ ਔਰ ਏਕ ਗੋਤ੍ਰ ਤਥਾ ਅੰਨਿਯ ਕੋਈ ਭਦ੍ਰ ਪਰਸ਼ ਵਾ ਬ੍ਰਿਧ ਹੋ, ਉਨ ਸਬ ਕੀ ਅਤਯੰਤ ਸ਼੍ਰਧਾ ਸ਼ੇ ਉੱਤਮ ਅੰਨ-ਵਸਤ੍ਰ, ਸੁੰਦਰ ਯਾਨ ਆਦਿ ਦੇਕਰ ਅੱਛੇ ਪ੍ਰਕਾਰ ਸੇ ਤ੍ਰਿਪਤ ਕਰਨਾ ਅਰਥਾਤ ਜਿਸ ਜਿਸ ਕਰਮ ਸੇ ਉਸਕੀ ਆਤਮਾ ਤ੍ਰਿਪਤ ਹੋ, ਸ਼ਰੀਰ ਸ੍ਵਸਥ ਰਹੇ, ਉਸ ਉਸ ਕਰਮ ਸੇ ਪ੍ਰੀਤੀ ਪੂਰਬਕ ਉਨਕੀ ਸੇਵਾ ਕਰਨੀ, ਵਹ ਸ਼੍ਰਾਧ ਔਰ ਤਰਪਣ ਕਹਾਤਾ ਹੈ"।

(ਸਤਯਾਰਥ ਪ੦ ਸਃ ੪)

ਇਸੇ ਲੇਖ ਨੂੰ ਮੰਨ ਕੇ ਆਰਿਆ ਸਮਾਜ ਜਿਊਂਦੇ ਮਾਂ, ਪਿਉਂ ਅਤੇ ਵਡਿਆਂ ਦੀ ਸੇਵਾ ਕਰਨ ਨੂੰ ਸ਼੍ਰਾਧ ਆਖਦਾ ਹੈ। ਮਰਨ ਮਗਰੋਂ ਕਿਸੇ ਨੂੰ ਨਾ ਕੁਝ ਮਿਲਦਾ ਹੈ, ਤੇ ਨਾ ਆਰਿਆ ਸਮਾਜ ਇਹ ਮੰਨਦਾ ਹੈ। ਸ਼੍ਰਾਧ ਵਿਸ਼ੇ 'ਚ ਜੋ ਕੁਝ ਗੁਰੂ ਜੀ ਕਹਿੰਦੇ ਉਹ ਲਿਖਦੇ ਹਨ—

ਪਹਲੈ ਪਿਆਰਿ ਲਗਾ ਥਣ ਦੁਧਿ। ਦੂਜੈ ਮਾਇ ਬਾਪ ਕੀ ਸੁਧਿ।
ਤੀਜੈ ਭਯਾ ਭਾਭੀ ਬੇਬ। ਚਉਥੈ ਪਿਆਰ ਉਪਨੀ ਖੇਡ।
ਪੰਜਵੈਂ ਖਾਣ ਪੀਅਣ ਕੀ ਧਾਤੁ। ਛਿਵੈਂ ਕਾਮਨ ਪੁਛੈ ਜਾਤਿ।
ਸਤਵੈਂ ਸੇਜ ਕੀਆ ਘਰ ਬਾਸੁ. ਅਠਵੈ ਕ੍ਰੋਧ ਹੋਵਾ ਤਨ ਨਾਸੁ।
ਨਾਵੈਂ ਧਉਲੇ ਉਭੇ ਸਾਹ। ਦਸਵੈਂ ਦਧਾ ਹੋਆ ਸੁਆਹ।
ਗਏ ਸਿਗੀਤ ਪੁਕਾਰੀ ਧਾਹ। ਉਡਿਆ ਹੰਸ ਦਸਾਏ ਰਾਹ।
ਆਇਆ ਗਇਆ ਮੁਇਆ ਨਾਉ। ਪਿਛੈ ਪਤਲਿ ਸਦਿਹੁ ਕਾਵ।

ਨਾਨਕ ਮਨਮੁਖ ਅੰਧ ਪਿਆਰੁ । ਬਾਝ ਗੁਰੂ ਡੁਬਾ ਸੰਸਾਰ ।

(ਮਾਝ ਵਾਰ ਮ੦ ੧ ਸ਼੦ ੧)

ਹਉਮੈ ਵਿਚਿ ਜਗਤ ਮੁਆ ਮਰਦੋ ਮਰਦਾ ਜਾਇ । ਜਿਚਰ ਵਿਚਿ ਦੰਮੁ ਹੈ ਤਿਚਰ ਨ ਚੇਤਈ ਕਿਕਰੇਕੁ ਅਗੈ ਜਾਇ ।

ਗਿਆਨੀ ਹੋਇ ਸੁਚਿ ਤੰਨ ਹੋਇ ਅਗਿਆਨੀ ਅੰਧੁ ਕਮਾਇ ।
ਨਾਨਕ ਏਥੈ ਕਮਾਵੈ ਸੋ ਮਿਲੈ ਅਗੈ ਪਾਏ ਜਾਇ ।

(ਬਿਹਾਗੜਾ ਵਾਰ ਮ: ੪ ਸ਼੦ ੧੯)

ਜੀਵਤ ਪਿਤਰ ਨ ਮਾਨੈ ਕੋਊ, ਮੂਏ ਸਿਰਾਧਿ ਕਰਾਹੀ ।
ਪਿਤਰ ਭੀ ਬਪੁਰੇ ਕਹੁ ਕਿਉ ਪਾਵਹਿ ਕਊਆ ਕੂਕਰ ਖਾਹੀ । ੧ ।
ਮੋ ਕਉ ਕੁਸਲੁ ਬਤਾਵਹੁ ਕੋਈ । ਕੁਸਲੁ ਕੁਸਲ ਕਰਤ ਜਗ ਬਿਨਸੈ, ਕੁਸਲ ਭੀ ਕੈਸੇ ਹੋਈ । ਰਹਾਉ ।
ਮਾਟੀ ਕੇ ਕਰਿ ਦੇਵੀ ਦੇਵਾ ਤਿਸੁ ਆਗੇ ਜੀਉ ਦੇਹੀ ।
ਐਸੇ ਪਿਤਰ ਤੁਮਾਰੇ ਕਹੀਅਹਿ ਆਪਨ ਕਹਿਆ ਨ ਲੇਹੀ ।

(ਗਉੜੀ ਕਬੀਰ ਜੀ ਸ਼ਬਦ ੧ । )

ਪਹਲੇ ਸ਼ਬਦ ਵਿਚ ਜੀਵ ਚਲਾ ਜਾਂਦਾ ਹੈ, ਪਿਛੇ ਪਤਲ ਪਰ ਕਾਂਵ ਬੈਠਦੇ ਹੈਂ, ਇਹ ਲਿਖ ਕੇ, ਮੁਰਦਿਆਂ ਨੂੰ ਕੁਝ ਨਹੀਂ ਪ੍ਰਗਟ ਕੀਤਾ ਹੈ । ਦੂਜੇ ਸ਼ਬਦ ਵਿਚ ਅਗੇ ਉਹੀ ਉਹ ਮਿਲਦਾ ਹੈ ਜਿਹੜਾ ਇਥੇ ਕਮਾਉਂਦਾ ਹੈ । ਪਿੱਛੇ ਦਿਤਾ ਹੋਇਆ ਕੁਝ ਨਹੀਂ ਮਿਲਦਾ, ਦੱਸ ਕੇ ਮ੍ਰਿਤਕ ਸ਼੍ਰਾਧ ਦਾ ਖੰਡਨ ਕੀਤਾ ਹੈ । ਤੀਜੇ ਸ਼ਬਦ ਵਿਚ ਤਾਂ ਸਾਫ ਹੀ ਲਿਖਿਆ ਹੈ ਕਿ ਜੀਉਂਦਿਆਂ ਮਾਪਿਆਂ ਦੀ ਸੇਵਾ ਨ ਕਰਕੇ ਮਰਿਆਂ ਪਿਛੋਂ ਜਿਹੜਾ ਸ਼੍ਰਾਧ ਕਰਦੇ ਹਨ ਉਹ ਤਾਂ ਕੁੱਤੇ ਤੇ ਕਾਉਂ ਹੀ ਖਾਂਦੇ ਹਨ, ਇਸ ਵਿਚ ਤਾਂ ਮੋਇਆਂ ਪਿਛੋਂ ਸ਼੍ਰਾਧ ਦਾ ਸਿੱਧਾ ਹੀ ਖੰਡਨ ਹੈ । ਇਸ ਕਰਕੇ ਜੀਉਂਦੇ ਮਾਪਿਆਂ ਦੀ ਸੇਵਾ ਕਰਨੀ ਚਾਹੀਦੀ ਹੈ, ਮਰਿਆਂ ਪਿਛੋਂ ਸ਼੍ਰਾਧ ਕਰਨ ਨਾਲ ਉਨਾਂ ਨੂੰ ਕੋਈ ਲਾਭ ਨਹੀਂ । ਇਹ ਗੱਲ ਗੁਰੂ ਗ੍ਰੰਥ ਸਾਹਿਬ ਵਿਚ ਆਰੀਆ ਸਮਾਜ ਵਾਂਗ ਹੀ ਮੰਨੀ ਹੈ ।

— —

# ੧੩ ਅਤਿਥਿ-ਸੇਵਾ

ਸਵਾਮੀ ਦਯਾਨੰਦ ਜੀ ਨੇ ਅਤਿਥਿ ਸੇਵਾ ਦੀ ਇਸ ਪ੍ਰਕਾਰ ਵਿਆਖਿਆ ਕੀਤੀ ਹੈ—

ਅਤਿਥਿ ਉਸਕੋ ਕਹਤੇ ਹੈਂ ਜਿਸ ਕੀ ਕੋਈ ਤਿਥੀ ਨਿਸ਼ਚਿਤ ਨ ਹੋ, ਅਰਥਾਤ ਅਕਸਮਾਤ ਧਾਰਮਕ, ਸਤਯੋਪਦੇਸ਼ਕ, ਸਬ ਕੇ ਉਪਕਾਰਾਰਥ ਸਰਵਤ੍ਰ ਘੁਮਨੇ ਵਾਲਾ, ਪੂਰਣ ਵਿਦ੍ਵਾਨ, ਪਰਮਯੋਗੀ ਸੰਨਆਸੀ ਗ੍ਰਿਹਸਥੀ ਕੇ ਯਹਾਂ ਆਵੇ, ਤੋ ਉਸਕੋ ਪ੍ਰਥਮ ਪਾਦਯ, ਅਰਘ ਔਰ ਆਚਮਨੀਯ ਤੀਨ ਪ੍ਰਕਾਰ ਕਾ ਜਲ ਦੇਕਰ ਪਸਚਾਤ ਆਸਨ ਪਰ ਸਤ੍ਕਾਰ ਪੂਰਵਕ ਬਿਠਲਾ ਕਰ ਖਾਨ ਪਾਨ ਆਦਿ ਉੱਤਮੋਤਮ ਪਦਾਰਥੋਂ ਸੇ ਸੇਵਾ ਸੁਸ਼ਰੂਸ਼ਾ ਕਰਕੇ ਉਸਕੋ ਪ੍ਰਸੰਨ ਕਰੇ। ਪਸਚਾਤ ਸਤਸੰਗ ਕਰ ਉਸਸੇ ਗਿਆਨ ਵਿਗਿਆਨ ਆਦੀ ਜਿਨਸੇ ਧਰਮ, ਅਰਥ, ਕਾਮ ਔਰ ਮੋਕਸ਼ਕੀ ਪ੍ਰਾਪਤੀ ਹੋਵੇ, ਐਸੇ ਐਸੇ ਉਪਦੇਸੋਂ ਕਾ ਸ੍ਰਵਣ ਕਰੇ ਔਰ ਅਪਨਾ ਚਾਲ ਚਲਨ ਭੀ ਉਨਕੇ ਸਦੁਪਦੇਸ਼ਾਨੁਸਾਰ ਰੱਖੇ। ਸਮੇਂ ਪਾਕੇ ਗ੍ਰਹਸਥ ਔਰ ਰਾਜਾ ਕਾ ਭੀ ਅਤਿਥੀਵਤ ਸਤਕਾਰ ਕਰਨੇ ਯੋਗ ਹੈਂ। ਪਰੰਤੂ ਪਾਖੰਡੀ, ਅਰਥਾਤ ਵੇਦ-ਨਿੰਦਕ, ਵੇਦ-ਬਿਰੁਧ ਆਚਰਣ ਕਰਨੇ ਹਾਰਾ, ਜੋ ਵੇਦ ਬਿਰੁਧ ਕਰਮ ਕਾ ਕਰਤਾ, ਮਿਥਿਆ ਭਾਸ਼ਣਆਦੀ ਯੁਕਤ ਜੈਸੇ ਵਿਡਾਲਾ ਛਿਪ ਔਰ ਸਿਥਿਰ ਰਹ ਕਰ ਤਾਕਤਾਂ ਤਾਕਤਾਂ ਝਪਟ ਸੇ ਮੂਸ ਆਦੀ ਪ੍ਰਾਣੀਓਂ ਕੋ ਮਾਰ ਅਪਨਾ ਪੇਟ ਭਰਤਾ ਹੈ, ਵੈਸੇ ਜਨੋਂ ਕਾ ਨਾਮ ਵੈਡਾਲ ਬਿਰਤਕ, (ਸ਼ਠ) ਅਰਥਾਤ ਹਠੀ ਦੁਰਾਗਰੀ, ਅਭਿਮਾਨੀ ਆਪ ਜਾਨੇ ਨਹੀਂ ਔਰੋਂ ਕਾ ਕਹਾ ਮਾਨੇ ਨਹੀਂ, (ਹੈਤੁਕ) ਕੁਤਰਕੀ, ਬਿਅਰਥ ਬਕਨੇ ਵਾਲੇ, ਜੈਸੇ ਆਜ ਕਲ ਕੇ ਵੇਦਾਂਤੀ ਕਹਤੇ ਹੈਂ, ਹਮ ਬ੍ਰਹਮ ਔਰ ਜਗਤ ਮਿਥਿਆ ਹੈ, ਵੇਦ ਆਦਿ ਸ਼ਾਸਤ੍ਰ ਔਰ ਈਸ਼੍ਵਰ ਭੀ ਕਲਪਿਤ ਹੈ, ਇਤਯਾਦਿ ਗੋਪੋੜਾ ਹਾਂਕਨੇ ਵਾਲੇ (ਵਕ੍ਰਬ੍ਰਿਤੀ) ਜੈਸੇ ਵਕ ਏਕ ਪੈਰ ਉਠਾ ਧਿਆਨ ਵਿਸਥਿਤ ਕੇ ਸਮਾਨ ਹੋਕਰ ਝਟ ਮੱਛੀ ਕੇ ਪ੍ਰਾਣ ਹਰਕੇ ਅਪਨਾ ਸੁਆਰਥ ਸਿਧ ਕਰਤਾ ਹੈ, ਵੈਸੇ ਆਜ ਕਲ ਕੇ ਬੈਰਾਗੀ ਔਰ ਖਾਕੀ ਆਦੀ ਹਠੀ, ਦੁਰਾਗਹੀ, ਵੇਦ ਬਿਰੋਧੀ ਹੈਂ, ਐਸੋਂ ਕਾ ਸਤਕਾਰ ਬਾਣੀ ਮਾਤ੍ਰ ਸੇ ਭੀ ਨ ਕਰਨਾ ਚਾਹੀਏ। ਕਿਉਂਕਿ ਇਨਕਾ ਸਤਕਾਰ ਕਰਨੇ ਸੇ ਵੇਬ੍ਰਿੱਧੀ ਕੋ ਪਾਕਰ ਸੰਸਾਰ ਕੋ ਅਧਰਮ ਯੁਕਤ ਕਰਤੇ ਹੈਂ। ਆਪ ਤੋ ਅਵੱਨਤੀਕੇ ਕਾਮ

ਕਰਤੇ ਹੀ ਹੈਂ, ਪਰੰਤੂ ਸਾਥ ਮੇਂ ਸੇਵਕ ਕੋ ਭੀ ਅਵਿਦਯਾ ਰੂਪ ਮਹਾਸਾਗਰ ਮੇਂ ਡਬੋ ਦੇਤੇ ਹੈਂ ।...... ਜਬ ਤਕ ਉੱਤਮ ਅਤਿਥੀ ਜਗਤ ਮੇਂ ਨਹੀਂ ਹੋਤੇ, ਤਬ ਤਕ ਉੱਨਤੀ ਭੀ ਨਹੀਂ ਹੋਤੀ ! ਉਨਕੇ ਸਬ ਦੇਸ਼ੋਂ ਮੇਂ ਘੂਮਨੇ ਔਰ ਸਤਯੋਪਦੇਸ਼ ਕਰਨੇ ਸੇ ਪਾਖੰਡ ਕੀ ਬ੍ਰਿਧੀ ਨਹੀਂ ਹੋਤੀ । ਔਰ ਸਰਵਤ੍ਰ ਗ੍ਰਹਸਥੋਂ ਕੋ ਸਰਜ ਸੇ ਸਤਯ ਵਿਗਿਆਨ ਕੀ ਪ੍ਰਾਪਤੀ ਹੋਤੀ ਰਹਤੀ ਹੈ, ਔਰ ਮਨੁਸ਼ ਮਾਤ੍ਰ ਸੇ ਏਕ ਹੀ ਧਰਮ ਸਿਥਿਰ ਰਹਤਾ ਹੈ । ਬਿਨਾ ਅਤਿਥੀਓਂ ਕੇ ਸੰਦੇਹ ਨਿਵਿਰਤੀ ਨਹੀਂ ਹੋਤੀ, ਸੰਦੇਹ ਨਿਵਿਰਤੀ ਕੇ ਬਿਨਾ ਦ੍ਰਿੜ ਨਿਸਚੇ ਭੀ ਨਹੀਂ ਹੋਤਾ ।

ਨਿਸਚੇ ਕੇ ਬਿਨਾ ਸੁਖ ਕਹਾਂ । (ਸਤਯਾਰਥ ਪ੍ਰਕਾਸ਼ ਸਮੁਲਾਸ ੪ ।)

ਇਸ ਪਾਠ 'ਚ ਅਤਿਥੀਓਂ ਦੀ ਸੇਵਾ ਕਹਨੀ ਲਿਖਦਿਆਂ ਹੋਇਆਂ ਦਸਿਆ ਹੈ ਕਿ ਅਤਿਥੀ ਕੌਣ ਹੁੰਦਾ ਹੈ ਅਤੇ ਕਿਹੜੇ ਦੀ ਸੇਵਾ ਕਰਨੀ ਚਾਹੀਦੀ ਹੈ, ਕਿਹੜੇ ਦੀ ਨਹੀਂ ਕਰਨੀ ਚਾਹੀਦੀ ਅਰਥਾਤ ਅਤਿਥੀ ਵਿਚ ਕੀ ਗੁਣ ਹੋਣੇ ਚਾਹੀਦੇ ਹਨ । ਜੇ ਕਿਸੇ ਵਿਚ ਅਤਿਥੀ ਵਾਲੇ ਗੁਣ ਨਾ ਹੋਣ ਆਪਣੇ ਪੇਟ ਭਰਨ ਵਾਸਤੇ ਅਤਿਥੀ ਬਣੇ ਜਾਂ ਲੋਕਾਂ ਤੋਂ ਧਨ ਅੰਨ ਆਦੀ ਲੈਕੇ ਵਿਕਾਰਾਂ ਵਿਚ ਜੀਵਨ ਲਾਵੇ, ਉਹ ਅਸਲ ਵਿਚ ਅਤਿਥਿ ਨਹੀਂ । ਇਸ ਕਰਕੇ ਹਰ ਇਕ ਗ੍ਰਹਸਥੀ ਨੂੰ ਦਾਨ ਪੁੰਨ ਦੇਖ ਕੇ ਕਰਨਾ ਚਾਹੀਦਾ ਹੈ ।

ਹੁਣ ਇਹ ਦੇਖਣਾ ਹੈ ਕਿ ਗੁਰੂ ਜੀ ਇਹਦੀ ਬਾਬਤ ਕੀ ਦਸਦੇ ਹਨ :—

ਦਰਵੇਸੀ ਕੋ ਜਾਣਸੀ ਵਿਰਲਾ ਕੋ ਦਰਵੇਸੁ ।
ਜੇ ਘਰ ਘਰ ਹੰਢੇ ਮੰਗਦਾ ਧਿਗੁ ਜੀਵਣੁ ਧਿਗੁ ਵੇਸੁ ।
ਜੇ ਆਸ ਅੰਦੇਸਾ ਤਜਿ ਰਹੈ, ਗੁਰਮੁਖ ਭਿਖਿਆ ਨਾਉ ।
ਤਿਸਕੇ ਚਰਨ ਪਖਾਲੀਐ ਨਾਨਕ ਹਉ ਬਲਿਹਾਰੇ ਜਾਉ ।

(ਬਿਹਾਗੜਾ ਵਾਰ ਮ: ੩ ਸ਼ਬਦ ੬)

ਅਭਿਆਗਤ ਏਹਿ ਨ ਆਖੀਆਨ, ਜਿਨ ਕੇ ਚਿਤ ਮਹਿ ਭਰਮੁ ।
ਤਿਸਦੇ ਦਿਤੈ ਨਾਨਕਾ ਤੇਹੋ ਜੇਹਾ ਧਰਮੁ ।
ਅਭੈ ਨਿਰੰਜਨ ਵਿਰਲਾ ਪਾਏ ਕੋਇ । ੧ । ਮ: ੩ ।
ਅਭਿਆਗਤ ਏਹਿ ਨ ਆਖੀਅਨਿ, ਜਿ ਪਰ ਘਰ ਭੋਜਨੁ ਕਰੇਨਿ ।
ਉਦਰੈ ਕਾਰਣ ਆਪਣੈ ਬਹਲੇ ਭੇਖ ਕਰੇਨਿ ।

ਅਭਿਆਗਤ ਸੇਈ ਨਾਨਕਾ, ਜਿ ਆਤਮ ਗਉਣ ਕਰੇਨਿ ।
ਭਾਲ ਲਹਨਿ ਸਹੁ ਆਪਣਾ ਨਿਜ ਘਰਿ ਰਹਣੁ ਕਰੇਨਿ ।

ਰਾਮਕਲੀ ਵਾਰ । ਮ: ੧ ਸ਼ਬਦ ੬ ।

ਮਨ ਮਹਿ ਕ੍ਰੋਧ ਮਹਾ ਅਹੰਕਾਰਾ । ਪੂਜਾ ਕਰਹੁ ਬਹੁਤੁ ਬਿਸਥਾਰਾ ।
ਕਰਿ ਇਸਨਾਨੁ ਤਨਿ ਚਕ੍ਰ ਬਣਾਏ ।
ਅੰਤਰ ਕੀ ਮਲ ਕਬਹੀ ਨ ਜਾਏ । ੧ ।

ਇਤ ਸੰਜਮਿ ਪ੍ਰਭੁ ਕਿਣਹੀ ਨ ਪਾਇਆ ।
ਭਗਉਤੀ ਮੁਦ੍ਰਾ ਮਨੁ ਮੋਹਿਆ ਮਾਇਆ । ੧ ਰਹਾਉ ।
ਪਾਪ ਕਰਹਿ ਪੰਚਾ ਕੇ ਬਸਰੇ । ਤੀਰਥ ਨਾਇ ਕਹਹਿ ਸਭ ਉਤਰੇ ।
ਬਹੁਰਿ ਕਮਾਵਹਿ ਹੋਇ ਨਿਸੰਕ । ਜਮਪੁਰ ਬਾਂਧਿ ਖਰੇ ਕਾਲੰਕ । ੨ ।
ਘੂਘਰ ਬਾਂਧਿ ਬਜਾਵਹਿ ਤਾਲਾ । ਅੰਤਰ ਕਪਟਿ ਫਿਰਹਿ ਬੇਤਾਲਾ ।
ਵਰਮੀ ਮਾਰੀ ਸਾਪੁ ਨ ਮੂਆ । ਪ੍ਰਭੁ ਸਭ ਕਿਛੁ ਜਾਨੈ ਜਿਨ ਤੂ ਕੀਆ । ੩ ।
ਪੂਅਰ ਤਾਪ ਗੇਰੀ ਕੇ ਬਸਤ੍ਰਾ । ਅਪਦਾ ਕਾ ਮਾਰਿਆ ਗ੍ਰਿਹ ਤੇ ਨਸਤਾ ।
ਦੇਸੁ ਛੋਡਿ ਪਰਦੇਸਹਿ ਧਾਇਆ । ਪੰਚ ਚੰਡਾਲ ਨਾਲੇ ਲੈ ਆਇਆ । ੪ ।
ਕਾਨ ਫਰਾਇ ਹਿਰਾਏ ਟੂਕਾ । ਘਰ ਘਰ ਮਾਂਗੈ ਤ੍ਰਿਪਤਾਵਨ ਤੇ ਚੂਕਾ ।
ਬਨਿਤਾ ਛੋਡਿ ਬਦ ਨਦਰਿ ਪਰਨਾਰੀ । ਵੇਸਿ ਨ ਪਾਈਐ ਮਹਾ ਦੁਖਿਆਰੀ । ੫ ।

(ਪ੍ਰਭਾਤੀ ਅਸਟਪਦੀਆ ਮ: ਸ਼ਬਦ ੨ । ਸੋਰਠ ਮ: ੪)

ਗਿਆਨ ਵਿਹੂਣਾ ਗਾਵੈ ਗੀਤ । ਭੁਖੇ ਮੁਲਾਂ ਘਰੇ ਮਸੀਤ ।
ਮਖਟੂ ਹੋਇਕੈ ਕੰਨ ਪੜਾਏ । ਫਕਰ ਕਰੇ ਹੋਰ ਜਾਤਿ ਗਵਾਏ ।
ਗੁਰੂ ਪੀਰ ਸਦਾਏ ਮੰਗਣ ਜਾਇ । ਤਾਕੈ ਮੂਲਿ ਨ ਲਗੀਐ ਪਾਇ ।
ਘਾਲਿ ਖਾਇ ਕਿਛੁ ਹਥਹੁ ਦੇਇ । ਨਾਨਕ ਰਾਹੁ ਪਛਾਣਹਿ ਸੇਇ ।

ਸਾਰੰਗ ਵਾਰ ਮ: ੪ ਸ਼ਬਦ ੨੨ ।

ਕਬੀਰ ਜਾ ਘਰਿ ਸਾਧ ਨ ਸੇਵੀਅਹਿ ਹਰਿ ਕੀ ਸੇਵਾ ਨਾਹਿ ।
ਤੇ ਘਰ ਮਰਹਟ ਸਾਰਖੇ ਭੂਤ ਬਸਹਿ ਤਿਨ ਮਾਹਿ । ਕਬੀਰ ਜੀ ਸਲੋਕ । ੧੯੨ ।

ਇਹ ਸਾਰੇ ਸ਼ਬਦ ਅਤਿਥੀ ਸੇਵਾ ਦਸਦੇ ਹਨ, ਨਾਲੇ ਇਹ ਭੀ ਦਸਦੇ ਹਨ ਕਿ ਅਸਲੀ ਅਤਿਥੀ ਕਿਹੜਾ ਹੈ, ਜਿਹੜਾ ਪਾਖੰਡੀ ਹੈ, ਉਹ ਅਭਿਆਗਤ ਨਹੀਂ ਹੈ,

ਇਸ ਕਰਕੇ ਸਤਯਾਰਥ ਪ੍ਰਕਾਸ਼ ਵਿਚ ਜਿਵੇਂ ਰਿਸ਼ੀ ਦਯਾਨੰਦ ਜੀ ਨੇ ਲਿਖਿਆ ਹੈ, ਓਵੇਂ ਹੀ ਗੁਰੂ ਲਿਖਦੇ ਅਤੇ ਮੰਨਦੇ ਹਨ ।

---

# ੧੪ ਵਰਣ ਆਸ਼੍ਰਮ

ਆਰਿਆ ਸਮਾਜ 'ਚ ਵਰਣ ਚਾਰ ਮੰਨੇ ਜਾਂਦੇ ਹਨ । ਕੁਝ ਲੋਕ ਵਰਣ ਨੂੰ ਜਾਤ ਭੀ ਆਖਦੇ ਹਨ । ਪਰ ਆਰਿਆ ਸਮਾਜ ਉਸ ਨੂੰ ਵਰਣ ਕਹਿੰਦਾ ਹੈ । ਵਰਣ ਜਨਮ ਤੋਂ ਨਹੀਂ ਹੁੰਦੇ । ਇਹ ਗੁਣ, ਅਤੇ ਸੁਭਾਵ ਨਾਲ ਬਣਦੇ ਹਨ । ਵਰਣ ਚਾਰ ਹੀ ਹਨ, ਬ੍ਰਾਹਮਣ ਖਤ੍ਰੀ, ਵੈਸ਼ ਅਤੇ ਸ਼ੂਦਰ । ਰਿਸ਼ੀ ਦਯਾਨੰਦ ਨੇ ਆਰਿਆ ਉਪਦੇਸ਼ ਰਤਨਮਾਲਾ ਵਿਚ ਲਿਖਿਆ ਹੈ । "ਵਰਣ ਜੋ ਗੁਣ ਔਰ ਕਰਮੋਂ ਕੇ ਯੋਗ ਸੇ ਗ੍ਰਹਣ ਕੀਆ ਜਾਤਾ ਹੈ, ਵਹ ਵਰਣ ਸ਼ਬਦਾਰਥ ਸੇ ਲੀਆ ਜਾਤਾ ਹੈ ।"

ਵਰਣ ਕੇ ਭੇਦ—ਜੋ ਬ੍ਰਾਹਮਨ, ਕਸ਼ਤ੍ਰੀਯ, ਵੈਸ਼ਯ ਔਰ ਸ਼ੂਦ੍ਰਾਦਿ ਹੈਂ, ਵੇ ਵਰਣ ਕਹਾਤੇ ਹੈਂ । ਰਿਸ਼ੀ ਜੀ ਨੇ ਮੰਤਵਯਾਮੰਤਵਯ ਪ੍ਰਕਾਸ਼ ਵਿਚ ਲਿਖਿਆ ਹੈ— ਮੈਂ ਵਰਣਾਸ਼੍ਰਮ ਗੁਣ, ਕਰਮੋਂ ਕੀ ਯੋਗਯਤਾ ਸੇ ਮਾਨਤਾ ਹੂੰ ।" ਫੇਰ ਸਤਯਾਰਥ ਪ੍ਰਕਾਸ਼ ਕੇ ਚਉਥੇ ਸਮੁੱਲਾਸ ਵਿਚ ਲਿਖਦੇ ਹਨ—

ਜੇ ਕੋਈ ਰਜ ਵੀਰਯ ਕੇ ਯੋਗ ਵਰਣਾਸ਼੍ਰਮ ਬਿਵਸਥਾ ਮਾਨੇ ਔਰ ਗੁਣ ਕਰਮੋਂ ਕੇ ਯੋਗ ਸੇ ਨ ਮਾਨੇ, ਤੋ ਉਸਸੇ ਪੂਛਨਾ ਚਾਹੀਏ, ਕਿ ਜੋ ਕੋਈ ਅਪਨੇ ਵਰਣ ਕੋ ਛੋੜ ਕੇ ਨੀਚ ਅੰਤਯਜ ਅਥਵਾ ਕ੍ਰਿਸਚੀਨ ਮੁਸਲਮਾਨ ਹੋ ਗਿਆ ਹੋ, ਉਸਕੋ ਬ੍ਰਾਹਮਣ ਕਿਉਂ ਨਹੀਂ ਮਾਨਤੇ ? ਯਹਾਂ ਯਹੀ ਕਹੋਗੇ, ਉਸਨੇ ਬ੍ਰਾਹਮਣ ਕੇ ਕਰਮ ਛੋੜ ਦੀਏ, ਇਸ ਲੀਏ ਵਹ ਬ੍ਰਾਹਮਣ ਨਹੀਂ ਹੈ । ਇਸ ਸੇ ਯਹ ਭੀ ਸਿੱਧ ਹੋ ਗਿਆ ਹੈ, ਕਿ ਜੋ ਬ੍ਰਾਹਮਣਾਦਿ ਉੱਤਮ ਕਰਮ ਕਰਤੇ ਹੈਂ, ਵੋਹੀ ਬ੍ਰਾਹਮਣਾਦਿ, ਔਰ ਜੋ ਨੀਚ ਭੀ ਉੱਤਮ ਵਰਣ ਕੇ ਗੁਣ ਕਰਮ ਸੁਭਾਵ ਵਾਲਾ ਹੋਵੇ, ਤੋ ਉਸਕੋ ਭੀ ਉੱਤਮ ਵਰਣ ਮੇਂ, ਔਰ ਜੋ ਉੱਤਮ ਵਰਣਸਥ ਹੋਕੇ ਨੀਚ ਕਾਮ ਕਰੇ ਤੋ ਉਸਕੋ ਨੀਚ ਵਰਣ ਮੇਂ ਗਿਨਨਾ ਅਵਸ਼ਯ ਚਾਹੀਏ ।

ਐਸਾ ਹੀ ਅਨਯਤ੍ਰ ਭੀ ਕਹਾ ਹੈ। ਜੋ ਸ਼ੂਦ੍ਰ ਕੁਲ ਮੇਂ ਉਤਪੰਨ ਹੋਕੇ ਬ੍ਰਾਹਮਣ ਕਸ਼ਤ੍ਰੀਯ ਔਰ ਵੈਸ਼ ਕੇ ਸਮਾਨ ਗੁਣ ਕਰਮ ਸੁਭਾਵ ਵਾਲਾ ਹੋ ਤੋ ਵਹ ਸ਼ੂਦ੍ਰ, ਬ੍ਰਾਹਮਣ ਕਸ਼ਤ੍ਰੀਯ ਔਰ ਵੈਸ਼ ਹੋ ਜਾਇ। ਵੈਸੇ ਹੀ ਜੋ ਬ੍ਰਾਹਮਣ, ਕਸ਼ਤ੍ਰੀਯ ਔਰ ਵੈਸ਼ ਕੁਲ ਮੇਂ ਉਤਪੰਨ ਹੂਆ ਹੋ, ਔਰ ਉਸ ਕੇ ਗੁਣ ਕਰਮ ਸੁਭਾਵ ਭਾਵ ਸ਼ੂਦ੍ਰ ਕੇ ਸਦ੍ਰਿਸ਼ ਹੋਂ, ਤੋ ਵੋਹ ਸ਼ੂਦ੍ਰ ਹੋ ਜਾਇ। ਵੈਸੇ ਕਸ਼ਤ੍ਰੀਯ ਵਾ ਵੈਸ਼ ਕੇ ਕੁਲ ਮੇਂ ਉਤਪਨ ਹੋਕੇ ਬ੍ਰਾਹਮਣ, ਬ੍ਰਾਹਮਣੀ ਵਾ ਸ਼ੂਦ੍ਰ ਕੇ ਸਮਾਨ ਹੋਨੇ ਸੇ ਬ੍ਰਾਹਮਣ ਔਰ ਸ਼ੂਦ੍ਰ ਭੀ ਹੋ ਜਾਤਾ ਹੈ। ਅਰਥਾਤ ਚਾਰੋਂ ਵਰਣੋਂ ਸੇ ਜਿਸ ਜਿਸ ਵਰਣ ਕੇ ਸਦ੍ਰਿਸ਼ ਜੋ ਜੋ ਪੁਰਸ਼ ਵਾ ਇਸਤ੍ਰੀ ਹੋ ਵਹ ਵਹ ਉਸੀ ਵਰਣ ਮੇਂ ਗਿਨੀ ਜਾਵੇ।

ਅਬ ਇਨ ਚਾਰੋਂ ਵਰਣੋਂ ਕੇ ਕਰਤਵਯ ਕਰਮ ਔਰ ਗੁਣ ਯੇ ਹੈਂ। ਬ੍ਰਾਹਮਣ ਕਾ ਪੜ੍ਹਨਾ, ਪੜ੍ਹਾਣਾ, ਯਗਯ ਕਰਨਾ ਕਰਾਨਾ, ਦਾਨ ਦੇਨਾ, ਲੇਨਾ ਯੇ ਛੇ ਕਰਮ ਹੈਂ। ਮਨ ਸੇ ਬੁਰੇ ਕਾਮ ਕੀ ਇੱਛਾ ਭੀ ਨ ਕਰਨੀ ਔਰ ਉਸਕੋ ਅਧਰਮ ਮੇਂ ਕਭੀ ਪ੍ਰਵਿਰਤ ਨ ਹੋਨੇ ਦੇਨਾ। ਸ੍ਰੋਤ੍ਰ ਔਰ ਚਕਸ਼ੂ ਆਦਿ ਇੰਦ੍ਰੀਓਂ ਕੋ ਅਨਯਾਇਚਰਣ ਸੇ ਰੋਕ ਕਰ ਧਰਮ ਮੇਂ ਚਲਾਨਾ। ਸਦਾ ਬ੍ਰਹਮਚਾਰੀ, ਜਿਤੇਂਦ੍ਰਿਯ ਹੋਕੇ ਧਰਮਾ-ਨੁਸ਼ਠਾਨ ਕਰਨਾ। ਜਲ ਸੇ ਬਾਹਰ ਕੇ ਅੰਗ, ਸਤਯਚਰਣ ਸੇ ਮਨ, ਵਿਦਯਾ ਔਰ ਧਰਮਾਨੁਸ਼ਠਾਨ ਸੇ ਜੀਵ ਆਤਮਾ ਔਰ ਗਿਆਨ ਸੇ ਬੁੱਧੀ ਪਵਿਤ੍ਰ ਹੋਤੀ ਹੈ। ਭੀਤਰ ਰਾਗਦ੍ਵੇਸ਼ ਆਦਿ ਦੋਸ਼ ਔਰ ਬਾਹਰ ਕੇ ਮਲੋਂ ਕੋ ਦੂਰ ਕਰ ਸ਼ੁਧ ਰਹਨਾ, ਅਰਥਾਤ ਸਤਯਾਸਤਯ ਕੇ ਬਿਵੇਕ ਪੂਰਵਕ, ਸਤਯ ਕੇ ਗ੍ਰਹਣ ਔਰ ਅਸਤਯ ਕੇ ਤਿਆਗ ਸੇ ਨਿਸ਼ਚੇ ਪਵਿਤ੍ਰ ਹੋਤਾ ਹੈ। ਨਿੰਦਾ, ਉਸਤੁਤਿ, ਸੁਖ, ਦੁਖ ਸ਼ੀਤੋਸ਼ਣ, ਖੁਧਾ ਤਿਰਿਖਾ, ਹਾਨੀ, ਲਾਭ, ਅਪਮਾਨ, ਆਦਿ ਹਰਸ਼: ਸੋਕ ਛੋੜਕੇ ਧਰਮ ਮੇਂ ਦ੍ਰਿੜ ਨਿਸ਼ਚੇ ਕਰਨਾ। ਕੋਮਲਤਾ ਨਿਰਭਿਮਾਨ, ਸਰਲਤਾ, ਸਰਲ ਭਾਵ ਰਖਨਾ, ਕੁਟਿਲਾਦਿ ਦੋਸ਼ ਛੋਡ ਦੇਨਾ, ਸਬ ਵੇਦਾਦਿ ਸ਼ਾਸਤ੍ਰੋਂ ਕੋ ਸਾਂਗੋਪਾਂਗ ਪੜ੍ਹਕੇ, ਪੜ੍ਹਾਨੇ ਸਾਮਰਥ ਬਿਵੇਕ ਸਤਯਾ ਕਾ ਨਿਰਣੈ ਜੋ ਵਸਤੂ ਜੈਸੀ ਹੋ ਅਰਥਾਤ ਜੜ੍ਹ ਕੋ ਜੜ੍ਹ ਚੇਤਨ ਕੋ ਚੇਤਨ ਜਾਨਨਾ ਔਰ ਮਾਨਨਾ।

ਪ੍ਰਿਥਵੀ ਸੇ ਲੈਕੇ ਪਰਮੇਸ਼ਵਰ ਪਰਯੰਤ ਪਦਾਰਥੋਂ ਕੋ ਬਿਸ਼ੇਸ਼ਤਾ ਸੇ ਜਾਨ ਕਰ ਉਨ ਸੇ ਯਥਾਸੰਯਗਯ ਉਪਯੋਗ ਲੇਨਾ। ਕਭੀ ਵੇਦ, ਈਸ਼ਵਰ ਮੁਕਤੀ, ਪਰਜਨਮ, ਧਰਮ ਵਿਦਯਾ, ਸਤਸੰਗ, ਮਾਤਾ ਪਿਤਾ ਆਚਾਰਯ ਔਰ ਅਤਿਥੀਉਂ ਕੀ ਸੇਵਾ ਕੋ

ਨ ਛੋੜਨਾ ਔਰ ਨਿੰਦਾ ਕਭੀ ਨ ਕਰਨਾ। ਯੇ ਪੰਦ੍ਰਹ ਕਰਮ ਔਰ ਗੁਣ ਬ੍ਰਾਹਮਣ ਵਰਣਸਥ ਮਨੁਸ਼ੋਂ ਮੇਂ ਅਵਸ਼ਯ ਹੋਨੇ ਚਾਹੀਏਂ। ਨਿਆਇ ਮੇ ਪਰਜਾ ਕੀ ਰਕਸ਼ਾ ਅਰਥਾਤ ਪਕਸ਼ਪਾਤ ਛੋੜਕੇ, ਸ੍ਰੇਸ਼ਟੋਂ ਕਾ ਸਤਕਾਰ ਔਰ ਦੁਸ਼ਟੋਂ ਕਾ ਤ੍ਰਿਸਕਾਰ ਕਰਨਾ ਸਬ ਪ੍ਰਕਾਰ ਸੇ ਸਬ ਕਾ ਪਾਲਨ, ਵਿਦਯਾ ਧਰਮ ਕੀ ਪ੍ਰਵਿਰਤੀ ਔਰ ਸੁਪਾਤ੍ਰ ਕੀ ਸੇਵਾ ਮੇਂ ਧਨਾਦਿ ਪਦਾਰਥੋਂ ਕਾ ਵੈ ਕਰਨਾ। ਅਗਨੀ ਹੋਤ੍ਰਾਦਿ ਯਗਯ ਕਰਨਾ ਵਾ ਕਰਾਨਾ। ਵੇਦਾਦਿ ਸ਼ਾਸਤ੍ਰ ਕਾ ਪੜ੍ਹਨਾ ਤਥਾ ਪੜ੍ਹਵਾਨਾ। ਵਿਸ਼ਯੋਂ ਮੇਂ ਫੰਸ ਕਰ ਜਿਤੇਂਦ੍ਰਿਯ ਰਹਕੇ ਸਦਾ ਸ਼ਰੀਰ ਔਰ ਆਤਮਾ ਸ਼ੇ ਬਲਵਾਨ ਰਹਨਾ। ਸੈਂਕੜੋਂ ਸਹਸਰੋਂ ਮੇਂ ਭੀ ਯੁੱਧ ਕਰਨੇ ਮੇਂ ਅਕੇਲਾ ਭੈ ਨ ਹੋਨਾ, ਸਦਾ ਤੇਜਸੀ ਅਰਥਾਤ ਦੀਨਤਾ ਰਹਿਤ, ਪ੍ਰਗਲਭ, ਦ੍ਰਿੜ ਰਹਨਾ। ਧੈਰਯਵਾਨ ਹੋਨਾ ਰਾਜਾ ਔਰ ਪਰਜਾ ਸੰਬੰਧੀ ਬਿਵਹਾਰ ਸਬ ਸ਼ਾਸਤ੍ਰੋਂ ਮੇਂ ਅਤਿ ਚਤੁਰ ਹੋਨਾ। ਯੁੱਧ ਮੇਂ ਭੀ ਦ੍ਰਿੜ, ਨਿਸ਼ੰਕ ਰਹਕੇ ਉਸ ਸ਼ੇ ਕਭੀ ਨ ਹਟਨਾ, ਨ ਭਾਗਨਾ, ਅਰਥਾਤ ਇਸ ਪ੍ਰਕਾਰ ਸੇ ਲੜਨਾ ਕਿ ਜਿਸ ਸੇ ਨਿਸ਼ਚਿਤ ਹੋਵੇ। ਆਪ ਬਚੇ, ਜੋ ਭਾਗਨੇ ਸੇ ਵਾ ਸ਼ਤਰਉਂ ਕੋ ਧੋਖਾ ਦੇਨੇ ਸ ਜੀਤ ਹੋਤੀ ਹੈ ਤੋ ਐਸਾ ਹੀ ਕਰਨਾ। ਦਾਨ ਸ਼ੀਲਤਾ ਰਖਣਾ। ਪਕਸ਼ਪਾਤ ਰਹਿਤ ਹੋਕੇ ਸਬ ਯਥਾਯੋਗ ਵਰਤਨਾ। ਵਿਚਾਰ ਕੇ ਦੇਨਾ, ਪ੍ਰਤਿਗਆ ਪੂਰੀ ਕਰਨਾ, ਉਸ ਕੋ ਕਭੀ ਭੰਗ ਨ ਹੋਨੇ ਦੇਨਾ। ਯੇ ਗਯਾਰਹ ਕਸ਼ਤੀਯ ਵਰਣ ਕੇ ਕਰਮ ਔਰ ਗੁਣ ਹੈਂ।

ਗਾਇ ਆਦੀ ਪਸੂਉਂ ਕਾ ਪਾਲਨ, ਵਰਧਨ ਕਰਨਾ। ਵਿਦਯਾ, ਧਰਮ ਕੀ ਬ੍ਰਿਧੀ ਕਰਨੇ ਕਰਾਨੇ ਕੇ ਲੀਏ ਧਨਾਦਿ ਕਾ ਵਿਯਯ ਕਰਨਾ। ਅਗਨੀ ਹੋਤ੍ਰਾਦਿ ਯਗਯੋਂ ਕਾ ਕਰਨਾ। ਵੇਦਾਦਿ ਸਾਸਤਰੋਂ ਕਾ ਪੜ੍ਹਨਾ। ਸਬ ਪ੍ਰਕਾਰ ਕੇ ਬਿਆਪਾਰ ਕਰਨਾ। ਏਕ ਸੈਂਕੜੇ ਮੇਂ ਚਾਰ, ਛ, ਆਠ, ਬਾਰਹ, ਸੋਲਹ, ਵਾ ਬੀਸ ਆਨੇ ਸੇ ਅਧਿਕ ਬਿਆਜ ਔਰ ਮੂਲ ਸੇ ਦਨਾ ਅਰਥਾਤ ਏਕ ਰੁਪਿਆ ਦੀਆ ਹੋ, ਤੇ ਸੌ ਵਰਸ਼ ਮੇਂ ਭੀ ਦੋ ਰੁਪਏ ਸੇ ਅਧਿਕ ਨ ਲੇਨਾ ਔਰ ਦੇਨਾ। ਖੇਤੀ ਕਰਨਾ। ਯੇ ਵੈਸ਼ ਕੇ ਗੁਣ ਕਰਮ ਹੈਂ। ਕੋ ਯੋਗਯ ਹੈ, ਕਿ ਨਿੰਦਾ ਈਰਸ਼ਾ ਅਭਿਮਾਨ ਆਦਿ ਦੋਸ਼ੋਂ ਕੇ ਛੋੜਕੇ ਬ੍ਰਾਹਮਣ ਕਸ਼ਤ੍ਰੀਯ ਔਰ ਵੈਸ਼ ਕੀ ਸੇਵਾ ਕਰੇ ਔਰ ਉਸੀ ਸੇ ਅਪਨਾ ਜੀਵਨ ਕਰੇ। ਯਹੀ ਏਕ ਸੂਦ ਕਾ ਗੁਣ ਕਰਮ ਹੈ। ਯੇ ਸੰਖੇਪ ਸੇ ਵਰਣੋਂ ਕੇ ਗੁਣ ਔਰ ਕਰਮ ਲਿਖੇ। ਜਿਸ ਜਿਸ ਪੁਰਸ਼ ਮੇਂ ਜਿਸ ਜਿਸ ਵਰਣ ਕੇ ਗੁਣ ਕਰਮ ਹੋਂ, ਉਸ ਵਰਣ ਕਾ ਅਧਿਕਾਰ ਦੇਨਾ। ਐਸੀ ਬਿਵਸਥਾ ਰਖਨੇ ਸੇ ਸਬ ਮਨਸ ਉੱਨਤਸੀਲ

ਹੋਤੇ ਹੈਂ ਕਿਉਂ ਕਿ ਉੱਤਮ ਵਰਣੋਂ ਕੇ ਭੈਂ ਹੋਗਾ। ਕਿ ਜੋ ਹਮਾਰੇ ਸੰਤਾਨ ਮੂਰਖਤ ਇ ਦੋਸ਼ ਯੁਕਤ ਹੋਂਗੇ ਤੋ ਸ਼ੂਦ੍ਰ ਹੋ ਜਾਏਂਗੇ ਔਰ ਸੰਤਾਨ ਭੀ ਡਰਤੇ ਰਹੇਂਗੇ। ਕਿ ਜੋ ਹਮ ਉਕਤ ਚਾਲ ਚਲਨ ਔਰ ਵਿਦਿਆ ਯੁਕਤ ਨ ਹੋਂਗੇ ਤੋ ਸ਼ੂਦ੍ਰ ਹੋਨਾ ਪੜੇਗਾ ਔਰ ਨੀਚ ਵਰਣੋਂ ਉੱਤਮ ਵਰਣਸਥ ਹੋਕੇ ਲੀਏ ਉਤਸਾਹ ਬਨੇਗਾ।

ਇਹ ਹੈ ਰਿਸ਼ੀ ਦਯਾਨੰਦ ਜੀ ਕਾ ਲੇਖ ਜਿਸ ਤੋਂ ਸਿੱਧ ਹੁੰਦਾ ਹੈ ਕਿ ਵਰਣ ਚਾਰ ਹੀ ਹਨ, ਤੇ ਉਹ ਵਰਣ ਭੀ ਜਨਮ ਤੋਂ ਹਨ ਬਲਕਿ ਗੁਣ, ਕਰਮ ਦੇ ਬਮੂਜਬ ਹੀ ਹੁੰਦੇ ਹਨ। ਅੱਗੇ ਸ੍ਰੀ ਗੁਰੂ ਗ੍ਰੰਥ ਜੀ ਭੀ ਉਸੇ ਤਰ੍ਹਾਂ ਮੰਨਦੇ ਹਨ ਜਿਸ ਤਰਾਂ ਰਿਸ਼ੀ ਨੇ ਦਸਿਆ ਹੈ—

ਖਤ੍ਰੀ ਬ੍ਰਾਹਮਣੁ ਸੂਦੁ ਕਿ ਵੈਧ। ਨਿਰਤਿਨ ਪਾਈਆਂ ਗਣੀ ਸਹੰਸੁ।

ਰਾਮਕਲੀ ਮ: ੧ ਸ਼ਬਦ ੭

ਖਤ੍ਰੀ ਬ੍ਰਾਹਮਣੁ ਸੂਦੁ ਵੈਸੁ ਕੋ ਜਾਪੈ ਹਰਿ ਮੰਤ੍ਰੁ ਜਪੈਨੀ।

ਬਿਲਾਵਲ ਮ: ੪ ਸ਼ਬਦ ੫

ਖਤ੍ਰੀ ਬ੍ਰਾਹਮਣ ਸੂਦ ਵੈਸ ਸਭ ਏਕ ਨਾਮ ਤਰਾਨਥ।
ਗੁਰੂ ਨਾਨਕ ਉਪਦੇਸੁ ਕਹਤ ਹੈ ਜੋ ਸੁਨੈ ਸੋ ਪਰਾਨਥ।

ਮਾਰੂ ਮ: ੫ ਸ਼ਬਦ ੧੦

ਖਤ੍ਰੀ ਬ੍ਰਾਹਮਣ ਸੂਦ ਬੈਸ਼ੁ ਉਧਰੈ ਸਿਮਰਿ ਚੰਡਾਲ।
ਜਿਨਿ ਜਾਨਿਉ ਪ੍ਰਭੁ ਅਪਨਾ ਨਾਨਕ ਤਿਸਹਿ ਰਵਾਲੁ।

ਗਉੜੀ ਥਿਤਿ ਮ: ੫ ਸ਼ਬਦ ੧੭

ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸ਼ ਚਹੁ ਵਰਨਾ ਕਉ ਸਾਝਾ।
ਗੁਰਮੁਖਿ ਨਾਮ ਜਪੈ ਉਧਰੈ ਸੋ ਕਲਿ ਮਹਿ ਘਟ ਘਟ ਨਾਨਕ ਮਾਝਾ।

ਸੂਹੀ ਮ: ੫ ਸ਼ਬਦ ੫੦

ਸੋ ਬ੍ਰਾਹਮਣੁ ਜੋ ਬਿੰਦੇ ਬ੍ਰਹਮ। ਜਪੁ ਤਪੁ ਸੰਜਮੁ ਕਰਾਵੈ ਕਰਮੁ।
ਸੀਲ ਸੰਤੋਖ ਕਾ ਰਖੈ ਧਰਮੁ। ਬੰਧਨ ਤੋੜੈ ਹੋਵੈ ਮੁਕਤੁ। ਸੋਈ ਬ੍ਰਾਹਮਣੁ ਪੂਜਣ ਜੁਗਤੁ।

(ਸਲੋਕ ਵਾਰਾ ਤੇ ਵਧੀਕ ੪ ਸਲੋਕ ੧੫)

ਸੋ ਬ੍ਰਹਮਣ ਜੋ ਬ੍ਰਹਮ ਬੀਚਾਰੈ। ਆਪ ਤਰੈ ਸਗਲੇ ਕੁਲ ਤਾਰੈ।

ਧਨਾਸਰੀ ਮ: ੧ ਸ਼ਬਦ ੭

ਸੋ ਬ੍ਰਾਹਮਣ ਬ੍ਰਹਮ ਜੋ ਬਿੰਦੇ, ਹਰਿ ਸੇਤੀ ਰੰਗਿ ਰਾਤਾ।
ਪ੍ਰਭੁ ਨਿਕਟਿ ਵਸੈ ਸਭਨਾ ਘਟ ਅੰਤਰਿ ਗੁਰਮੁਖਿ ਜਾਤਾ।
ਨਾਨਕ ਨਾਮੁ ਮਿਲੈ ਵਡਿਆਈ ਗੁਰ ਕੈ ਸ਼ਬਦਿ ਪਛਾਤਾ।

(ਸਿਰੀ ਰਾਗ ਮ: ੩ ਅਸ਼ਟਪਦੀਆ ੫)

ਬ੍ਰਹਮੁ ਬਿੰਦਹਿ ਤੇ ਬਾਹਮਣਾ ਜੇ ਚਲਹਿ ਸਤਿਗੁਰ ਭਾਇ।
ਜਿਨਕੇ ਹਿਰਦੈ ਹਰਿ ਵਸੈ ਹਉਮੈ ਰੋਗੁ ਗਵਾਇ।
ਗੁਣ ਰਵਹਿ ਗੁਣ ਸੰਗ੍ਰਹਿ ਜੋਤੀ ਜੋਤਿ ਮਿਲਾਇ।
ਇਸ ਜੁਗ ਮਹਿ ਵਿਰਲੇ ਬ੍ਰਾਹਮਣ, ਬ੍ਰਹਮ ਬਿੰਦਹਿ ਚਿਤ ਲਾਇ।
ਨਾਨਕ ਜਿਨ ਕਉ ਨਦਰਿ ਕਰੇ ਹਰਿ ਸਚਾ, ਸੇ ਨਾਲਿ ਰਹੇ ਲਿਵ ਲਾਇ।

(ਬਿਲਾਵਲ ਵਾਰ ਮ: ੩ ਸ਼ਬਦ ੩)

ਮਨ ਕੀ ਪ੍ਰਤੀ ਵਾਚਈ ਸੁਖੀ ਹੂ ਸੁਖੁ ਸਾਰੁ। ਸੋ ਬ੍ਰਹਮਣੁ ਭਲ ਆਖੀਏ ਜਿ ਸੁਣੈ ਬ੍ਰਹਮ ਬੀਚਾਰੁ।
ਹਰਿ ਸਾਲਾਹੇ ਹਰਿ ਪੜੇ ਗੁਰ ਕੇ ਸ਼ਬਦ ਵੀਚਾਰਿ। ਆਇਆ ਉਹ ਪਰਵਾਣ ਹੈ ਜਿ ਕੁਲ ਕਾ ਉਧਾਰੁ।
ਅਗੈ ਜਾਤਿ ਨ ਪੁਛੀਐ ਕਰਣੀ ਸ਼ਬਦ ਹੈ ਸਾਰੁ।

(ਮਾਰੂ ਵਾਰ ਮ: ੩ ਸ਼ਬਦ ੨੨)

ਸੋ ਪੰਡਿਤੁ ਜੋ ਮਨ ਪਰਬੋਧੈ। ਰਾਮ ਨਾਮ ਆਤਮ ਮਹਿ ਸੋਧੈ।
ਰਾਮ ਨਾਮ ਸਾਰ ਰਸ ਪੀਵੈ। ਉਸ ਪੰਡਿਤ ਕੇ ਉਪਦੇਸਿ ਜਗ ਜੀਵੈ।
ਹਰਿ ਕੀ ਕਥਾ ਹਿਰਦੈ ਬਸਾਵੈ। ਸੋ ਪੰਡਿਤ ਫਿਰ ਜੋਨਿ ਨ ਆਵੈ।
ਬੇਦ ਪੁਰਾਨ ਸਿੰਮ੍ਰਿਤਿ ਬੂਝੈ ਮੂਲ। ਸੂਖਮ ਮਹਿ ਜਾਨੈ ਅਸਥੂਲ।
ਚਹੁ ਵਰਨਾ ਕਉ ਦੇ ਉਪਦੇਸੁ। ਨਾਨਕ ਉਸ ਪੰਡਿਤ ਕਉ ਸਦਾ ਅਦੇਸੁ।
ਬੀਜ ਮੰਤ੍ਰ ਸ਼ਰਬ ਕੋ ਗਿਆਨ। ਚਹੁ ਵਰਨਾ ਮਹਿ ਜਪੈ ਕੋਉ ਨਾਮੁ।
ਜੋ ਜਪੈ ਤਿਸ ਕੀ ਗਤਿ ਹੋਇ। ਸਾਧ ਸੰਗਿ ਪਾਵੈ ਜਨ ਕੋਇ।

(ਗਉੜੀ ਸੁਖਮਨੀ ਮ: ੧ ਸ਼ਬਦ ੨)

ਜਾਤਿ ਕਾ ਗਰਬ ਨ ਕਰੀਅਹੁ ਕੋਈ। ਬ੍ਰਹਮ ਬਿੰਦ ਸੋ ਬ੍ਰਾਹਮਣੁ ਹੋਈ।੧।
ਜਾਤਿ ਕਾ ਗਰਬੁ ਨ ਕਰ ਮੂਰਖ ਗਵਾਰਾ। ਇਸ ਗਰਬੁ ਤੇ ਚਲਹਿ ਬਹੁਤ ਵਿਕਾਰਾ। ਰਹਾਉ।

ਚਾਰੇ ਵਰਨ ਆਖੈ ਸਭ ਕੋਈ। ਬ੍ਰਹਮ ਬਿੰਦ ਤੇ ਸਭ ਉਪਤਿ ਹੋਈ।
ਮਾਟੀ ਏਕ ਸਗਲ ਸੰਸਾਰਾ। ਬਹੁ ਬਿਧਿ ਭਾਂਡੇ ਘੜੈ ਕੁਮਾਰਾ।
ਪੰਚ ਤਤੁ ਮਿਲ ਦੇਹੀ ਕਾ ਅਕਾਰਾ। ਘਟਿ ਵਧਿ ਕੋ ਕਰੈ ਵੀਚਾਰੁ।
ਕਹੁ ਨਾਨਕ ਇਹੁ ਜੀਉ ਕਰਮਬੰਧ ਹੋਈ। ਬਿਨੁ ਸਤਿਗੁਰੂ ਭੇਟੇ ਮੁਕਤਿ ਨ ਹੋਈ। (ਭੈਰਉ ਮ: ੩ ਸ਼ਬਦ ੧)

ਬ੍ਰਹਮਣ ਸੰਗਿ ਉਧਰਣੋ। ਬ੍ਰਹਮ ਕਰਮ ਜਿ ਪੂਰਣਹ।
(ਸਹਸਕ੍ਰਿਤਿ ਸਲੋਕ ਮ: ੫ ਸਲੋਕ ੫)

ਗਰਭ ਵਾਸ ਮਹਿ ਕੁਲੁ ਨਹੀਂ ਜਾਤੀ। ਬ੍ਰਹਮ ਬਿੰਦ ਤੇ ਸਭ ਉਤਪਾਤੀ।੧।
ਕਹੁਰੇ ਪੰਡਿਤ ਬਾਮਨ ਕਬਕੇ ਹੋਏ। ਬਾਮਨ ਕਹਿ ਕਹਿ ਜਨਮੁ ਮਤਿ ਖੋਏ।
।੧। ਰਹਾਉ।
ਜੌ ਤੂੰ ਬ੍ਰਾਹਮਣ ਬ੍ਰਹਮਣੀ ਜਾਇਆ। ਤਉ ਆਨ ਬਾਟ ਕਾਹੇ ਨਹੀਂ ਆਇਆ।੨।
ਤੁਮ ਕਤ ਬ੍ਰਾਹਮਣ ਹਮ ਕਤ ਸੂਦ। ਹਮ ਕਤ ਲੋਹੂ ਤੁਮ ਕਤ ਦੂਧ।੩।
ਕਹੁ ਕਬੀਰ ਜੋ ਬ੍ਰਹਮੁ ਬੀਚਾਰੈ। ਸੋ ਬ੍ਰਾਹਮਣ ਕਹੀਅਤਿ ਹਰਿ ਹਮਾਰੈ।੪। (ਗਉੜੀ ਕਬੀਰ ਜੀ ਸ਼ਬਦ ੭)

ਖਤ੍ਰੀ ਸੋ ਜੁ ਕਰਮਾ ਕਾ ਸੂਰੁ। ਪੁੰਨ ਦਾਨ ਦਾ ਕਰੇ ਸਰੀਰੁ।
ਖੇਤ ਪਛਾਣੈ ਬੀਜੈ ਦਾਨੁ। ਸੋ ਖਤ੍ਰੀ ਦਰਗਾਹ ਪਰਵਾਨ।
ਲਬੁ ਲੋਭੁ ਜੇ ਕੂੜ ਕਮਾਵੈ। ਅਪਣਾ ਕੀਤਾ ਆਪੈ ਪਾਵੈ।
(ਸਲੋਕ ਵਾਰਾਂ ਤੇ ਵਧੀਕ ਮ: ੧ ਸਲੋਕ ੧੭)

ਉੱਪਰ ਲਿਖੇ ਸਾਰੇ ਪ੍ਰਮਾਣ ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਜੀ ਦੇ ਹੀ ਪਾਠ ਹਨ। ਇਨਾਂ ਵਿਚ ਬ੍ਰਾਹਮਣ ਤੇ ਖਤ੍ਰੀਆਂ ਦਾ ਵਰਨਣ ਕੀਤਾ ਹੋਇਆ ਹੈ ਉਹ ਭੀ ਗੁਣ ਕਰਮਾਨੁਸਾਰ ਹੈ। ਜਨਮ ਤੋਂ ਨਹੀਂ ਮੰਨਿਆ। ਵੈਸ ਤੇ ਸੂਦ੍ਰ ਦਾ ਲੇਖ ਮੈਨੂੰ ਨਹੀਂ ਲਭਿਆ ਹੋਰ ਕੋਈ ਗੁਣੀ ਗਿਆਨੀ ਦੱਸਣ ਦੀ ਕ੍ਰਿਪਾ ਕਰਨ। ਅਗੇ ਸਿੱਖਾਂ ਦੇ ਵਿਦਵਾਨ ਆਗੂਆਂ ਦੇ ਪ੍ਰਮਾਣ ਲਿਖਦ ਹਾਂ।

ਮਨੁਖਪਣੇ ਸੇ ਸਬ ਮਨੁਖਯਨ ਕੇ ਬ੍ਰਾਹਮਣਾਦਿ ਚਾਰ ਬਿਭਾਗ ਈਸ਼ਵਰ ਨੇ **ਸਤੋ,** ਰਜੋ ਤਮੋਂ ਗੁਣੋਂ ਕੇ ਔਰ **ਸਮ** ਦਮਆਦਿਕ ਕਰਮੋਂ ਕੇ ਅਨੁਸਾਰ ਰਚੇ ਹੈਂ।

ਤਥਾਹਿ—ਜਿਸ ਮੇਂ ਸਤੋ ਗੁਣ ਮੁਖਯ ਵਹੁ ਬ੍ਰਾਹਮਣ। ਜਿਸ ਮੇਂ ਰਜ ਗੁਣ ਮੁਖਯ ਸਤੋਗਣ ਗੌਣ ਵਹ ਖਤ੍ਰੀ। ਜਿਸ ਮੇਂ ਰਜੋ ਗੁਣ ਮੁਖਯ ਤਮੋਗੁਣ ਗੌਣ ਵਹ ਬੈਸ਼ਯ। ਜਿਸ ਮੇਂ ਤਮੋਗੁਣ ਮੁਖਯ ਰਜੋਗੁਣ ਗੌਣ ਵਹ ਸ਼ੂਦ੍ਰ। ਯਹ ਚਾਰੋਂ ਮੇਂ ਗੁਣੋਂ ਕਾ ਬਿਭਾਗ ਹੈ।

ਤਥਾ ਜਿਸ ਮੇਂ ਸਮ, ਦਮ, ਤਪ, ਸੌਚ, ਖਿਮਾ, ਰਿਜੁਤਾ. ਗਯਾਨ, ਵਿਗਯਾਨ, ਆਸਿਤਕਪਣਾ ਵਹ ਬ੍ਰਾਹਮਣ। ਜਿਸ ਮੇਂ ਸੂਰਬੀਰਤਾ ਤੇਜ, ਧੈਰਯ, ਦੇਖਤਾ ਯੁੱਧ ਮੇਂ ਸਨਮੁਖ ਜਾਨਾ, ਦਾਨ ਦੇਨਾ, ਕਾਮੋਂ ਮੇਂ ਪੁਰਖੋਂ ਕੋ ਪ੍ਰੇਰਨਾ ਵਹ ਖਤ੍ਰੀ। ਜਿਸ ਮੇਂ ਖੇਤੀ ਕਰਨਾ, ਪਸ਼ੂ ਪਾਲਨਾ, ਖਰੀਦਨਾ, ਬੇਚਨਾ ਕਰਮ ਵਹੁ ਬੈਸ਼ਯ, ਜਿਸਮੇਂ ਤੀਨੋਂ ਵਰਣੋਂ ਕੀ ਸੇਵਾ ਵਹ ਸ਼ੂਦ੍ਰ। ਯਹ ਚਾਰੋਂ ਕੇ ਕਰਮੋਂ ਕੇ ਬਿਭਾਗ ਹੈਂ। ਇਸ ਪ੍ਰਕਾਰ ਮਨੁਖਯਪਨੇ ਸੇ ਸਬ ਸਮ ਮਨੁਖਯਨ ਕਾ ਇਨ ਗੁਣ ਕਰਮੋਂ ਕੇ ਅਨੁਸਾਰ ਬ੍ਰਾਹਮਣਾਦਿ ਬਿਭਾਗ ਹੈ। ਬ੍ਰਾਹਮਣ ਬ੍ਰਾਹਮਣੀ ਆਦਿਕੋਂ ਸੇ ਜਨਮੇ ਸੋ ਬ੍ਰਾਹਮਣਾਦਿਕ ਐਸੇ ਮਾਤਾ ਪਿਤਾ ਰਪ ਖੇਤ ਬੀਜ ਸੇ ਨਹੀਂ।"

(ਗੁਰਮਤ ਨਿਰਣਯ ਸਾਗਰ ਪੰਨਾ ੪੪੧-੨।)

ਇਹ ਪੁਸਤਕ ਪੰਡਿਤ ਤਾਰਾ ਸਿੰਘ ਜੀ ਨੇ ਲਿਖਿਆ ਹੈ। ਇਸ ਮੇਂ ਪੰਨੇ ੪੨੨—੪੫੦ ਤਕ ਚਾਰ ਵਰਣ ਅਤੇ ਉਹਨਾਂ ਦੇ ਅਧਿਕਾਰ 'ਤੇ ਵਿਚਾਰ ਕੀਤਾ ਹੈ ਜਿਸਨੂੰ ਬਹੁਤਾ ਦੇਖਣ ਦੀ ਚਾਹ ਹੋਵੇ ਉਹ ਉਥੇ ਦੇਖ ਲਵੇ।

"ਸਿਖ ਧਰਮ ਵਿਚ ਜਾਤੀ ਕੇਵਲ ਕਰਮਾਨੁਸਾਰ ਹੈ। ਜਨਮਨਾਲ ਇਸਦਾ ਸੰਬੰਧ ਨਹੀਂ। ਵਿਦਵਾਨ, ਗਿਆਨੀ ਬ੍ਰਾਹਮਣ, ਸੂਰਬੀਰ ਸ਼ਸਤਧਾਰ ਛਤ੍ਰੀ, ਵਪਾਰੀ ਵ ਕ੍ਰਿਸਾਣ ਵੈਸ਼ਯ, ਔਰ ਟਹਿਲ ਮਦੂਰੀ ਨਾਲ ਉਪਜੀਵਕਾ ਕਰਨ ਵਾਲਾ ਸ਼ੂਦ੍ਰ ਹੈ। ਜੋ ਸੇਵਕ ਵਿਦਵਾਨ ਹੋਕੇ ਉਪਦੇਸ਼ ਕਰਦਾ ਹੈ ਤਾਂ ਉਹੀ ਬ੍ਰਾਹਮਣ ਹੈ ਔਰ ਸ਼ਸਤ੍ਰਧਾਰੀ ਕ੍ਰਿਸਾਣ ਛਤ੍ਰੀ ਪਦ ਨਾਲ ਬੁਲਾਇਆ ਜਾਂਦਾ ਹੈ।

(ਗੁਰਮਤ ਪ੍ਰਭਾਕਰ ਪੰਨਾ ੪੦੪)।

ਇਹ ਪੁਸਤਕ ਭਾਈ ਕਾਹਨ ਸਿੰਘ ਜੀ ਨਾਭਾ ਨਿਵਾਸੀ ਦੀ ਲਿਖੀ ਹੋਈ ਹੈ।

ਵਰਣ ਬਿਵਸਥਾ ਵਿਚ ਗੁਰੂ ਜੀ ਤੇ ਸਿਖ ਲਿਖਾਰੀ ਉਹੀ ਗੱਲਾਂ ਤੇ ਸਿਧਾਂਤ ਲਿਖਦੇ ਹਨ ਜਿਹੜਾ ਆਰਿਆ ਸਮਾਜ ਮੰਨਦਾ ਤੇ ਦੱਸਦਾ ਹੈ।

———

# ੧੫ ਤੀਰਥ

ਅੱਜ ਕੱਲ੍ਹ ਅਨੇਕ ਤੀਰਥ ਮੰਨੇ ਜਾਂਦੇ ਹਨ। ਕੋਈ ਕਿਤੇ ਜਾਕੇ ਨਹਾਉਣ ਨੂੰ, ਕੋਈ ਕਿਸੇ ਥਾਂ ਜਾਕੇ ਦਰਸ਼ਨ ਕਰਨ ਨੂੰ, ਕੋਈ ਕਿਸੇ ਥਾਂ ਜਾਕੇ ਮਿੱਟੀ ਕੱਢਣ ਨੂੰ ਅਤੇ ਕੋਈ ਕਿਸੇ ਦੀ ਪਰਕਰਮਾ ਕਰਨ ਨੂੰ ਤੀਰਥ ਮੰਨਦਾ ਹੈ। ਰਿਸ਼ੀ ਦਯਾਨੰਦ ਜੀ ਇਨ੍ਹਾਂ ਵਿਚੋਂ ਕਿਸੇ ਨੂੰ ਵੀ ਤੀਰਥ ਨਹੀਂ ਲਿਖਦੇ।

ਸਤਯਾਰਥ ਪ੍ਰਕਾਸ਼ ਦੇ ਗਯਾਰਵੇਂ ਸਮੁਲਾਸ ਵਿਚ ਉਨ੍ਹਾਂ ਨੇ ਲਿਖਿਆ ਹੈ—

ਪ੍ਰਸ਼ਨ – ਕੋਈ ਤੀਰਥ ਨਾਮਸਮਰਣ ਸਤਯ ਹੈ ਵਾ ਨਹੀਂ ?

ਉੱਤਰ—ਹੈ। ਵੇਦਾਦਿਸਤਯ ਸ਼ਾਸਤ੍ਰੋਂ ਕਾ ਪੜ੍ਹਨਾ ਪੜ੍ਹਾਨਾ। ਧਾਰਮਿਕ ਵਿਦਵਾਨੋਂ ਕਾ ਸੰਗ, ਪਰੋਪਕਾਰ, ਧਰਮਾਨੁਸ਼ਠਾਨ, ਯੋਗਾਭਯਾਸ, ਨਿਰਵੈਰ, ਨਿਸ਼ਕਪਟ, ਸਤਯਾਭਾਸ਼ਣ, ਸਤਯ ਕਾ ਮਾਨਨਾ, ਸਤਯ ਕਰਨਾ, ਬ੍ਰਹਮਚਰਯ, ਆਚਾਰਯ, ਅਤਿਥਿ, ਮਾਤਾ, ਪਿਤਾ ਕੀ ਸੇਵਾ, ਪਰਮੇਸ਼ਵਰ ਕੀ ਸਤੁਤਿ, ਪ੍ਰਾਰਥਨਾ, ਉਪਾਸਨਾ, ਸ਼ਾਂਤਿ, ਜਿਤੇਂਦ੍ਰਿਯਤਾ, ਸੁਸ਼ੀਲਤਾ, ਧਰਮ ਯੁਕਤ, ਪੁਰਸ਼ਾਰਥ ਗਿਆਨ, ਵਿਗਿਆਨ ਆਦਿ ਸ਼ੁਭ ਗੁਣ ਕਰਮ ਦੁਖੋਂ ਸੇ ਤਰਾਨੇ ਵਾਲੇ ਹੋਨੇ ਸੇ ਤੀਰਥ ਹੈਂ। ਔਰ ਜੋ ਜਲ, ਸਥਲਮਯ ਹੈਂ, ਵੇ ਤੀਰਥ ਕਭੀ ਨਹੀਂ ਹੋ ਸਕਤੇ, ਕਿਉਂਕਿ ਮਨੁਸ਼ ਜਿਨ ਕਰਕੇ ਦੁਖੋਂ ਸੇ ਤਰੇਂ ਉਨ ਕਾ ਨਾਮ ਤੀਰਥ ਹੈ। ਜਲ ਸਥਲ ਤਰਾਨੇ ਵਾਲੇ ਨਹੀਂ ਕਿੰਤੂ ਡੁਬਾ ਕਰ ਮਾਰਨੇ ਵਾਲੇ ਹੈਂ।

(ਸਤਯਾਰਥ ਪ੍ਰਕਾਸ਼ ਸਮੁਲਾਸ ੧੧ ਪੰਨਾ ੨੦੭)

ਰਿਸ਼ੀ ਜੀ ਨੇ ਸ੍ਵਮੰਤਵ ਪ੍ਰਕਾਸ਼ 'ਚ ਲਿਖਿਆ ਹੈ :—

"ਤੀਰਥ। ਜਿਸ ਸੇ ਦੁਖ ਸਾਗਰ ਸੇ ਪਾਰ ਉਤਰੇ, ਕਿ ਜੋ ਸਤਯਭਾਸ਼ਣ ਵਿਦਯਾ, ਸਤਸੰਗ, ਯਮਾਦਿ, ਯੋਗਾਭਯਾਸ, ਪੁਰਸਾਰਥ, ਵਿਦਿਆ ਦਾਨ ਆਦਿ ਸ਼ੁਭ ਕਰਮ ਹੈਂ ਉਨਹੀ ਕੋ ਤੀਰਥ ਸਮਝਤਾ ਹੂੰ। ਇਤਰ ਜਲ ਸਥਲਾਦਿ ਕੋ ਨਹੀਂ। ਆਰਿਆ ਉਦੇਸ਼ ਰਤਨ ਮਾਲਾ ਵਿਚ ਤੀਰਥ ਇਉਂ ਦਸਿਆ ਹੈ—

ਤੀਰਥ—ਜਿਤਨੇ ਵਿਦਯਾਭਯਾਸ, ਸੁਵਿਚਾਰ, ਈਸ਼ਵਰੋਪਾਸਨਾ, ਧਰਮਾਨੁਸ਼ਠਾਨ, ਸਤਯ ਕਾ ਸੰਗ, ਬ੍ਰਹਮਚਰਯ, ਜਿਤੇਂਦ੍ਰਿਯਤਾਦਿ ਉੱਤਮ ਕਰਮ ਹੈਂ ਵੇ ਸਬ ਤੀਰਥ ਕਹਾਤੇ ਹੈਂ, ਕਿਉਂਕਿ ਇਨ ਕਰਕੇ ਜੀਵ ਦੁਖ ਸਾਗਰ ਸੇ ਤਰ ਸਕਤੇ ਹੈਂ।"

ਅੱਗੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਲਿਖਦੇ ਹਾਂ ਤਾਂ ਜੋ ਇਹ ਜਾ ਸਕੇ ਕਿ ਗੁਰੂ ਜੀ ਮਹਾਰਾਜ ਤੀਰਥ ਕਿਹੋ ਜਿਹਾ ਮੰਨਦੇ ਸਨ—

ਜਤੁ ਸਤੁ ਤੀਰਥ ਮਜਨੁ ਨਾਮਿ । ਅਧਿਕ ਵਿਚਾਰ ਕਰਉ ਕਿਸ ਕਾਮਿ ।
ਨਰ ਨਾਰਾਇਣ ਅੰਤਰਜਾਮਿ । (ਗਉੜੀ ਮਹਲਾ ੧ ਸ਼ਬਦ ੮)
ਗੰਗ ਬਨਰਸਿ ਸਿਫਤਿ ਤੁਮਾਰੀ ਨਾਵੈ ਆਤਮ ਰਾਉ ।
ਸਚਾ ਨਾਵਣ ਤਾ ਥੀਐ ਜਾਂ ਅਹਿਨਿਸਿ ਲਾਗੈ ਭਾਉ ।
(ਆਸਾ ਮਹਲਾ ੧ ਸ਼ਬਦ ੩੨)

ਗੁਰੁ ਸਾਗਰੋ ਰਤਨਾਗਰੁ ਤਿਤੁ ਰਤਨ ਘਣੇਰੇ ਰਾਮ ।
ਕਰਿ ਮਜਨੋ ਸਪਤਸਰੇ ਮਨ ਨਿਰਮਲ ਮੇਰੇ ਰਾਮ ।
ਨਿਰਮਲ ਜਲ ਨਾਇ ਜਾਂ ਪ੍ਰਭੁ ਭਾਏ, ਪੰਚ ਮਿਲੇ ਵੀਚਾਰੇ ।
ਕਾਮ ਕਰੋਧ ਕਪਟ ਬਿਖਿਆ ਤਜਿ ਸਚੁ ਨਾਮੁ ਉਰ ਧਾਰੇ ।
ਹਉਮੈ ਲੋਭ ਲਹਰਿ ਲਬ ਥਾਕੇ ਪਾਏ ਦੀਨ ਦਇਆਲਾ ।
ਨਾਨਕ ਗੁਰ ਸਮਾਨਿ ਤੀਰਥ ਨਹੀਂ ਕੋਈ ਸਾਚੇ ਗੁਰ ਗਪਾਲਾ ।
ਤੀਰਥਿ ਨਾਵਣ ਸਾਉ ਤੀਰਥੁ ਨਾਮੁ ਹੈ ।
ਤੀਰਥ ਸ਼ਬਦ ਬੀਚਾਰੁ ਅੰਤਰ ਗਿਆਨ ਹੈ ।
ਗੁਰਗਿਆਨ ਸਾਚਾ ਥਾਨੁ ਤੀਰਥੁ ਦਸ ਪੁਰਬ ਸਦਾ ਦਸਾਹਰਾ ।
ਹਉ ਨਾਮੁ ਹਰਿ ਕਾ ਸਦਾ ਜਾਂਚਉ ਦੇਹੁ ਪ੍ਰਭੁ ਧਰਣੀ ਧਰਾ ।
ਸੰਸਾਰ ਰੋਗੀ ਨਾਮੁ ਦਾਰੂ ਮੈਲੁ ਲਾਗੈ ਸੱਚ ਬਿਨਾ ।
ਗੁਰਵਾਕ ਨਿਰਮਲੁ ਸਦਾ ਚਾਨਣੁ ਨਿਤ ਸਾਚੇ ਤੀਰਥ ਮਜਨਾ ।
(ਧਨਾਸਰੀ ਮ: ੧ ਛੰਤ ਸ਼ਬਦ ੧)

ਸਚੁ ਵਰਤ ਸੰਤੋਖੁ ਤੀਰਥੁ ਗਿਆਨੁ ਧਿਆਨੁ ਇਸਨਾਨੁ।
(ਸਾਰੰਗ ਵਾਰਗ ਮ: ੧ ਸ਼ਬਦ ੨੧)

ਤੀਰਥੁ ਧਰਮ ਵੀਚਾਰ ਨਾਵਣ ਪੁਰ ਖਾਣਿਆ ।
ਤੁਮਸਰਿ ਅਵਰ ਨ ਕੋਇ ਕਿਆ ਆਖਿ ਵਖਾਣਿਆ ।
(ਮਲਾਰ ਵਾਰ ਮਹਲਾ ੧ ਸ਼ਬਦ ੨੧)

ਜ਼ਾ ਪੰਚ ਰਾਸੀ ਤਾ ਤੀਰਥ ਵਾਸੀ । (ਆਸਾ ਮਹੱਲਾ ੧ ਸ਼ਬਦ ੨)

ਹਉ ਸਤਿਗੁਰੁ ਸੇਵੀ ਆਪਣਾ ਇਕ ਮਨਿ ਇਕ ਚਿਤਿ ਭਾਇ ।
ਸਤਿਗੁਰ ਮਨ ਕਾਮਨਾ ਤੀਰਥ ਹੈ ਜਿਸਨੋ ਦੇਇ ਬੁਝਾਇ ।
ਮਨਚਿੰਦਿਆ ਵਰ ਪਾਵਣਾ ਜੋ ਇਛੈ ਸੋ ਫਲ ਪਾਇ ।

(ਸਿਰੀ ਰਾਗ ਮ: ੩ ਸ਼ਬਦ ੧)

ਸੰਤ ਜਨਹੁ ਸੁਣਿ ਭਾਈਹੋ ਛੂਟਨੁ ਸਾਚੈ ਨਾਇ ।
ਗੁਰ ਕੇ ਚਰਣ ਸਰੇਵਣੇ ਤੀਰਥ ਹਰਿ ਕਾ ਨਾਉ ।
ਆਗੈ ਦਰਗਹਿ ਮੰਨੀਅਹਿ ਮਿਲੈ ਨਿਥਾਵੇ ਥਾਉ ।

(ਸਿਰੀ ਰਾਗ ਮਹੱਲਾ ੫ ਸ਼ਬਦ ੩੦)

ਜਿਸਦੈ ਅੰਦਰਿ ਸੂਚੁ ਹੈ ਸੋ ਸਚਾ ਨਾਮੁ ਮੁਖਿ ਸਚੁ ਅਲਾਏ ।
ਓਹੁ ਹਰਿ ਮਾਰਗਿ ਆਪ ਚਲਦਾ ਹੋਰਨਾ ਨੋ ਹਰਿ ਮਾਰਗਿ ਪਾਏ ।
ਜੇ ਅਗੈ ਤੀਰਥੁ ਹੋਇ ਤਾ ਮਲੁ ਲਹੈ ਛਪੜਿਆਂ ਨਾ ਤੇ ਸਗਲੀ ਮਲੁ ਲਾਏ ।
ਤੀਰਥੁ ਪੂਰਾ ਸਤਿਗੁਰੂ ਜੋ ਅਨਦਿਨ ਹਰਿ ਹਰਿ ਨਾਮੁ ਧਿਆਏ ।
ਓਹੁ ਆਪਿ ਛੁਟਾ ਕੁਟੰਬ ਸਿਉ ਦੇ ਹਰਿ ਹਰਿ ਨਾਮੁ ਸਭ ਸ੍ਰਿਸ਼ਟਿ ਛਡਾਏ ।
ਜਨ ਨਾਨਕ ਤਿਸੁ ਬਲਿਹਾਰਣੈ ਜੋ ਆਪਿ ਜਪੈ ਅਵਰਾ ਨਾਮੁ ਜਪਾਏ ।

(ਮਾਝ ਵਾਰ ਮਹੱਲਾ ੪ ਸ਼ਬਦ ੫)

ਪ੍ਰਭ ਕੇ ਚਰਨ ਮਨ ਮਹਿ ਧਿਆਨ । ਸਗਲ ਤੀਰਥ ਮਜਨ ਇਸਨਾਨੁ ।

(ਗਉੜੀ ਮ: ੫ ਸ਼ਬਦ ੭੭)

ਆਠ ਪਹਰ ਸਿਮਰਹੁ ਪ੍ਰਭ ਨਾਮੁ । ਅਨਿਕ ਤੀਰਥ ਮਜਨ ਇਸ਼ਨਾਨੁ ।

(ਗਉੜੀ ਮ: ੫ ਸ਼ਬਦ ੨੬)

ਕਰ ਸੰਗਤਿ ਤੂੰ ਸਾਧ ਕੀ ਅਠਸਠਿ ਤੀਰਥ ਨਾਉ ।
ਜੀਉ ਪ੍ਰਾਣ ਮਨੁ ਤਨੁ ਹਰੇ ਸਾਚਾ ਏਹੁ ਸੁਆਉ ।
ਐਥੈ ਮਿਲਹਿ ਵਡਾਈਆਂ ਦਰਗਹਿ ਪਾਵਹਿ ਥਾਉ ।

(ਸਿਰੀ ਰਾਗ ਮ: ੫ ਸ਼ਬਦ ੧੫)

ਗੰਗਾ ਜਲੁ ਗੁਰੂ ਗੋਬਿੰਦ ਨਾਮ । ਜੋ ਸਿਮਰਹਿ ਤਿਸਕੀ ਗਤਿ ਹੋਵੈ ।
ਪੀਵਤ ਬਹੁੜਿ ਨ ਜੋਨ ਭ੍ਰਮਾਮ । (ਭੈਰਉ ਮ: ੫ ਸ਼ਬਦ ੮)

ਕਬੀਰ ਗੰਗਾ ਤੀਰਜੁ ਘਰੁ ਕਰਹਿ ਪੀਵਹਿ ਨਿਰਮਲ ਨੀਰੁ ।
ਬਿਨ ਹਰਿ ਭਗਤਿ ਨ ਮੁਕਤਿ ਹੋਇ ਕਹਿ ਰਮੈ ਕਬੀਰੁ ।

(ਸਲੋਕ ੫੪)

ਇੜਾ ਪਿੰਗੁਲਾ ਅਉਰ ਸੁਖਮਨਾ ਤੀਨਿ ਬਸਹਿ ਇਕ ਠਾਈ ।
ਬੇਣੀ ਸੰਗਮੁ ਤਹ ਪਿਰਾਗੁ ਮਨੁ ਮਜਨੁ ਕਰੇ ਤਿਥਾਈ ।

(ਰਾਮਕਲੀ ਬੇਣੀ ਜੀ ਸ਼ਬਦ ੧)

ਤੀਰਥ ਦੇਖਿ ਨ ਜਲ ਮਹਿ ਪੈਸਉ ਜੀਅ ਜੰਤ ਸਤਾਵਉਗੋ ।
ਅਠ ਸਠ ਤੀਰਥ ਗੁਰੂ ਦਿਖਾਏ ਘਟ ਹੀ ਭੀਤਰਿ ਨਾਉਗੋ ।

(ਰਾਮਕਲੀ ਕਬੀਰ ਜੀ ੨)

ਤੀਰਥ ਨਾਤਾ ਕਿਆ ਕਰੇ ਮਨ ਮਹਿ ਮੈਲੁ ਗੁਮਾਨੁ ।
ਗੁਰੁ ਬਿਨੁ ਕਿਨਿ ਸਮਝਾਈਐ ਮਨੁ ਰਾਜਾ ਸੁਲਤਾਨੁ ।

(ਸਿਰੀ ਰਾਗ ਅਸਟਪਦੀ ਮ: ੧ ਸ਼ਬਦ ੧੨)

ਜਗਿ ਹਉਮੈ ਮੈਲੁ ਦੁਖੁ ਪਾਇਆ ਮਲੁ ਲਾਗੀ ਦੂਜੈ ਭਾਇ ।
ਮਲੁ ਹਉਮੈ ਧੋਤੀ ਕਿਵੈ ਨ ਜੇ ਸਉ ਤੀਰਥ ਨਾਇ ।

(ਸਿਰੀ ਰਾਗ ਮ: ੧ ਸ਼ਬਦ ੩੧)

ਇਹ ਮਨ ਮੈਲਾ ਇਕੁ ਨ ਧਿਆਏ । ਅੰਤਰਿ ਮੈਲੁ ਲਾਗੀ ਬਹੁ ਦੂਜੈ ਭਾਏ ।
ਤਟਿ ਤੀਰਥਿ ਦਿਸੰਤਰਿ ਭਵੈ ਅਹੰਕਾਰੀ ਹੋਰੁ ਵਧੇਰੈ ਹਉਮੈ ਮਲੁ ਲਾਵਣਿਆ ।

(ਮਾਝ ਅਸਟਪਦੀਆਂ ਮ: ੩ ਸ਼ਬਦ ੧੧)

ਤੀਰਥਿ ਨਾਇ ਨ ਉਤਰਸਿ ਮੈਲੁ । ਕਰਮ ਧਰਮ ਸਭਿ ਹਉਮੈ ਫੈਲੁ ।

(ਰਾਮਕਲੀ ਮ: ੫ ਸ਼ਬਦ ੧੩)

ਅੰਤਰਿ ਮੈਲੁ ਜੇ ਤੀਰਥ ਨਾਵੈ ਤਿਸੁ ਬੈਕੁੰਠ ਨ ਜਾਨਾ ।
ਲੋਕ ਪਤੀਣੇ ਕਛੂ ਨ ਹੋਵੈ ਨਾਹੀ ਰਾਮੁ ਇਆਨਾ ।੧।
ਪੂਜਹੁ ਰਾਮੁ ਏਕੁ ਹੀ ਦੇਵਾ । ਸਾਚਾ ਨਾਵਣੁ ਗੁਰ ਕੀ ਸੇਵਾ ।੧। ਰਹਾਉ ।
ਜਲ ਕੈ ਮਜਨਿ ਜੇ ਗਤਿ ਹੋਵੈ, ਨਿਤ ਨਿਤ ਮੇਂਡੁਕ ਨਾਵਹਿ ।
ਜੈਸੇ ਮੇਂਡੁਕ ਤੈਸੇ ਓਇ ਨਰ ਫਿਰਿ ਫਿਰਿ ਜੋਨੀ ਆਵਹਿ ।੨।

ਮਨਹੁ ਕਠੋਰੁ ਮਰੈ ਬਾਨਾਰਸਿ ਨਰਕੁ ਨ ਬਾਂਚਿਆ ਜਾਈ ।
ਹਰਿ ਕਾ ਸੰਤੁ ਮਰੈ ਹਾੜੰਬੈ ਤ ਸਗਲੀ ਸੈਨ ਤਰਾਈ ।੩।
ਦਿਨਸੁ ਰੈਨਿ ਬੇਦ ਨਹੀਂ ਸਾਸਤ੍ਰ ਤਹਾ ਬਸੈ ਨਿਰੰਕਾਰਾ ।
ਕਹਿ ਕਬੀਰ ਨਰ ਤਿਸਹਿ ਧਿਆਵਹੁ ਬਾਵਰਿਆ ਸੰਸਾਰਾ ।

(ਆਸਾਂ ਕਬੀਰ ਜੀ ੩੬)

ਉਪਰ ਦਿੱਤੇ ਸ਼ਬਦਾਂ ਦੇ ਪਾਠ ਇਹ ਗਲ ਚੰਗੀ ਤਰ੍ਹਾਂ ਦਸਦੇ ਹਨ, ਕਿ ਕਿਸੇ ਥਾਂ ਜਾਕੇ ਨਾਉਣਾ ਜਾਂ ਜਾਣਾ ਤੀਰਥ ਨਹੀਂ ਹੈ, ਤੀਰਥ ਗੁਰੂ ਸੇਵਾ, ਈਸ਼ਵਰ ਭਜਨ ਅਤੇ ਸਦਾਚਾਰੀ ਹੋਕੇ ਨਿਰਅਭਿਮਾਨ ਰਹਿਣਾ ਹੀ ਹੈ । ਇਹ ਉਹੀ ਗਲਾਂ ਹਨ ਜਿਹੜੀਆਂ ਰਿਸ਼ੀ ਦਯਾਨੰਦ ਜੀ ਸਤਯਾਰਥ ਪ੍ਰਕਾਸ਼ ਵਿਚ ਲਿਖ ਗਏ ਹਨ ।

---

# ੧੬ ਸ਼ਰਾਬ ਤੇ ਮਾਂਸ

ਆਰਿਆ ਸਮਾਜ ਸ਼ਰਾਬ ਪੀਣ ਤੇ ਮਾਂਸ ਖਾਣ ਨੂੰ ਬੁਰਾ ਮੰਨਦਾ ਹੈ । ਰਿਸ਼ੀ ਦਯਾਨੰਦ ਜੀ ਨੇ ਸਤਯਾਰਥ ਪ੍ਰਕਾਸ਼ ਵਿਚ ਅਨੇਕ ਥਾਵਾਂ ਤੇ ਮਾਂਸ ਤੇ ਸ਼ਰਾਬ ਤੋਂ ਬਰਜਿਆ ਹੈ, ਇਸ ਕਰਕੇ ਪਹਿਲਾਂ ਉਨ੍ਹਾਂ ਦੇ ਲਿਖੇ ਪਾਠ ਨੂੰ ਹੀ ਲਿਖਦਾ ਹਾਂ, ਜਿਹੜੇ ਸਤਯਾਰਥ ਪ੍ਰਕਾਸ਼ ਦੇ ਪੰਨੇ ਲਿਖੇ ਹਨ ਉਹ ਸੋਲਵੀਂ ਵਾਰ ਦਾ ਛਪਿਆ ਹੋਇਆ ਸਤਯਾਰਥ ਪ੍ਰਕਾਸ਼ ਹੈ—

੧ ਗਰਭਾਧਾਨੇ ਕੇ ਪੂਰਵ, ਮਾਧਯ ਔਰ ਪਸਚਾਤ ਮਾਦਕ ਦ੍ਰਵਯ, ਮਦਯ-ਛੋੜਕੇ । (ਪੰਨਾ ੨੩)

੨. ਮਦਯ ਮਾਂਸਦਿ ਕੇ ਸੇਵਨ ਸੇ ਅਲਗ ਰਹੇਂ । (ਪੰਨਾ ੩੧)

੩. ਬ੍ਰਹਮਚਾਰੀ ਔਰ ਬ੍ਰਹਮਚਾਰਣੀ ਮਦਯ, ਮਾਂਸ ਆਦਿ ਕੁਕਰਮੋਂ ਕੋ ਸਦਾ ਛੋੜ ਦੇਵੇਂ । (ਪੰਨਾ ੪੮)

੪. ਜੋ ਮਾਦਕ ਔਰ ਹਿੰਸਾ ਕਾਰਣ ਦ੍ਰਵਯੋ ਕੋ ਛੋੜ ਕੇ ਭੋਜਨ ਕਰਨੇ ਵਾਲੇ ਹੋਂ (ਪੰਨਾ ੧੦੨)

੫. ਜਬ ਮਾਂਸ ਕਾ ਨਿਸ਼ੇਧ ਹੈ ਤੋ ਸਰਵਦਾ ਹੀ ਨਿਸੇਧ ਹੈ । (ਪੰਨਾ ੧੨੪)

੬. ਮਾਂਸ ਮਦਆਦਿ ਵਰਜਿਤ ਹੋ ਕਰ । (ਪੰਨਾ ੧੩੪)

੭. ਜੋ ਲੋਗ ਮਾਂਸ ਭਕਸ਼ਨ ਔਰ ਮਦਯਪਾਨ ਕਰਤੇ ਹੈਂ ਉਨਕੇ ਸਰੀਰ ਔਰ ਵੀਰਯਾਦਿ ਧਾਤੂ ਭੀ ਦੁਰਗੰਧਾਦਿ ਸੇ ਦੂਸ਼ਿਤ ਹੋਤੇ ਹੈਂ । ਇਸ ਲੀਏ ਉਨਕੇ ਸੰਗ ਕਰਨੇ ਸੇ ਆਰਯੋਂ ਕੇ ਭੀ ਯਹ ਕੁਲਕਸ਼ਨ ਨ ਲਗ ਜਾਏ । ਯਹ ਤੋਂ ਠੀਕ ਹੈ ।... . ਇਨਕੇ ਮਦਯ ਪਾਨਆਦਿ ਦੋਸ਼ੋਂ ਕੋ ਛੋੜ ਗੁਣ ਗ੍ਰਹਣ ਕਰੇਂ ਤੋ ਕੁਛ ਭੀ ਨਹੀਂ । (ਪੰਨਾ ੨੭੨)

੮. ਅਨੇਕ ਪ੍ਰਕਾਰ ਕੇ ਮਦਯ, ਗਾਂਜਾ, ਅਫੀਮ ਆਦਿ ਜੋ ਜੋ ਬੱਧੀ ਕਾ ਨਾਸ਼ ਕਰਨੇ ਵਾਲੇ ਹੈਂ, ਉਨਕਾ ਸੇਵਨ ਕਭੀ ਨ ਕਰੋ । (ਪੰਨਾ ੨੮੧)

੯. ਜਬ ਸੇ ਈਸਾਈ ਮੁਸਲਮਾਨ ਆਦਿ ਕੇ ਮਤ ਮਤਾਂਤਰ ਚਲੇ । ਆਪਸ ਮੇਂ ਬੈਰ ਬਿਰੋਧ ਹੁਆ । ਉਨ੍ਹੀ ਨੇ ਮਦਯਪਾਨ ਗੋਮਾਂਸਾਦਿ ਕਾ ਖਾਨਾ ਪੀਨਾ ਸਵੀਕਾਰ ਕੀਆ, ਉਸੀ ਸਮਯ ਸੇ ਭੋਜਨਾਦਿ ਮੇਂ ਬਖੇੜਾ ਹੋ ਗਿਆ ।

(ਪੰਨਾ ੨੯੨)

੧੦. ਇਸ ਸੇ ਦੇਸ਼ ਮੇਂ ਵਿਦਯਾ, ਸੁਸ਼ਿਕਸ਼ਾ ਨਸ਼ਟ ਹੋਕਰ ਦੁਰਗੁਣ ਔਰ ਦੁਸ਼ਟ ਵਿਅਸਨ ਬੜ ਜਾਤੇ ਹੈਂ, ਜੈਸੇ ਕਿ ਮਦ, ਮਾਂਸ ਸੇਵਨ, ਬਾਲ ਅਵਸਥਾ ਮੇਂ ਬਿਵਾਹ ਔਰ ਸ੍ਵੈਛਾਚਾਰ ਆਦਿ ਦੋਸ਼ ਬੜ ਜਾਤੇ ਹੈਂ । (ਪੰਨਾ ੨੨੦)

੧੧. ਮਾਂਸ ਭਕਸ਼ਣ ਕਰਨੇ, ਮਦਯ ਪੀਨੇ, ਪਰਇਸਤ੍ਰੀ ਗਮਨ ਕਰਨੇ ਆਦਿ ਮੇਂ ਦੋਸ਼ ਨਹੀਂ ਹੈ ਯਹ ਕਹਨਾ ਛੋਕਰਾਪਨ ਹੈ, ਕਿਉਂਕਿ ਬਿਨਾ ਪ੍ਰਾਣੀਓਂ ਕੋ ਪੀੜਾ ਦੀਏ ਮਾਂਸ ਪ੍ਰਾਪਤ ਨਹੀਂ ਹੋਤਾ ਔਰ ਬਿਨਾਂ ਅਪਰਾਧ ਕੇ ਪੀੜਾ ਦੇਨਾ ਧਰਮ ਕਾ ਨਾਮ ਨਹੀਂ । ਮਦਯਪਾਨ ਕਾ ਤੋ ਸਰਵਥਾ ਨਿਸ਼ੇਧ ਹੀ ਹੈ, ਕਿਉਂਕਿ ਅਬ ਤਕ ਬਿਨਾ ਵਾਮਮਾਰਗੀਓਂ ਕੇ ਕਿਸੀ ਨੇ ਨਹੀਂ ਲਿਖਾ ਕਿੰਤੂ ਸਰਬਤ੍ਰ ਨਿਸ਼ੇਧ ਹੈ । (ਪੰਨਾ ੩੦੧)

੧੨. ਯਗਯ ਮੇਂ ਮਾਂਸ ਖਾਨੇ ਮੇਂ ਦੋਸ਼ ਨਹੀਂ ਐਸੀ ਪਾਮਰਪਨ ਕੀ ਬਾਤੇਂ ਵਾਮ ਮਾਰਗੀਓਂ ਨੇ ਚਲਾਈ ਹੈ । (ਪੰਨਾ ੩੦੦)

੧੩. ਦੁਸ਼ਟ ਪੁਜਾਰੀਓਂ ਕੋ ਧਨ ਦੇਤੇ ਹੈਂ, ਵੇ ਉਸ ਧਨ ਕੋ ਵੇਸ਼ਯਾ, ਪਰਇਸਤ੍ਰੀ ਗਮਨ, ਮਦਯ, ਮਾਂਸਾਹਾਰ ਲੜਾਈ ਬਖੇੜੋਂ ਮੇਂ ਵੈ ਕਰਤੇ ਹੈ, ਜਿਸ ਮੇਂ ਦਾਤਾ ਕੇ ਸੁਖ ਕਾ ਮੂਲ ਨਸ਼ਟ ਹੋਕਰ ਦੁਖ ਹੋਤਾ ਹੈ । (ਪੰਨਾ ੩੨)

੧੪. ਜੋ ਮਾਂਸ ਖਾਨਾ ਹੈ ਯਹ ਭੀ ਉਨ ਹੀ ਵਾਮ ਮਾਰਗ ਟੀਕਾ ਕਾਰੋਂ ਕੀ ਲੀਲਾ ਹੈ। ਇਸ ਲੀਏ ਉਨਕੋ ਰਾਕਸ਼ਸ਼ ਰਹਿਣਾ ਉਚਿਤ ਹੈ। ਪਰੰਤੂ ਵੇਦੋਂ ਮੇਂ ਕਹੀਂ ਮਾਂਸ ਕਾ ਖਾਨਾ ਨਹੀਂ ਲਿਖਾ। (ਪੰਨਾ ੪੩੦)

੧੫. ਮਦਯਪਾਨ, ਮਾਂਸ ਖਾਨੇ ਔਰ ਪਰ ਇਸਤ੍ਰੀ ਗਮਨ ਕਰਨ ਆਦਿ ਦੁਸ਼ਟ ਕਰਮੋਂ ਕੀ ਪ੍ਰਵਿਰਤ ਹੋਨੇ ਕੇ ਅਰਥ ਵੇਦੋਂ ਕੋ ਕਲੰਕ ਲਗਾਇਆ।

(ਪੰਨਾ ੪੩)

੧੬. ਜਿਸਕੋ ਕੁਛ ਦਯਾ ਨਹੀਂ ਔਰ ਮਾਂਸ ਕੇ ਖਾਨੇ ਮੇਂ ਆਤੁਰ ਰਹੇ ਵਹ ਬਿਨਾ ਹਿੰਸਕ ਮਨੁਸ਼ ਕੇ ਈਸ਼ਵਰ ਕਭੀ ਨਹੀਂ ਹੋ ਸਕਾ। (ਪੰਨਾ ੫੦੨)

੧੭. ਦੇਖੀਏ, ਪਿਤਾ, ਪੁਤ੍ਰੀ ਭੀ ਜਿਸ ਮਦਯਪਾਨ ਕੇ ਨਸ਼ੇ ਮੇਂ ਕੁਕਰਮ ਕਪਨੇ ਸੇ ਨਾ ਬਚ ਸਕੇ ਐਸੇ ਦੁਸ਼ਟ ਮਦਯ ਕੋ ਜੋ ਈਸਾਈ ਆਦਿ ਪੀਤੇ ਹੈਂ, ਉਨ ਬੁਰਾਈ ਕਾ ਕਿਆ ਪਾਰਵਾਂਰ ਹੈ ? ਇਸ ਲੀਏ ਸੱਜਨ ਲੋਗੋਂ ਕੋ ਮਦਯ ਕੇ ਪੀਨੇ ਕਾ ਨਾਮ ਭੀ ਨਾ ਲੈਣਾ ਚਾਹੀਏ। (ਪੰਨਾ ੫੧੦)

੧੮. ਮਾਂਸਾ ਹਾਰੀ ਕੋ ਦਯਾ ਕਹਾਂ। ਜਬ ਈਸਾਈਓਂ ਕਾ ਈਸ਼ਵਰ ਮਾਂਸਾ-ਹਾਰੀ ਹੈ ਤੋ ਉਸਕੋ ਦਯਾ ਕਰਨੇ ਸੇ ਕਿਆ ਕਾਮ ਹੈ।

੧੯. ਇਸੀ ਸੇ ਵਹ ਅਹਿੰਸਕ ਔਰ ਈਸ਼ਵਰ ਕੋਟਿ ਮੇਂ ਗਿਨਾ ਕਭੀ ਜਾਂਦਾ ਜਾ ਸਕਦਾ, ਕਿੰਤੂ ਮਾਂਸਾਹਾਰੀ, ਪ੍ਰਪੰਚੀ ਮਨੁਸ਼ ਕੋ ਸਾਦ੍ਰਿਸ਼ ਹੈ।

(ਪੰਨਾ ੫੨੦)

੨੦. ਜੋ ਵਹ ਕਸ਼ਮਾ ਔਰ ਦਯਾ ਕਰਨੇ ਵਾਲਾ ਹੈ, ਤੋ ਉਸਨੇ ਆਪਣੀ ਸ੍ਰਿਸ਼ਟੀ ਮੇਂ ਮਨੁਸ਼ੋਂ ਕੇ ਸੁਖਾਰਥ ਅਨਯ ਪ੍ਰਾਣੀਓਂ ਕੋ ਮਾਰ, ਦਾਰੁਣ ਪੀੜਾ ਦਿਲਾ ਕਰ, ਮਰਵਾਕੇ ਮਾਂਸ ਖਾਨੇ ਕੀ ਆਗਿਆ ਕਿਉਂ ਦੀ। (ਪੰਨਾ ੫੬੧)

ਯਹ ਬੀਸ ਪਾਠ ਸਤਿਆਰਥ ਪ੍ਰਕਾਸ਼ ਮੇਂ ਮਾਂਸ਼ ਨ ਖਾਨੇ ਕੇ ਲਿਖੇਂ ਹੈ। ਪਾਠ ਔਰ ਭੀ ਹੈਂ, ਜਿਸਨੇ ਸਬ ਦੇਖਨੇ ਹੋਂ ਪੁਸਤਕ ਪੜ੍ਹ ਕਰ ਦੇਖ ਲੇ।

ਅੱਗ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਸੇ ਗੁਰੂਓਂ ਕੇ ਕਹੇ ਸ਼ਬਦ ਲਿਖਦਾ ਹਾਂ ਜਿਸ ਵਿਚ ਭੀ ਪਹਿਲਾਂ ਸ਼ਾਰਬ ਦੇ ਬਾਰੇ ਲਿਖਾਂਗਾ, ਫਿਰ ਮਾਂਸ ਦੇ ਵਿਸ਼ੇ 'ਚ ਲਿਖਾਂਗਾ—

ਭਾਈ ਕਾਨ੍ਹ ਸਿੰਘ ਜੀ ਗੁਰਮਤ ਪ੍ਰਭਾਕਰ ਵਿਚ ੪੫੬ ਪੰਨੇ ਤੇ ਲਿਖਦੇ ਹਨ—

"ਗੁਰਮਤ ਵਿਚ ਬੁਧੀ ਵਿਨਾਸ਼ਕ ਨਸ਼ੇ ਜਿਨ੍ਹਾਂ ਕਰਕੇ ਪ੍ਰਾਧੀਨਤਾ ਆਲਸ, ਰੋਗ, ਔਰ ਅਨੇਕ ਪ੍ਰਕਾਰ ਦੇ ਵਿਕਾਰ ਉਪਜਦੇ ਹਨ ਨਿਸ਼ੇਧ ਕੀਤੇ ਗਏ ਹਨ।" ਇਹ ਲਿਖਕੇ ਫੇਰ ਨੀਚੇ ਲਿਖੇ ਸ਼ਬਦ ਲਿਖਦੇ ਹਨ—

ਸਚੁ ਸੁਰਾ ਗੁੜ ਬਾਹਰਾ ਜਿਸ ਵਿਚ ਸਾਚਾ ਨਾਉ।
ਸੁਣਹਿ ਵਖਾਣੇ ਜੇਤੜੇ ਹਉ ਤਿਨਿ ਬਲਿਹਾਰੇ ਜਾਉ।
ਤਾਂ ਮਨ ਖੀਵਾ ਜਾਣੀਐ ਜਾ ਮਹਲੀ ਪਾਵੈ ਥਾਉ।

(ਸਾਰੀ ਰਾਗ ਮਹੱਲਾ ਪਹਿਲਾ ਸ਼ਬਦ ੫)

ਸੱਚਾ ਸੱਚਾ ਜਿਨੀ ਨ ਸੇਵਿਆ ਸੋ ਮਨਸੁਖ ਮੂੜ ਬੇਤਾਲੇ।
ਉਹ ਆਲੁ ਪਤਾਲੁ ਮੁਹਹੁ ਬੋਲਦੇ ਜਿਉ ਪੀਤੇ ਮਤਵਾਲੇ।

(ਗਉੜੀ ਵਾਰ ਮਹੱਲਾ ੫ ਸ਼ਬਦ ੧੨)

ਗੁੜ ਗਿਆਨ ਧਿਆਨ ਕਰ ਧਾਵੇ ਕਰਣੀ ਕਸ ਪਾਈਐ।
ਭਾਠੀ। (ਭਵਨ) ਪ੍ਰੇਮ ਕਾ ਪੋਚਾ ਇਤੁ ਬਿਧਿ (ਰਸਿ) ਅਮਿਓ ਚੁਆਈਐ।
ਬਾਬਾ ਮਨ ਮਤਵਾਰੋ ਨਾਮ ਰਸ ਪੀਵੇ ਸਹਜ ਰੰਗ ਰਚ ਰਹਿਆ।
ਅਹਨਿਸ ਬਨੀ ਪ੍ਰੇਮ ਲਿਵਲਾਗੀ ਸ਼ਬਦ ਅਨਾਹਦ ਗਹਿਆ।
ਪੂਰਾ ਸਾਚ ਪਿਆਲਾ ਸਹਿਜੇ ਤਿਸਹਿ ਪਿਲਾਏ ਜਾਕਉ ਨਦਰ ਕਰੇਇ।
ਅੰਮ੍ਰਿਤ ਕਾ ਵਾਪਾਰੀ ਹੋਵੇ ਕਿਆ ਮਦ ਛੂਛੇ ਭਾਉ ਧਰੇ।
ਗੁਰ ਕੀ ਸਾਖੀ ਅੰਮ੍ਰਿਤ ਬਾਣੀ ਪੀਵਤ ਹੀ ਪਰਵਾਣ ਹਇਆ।
ਦਰ ਦਰਸ਼ਨ ਕਾ ਪ੍ਰੀਤਮ ਹੋਵੇ ਮੁਕਤਿ ਬੈਕੁੰਠ ਕਰੇ।
ਸਿਫਤੀ ਰਾਤਾ ਸਦ ਬੈਰਾਗੀ ਜੂਏ ਜਨਮ ਨ ਹਾਰੇ।
ਕਹੁ ਨਾਨਕ ਸੁਣ ਭਰਥਰੀ ਜੋਗੀ ਖੀਵਾ ਅੰਮ੍ਰਿਤ ਧਾਰੇ।

(ਆਸਾ ਮਹੱਲਾ ੧ ਸ਼ਬਦ ੩੮)

ਦੁਰਮਤਿ ਮਦੁ ਜੋ ਪੀਵਤੇ ਬਿਖਲੀ ਪਤਿ ਕਮਲੀ।
ਨਾਮ ਰਸਾਇਣਿ ਜੋ ਰਤੇ ਨਾਨਕ ਸਚ ਅਮਲੀ।

(ਆਸਾ ਮਹੱਲਾ ੫ ਸ਼ਬਦ ੧੧੪)

ਇਹ ਮਦ ਪੀਤੇ ਨਾਨਕਾ ਬਹੁਤੇ ਖਟੀਅਹਿ ਵਿਕਾਰ।

(ਵਾਰ ਬਿਹਾਗੜਾ ਮਰਦਾਨਾ ਸ਼ਬਦ ੧੨)

ਮਾਣਸ ਭਰਿਆ ਆਇਆ ਮਾਣਸ ਭਰਿਆ ਆਇ।
ਜਿਤੁ ਪੀਤੇ ਪਤਿ ਦੂਰ ਹੋਇ ਬਰਨ ਪਵੇ ਵਿਚ ਆਇ।
ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ।
ਜਿਤੁ ਪੀਤੇ ਖਸਮ ਵਿਸਰੇ ਦਰਗਾਹ ਮਿਲੇ ਸਜਾਇ।
ਝੂਠਾ ਮਦ ਮੂਲ ਨ ਪੀਜਈ ਜੇਕਾ ਪਾਰ ਵਸਾਇ।
ਨਾਨਕ ਨਦਰੀ ਸਚੁਮਦੁ ਪਾਈਏ ਸਤਗੁਰ ਮਿਲੈ ਜਿਸ ਆਇ।
ਸਦਾ ਸਾਹਿਬ ਕੇ ਰੰਗ ਰਹੈ ਮਹਲੀ ਪਾਵੈ ਥਾਇ।

(ਵਾਰ ਬਿਹਾਗੜਾ ਮ: ੩ ਸ਼ਬਦ ੧੬)

ਮਾਈ ਰੀ ਮਨ ਮੇਰੋ ਮਤਵਾਰੋ।
ਪੇਖ ਦਇਆਲ ਅਨੰਦ ਸੁਖ ਪੂਰਨ ਹਰਿ ਰਮਿਓੁ ਖੁਮਾਰੋ।
ਨਿਰਮਲ ਭਏਉ ਜਬ ਜਸ ਗਾਵਤ ਬਹੁਰ ਨ ਹੋਵਤ ਕਾਰੋ।
ਚਰਨ ਕਮਲ ਸਿਉ ਡੋਰੀ ਰਾਚੀ। ਭਇਉ ਪੁਰਖ ਅਪਾਰੋ।
ਕਰ ਗਹਿ ਲੀਨੇ ਸਰਬਸੁ ਦੀਨੇ ਦੀਪਕ ਭਇਉ ਉਜਿਆਰੋ।
ਨਾਨਕ ਨਾਮ ਰਸਕ ਬੈਰਾਗੀ ਕੁਲਹਿ ਸਮੂਹਾ ਤਾਰੋ।

(ਸਾਰੰਗ ਮ: ੫ ਸ਼ਬਦ ੧੧੦)

ਇਸੇ ਭਾਵ ਦਾ ਇਕ ਕਬੀਰ ਜੀ ਦਾ ਸ਼ਬਦ ਹੈ, ਵੋਹ ਭੀ ਲਿਖਦਾ ਹਾਂ—

ਕਬੀਰ ਜੀ ਨੇ ਇਹ ਸ਼ਰਾਬ ਪੀਣੀ ਲਿਖੀ ਹੈ।

ਕਾਇਆ ਕਸਾਬਨਿ ਸਾਹਨਿ ਮੇਲਉ ਗੁਰਕਾ ਸ਼ਬਦ ਗੁਣ ਕੀਨੁ ਰੇ।
ਤ੍ਰਿਸ਼ਨਾ ਕਾਮੁ ਕ੍ਰੋਧ ਮਦ ਮਤਸਰ ਕਸਟ ਕਾਟ ਕਸ ਦੀਨੁ ਰੇ।
ਕੋਈ ਹੈਰੋ ਸੰਤ ਸ਼ਹਜ ਸੁਖ ਅੰਤਰਿ ਜ਼ਾਕਉ ਜਪੁ ਤਪੁ ਦੇਉ ਥਸਾਨੀ ਰੇ।
ਏਕ ਬੂੰਦ ਭਰਿ ਤਨੁ ਮਨੁ ਦੇਵਉ ਜੋ ਮਦ ਦੇਇ ਕਲਾਲੀ ਰੇ।
ਭਵਨ ਚਤੁਰਦਸ ਭਾਟੀ ਕੀਨੀ ਬ੍ਰਹਮ ਅਗਨਿ ਤਨਿ ਜਾਰੀ ਰੇ।
ਮੁਦਾ ਮਦਕ ਸਹਜ ਧੁਨਿ ਲਾਗੀ ਸੁਖਮੈਨ ਪੋਚਨ ਹਾਰੀ ਰ।
ਤੀਰਥ ਬਰਤ ਨੇਮ ਸੂਚਿ ਸੰਜਮ ਰਵਿ ਸਸਿ ਗਹਨੇ ਦੇਉ ਰੇ।
ਸੁਰਤ ਪਿਆਲਾ ਸੁਧਾ ਰਸੁ ਅੰਮ੍ਰਿਤ ਏਹੁ ਮਹਾਰਸੁ ਪੇਉ ਰੇ।
ਨਿਗ੍ਰਹ ਧਾਰਿ ਚੁਐ ਅਤਿ ਨਿਰਮਲ ਇਹ ਰਸ ਮਨੂਆ ਰਾਤੇ ਰੇ।

ਕਹੁ ਕਬੀਰ ਸਗਲੇ ਮਦ ਪੂਛੇ ਇਕੋ ਮਹਾਂ ਰਸ ਸਾਚੋ ਰੇ ।

(ਰਾਮ ਕਲੀ ਕਬੀਰ ਜੀ ਸ਼ਬਦ ੧)

ਗੁੜ ਕਰ ਗਿਆਨੁ ਧਿਆਨ ਕਰ ਮਹੂਆ ਭਉ ਭਾਠੀ ਮਨ ਧਾਰਾ ।
ਸੁਖ ਮਨ ਨਾਰੀ ਸਹਜਿ ਸਮਾਨੀ ਪੀਵੈ ਪੀਵਨਹਾਰਾ ।

(ਰਾਮਕਲੀ ਕਬੀਰ ਜੀ ਸ਼ਬਦ ੨)

ਸ਼ਰਾਬ ਦੇ ਨਾ ਪੀਣ ਵਿਚ ਭਾਈ ਕਾਹਨ ਸਿੰਘ ਜੀ ਸਾਡੇ ਨਾਲ ਹਨ ਪਰ ਮਾਂਸ ਵਿਚ ਉਹ ਸਾਥ ਨਹੀਂ ਹਨ । ਓਹ ਖੁਲੀ ਰੀਤਿ ਨਾਲ ਕੁਛ ਭੀ ਨਹੀਂ ਦਸਦੇ ਹਨ, ਗੋਲ ਮੋਲ ਲਿਖਦੇ ਹਨ । ਪਤਾ ਨਹੀਂ ਉਨਾਂ ਨੂੰ ਕੀ ਡਰ ਸੀ । ਇਸ ਕਰਕੇ ਉਨਾਂ ਦੇ ਵਿਚਾਰ ਪਿਛੋਂ ਲਿਖੂਗਾਂ । ਪਹਿਲਾਂ ਮਾਂਸ ਦੇ ਨਿਸ਼ਧ ਵਾਲੇ ਸਬਦ ਲਿਖਦਾ ਹਾਂ—

ਜੇ ਰੁਤ ਲਗੈ ਕਪੜੈ ਜਾਮਾ ਹੋਇ ਪਲੀਤੁ । ਜੋ ਰਤੁ ਪੀਵਹਿ ਮਾਣਸਾ ਤਿਨ ਕਿਉਂ ਨਿਰਮਲ ਚੀਤੁ ।
ਨਾਨਕ ਨਾਉ ਖੁਦਾਇ ਕਾ ਦਿਲ ਹਛੇ ਮੁਖਿ ਲੇਹੁ । ਅਵਰਿ ਦਿਵਾਜੇ ਦੁਨੀ ਕੇ ਝੂਠੇ ਅਮਲ ਕਰੇਹੁ । (ਮਾਝ ਵਾਰ ਮ: ੧ ਸ਼ਬਦ ੬੫)
ਮਾਂਰਣ ਪਹਿ ਹਰਾਮ ਮਹਿ ਹੋਇ ਹਲਾਲ ਨ ਜਾਇ ।

(ਮਾਝ ਵਾਰ ਮ: ੧ ਸ਼ਬਦ ੬)

ਤਉ ਨਾਨਕ ਸਰਬ ਜੀਆ ਮਿਹਰੰਮਤ ਹੋਇ ਤਾਂ ਮੁਸਲਮਾਨ ਕਹਾਵੈ । ੮ ।
ਸਚੁ ਤਾ ਪਰ ਜਾਣੀਐ ਜਾ ਸਿਖ ਸਚੀ ਲੇਇ । ਦਇਆ ਜਾਣੈ ਜੀਅ ਕੀ ਕਿਛੁ ਪੁੰਨ ਦਾਨ ਕਰੇਇ । (ਆਸਾ ਮ: ੧ ਸ਼ਬਦ ੧੦)

ਮਾਣਸ ਖਾਣੇ ਕਰੇ ਨਿਵਾਜ । ਛੁਰੀ ਵਗਾਇਨ ਤਿਨ ਗਲਿ ਤਾਗ ।
ਤਿਨ ਘਰ ਬ੍ਰਹਮਣ ਪੂਰਹਿ ਨਾਦ । ਉਨਾਂ ਭੀ ਆਵਹਿ ਓਈ ਸਾਦ ।
ਸਰਮ ਧਰਮ ਕਾ ਡੇਰਾ ਦੂਰਿ । ਨਾਨਕ ਕੂੜ ਰਹਿਆ ਭਰਪੂਰਿ ।

(ਆਸਾ ੧ ਸ਼ਬਦ ੧੬)

ਏਕਾਦਸੀ ਇਸ ਰਿਦੈ ਵਸਾਵੈ । ਹਿੰਸਾ ਮਮਤਾ ਮੋਹੁ ਚੁਕਾਵੈ ।
ਫਲ ਪਾਵੈ ਬ੍ਰਤੁ ਆਤਮ ਚੀਨੈ । ਪਾਖੰਡ ਰਾਚਿ ਤਤੁ ਨਹੀਂ ਚੀਨੈ ।

(ਬਿਲਾਵਲ ਮ: ੧ ਥਿਤੀ ੧੩)

ਕਾਦੀ ਕੂੜ ਬੋਲਿ ਮਲੁ ਖਾਇ। ਬ੍ਰਹਮਣ ਨਾਵੈ ਜੀ ਆਘਾਇ।
ਜੋਗੀ ਜੁਗਤਿ ਨ ਜਾਣੈ ਅੰਧ, ਤੀਨੋਂ ਉਜਾੜੇ ਕੀ ਬੰਧ।

(ਧਨਾਸਰੀ ਮ: ੧ ਸ਼ਬਦ ੬੧)

ਰੋਜਾ ਧਰੈ ਮਨਾਵੈ ਅਲਹੁ ਸੁਆਦਿਤ ਜੀਅ ਸੰਘਾਰੈ।
ਆਪਾ ਦੇਖਿ ਅਵਰ ਨਹੀਂ ਦੇਖੈ, ਕਾਹੇ ਕਉ ਝਖ ਮਾਰੈ।
ਕਾਜੀ ਸਾਹਿਬ ਏਕ ਤੋਹੀਮਹਿ ਤੇਰਾ ਸੋਚ ਬਿਚਾਰ ਨ ਦੇਖੈ।
ਖਬਰ ਨ ਕਰੇ ਦੀਨ ਕੇ ਬਉਰੇ ਤਾਤੇ ਜਨਮ ਅਲੇਖੈ।

(ਆਸਾ ਕਬੀਰ ਜੀ ਸ਼ਬਦ ੨੮)

ਤੀਰਥ ਦੇਖਿ ਨ ਜਲ ਮਹਿ ਪੈਸਿਉ ਜੀਅ ਜੰਤੁ ਨ ਸਤਾਵਉ ਗੋ।

(ਰਾਮਕਲੀ ਨਾਮ ਦੇਵ ਜੀ ਸ਼ਬਦ ੨)

ਜੀਅ ਬਧਹੁ ਸੁਧਰਮੁ ਕਰ ਥਾਪਹੁ ਅਧਰਮ ਕਹਹੁ ਕਤ ਭਾਈ।
ਆਪਸ ਕਉ ਮੁਨਿ ਵਰ ਕਰਿ ਥਾਪਹੁ ਕਾ ਕਉ ਕਹਹੁ ਕਸਾਈ।

(ਮਾਰੂ ਕਬੀਬ ਜੀ ਸ਼ਬਦ ੧)

ਸਿਮਰਨੁ ਭਜਨੁ ਦਇਆ ਨਹਿ ਕੀਨੀ ਤਉ ਮੁਖਿ ਚੋਟਾ ਖਹਿਗਾ।

(ਮਾਰੂ ਜੈ ਦੇਵ ਜੀ ਸ਼ਬਦ ੧)

ਹਿੰਸਾ ਤਉ ਮਨ ਤੇ ਨਹੀ ਛੁਟੀ ਜੀਅ ਦਇਆ ਨਹੀਂ ਪਾਲੀ।
ਪਰਮਾਨੰਦ ਸਾਧ ਸੰਗਤਿ ਮਿਲਿ ਕਥਾ ਪੁਨੀਤ ਨ ਚਾਲੀ।

(ਸਾਰੰਗ ਪਰਮਾਨੰਦ ਜੀ)

ਬੇਦ ਕਤੇਬ ਕਹਹੁ ਮਾਤ ਝੂਠੇ ਝੂਠਾ ਜੋ ਨ ਬਿਚਾਰੇ।
ਜਉ ਸਭ ਮਹਿ ਏਕ ਖੁਦਾਇ ਕਹਤ ਹਉ ਤਉ ਕਿਉ ਮੁਰਗੀ ਮਾਰੈ।

(ਪ੍ਰਭਾਤੀ ਕਬੀਰ ਜੀ ਸ਼ਬਦ ੪)

ਕਬੀਰ ਜੀਅ ਜੁ ਮਾਰਹਿ ਜੋਰ ਕਰ ਕਹਤੇ ਹਹਿ ਜੁ ਹਲਾਲ।
ਦਫਤਰ ਦੇਈ ਜਬ ਕਾਢਿ ਹੈ ਹੋਇਗਾ ਕਉਨੁ ਹਵਾਲ।

(ਸਲੋਕ ਕਬੀਰ ਜੀ ੧੭੨)

੩, ਕਬੀਰ ਜੋਰੁ ਕੀਆ ਸੋ ਜੁਲਮ ਹੈ ਲੇਇ ਜਬਾਬ ਖੁਦਾਇ।
ਦਫਤਰੁ ਲਖਾ ਨੀਕਸੈ ਮਾਰ ਮੁਹੈ ਖਾਇ। (ਸਲੋਕ ਕਬੀਰ ੨੦੦)
ਕਬੀਰ ਭਾਂਗ ਮਾਛੁਲੀ ਸੁਰਾ ਪਾਨਿ ਜੋ ਜੋ ਪ੍ਰਾਨੀ ਖਾਹਿ।
ਤੀਰਥ ਬਰਤ ਨੇਮ ਕੀਏ ਤੇ ਸਭੈ ਰਸਾਤਲ ਜਾਇ। (ਸ: ਕਬੀਰ ਜੀ ੨੩੨)

ਇਹ ਸਾਰੇ ਸ਼ਬਦ ਪਸ਼ੂ ਨਾ ਮਾਰਨੇ ਦੀ ਆਗਿਆ ਕਰਦੇ ਹਨ ਤੇ ਮਾਂਸ ਬਿਨਾ ਮਾਰੇ ਮਿਲਦਾ ਹੀ ਨਹੀਂ। ਇਸ ਕਰਕੇ ਏਹ ਸਾਰੇ ਸ਼ਬਦ ਲਿਖਦਾ ਹਾਂ ਜੇਹੜਾ ਮਾਂਸ ਖਾਣ ਵਿਚ ਪ੍ਰਮਾਣ ਮੰਨਿਆ ਜਾਂਦਾ ਹੈ ਤਾਕਿ ਬਿਚਾਰ ਠੀਕ ਹੋ ਸਕੇ।

ਕੁਦਮੁ ਕਰੇ ਪਸ਼ੂ ਪੰਖੀਆ ਦਿਸੰ ਨਾਹੀਂ ਕਾਲੂ। ਉਤੈ ਸਾਧ ਮਨੁਖ ਹੈ
ਫਾਥਾ ਮਾਇਆ ਜਾਲੁ। (ਸਾਰੰਗ ਮ: ੫ ਸ਼ਬਦ ੭੩)
ਬੇਦ ਪੜੈ ਮੁਖਿ ਮੀਠੀ ਬਾਣੀ। ਜੀਆ ਕੁਹਤਨ ਸੰਗੇ ਪ੍ਰਾਣੀ।
ਕਹ ਨਾਨਕ ਜਿਸ ਕਿਰਪਾ ਧਾਰੈ। ਹਿਰਦਾ ਸੁਖ ਬ੍ਰਹਮ ਬੀਚਾਰੈ।
(ਗਉੜੀ ਮ: ੫ ਸ਼ਬਦ ੧੭)
ਮਾਨਿ ਸੰਤੋਖ ਸਰਬ ਜੀਅ ਦਇਆ। ਇਸ ਬਿਧਿ ਬ੍ਰਤੁ ਸੰਪੂਰਨ ਭਇਆ।
ਥਿਤਿ (ਗਉੜੀ ਮ: ੫ ਸ਼ਬਦ ੧੧)
ਦੁਖੁ ਨ ਦੇਈ ਕਿਸੈ ਜੀਆ ਪਤਿ ਸੇਤੀ ਘਰ ਜਾਇਉ।
(ਗਉੜੀ ਵਾਰ ਮ: ੫ ਸ਼ਬਦ ੧੭)
ਅਲਪ ਅਹਾਰੁ ਸੁਪਲਸੀ ਨਿੰਦ੍ਰਾ ਦਯਾ ਛਿਮਾ ਤਨ ਪ੍ਰੀਤ।
(ਰਾਮਕਲੀ ਪਾਤਸ਼ਾਹੀ ੧੦)
ਮਜ਼ਨ ਤੇਗ ਬਰਖੂੰਨ ਕਸ ਬੇ ਦਰੇਗ। ਤੁਰਾ ਨੀਜਖੂੰਨਸਤ ਬਾ ਚਰਖੇ ਤੇਗ।
(ਜ਼ਫਰ ਨਾਮਾਂ ਪਾਤਸ਼ਾਹੀ ੧੦ ਸ਼ਬਦ ੬੨)

ਅਰਥ। ਕਿਸੇ ਦੀ ਗਰਦਨ ਤੇ ਬੇਦਰੇਗ ਹੋਕੇ ਤਲਵਾਰ ਨ ਚਲਾ, ਤੇਰੀ ਗਾਰਦਨ ਭੀ ਅਰਸ਼ੀ ਤੇਗ ਨਾਲ ਕੱਟੀ ਜਾਊਗੀ।

ਸ਼ੀਂਹੁ ਪਜੂਤੀ ਬਕਰੀ ਮਰਦੀ ਹੋਈ ਖਿੜ ਖਿੜ ਹੰਸੀ।
ਸ਼ੀਂਹੁ ਪੁਛੇ ਵਿਸਮਾਦ ਹੋਇ ਇਤ ਅਉਸਰ ਕਿਤ ਰਹਸਰ ਹੱਸੀ।
ਬਿਨਹੁ ਕਰੇਂਦੀ ਬਕਰੀ ਪੁਤ੍ਰ ਅਸਾਡੇ ਕੀਚਨ ਖਸੀ।

ਅਕ ਧਤਰਾ ਖਾਂਦਿਆਂ ਕੁਹ ਕੁਹ ਖਲ ਉਖਲ ਵਿਣੱਸੀ ।
ਮਾਸ ਖਾਣ ਗਲ ਵਢਕੇ ਹਾਲ ਤਿਨਾੜਾ ਕਉਣ ਹੋਵੱਸੀ ।
ਗਰਬ ਗਰੀਬੀ ਦੇਹ ਖੇਹ ਖਾਜ ਅਖਾਜ ਅਕਾਜ ਕਰੱਸੀ ।
ਜਗ ਆਇਆ ਸਭ ਕੋਈ ਮਰਸੀ ।

(ਭਾਈ ਗੁਰਦਾਸ ਦੀਆਂ ਵਾਰਾਂ ਵਾਰ ੨੫ ਪਉੜੀ ੧੭)

ਕੁਹੇ ਕਸਾਈ ਬਕਰੀ ਲਾਇ ਲੂਣ ਸੀਖ ਮਾਸ ਪਰੋਆ ।
ਹਸ ਹਸ ਬੋਲੇ ਕੁਹੀਂਦੀ ਖਾਧੇ ਅੱਕ ਹਾਲ ਏਹ ਹੋਆ ।
ਮਾਂਸ ਖਾਣ ਗਲ ਛੁਰੀ ਦੇ ਹਾਲ ਤਿਨਾੜਾ ਕੌਣ ਅਲੋਆ ।
ਜੀਭੈ ਹੰਦਾ ਫੇੜਿਐ ਖਉ ਦੰਦਾ ਮੁਖ ਭੰਨ ਵਗੋਆ ।

(ਭਾਈਗੁਰਦਾਸ ਦੀ ਵਾਰਾਂ ੩੭ ਪਉੜੀ ੨੧)

ਜੇਕਰ ਉਧਰੀ ਪੂਤਨਾ ਵਿਹੁ ਪੀਆਲਣ ਕੰਮ ਨ ਚੰਗਾ ।
ਗਨਿਕਾ ਉਧਰੀ ਆਖੀਐ ਪਰ ਘਰ ਨ ਲਈਐ ਪੰਗਾ ।
ਬਾਲਮੀਕ ਨਿਸਤਾਰਿਆਂ ਮਾਰੇ ਵਾਟ ਨ ਹੋਇ ਨਿਸੰਗਾ ।
ਬੱਧਕ ਉਧਰੇ ਆਖੀਅਨ ਫਾਹੀ ਪਾਇ ਨ ਫੜੀਐ ਟੰਗਾ ।
ਜੇ ਕਸਾਈ ਉਧਰਿਆ ਜੀਆ ਘਾਇ ਨ ਖਾਏ ਭੰਗਾ ।
ਪਾਰ ਉਤਾਰੇ ਬੋਹਿਥਾ ਸੋਇਨਾ ਲੋਹ ਨਹੀਂ ਇਕ ਰੰਗਾ ।
ਇਸ ਭਰਵਾਸੇ ਰਹਿਣ ਕੁਢੰਗਾ ।

(ਭਾਈ ਗੁਰਦਾਸ ਦੀਆਂ ਵਾਰਾਂ ਵਾਰ ੩੧)

ਭਾਈ ਕਾਹਨ ਸਿੰਘ ਜੀ ਲਿਖਦੇ ਹਨ—

ਸਾਖੀਆਂ ਵਿਚ ਇਨ੍ਹਾਂ ਸਲੋਕਾਂ ਦੀ ਉਥਾਨਕਾ ਇਉਂ ਲਿਖੀ ਹੈ, ਕਿ ਕੁਰੁਛੇਤ੍ਰ ਦੇ ਮੇਲੇ ਪਰ ਕਿਸੇ ਸ਼ਿਕਾਰੀ ਦਾ ਅਰਪਿਆ ਹੋਇਆ ਮ੍ਰਿਗ ਸਿੱਖ ਰਿੰਨ੍ਹ ਰਹੇ ਸਨ । ਜਿਸਨੂੰ ਦੇਖ ਕੇ ਬ੍ਰਾਹਮ੍ਣਾਂ ਨੇ ਮਾਂਸ ਦਾ ਨਿਸ਼ੇਧ ਕਰਕੇ ਗੁਰੂ ਸਾਹਿਬ ਨੂੰ ਭ੍ਰਸ਼ਟਾਚਾਰੀ ਆਖਿਆ । ਇਸ ਪੁਰ ਪਾਖੰਡ ਔਰ ਭਰਮ ਗ੍ਰਸਿਤ ਲੋਕਾਂ ਦੇ ਹਿਤ ਵਾਸਤੇ ਜਗਤ ਗੁਰ ਨੇ ਮਾਂਸ ਵਿਸ਼ਯ ਇਹ ਸਲੋਕ ਉਚਾਰਣ ਕੀਤੇ ।

(ਮਲਾਰ ਵਾਰ ਮ: ੧ ਸ਼ਬਦ ੨੫ ਸਲੋਕ ਮ: ੧)

ਪਹਿਲਾ ਮਾਸਹੁ ਨਿੰਮਿਆ ਮਾਸੇ ਅੰਦਰਿ ਵਾਸੁ ।
ਜੀਉ ਪਾਇ ਮਾਸ ਮੁਹਿ ਮਿਲਿਆ ਹਡ ਚੰਮੁ ਤਨੁ ਮਾਸੁ ।
ਮਾਸਹੁ ਬਾਹਰ ਕਢਿਆ ਮੰਮਾ ਮਾਸ ਗਿਰਾਸੁ ।
ਮੁਹੁ ਮਾਸੈ ਕਾ ਜੀਭ ਮਾਸੈ ਕੀ ਮਾਸੈ ਅੰਦਰਿ ਸਾਸੁ ।
ਵੱਡਾ ਹੋਆ ਵੀਆਹਿਆ ਘਰ ਲੈ ਆਇਆ ਮਾਸੁ ।
ਮਾਸਹੁ ਹੀ ਮਾਸ ਉਪਜੈ ਮਾਸਹੁ ਸਭੋ ਸਾਕੁ ।
ਸਤਿਗੁਰਿ ਮਿਲਿਐ ਹੁਕਮੁ ਬੁਝੀਐ ਤਾਕੋ ਆਵੈ ਰਾਸਿ ।
ਆਪ ਛਟੋ ਨਹ ਛੁਟੀਐ ਨਾਨਕ ਬਚਨ ਬਿਣਾਸੁ ।
(ਮ: ੧)

ਮਾਸੁ ਮਾਸੁ ਕਰ ਮੂਰਖੁ ਝਗੜੇ ਗਿਆਨੁ ਧਿਆਨੁ ਨਹੀਂ ਜਾਣੈ ।
ਕਉਣੁ ਮਾਸੁ ਕਉਣ ਸਾਗੁ ਕਹਾਵੈ ਕਿਸ ਮਹਿ ਪਾਪ ਸਮਾਣੈ ।
ਗੈਂਡਾ ਮਾਰਿ ਹੋਮ ਜਗ ਕੀਏ ਦੇਵਤਿਆਂ ਕੀ ਬਾਣੇ ।
ਮਾਸੁ ਛੋਡਿ ਬੈਸਿ ਨਕੁ ਪਕੜਹਿ ਰਾਤੀ ।
ਮਾਣਸ ਖਾਏ । ਫੜ ਕਰਿ ਲੋਕਾਂ ਨੂੰ ਦਿਖਲਾਵਹਿ ਗਿਆਨੁ ਧਿਆਨੁ ਨਹੀਂ ਬੂਝੈ
ਨਾਨਕ ਅੰਧੇ ਸਿਉਂ ਕਿਆ ਕਹੀਐ ਕਹੇ ਨ ਕਹਿਆ ਬੂਝੇ ।
ਅੰਧਾ ਸੋਇ ਜਿ ਅੰਧ ਕਮਾਵੇ ਤਿਸ ਰਿਦੈ ਸਿ ਲੋਚਨ ਨਾਹੀ ।
ਮਾਤ ਪਿਤਾ ਕੀ ਰਕਤੁ ਨਿਪੰਨੇ ਮਛੀ ਮਾਸੁ ਨ ਖਾਹੀ ।
ਇਸਤ੍ਰੀ ਪੁਰਖੈ ਜਾਂਨਿ ਸਿ ਮੇਲਾ ਉਥੇ ਮੰਧੁ ਕਮਾਹੀ ।
ਮਾਸਹੁ ਨਿੰਮੇ ਮਾਸਹੁ ਜੰਮੇ ਹਮ ਮਾਸੈ ਕੇ ਭਾਂਡੇ ।
ਗਿਆਨ ਧਿਆਨ ਕਛੁ ਸੂਝੇ ਨਾਹੀ ਚਤੁਰ ਕਹਾਵੇ ਪਾਂਡੇ ।
ਬਾਹਰ ਕਾ ਮਾਸੁ ਮੰਦਾ ਸੁਆਦੀਂ ਘਰ ਕਾ ਮਾਸੁ ਚੰਗੇਰਾ ।
ਜੀਅ ਜੰਤ ਸਭਿ ਮਾਸਹੁ ਹੋਏ ਜੀਅ ਲਇਆ ਵਾਸੇਰਾ ।
ਅਭਖੁ ਭਖਹਿ ਭਖੁ ਤਜਿ ਛੋਡਹਿ ਅੰਧ ਗੁਰੂ ਜਿਨ ਕੇਰਾ ।
ਮਾਸਹੁ ਨਿੰਮੇ ਮਾਸਹੁ ਜੰਮੇ ਹਮ ਮਾਸੈ ਕੇ ਭਾਂਡੇ ।
ਗਿਆਨ ਧਿਆਨ ਕਛੁ ਸੂਝੈ ਨਾਹੀਂ ਚਤੁਰ ਕਹਾਵੇ ਪਾਂਡੇ ।
ਮਾਸੁ ਪੁਰਾਣੀ ਕਤੇਬੀ ਚਹੁੰ ਜੁਗ ਮਾਸ ਕਮਾਣਾ ।
ਜਜਿ ਕਾਜਿ ਵੀਆਹਿ ਸੁਹਾਵੇ ਉਥੇ ਮਾਸੁ ਸਮਾਣਾ ।
ਇਸਤ੍ਰੀ ਪੁਰਖ ਨਿਪਜਹਿ ਮਾਸਹੁ ਪਾਤਿਸਾਹ ਸੁਲਤਾਨਾ ।

ਜੇ ਓਇ ਦਿਸਹਿ ਨਰਕਹਿ ਜਾਂਦੇ ਤਾ ਉਨਕਾ ਦਾਨੁ ਨ ਲੈਣਾ ।
ਦੇਦਾ ਨਰਕਿ ਸੁ ਸੁਰਗਿ ਲੈਦੇ ਦੇਖਹੁ ਏਹੁ ਧਿਙਾਣਾ ।
ਆਪ ਨ ਬੂਝੈ ਲੋਕ ਬੁਝਾਵਏ ਪਾਂਡੇ ਖਰਾ ਸਿਆਣਾ ।
ਪਾਂਡੇ ਤੂ ਜਾਣੇ ਹੀ ਨਾਹੀ ਕਿਥਹੁ ਮਾਸ ਉਪੰਨਾ ।
ਤੋਇਅਹੁ ਅੰਨੁ ਕਮਾਦ ਕਪਾਹਾ ਤੋਇਅਹੁ ਤ੍ਰਿਭਵਣੁ ਗੰਨਾ ।
ਤੋਆ ਆਖੈ ਹਉ ਬਹੁ ਬਿਧਿ ਹਛਾ ਤੋਏ ਬਹੁਤ ਬਿਕਾਰਾ ।
ਏਤੇ ਰਸ ਛੋਡਿ ਹੋਵੈ ਸੰਨਿਆਸੀ ਨਾਨਕ ਕਹੈ ਵਿਚਾਰਾ ।

(ਮਲਾਰ ਵਾਰ ਮ: ੧ ਸ਼ਬਦ ੨੫)

ਇਸ ਸ਼ਬਦ ਤੇ ਨਾਮਧਾਰੀ ਦਰਬਾਰ ਦੇ ਪ੍ਰਧਾਨ ਸ੍ਰੀ ਨਿਧਾਨ ਸਿੰਘ ਜੀ ਆਲਿਮ ਨੇ 'ਸਿਖ ਧਰਮ ਤੇ ਮਾਸ' ਨਾਮੀ ਪੋਥੀ ਵਿਚ ਲੰਬਾ ਵਿਚਾਰ ਕੀਤਾ ਹੈ। ਉਹ ਇਹ ਹੈ—

ਕੁਰਖੇਤ੍ਰ ਵਿਖੇ ਸੂਰਜ ਗ੍ਰਹਣ ਦੇ ਸਮੇਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮਾਸ ਰਿੰਨ੍ਹਣ ਦਾ ਪ੍ਰਸੰਗ ਮਾਸਾਹਾਰੀਆਂ ਦੀ ਤਕੜੀ ਓਟ ਬਣਿਆ ਹੋਇਆ ਹੈ। ਪਰੰਤੂ ਇਸ ਦੁਆਰਾ ਗੁਰੂ ਜੀ ਦਾ ਮਾਸ ਖਾਣ ਦਾ ਪ੍ਰਚਾਰ ਕਰਨਾ ਕਿਸੇ ਤਰ੍ਹਾਂ ਭੀ ਨਹੀਂ ਹੁੰਦਾ। ਇਸ ਪ੍ਰਸੰਗ ਨੂੰ ਸਿੱਖ ਇਤਿਹਾਸ ਦੇ ਲੇਖਕਾਂ ਨੇ ਜਿਸ ਤਰ੍ਹਾਂ ਲਿਖਿਆ ਹੈ, ਪਹਿਲੇ ਵਾਕਫੀ ਵਾਸਤੇ ਏਥੇ ਅੰਕਿਤ ਕਰਕੇ ਉਪਰੰਤ ਉਸਦਾ ਵਿਚਾਰ ਪਾਠਕਾਂ ਦੀ ਭੇਟਾ ਕੀਤਾ ਜਾਉਗਾ। (ਪੰਨਾ ੪੦)

ਅੱਗੇ ਆਲਿਮ ਜੀ ਇਤਿਹਾਸਕਾਰਾਂ ਦਾ ਮਤ ਦਸਦੇ ਹਨ, ਉਹਦਾ ਸੰਖੇਪ ਇਉਂ ਹੈ। (ਜਨਮਸਾਖੀ ਭਾਈ ਬਾਲਾ ਪੰਨਾ ੩੨੭—੨੮ ਤਕ)

ਪਟਨੇ ਦੇ ਰਾਜੇ ਦਾ ਪੁਤ੍ਰ ਦੁਸ਼ਮਨਾਂ ਦਾ ਭਜਾਇਆ ਹੋਇਆ ਆਇਆ। ਉਸਨੇ ਮ੍ਰਿਗ ਦਾ ਮਾਸ ਦਿੱਤਾ। ਗੁਰੂ ਜੀ ਨੂੰ. ਬਾਲੇ ਨੂੰ ਕਹਿਕੇ ਰਿੰਨ੍ਹਣਾ ਧਰਿਆ। ਲੋਕਾਂ ਤੇ ਸੰਨਿਆਸੀਆਂ ਨੇ ਆਕੇ ਪੁਛਿਆ ਕੀ ਹੈ। ਗੁਰੂ ਜੀ ਨੇ ਕਹਿਆ ਮਾਸ ਹੈ। ਸਵਾਲ ਕਰਨ ਤੇ ਮਲਾਰ ਰਾਗ ਵਾਲਾ ਸ਼ਬਦ ਕਹਿਆ। ਸਭ ਚੁੱਪ ਹੋ ਗਏ ਪਿਛੋਂ ਗੁਰੂ ਜੀ ਨੇ, ਉਸੇ ਦੇਗ ਚੋਂ ਤਸਮਈ ਕੱਢਕੇ ਉਸੇ ਰਾਜਕੁਮਾਰ ਦੇ ਹੱਥੀਂ ਖਟਦਰਸ਼ਨ ਨੂੰ ਵਰਤਾਈ।

ਗੁਰੂ ਬਿਲਾਸ ਪਾਤਸ਼ਾਹੀ ੬ ਅਧਿਆਇ ੨ ਵਿਚ ਲਿਖਿਆ ਹੈ—ਗੁਰੂ ਜੀ ਨੇ

ਬਾਲੇ ਨੂੰ ਭੇਜਕੇ ਮਛੀ ਮੰਗਵਾਈ, ਤੇ ਰਿੰਨਣੀ ਧਰੀ। ਪਤਾ ਲਗਣ ਤੇ ਨਾਨੂੰ ਪੰਡਿਤ ਸੰਨਿਆਸੀਆਂ ਸਮੇਤ ਆਕੇ ਝਗੜਨ ਲਗਿਆ। ਜਦ ਉਹ ਹਾਰਕੇ ਚੁੱਪ ਹੋ ਗਏ ਤਾਂ ਗੁਰੂ ਜੀ ਨੇ ਕਹਿਆ, ਕੁੰਨੀ ਭੰਨ ਸੁਟ। ਜਦ ਬਾਲੇ ਨੇ ਕੁੰਨੀ ਭੰਨੀ ਤਾਂ ਵਿਚੋਂ ਕੁਛ ਭੀ ਨ ਨਿਕਲਿਆ ਉਹ ਬੜੇ ਹੈਰਾਨ ਹੋਏ।

ਨਾਨਕ ਪ੍ਰਕਾਸ਼ ਵਿਚ ਲਿਖਿਆ ਹੈ—ਗੁਰੂ ਨਾਨਕ ਦੇਵ ਜੀ ਦੇ ਚਿਤ ਵਿਚ ਚਰਚਾ ਕਰਨ ਦੀ ਇੱਛਾ ਹੋਈ। ਉਦੋਂ ਨੂੰ ਇਕ ਰਾਜਕੁਮਾਰ ਨੇ ਇਕ ਮ੍ਰਿਗ ਮਾਰਕੇ ਭੇਟਾ ਕੀਤਾ। ਗੁਰੂ ਜੀ ਨੇ ਰਿੰਨਣਾ ਧਰ ਦਿੱਤਾ। ਪੰਡਤਾਂ ਦੇ ਪੁਛਣ ਨਾਲ ਸਮਾਧਾਨ ਕੀਤਾ। ਜਦ ਉਹ ਚੁਪ ਹੋ ਗਏ ਫੇਰ ਉਨ੍ਹਾਂ ਕਹਿਆ ਪਰਬ ਦੇ ਸਮੇਂ ਮਰਯਾਦਾ ਰਖਣੀ ਚਾਹੀਦੀ ਹੈ, ਤਾਂ ਗੁਰੂ ਜੀ ਨੇ ਕਹਿਆ ਗਊਆਂ ਦਾ ਦੁੱਧ ਮੰਗਵਾਕੇ ਖੀਰ ਚਾੜ੍ਹੀ ਹੈ। ਸਭ ਨੂੰ ਰਾਜਕੁਮਾਰ ਦੇ ਹੱਥੀਂ ਖੀਰ ਖਵਾਈ।

ਤਵਾਰੀਖ ਗੁਰੂ ਖਾਲਸਾ ਵਿਚ ਰਾਜਕੁਮਾਰ ਦੇ ਥਾਂ ਹਾਂਸੀ ਵਾਲੇ ਅੰਮ੍ਰਿਤਰਾਇ ਦਾ ਪੁਤ ਜਗਤ ਰਾਇ ਲਿਖਿਆ ਹੈ ਹੋਰ ਗਲ ਪਹਲੇ ਵਰਗੀ ਹੀ ਹੈ।

ਸ੍ਰੀ ਗੁਰੂ ਨਾਨਕ ਪ੍ਰਬੋਧ ਵਿਚ ਬਕਰਾ ਮਾਰਕੇ ਰਿੰਨਣਾ ਲਿਖਿਆ ਹੈ ਤੇ ਪੰਡਿਆਂ ਦਾ ਔਣਾ ਤੇ ਵਿਚਾਰ ਕਰਨਾ ਪਹਿਲੇ ਵਰਗਾ ਹੀ ਹੈ। ਇਸ ਉਤੇ ਵਿਚਾਰ ਕਰਦੇ ਹੋਏ 'ਆਲਿਮ' ਜੀ ਲਿਖਦੇ ਹਨ—ਪਹਿਲਾਂ ਤਾਂ ਇਹ ਲੇਖਕ ਹੀ ਇਕ ਮਤ ਨਹੀਂ ਹਨ, ਜਿਸ ਤੋਂ ਪਤਾ ਲਗਦਾ ਹੈ ਇਹ ਗਲ ਕੁਛ ਨਹੀ। ਜੇ ਕੁਛ ਹੁੰਦੀ ਤਾਂ ਐਨਾ ਫਰਕ ਲਿਖਣ ਵਾਲਿਆਂ ਵਿਚ ਨਾ ਹੁੰਦਾ। ਜੇ ਕੁਛ ਹੋਈ ਹੈ ਤਾਂ ਏਹੋ ਹੀ ਲੋਕਾਂ ਨੂੰ ਸਮਝਾਉਣ ਵਾਸਤੇ ਇਕ ਢੰਗ ਬਣਾਇਆ ਸੀ, ਇਸ ਕਰਕੇ ਅੰਤ ਨੂੰ ਖੀਰ ਦਿਖਾਈ ਤੇ ਤਸਮਈ ਹੀ ਖਵਾਈ ਹੈ। ਇਸ ਕਹਾਣੀ ਵਿਚ ਕਿਤੇ ਭੀ ਗੁਰੂ ਜੀ ਦਾ ਮਾਸ ਖਾਣਾ ਜਾਂ ਖਵੌਣਾ ਨਹੀਂ ਲਿਖਿਆ ਇਸ ਕਰਕੇ ਇਹ ਸ਼ਬਦ ਮਾਸ ਖਾਣ ਦੀ ਆਗਿਆ ਨਹੀਂ ਦਿੰਦਾ।

ਅੱਗੇ ਮੈਂ ਆਲਿਮ ਜੀ ਦਾ ਪਾਠ ਹੀ ਲਿਖਣਾ ਠੀਕ ਸਮਝਦਾ ਹਾਂ:—

"ਜੇ ਕੋਈ ਮਾਸਾਹਾਰੀ ਸੱਜਨ ਅਜੇ ਵੀ ਹਠ ਕਰੀ ਜਾਏ ਕਿ ਇਨਾਂ ਸਲੋਕਾਂ ਤੋਂ ਮਾਸ ਖਾਣਾ ਹੀ ਵਿਸ਼ੇਸ ਸਿੱਧ ਹੈ, ਤਾਂ ਉਸ਼ ਨੂੰ ਇਸ ਗੱਲ ਵਲ ਧਿਆਨ ਦੇਣਾ ਚਾਹੀਦਾ ਹੈ ਕਿ ਇਨ੍ਹਾਂ ਸਲੋਕਾਂ ਵਿਚ ਕੇਹੜੇ ਮਾਸ ਦਾ ਕਿਸ ਤਰੀਕੇ ਨਾਲ ਖਾਣਾ ਲਿਖਿਆ ਹੋਇਆ ਹੈ। ਕਿਉਂਕਿ ਏਥੇ ਗੁਰੂ ਜੀ ਨੇ ਮਾਤਾ, ਪਿਤਾ, ਭੈਣ, ਭਰਾ,

ਇਸਤ੍ਰੀ, ਪੁਰਸ਼ ਸਭਨਾਂ ਨੂੰ ਮਾਸ ਰੂਪ ਵਿਚ ਹੀ ਵਰਨਣ ਕੀਤਾ ਹੈ। ਮੂੰਹ, ਜੀਭ, ਹੱਡ, ਚੰਮ ਤੇ ਥਣ ਆਦਿ ਸਭ ਸਮੱਗ੍ਰੀ ਮਾਸ ਹੀ ਹੈ। ਜਿਸਨੂੰ ਕੁਦਰਤ ਦੇ ਨੇਮ ਅਨੁਸਾਰ ਸਭ ਲੋਕ ਕਿਸੇ ਨ ਕਿਸੇ ਤਰ੍ਹਾਂ ਵਰਤ ਰਹੇ ਹਨ। ਪਰੰਤੂ ਮਾਸਾਹਾਰੀ ਪੁਰਖਾਂ ਦੇ ਝਟਕੇ ਜਾਂ ਹਲਾਲ ਦੇ ਤਰੀਕਿਆਂ ਨਾਲ ਇਸ ਮਾਸ ਦੀ ਵਰਤੋਂ ਤਾਂ ਅਸਭਯ ਸ਼੍ਰੇਣੀ ਦੇ ਮਨੁਖ ਭੀ ਨਹੀਂ ਕਰਦੇ। ਮਾਤਾ ਦੇ ਥਣਾਂ ਦੁਆਰਾ ਦੁਧ ਪੀ ਕੇ ਤਾਂ ਮਨੁਖ ਦੀ ਸੰਤਾਨ ਅਜ ਤਕ ਪਲਦੀ ਰਹੀ ਤੇ ਅੱਗੋਂ ਨੂੰ ਪਲਦੀ ਰਹੇਗੀ। ਪਰ ਜੇ ਮਾਸਾਹਾਰੀ ਸਿੱਖਾਂ ਦੇ ਤਰੀਕੇ ਨਾਲ ਮਾਵਾਂ ਦੇ ਥਣ ਕੁਤਰ ਕੇ ਉਨ੍ਹਾਂ ਦਾ ਮਹਾ ਪ੍ਰਸ਼ਾਦ ਬਣਾ ਬਚਿਆਂ ਨੂੰ ਛਕੌਣ ਦਾ ਪ੍ਰੋਗਰਾਮ ਬਣਾਇਆ ਜਾਵੇ ਤਾਂ ਮਾਵਾਂ ਤੇ ਬੱਚੇ ਦੋਹਾਂ ਦੇ ਹੀ ਜੀਵਨ ਦਾ ਕੀ ਹਸ਼ਰ ਹੋਵੇਗਾ ? ਏਸੇ ਤਰ੍ਹਾਂ ਇਸਤ੍ਰੀ ਤੇ ਪਤੀ ਗ੍ਰਿਹਸਤ ਦੀ ਮਰਯਾਦਾ ਅਨੁਸਾਰ ਜੀਵਨ ਸੰਤਾਨ ਦੇ ਪੈਦਾ ਕਰਨ ਦੇ ਰੂਪ ਵਿੱਚ ਪਰਸਪਰ ਨਿਰਬਾਹ ਕਰਦੇ ਹਨ। ਪਰ ਜੇ ਉਹ ਟੋਕੇ ਕੁਹਾੜੀਆਂ ਲੈ ਕੇ ਮਹਾ ਪ੍ਰਸ਼ਾਦ ਬਣਾਨ ਲਈ ਇਕ ਦੂਜੇ ਦੇ ਦੁਆਲੇ ਹੋਣਾ ਸ਼ੁਰੂ ਕਰ ਦੇਣ ਤਾਂ ਇਹ ਗੜ੍ਹੇ ਕਿੰਨਾਂ ਕੁ ਚਿਰ ਲੱਗਣਗੇ। ਤੇ ਮਨੁੱਖ ਦੀ ਨਸਲ ਦਾ ਕੀਰਤਨ ਸੋਹਲਾ ਪੜ੍ਹਨ ਵਿਚ ਕਿੰਨਾਂ ਕੁ ਸਮਾਂ ਦਰਕਾਰ ਹੋਵੇਗਾ ? ਇਸੇ ਕਰਕੇ ਗੁਰੂ ਜੀ ਕਹਿੰਦੇ ਹਨ ਕਿ ਹੇ ਮੂਰਖ, ਮਾਸ ਮਾਸ ਕਰਕੇ ਪਿਆ ਝਗੜਦਾ ਹੈ, ਪਰ ਗਿਆਨ ਧਿਆਨ ਦੁਆਰਾ ਇਹ ਸਮਝਣ ਦੀ ਕੋਸ਼ਿਸ਼ ਨਹੀਂ ਕਰਦਾ ਕਿ ਮਾਸ ਕਿਹੜਾ ਹੈ ਤੇ ਸਾਗ ਕੌਣ ਹੈ ? ਅਤੇ ਕਿਸਦੇ ਵਰਤਣ ਵਿਚ ਪਾਪ ਹੈ ? ਇਹ ਪ੍ਰਸ਼ਨ ਬੜੇ ਮਹੱਤ ਦੇ ਹਨ, ਕਿਉਂਕਿ ਗੁਰੂ ਜੀ ਮਾਂ, ਪਿਉ, ਇਸਤ੍ਰੀ, ਪੁਤ੍ਰ, ਪੁਤ੍ਰੀ ਰਾਜਾ ਪ੍ਰਜਾ ਸਭਨਾਂ ਨੂੰ ਮਾਸ ਰੂਪ ਹੀ ਕਹਿ ਰਹੇ ਹਨ। ਭਾਵੇਂ ਸਭ ਦਾ ਮਾਸ ਇਕੋ ਹੈ ਤੇ ਸਭ ਇਕੋ ਹੀ ਬਣਤ ਦੇ ਬਣੇ ਹੋਏ ਹਨ, ਪਰ ਵਰਤੋਂ ਦਾ ਵਿਹਾਰ ਸਭ ਦਾ ਵੱਖੋ ਵੱਖ ਹੈ। ਜਿਸ ਤਰ੍ਹਾਂ ਇਕੋ ਇਸਤ੍ਰੀ ਨੂੰ ਪਤੀ ਇਸਤ੍ਰੀ ਭਾਵ ਨਾਲ ਤਕ ਰਿਹਾ ਹੈ। ਪੁਤ੍ਰ ਮਾਤਾ ਭਾਵ ਨਾਲ ਸਤਕਾਰ ਰਿਹਾ ਹੈ, ਭਰਾ ਭੈਣ ਦੀ ਦ੍ਰਿਸ਼ਟੀ ਨਾਲ ਤਕ ਰਿਹਾ ਹੈ ਅਤੇ ਪਿਤਾ ਪੁਤ੍ਰੀ ਦੀ ਨਜ਼ਰ ਨਾਲ ਵੇਖ ਰਿਹਾ ਹੈ। ਜੇ ਮਾਸਾਹਾਰੀ ਦੀ ਦ੍ਰਿਸ਼ਟੀ ਨਾਲ ਦੇਖਿਆ ਜਾਵੇ ਤਾਂ ਇਕੋ ਹੀ ਹੈ। ਬਿਵਹਾਰ ਵਿਚ ਫਰਕ ਕਿਉਂ ਪੈ ਗਿਆ ਹੈ ?

**ਮਾਸ ਮਾਸ** ਕਰ ਮੂਰਖ ਝਗੜੇ ਗਿਆਨ ਧਿਆਨ ਨਹੀਂ ਜਾਣੈ। ਕਉਣ ਮਾਸ ਕਉਣ ਸਾਗ ਕਹਾਵੈ ਕਿਸ ਮਹਿ ਪਾਪ ਸਮਾਣੇ—ਦੀ ਉਲਝਣ ਵੀ ਇਥੇ ਹੀ ਸੁਲਝੇਗੀ। ਜਿਸ ਨੂੰ ਮਾਸਾਹਾਰੀ ਪੁਰਸ਼ ਅੱਜ ਤਕ ਨਹੀਂ ਸੁਲਝਾ

ਸਕਿਆ। ਗੁਰੂ ਜੀ ਨੇ ਇਥੇ ਸਾਰਾ ਅਹਾਰ ਤੇ ਮਾਸ ਅਹਾਰ ਨੂੰ ਸਾਹਮਣੇ ਰਖਦਿਆਂ ਹੋਇਆਂ ਪੁਛ ਕੀਤੀ ਹੈ ਕਿ ਮਾਤਾ, ਪੁਤ੍ਰ, ਭੈਣ, ਭਾਈ ਲੜਕੀ ਹੈਨ ਤਾਂ ਸਭ ਸਾਸ ਦੇ ਭਾਂਡੇ, ਪਰ ਏਨਾਂ ਵਿਚੋਂ ਮਾਸ ਕਿਹੜਾ ਹੈ ਤੇ ਸਾਗ ਕਿਹੜਾ ਹੈ ? ਤੇ ਕਿਸ ਦੇ ਕਿਸ ਤਰ੍ਹਾਂ ਖਾਣ ਵਰਤਣ ਨਾਲ ਪਾਪ ਹੁੰਦਾ ਹੈ। ਸੋ ਆਪਣੀ ਇਸਤ੍ਰੀ ਨਾਲ ਇਸਤ੍ਰੀ ਵਾਲਾ ਬਿਵਹਾਰ ਕਰਨਾ ਸਾਗ (ਯਾਨੀ ਉੱਤਮ ਵਿਹਾਰ) ਹੈ ਪਰ ਲੜਕੀ, ਭੈਣ, ਤਥਾ ਮਾਤਾ ਨੂੰ ਇਸਤ੍ਰੀ ਦੀ ਦ੍ਰਿਸ਼ਟੀ ਨਾਲ ਵੇਖਣਾ ਮਾਸ (ਅਰਥਾਤ ਅਨੁਚਿਤ ਬਿਵਹਾਰ) ਹੈ ਜਿਸ ਵਿਚ ਪਾਪ ਹੈ।

ਇਸ ਵਿਚਾਰ ਅਨੁਸਾਰ ਇਨ੍ਹਾਂ ਸਲੋਕਾਂ ਵਿਚ ਜਗਤ ਪ੍ਰਸਿਧ ਮਾਸ ਦਾ ਖਾਣਾ ਇਸਟ ਨਹੀਂ, ਸਗੋਂ ਮਾਸ ਰੂਪ ਸੰਸਾਰ ਵਿਚ ਆਪਣੇ ਆਪਣੇ ਅਧਿਕਾਰ ਅਨੁਸਾਰ ਵਰਤੋਂ ਕਰਨੀ ਪ੍ਰਯੋਜਨ ਹੈ। ਤਾਂਤੇ ਗੁਰਬਾਨੀ ਅਤੇ ਇਤਿਹਾਸ ਦੇ ਚਾਨਣੇ ਹੇਠ ਸ੍ਰੀ ਗੁਰੂ ਨਾਨਕ ਦੇਵ ਦੇ ਮਾਸ ਸੰਬੰਧੀ ਮਤ ਬਾਬਤ ਜਰਾ ਵੀ ਹਨੇਰਾ ਨਹੀਂ ਰਹਿ ਜਾਂਦਾ। ਜਦ ਆਪ ਮਾਸ ਖਾਣ ਵਾਲਿਆਂ ਦੇ ਘਰ ਦਾ ਭੋਜਨ ਤਕ ਗ੍ਰਹਣ ਨਹੀਂ ਕਰਦੇ ਔਰ ਦੇਵਲੂਤ ਜੈਸੇ ਮਾਸਾਹਾਰੀ ਰਾਖ਼ਸ਼ਾਂ ਤੋਂ ਮਾਸ ਛੁਡਾਣ ਬੀਂ ਬਿਨਾਂ ਉਨ੍ਹਾਂ ਨੂੰ ਉਪਦੇਸ਼ ਨਹੀਂ ਕਰਦੇ, ਅਤੇ ਮੱਕੇ ਮਦੀਨੇ ਵਿਚ ਜਿਥੇ ਕਿ ਆਪਦੇ ਇਰਦ ਗਿਰਦ ਮਾਸਾਹਾਰੀਆਂ ਦੇ ਹੀ ਮਜਮੇ ਸਨ, ਮਾਸ ਬਾਬਤ ਨਿਰਭੈ ਹੋ ਕੇ ਆਪਣਾ ਏਹੀ ਮਤ ਪ੍ਰਗਟ ਕਰਦੇ ਹਨ ਕਿ ਮਾਸ ਖ਼ਾਣਾ ਪਾਪ ਹੈ, ਤਾਂ ਕੁਰਖੇਤਰ ਵਿਚ ਆਪ ਬ੍ਰਾਹਮਣਾਂ ਨੂੰ ਮਾਸ਼ ਖਾਣ ਦਾ ਉਪਦੇਸ਼ ਕਿਵੇਂ ਕਰ ਸਕਦੇ ਹਨ ? ਤਾਂਤੇ ਮਲਾਰ ਦੇ ਸ਼ਲੋਕਾਂ ਦਾ ਤਾਤਪਰਯ ਕੇਵਲ ਸਾਨੂੰ ਜੈਸੇ ਪੰਡਿਤਾਂ ਦੇ ਪਾਂਡਿਤਯ ਦਾ ਅਭਿਮਾਨ ਦੂਰ ਕਰਨਾ ਅਤੇ ਉਨ੍ਹਾਂ ਲੋਕਾਂ ਨੂੰ ਸਿਧੇ ਰਸਤੇ ਪਾਣਾ ਸੀ।" (ਪੰਨਾ ੪੬—੪੨)

ਜੇ ਕਿਸੇ ਨੂੰ ਇਹ ਪ੍ਰਕਰਣ ਬਹੁਤਾ ਦੇਖਣ ਦੀ ਲੋੜ ਹੋਵੇ ਤਾਂ ਨਾਮਧਾਰੀ ਦਰਬਾਰ ਦੇ ਪ੍ਰਧਾਨ ਸ਼੍ਰੀ ਨਿਧਾਨ ਸਿੰਘ ਜੀ ਆਲਮ ਦੀ ਬਨਾਈ ਹੋਈ 'ਸਿਖ ਧਰਮ ਤੇ ਮਾਸ਼' ਨਾਮੀ ਪੋਥੀ ਨੂੰ ਪੜ੍ਹਨ ਦੀ ਖੇਚਲ ਕਰੇ। ਉਨ੍ਹਾਂ ਨੇ ਵਿਸਤਾਰ ਨਾਲ ਲਿਖਿਆ ਹੈ।

ਸਿਬ ਪੰਥ ਵਿਚ ਇਸ ਸ਼ਬਦ ਤੋਂ ਬਿਨਾਂ ਹੋਰ ਕੋਈ ਸ਼ਬਦ ਮਾਸ ਖਾਣ ਵਿਚ ਪ੍ਰਮਾਣ ਨਹੀਂ ਕਿਹਾ ਜਾਂਦਾ। ਇਸ ਉਤੇ ਅੱਛਾ ਵਿਚਾਰ ਭੀ ਹੋ ਗਿਆ ਹੈ। ਹੁਣ ਪਾਠਕ ਆਪ ਨਿਰਣੇ ਕਰ ਲੈਣ ਕਿ ਕੀ ਠੀਕ ਹੈ ? ਮੇਰੀ ਸੰਮਤੀ ਵਿਚ ਤਾਂ ਜੇ ਕੇਵਲ ਲੇਖਾਂ ਨੂੰ ਦੇਖਿਆ ਜਾਵੇ ਤਾਂ ਆਰਿਆ ਸਮਾਜ ਦੇ ਪ੍ਰਵਰਤਕ

ਰਿਸ਼ੀ ਦਯਾਨੰਦ ਜੀ ਅਤੇ ਗੁਰੂ ਨਾਨਕ ਦੇਵ ਜੀ ਆਦੀ ਗੁਰੂਆਂ ਦੇ ਸ਼ਰਾਬ ਤੇ ਮਾਸ ਦੇ ਲੇਖਾਂ ਵਿਚ ਕੋਈ ਫ਼ਰਕ ਨਹੀਂ ਹੈ। ਦੋਨੋਂ ਆਪਣੇ ਆਪਣੇ ਢੰਗ ਨਾਲ ਆਪਣੀ ਆਪਣੀ ਭਾਸ਼ਾ ਵਿਚ ਸ਼ਰਾਬ ਤੇ ਮਾਸ ਦੇ ਵਰਜਣ ਵਾਲੇ ਹਨ। ਦੋਹਾਂ ਦੇ ਅਨੁਯਾਈਆਂ ਨੂੰ ਉਹੋ ਹੀ ਕਰਨਾ ਚਾਹੀਦਾ ਹੈ ਜਿਹੜਾ ਉਨ੍ਹਾਂ ਨੇ ਲਿਖਿਆ ਹੈ। ਅਰਥਾਤ ਮਾਸ ਖਾਣ ਤੋਂ ਯਤੇ ਸ਼ਰਾਬ ਪੀਣ ਤੋਂ ਪਰੇ ਹੀ ਰਹਿਣ।

———

# ੧੭ ਨਮਸਕਾਰ

ਆਰਿਆ ਸਮਾਜ ਵਾਲੇ ਜਦ ਇਕ ਦੂਜੇ ਨਾਲ ਮਿਲਦੇ ਹਨ, ਜਾਂ ਸੌਣ ਤੋਂ ਪਹਿਲਾਂ ਤੇ ਸਵੇਰ ਉੱਠਣ ਵੇਲੇ ਇਕ ਦੂਜੇ ਨੂੰ 'ਨਮਸਤੇ' ਆਖਦੇ ਹਨ। ਮਾਂ ਬਾਪ ਭੈਣ ਭਾਈ ਪਿਉ ਪੁੱਤ ਮਾਂ ਧੀ ਚਾਚੀ ਤਾਈ, ਖਸਮ ਅਤੇ ਵਹੁਟੀ ਸਭ ਆਪੋ ਵਿੱਚੀ ਨਮਸਤੇ ਹੀ ਆਖਦੇ ਹਨ। ਸਤਆਰਥ ਪ੍ਰਕਾਸ਼ ਦੇ ਚੌਥੇ ਸ਼ਮੁਲਾਸ ਵਿਚ ਰਿਸ਼ੀ ਦਯਾਨੰਦ ਜੀ ਨੇ ਇਕ ਥਾਉਂ ਏਹੁ ਪਾਠ ਲਿਖਿਆ ਹੈ।

"ਦਿਨ ਰਾਤ ਮੇਂ ਜਬ ਜਬ ਪ੍ਰਥਮ ਮਿਲੇਂ ਵਾ ਪ੍ਰਥਕ ਹੋਂ ਤਬ ਤਬ ਪ੍ਰੀਤਿ ਪੂਰਵਕ ਨਮਸਤੇ ਏਕ ਦੂਸ਼ਰੇ ਸੇ ਕਰੇ।"

ਨਮਸਤੇ ਸ਼ਬਦ ਨੂੰ ਜੇ ਇਕ ਪਾਠ ਹੀ ਮੰਨ ਲਈਏ ਤਾਂ ਇਸਦਾ ਅਰਥ ਹੈ ਆਦਰ ਕਰਨਾ, ਝੁਕਣਾ, ਨਿਉਣਾ, ਸਤਕਾਰ ਕਰਨਾ ਆਦਿ। ਜੇ ਦੋ ਪਦ ਮੰਨੀਏ ਤਾਂ 'ਨਮ:' ਅਤੇ 'ਤੇ' ਪਦ ਹੁੰਦੇ ਹਨ। ਨਮঃ ਦੇ ਅਰਥ ਤਾਂ ਉਪਰ ਲਿਖੇ ਹੀ ਹਨ ਅਤੇ 'ਤੇ' ਦੇ ਅਰਥ 'ਆਪ' ਹੁੰਦੇ ਹਨ। ਅਰਥ ਆਪ ਕੋ ਨਮਸਕਾਰ ਕਰਤਾ ਹੂੰ। ਗੁਰੂ ਗਿਰਾਰਥ ਕੋਸ਼ ਵਿਚ 'ਨਮੋ' ਅਤੇ ਨਮਸਕਾਰ ਦੋਨੋ ਸ਼ਬਦ ਦਿੱਤੇ ਹਨ ਤੇ ਅਰਥ ਏਹ ਹੈ :—

ਨਮੋ ਦੇ: ਨਮਸਕਾਰ। ਯਥਾ ਹਰਿ ਸੰਤਨ ਕਰ ਨਮੋ ਨਮੋ। ਨਮਸ਼ਕਾਰ। ਸੇ: ਪ੍ਰਣਾਮ, ਮਥਾ ਟੇਕਣਾ। ਯਥਾ ਕਰ ਨਮਸਕਾਰ ਪੂਰੇ ਗੁਰੂਦੇਵ"। ਗੁਰੂ ਗਿਰਾਰਥ ਕੋਸ਼ ਦੇ ਅਰਥ ਇਸ ਲਈ ਦਿਤੇ ਹਨ, ਤਾਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਨਸ਼ਮਕਾਰ ਸ਼ਬਦ ਦੇ ਅਰਥ ਛੇਤੀ ਸਮਝ ਵਿਚ ਆ ਜਾਣ।

ਨਮਸਕਾਰ ਸ਼ਬਦ ਨੂੰ ਮੈਂ ਤਿੰਨ ਹਿੱਸੇ ਕਰਕੇ ਲਿਖਦਾ ਹਾਂ। ਇਕ ਤਾਂ ਜਿਥੇ ਈਸ਼ਵਰ ਨੇ ਨਮਸਕਾਰ ਕੀਤੀ ਹੈ, ਦੂਜੇ ਗੁਰੂ ਜੀ ਨੂੰ ਕੀਤੀ ਹੈ। ਤੀਜੇ ਹੋਰ ਕਿਸੇ ਨੂੰ ਕੀਤੀ।

(੧) ਈਸ਼ਵਰ ਨੂੰ ਨਮਸਕਾਰ ਕਰਨ ਵਾਲੇ ਸ਼ਬਦ :—

ਆਦਿ ਗੁਰਏ ਨਮ:: । ਜੁਗਾਦਿ ਗੁਰਏ ਨਮ: ।

(ਗਉੜੀ ਸੁਖਮਨੀ ਮ: ੧, ਸ਼ਲੋਕ ੧)

ਤੁਮਰੀ ਕ੍ਰਿਪਾ ਤੇ ਗੁਨ ਗਾਵੈ, ਨਾਮ ਧਿਆਇ ਧਿਆਇ ਪ੍ਰਭ ਕਉ ਨਮਸਕਾਰੇ ।

(ਆਸਾ ਮ: ੫ ਸ਼ਬਦ ੩੬)

ਪ੍ਰਭ ਜੀ ਤੂ ਮੇਰੇ ਪ੍ਰਾਨ ਅਧਾਰੇ ।
ਨਮਸਕਾਹ ਡੰਡਉਤਿ ਬੰਦਨਾ ਅਨਿਕ ਬਾਰ ਜਾਉ ਬਾਰੇ ।

(ਰਾਗ ਬਿਲਾਵਲ ਮ: ੫ ਸ਼ਬਦ ੮੨)

ਗਰਭ ਘੋਰ ਮਹਿ ਰਾਖਨਹਾਰੁ । ਤਿਸ ਠਾਕੁਰ ਕਉ ਸਦਾ ਨਮਸ਼ਕਾਰ ।

(ਗੋਂਡ ਮ: ੫ ਸ਼ਬਦ ੫)

(੨) ਗੁਰੂ ਕੋ ਨਮਸਕਾਰ ਸਤਿਗੁਰਏ ਨਮਹ । ਸ੍ਰੀ ਗੁਰਦੇਵਏ ਨਮਹ ।

(ਗਉੜੀ ਸੁਖਮਨੀ ਮ: ੧)

ਤਿਸ ਗੁਰ ਕੰਉ ਸਭਿ ਨਮਸਕਾਰੁ ਕਰਹੁ ਜਿਨਿ ਹਰਿ ਕੀ ਹਰਿ ਗਾਲ ਗਲੋਂਦੀਐ ॥

(ਵਡਹੰਸ ਵਾਰ ਮ: ੪ ਸ਼ਬਦ ੪)

ਹੰਉ ਸਤਿਗੁਰੂ ਅਪਨੇ ਕਉ ਸਦਾ ਨਮਸਕਾਰ, ਜਿਤੁ ਮਿਲਿਐ ਹਰਿ ਨਾਮੁ ਮੈ ਜਾਤਾ ।

(ਵਡਹੰਸ਼ ਵਾਰ ਮ: ੪ ਸ਼ਬਦ ੧੬)

ਸਦਾ ਸਦਾ ਤਿਸੁ ਗੁਰ ਕਉ ਕਰੀ ਨਮਸਕਾਰ ।

(ਗਉੜੀ ਅਸਟਪਦੀਆ ਮ: ੫ ਸ਼ਬਦ ੨)

ਸੰਤ ਪਿਆਰੇ ਕਾਰਜ ਸਾਰੇ ਨਮਸਕਾਰ ਕਰਿ ਲਗੈ ਸੇਵਾ ।

(ਆਸਾ ਛੰਤ ਮ: ੫ ਸ਼ਬਦ ੧)

ਕਰ ਨਮਸਕਾਰ ਪੂਰੇ ਗੁਰਦੇਵ ।

(ਗੋਂਡ ਅਸ਼ਟਪਦੀਆਂ ਮ: ੫ ਸ਼ਬਦ ੧)

ਗੁਰ ਕੇ ਚਰਨ ਨਮਸਕਾਰਿ । ਭਵਜਲ ਉਤਰਹਿ ਪਾਰਿ ॥

(ਰਾਮਕਲੀ ਮ: ੫ ਸ਼ਬਦ ੪੦)

ਧੰਨ ਧੰਨ ਰਾਮਦਾਸ ਗੁਰੂ ਜਿਨਿ ਸਿਰਿਆ ਤਿਨੈ ਸਵਾਰਿਆ ॥
ਪੂਰੀ ਹੋਈ ਕਰਾਮਾਤਿ ਆਪ ਸਿਰਜਣਹਾਰੇ ਧਾਰਿਆ ।
ਸਿਖ ਅਤੇ ਸੰਗਤੀ ਪਾਰਬ੍ਰਹਮ ਕਰਿ ਨਮਸਕਾਰਿਆ ।
(ਰਾਮਕਲੀ ਵਾਰ ਰਾਇ ਬਲਵੰਤ ਤਥਾ ਸਤੇ ਭੂਮਿ ਆਖੀ ਸ਼ਬਦ੧)

ਗੁਰੂ ਤੇ ਬਿਨਾਂ ਹੋਰਨਾਂ ਨੂੰ ਨਮਸਕਾਰ ।

ਨਾਮੁ ਜਪੈ ਨਾਮੋ ਆਰਾਧੇ ਤਿਸੁ ਜਨ ਕਉ ਕਰਹੁ ਸਭਿ ਨਮਸਕਾਰ ।
(ਰਾਮਕਲੀ ਵਾਰ ਮ: ੩ ਸ਼ਬਦ ੨)

ਧੰਨੁ ਧੰਨੁ ਗੁਰੂ ਗੁਣ ਗਾਵਦਾ ਤਿਸਨੋ ਸਦਾ ਸਦਾ ਨਮਸਕਾਰੁ ॥
(ਗਉੜੀ ਵਾਰ ਮ: ੪ ਸ਼ਬਦ ੬)

ਤਿਸ ਕਉ ਖੰਡ ਬ੍ਰਹਮੰਡ ਨਮਸਕਾਰੁ ਕਰਹਿ ।
ਜਿਸ ਕੇ ਮਸਤਕਿ ਹਥੁ ਧਾਰਿਆ ਗੁਰ ਪੂਰੇ ਸੋ ਪੂਰਾ ਹੋਈ ।
(ਗਉੜੀ ਵਾਰ ਮ: ੪ ਸ਼ਬਦ ੧੫)

ਜਿਸੁ ਅੰਤਰੁ ਹਿਰਦਾ ਸੁਧੁ ਹੈ ਤਿਸ ਜਨ ਕਉ ਸਭਿ ਨਮਸਕਾਰੀ ।
(ਵਡਹੰਸ ਵਾਰ ਮ: ੩ ਸ਼ਬਦ ੨)

ਤਿਸੁ ਗੁਰਸਿਖ ਕਉ ਹਉ ਸਦਾ ਨਮਸਕਾਰੀ, ਜੋ ਗੁਰ ਕੈ ਭਾਣੈ ਗੁਰਸਿਖੁ ਚਲਿਆ ।
(ਵਡਹੰਸ ਵਾਰ ਮ: ੩ ਸ਼ਬਦ ੧੮)

ਜਾਕੈ ਹਿਰਦੈ ਬਸਿਆ ਮੇਰਾ ਹਰਿ ਹਰਿ, ਤਿਸ ਜਨ ਕਉ ਕਰਹੁ ਨਮਸਕਾਰਾ ।
(ਬੈਰਾੜੀ ਮ: ੪ ਸ਼ਬਦ ੬)

ਇਕ ਗੁਰ ਪ੍ਰਸਾਦਿ ਉਬਰੇ, ਤਿਸੁ ਜਨ ਕਉ ਕਰਹਿ ਸਭਿ ਨਮਸਕਾਰ ।
(ਸਾਰੰਗ ਵਾਰ ਮ: ੪ ਸ਼ਬਦ ੨੭)

ਹਰਿ ਕੇ ਦਾਸ ਕੇ ਚਰਣ ਨਮਸਕਾਰਹੁ ।
(ਗਉੜੀ ਮ: ੫ ਸ਼ਬਦ ੫੫)

ਸਫਲ ਓਹੁ ਮਾਥਾ ਸੰਤ ਨਮਸਕਾਰਸਿ ।
(ਗਉੜੀ ਮ: ੫ ਸ਼ਬਦ ੬੦)

ਸੰਤ ਸਹਾਈ ਸਰਨਿ ਜੋਗੁ, ਆਠ ਪਹਰ ਨਮਸਕਾਰ ।
(ਥਿਤਿ ਗਉੜੀ ਮ: ੫ ਸ਼ਬਦ ੧੬)

ਸੰਤ ਪਿਆਰੇ ਕਾਰਜ ਸਾਰੇ, ਨਮਸਕਾਰ ਕਰਿ ਲਗੇ ਸੇਵਾ ।

(ਆਸਾ ਛੰਦ ਮ: ੫ ਸ਼ਬਦ ੧)

ਪਤਿਤ ਪਵਿਤ੍ਰ ਲੀਏ ਕਰਿ ਅਪੁਨੇ, ਸਗਲ ਕਰਤ ਨਮਸਕਾਰੋ ।

(ਗੁਜਰੀ ਕ: ੫ ਸ਼ਬਦ ੧੦)

ਹਰਏ ਨਮਸਤੇ ਹਰਏ ਨਮਹ । ਹਰਿ ਕਰਤ ਨਹੀ ਦੁਖ ਜਮਹ ।

(ਗੋਂਡ ਨਾਮਦੇਵ ਜੀ ਸ਼ਬਦ ੫)

ਜਿਹ ਸਿਮਰਨ ਨਾਹੀ ਨਨਕਾਰੁ । ਮੁਕਤਿ ਕਰੈ ਉਤਰੈ ਬਹੁ ਭਾਰੁ ।

ਨਮਸਕਾਰ ਕਰ ਹਿਰਦੈ ਮਾਹਿ । ਫਿਰਿ ਫਿਰਿ ਤੇਰਾ ਆਵਨ ਨਾਹਿ ।

(ਰਾਮਕਲੀ ਕਬੀਰ ਜੀ ਸ਼ਬਦ ੨)

ਉਪਰ ਲਿਖੇ ਪਾਠ ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ ਜੀ ਦੇ ਹਨ । ਅਗੇ ਕੁਝ ਪਾਠ ਸ੍ਰੀ ਦਸ਼ਮ ਗ੍ਰੰਥ ਸਾਹਿਬ ਜੀ ਦੇ ਭੀ ਲਿਖਦਾਂ ਹਾਂ । ਗੁਰੂ ਜੀ ਈਸ਼ਵਰ ਨੂੰ ਨਮ: ਸ਼ਬਦ ਕਹਿੰਦੇ ਹਨ :—

ਨਮਸਤੇ ਅਜਾਤੇ । ਨਮਸਤੰ ਅਪਾਤੇ ।

ਨਮਸਤੰ ਅਮਜਬੇ । ਨਮਸਤੰ ਅਜਨਬੇ । (੧੭)

ਨਮੋ ਸਰਬ ਕਾਲੇ । ਨਮੋ ਸਰਬ ਦਿਆਲੇ ।

ਨਮੋ ਸਰਬ ਰੂਪੇ । ਨਮੋ ਸਰਬ ਭੂਪੇ ॥ (੧੯)

ਘਰੁ ਘਰ ਪ੍ਰਨਾਮ । ੧੬੮ । (ਜਾਪੁਜੀ ਪਾਤਿਸ਼ਾਹੀ ੧੦)

ਪ੍ਰਣਵੋ ਆਦਿ ਏਕੰ ਕਾਰ । (ਅਕਾਲ ਉਸਤਤਿ ੧)

ਇਹ ਸਾਰੇ ਪਾਠ ਦਸਦੇ ਹਨ ਕਿ ਗੁਰੂ ਜੀ ਪਰਮਾਤਮਾ ਨੂੰ ਨਮਸਕਾਰ ਕਰਦੇ ਹਨ ਅਤੇ ਆਪਣੇ ਆਪਣੇ ਗੁਰੂ ਮਹਾਰਾਜ ਨੂੰ ਭੀ ਨਮਸਕਾਰ ਲਿਖਦੇ ਹਨ ਅਤੇ ਹੋਰ ਭਗਤਾਂ ਤੇ ਪਰਮੇਸ਼ਵਰ ਦੇ ਪ੍ਰੇਮੀਆਂ ਨੂੰ ਵੀ ਨਮਸਕਾਰ ਹੀ ਆਖਦੇ ਹਨ । ਇਸ ਕਰਕੇ ਨਮਸਤੇ ਸ਼ਬਦ ਸਿਖ ਪੰਥ ਵਾਸਤੇ ਕੋਈ ਨਵਾਂ ਨਹੀਂ ਹੈ । ਇਹ ਉਹੀ ਸ਼ਬਦ ਹੈ ਜਿਹੜਾ ਗੁਰੂ ਜੀ ਨੇ ਅਨੇਕ ਥਾਈਂ ਲਿਖਿਆ ਹੈ ।

## ੧੭ ਇਸਤਰੀ ਜਾਤ

ਆਰਿਆ ਸਮਾਜ ਦੇ ਪ੍ਰਚਾਰ ਤੋਂ ਪਹਿਲਾਂ ਇਸਤ੍ਰੀਆਂ ਨੂੰ ਸੂਦ੍ਰ ਵਰਗਾ ਤੇ

ਪੈਰ ਦੀ ਜੁੱਤੀ ਸਮਝਿਆ ਜਾਂਦਾ ਸੀ। ਇਨ੍ਹਾਂ ਨੂੰ ਵੇਦ ਸਾਸਤ੍ਰ ਪੜਨ ਦੀ ਆਗਿਆ ਨਹੀਂ ਸੀ। ਰਿਸ਼ੀ ਦਯਾਨੰਦ ਜੀ ਨੇ ਇਸਤ੍ਰੀਆਂ ਦਾ ਦਰਜਾ ਪੁਰਸ਼ਾਂ ਦੇ ਬਰਾਬਰ ਦੱਸਿਆ ਹੈ। ਵੇਦ ਸਾਸਤ੍ਰ ਪੜ੍ਹਨ ਦਾ ਉਨ੍ਹਾਂ ਨੂੰ ਉਤਨਾ ਹੀ ਅਧਿਕਾਰ ਹੈ, ਜਿਤਨਾ ਪੁਰਸਾਂ ਨੂੰ ਹੈ। ਸਤਯਾਰਥ ਪ੍ਰਕਾਸ਼ ਵਿਚ ਇਹ ਗੱਲਾਂ ਕਈ ਥਾਈਂ ਲਿਖਿਆਂ ਹਨ। ਉਨ੍ਹਾਂ ਵਿਚੋਂ ਚੌਥੇ ਸਮੁਲਾਸ ਚੋਂ ਕੁਝ ਗੱਲਾ ਹੇਠ ਲਿਖਦਾ ਹਾਂ, ਜਿਸ ਤੋਂ ਪਤਾ ਲਗ ਜਾਏਗਾ ਕਿ ਰਿਸੀ ਦਯਾਨੰਦ ਜੀ ਇਸਤ੍ਰੀਆਂ ਦਾ ਬਾਬਤ ਕੀ ਵਿਚਾਰ ਰਖਦੇ ਸਨ।

"ਜੋ ਅਪਨੀ ਹੀ ਇਸਤ੍ਰੀ ਪ੍ਰਸੰਨ ਔਰ ਰਿਤੂ ਗਾਮੀ ਹੋਤਾ ਹੈ, ਵੋ ਗ੍ਰਿਹਸਥ ਵੀ ਬ੍ਰਹਮਚਾਰੀ ਕੇ ਸਾਦ੍ਰਿਸ਼ ਹੈ।

ਜਿਸ ਕੁਲ ਮੇਂ ਭਾਰਯਾ ਸੇ ਭਰਥਾ ਔਰ ਪਤੀ ਸੇ ਪਤਨੀ ਅਛੇ ਪ੍ਰਕਾਰ ਪ੍ਰਸੰਨ ਰਹਤੀ ਹੈ, ਉਸੀ ਕੁਲ ਮੇਂ ਸਬ ਸੌਭਾਗਯ ਔਰ ਐਸਵ੍ਰਯ ਨਿਵਾਸ ਕਰਤੇ ਹੈਂ। ਜਹਾਂ ਕਲਹ ਹੋਤਾ ਹੈ, ਵਹਾਂ ਦੁਰਭਾਗਯ ਔਰ ਦਾਰਿਦ੍ਰਯ ਸਿਥਿਰ ਹੋਤਾ ਹੈ। ਜੋ ਇਸਤ੍ਰੀ ਪਤੀ ਸੇ ਪ੍ਰੀਤ ਔਰ ਪਤੀ ਕੋ ਪ੍ਰਸੰਨ ਨਹੀਂ ਕਰਤੀ, ਤੋ ਪਤੀ ਕੇ ਅਪ੍ਰਸੰਨ ਹੋਨੇ ਸੇ ਕਾਮ ਉਤਪੰਨ ਨਹੀਂ ਹੋਤਾ। ਜਿਸ ਇਸਤਰੀ ਕੀ ਪ੍ਰਸੰਨਤਾ ਮੇਂ ਸਬ ਕੁਛ ਪ੍ਰਸੰਨ ਹੋਤਾ, ਉਸਕੀ ਅਪ੍ਰਸੰਨਤਾ ਮੇਂ ਸਬ ਕੁਲ ਅਪ੍ਰਸੰਨ ਅਰਥਾਤ ਦੁਖਦਾਇਕ ਹੋ ਜਾਤਾ ਹੈ।

ਪਿਤਾ, ਭਾਈ, ਪਤੀ ਔਰ ਦੇਵਰ ਇਨ ਕੋ ਸਤਕਾਰ ਪੂਰਵਕ ਭੂਸ਼ਣ ਆਦਿ ਸੇ ਪ੍ਰਸੰਨ ਕਰੱਖੇਂ ਜਿਨ ਕੋ ਬਹੁਤ ਕਲਆਣ ਕੀ ਇਛਾ ਹੋ, ਵੇ ਐਸੇ ਕਰੇਂ। ਜਿਸ ਘਰ ਮੇਂ ਇਸਤ੍ਰੀਓਂ ਕਾ ਸਤਿਕਾਰ ਹੋਤਾ ਹੈ, ਉਸ ਮੇਂ ਵਿਦਯਾ ਯੁਕਤ ਪੁਰਸ਼ ਹੋ ਕੇ ਦੇਵ ਸੰਗਿਆ, ਧਰਾ ਕੇ ਆਨੰਦ ਸੇ ਕਰੀੜਾ ਕਰਤੇ ਹੈਂ। ਔਰ ਜਿਸ ਘਰ ਮੇਂ ਇਸਤ੍ਰੀਓਂ ਕਾ ਸਤਕਾਰ ਨਹੀਂ ਹੋਤਾ, ਵਹਾਂ ਸਬ ਕ੍ਰਿਆ ਨਿਸਫਲ ਹੋ ਜਾਤੀ ਹੈ। ਜਿਸ ਘਰ ਵਾ ਕੁਲ ਮੇਂ ਇਸਤਰੀ ਲੋਗ ਸ਼ੋਕਾਤੁਰ ਹੋ ਕਰ ਦੁਖ ਪਾਤੀ ਹੈਂ। ਵੋ ਕੁਲ ਸੀਘਰ ਨਸ਼ਟ ਭ੍ਰਸ਼ਟ ਹੋ ਜਾਤਾ ਹੈ, ਔਰ ਜਿਸ ਘਰ ਵਾ ਕੁਲ ਮੇਂ ਇਸਤ੍ਰੀ ਲੋਗ ਆਨੰਦ ਸੇ ਉਤਸਾਹ ਔਰ ਪ੍ਰਸੰਨਤਾਂ ਸੇ ਭਰੀ ਹੂਈ ਰਹਤੀ ਹੈ, ਵੋ ਕੁਲ ਸਰਵਦਾ ਬੜਤਾ ਰਹਤਾ ਹੈ। ਇਸ ਲੀਏ ਐਸ਼ਵਰ੍ਯ ਕੀ ਕਾਮਨਾ ਕਰਨੇ ਹਾਰੇ ਮਨੁਸ਼ੋਂ ਕੋ ਯੋਗਯ ਹੈ, ਕਿ ਸਤਕਾਰ ਔਰ ਉਤਸਵ ਕੇ ਸਮੇਂ ਭੂਸ਼ਣ, ਬਸਤ ਔਰ

ਭੋਜਨਾਦਿ ਸੇ ਇਸਤ੍ਰੀਓਂ ਕਾ ਨਿਤਯ ਪ੍ਰਤਿ ਸਤਕਾਰ ਕਰੇਂ। ਯਹ ਬਾਤ ਸਦਾ ਧਿਆਨ ਮੇਂ ਰਖਨੀ ਚਾਹੀਏ ਕਿ ਪੂਜਾ ਸ਼ਬਦ ਕਾ ਅਰਥ ਸਤਕਾਰ ਹੈ, ਔਰ ਦਿਨ ਰਾਤ ਮੇਂ ਜਬ ਜਬ ਪ੍ਰਥਮ ਮਿਲੇਂ ਵਾ ਪ੍ਰਿਥਕ ਹੋਂ, ਤਬ ਤਬ ਪ੍ਰੀਤੀ ਪੂਰਵਕ ਨਮਸਤੇ ਏਕ ਦੂਸਰੇ ਸੇ ਕਰੇਂ।

ਇਸਤ੍ਰੀ ਕੇ ਯੋਗਯ ਹੈ ਕਿ ਅਤਿ ਪ੍ਰਸੰਨਤਾ ਸੇ ਘਰ ਕੇ ਕਾਮੋਂ ਮੇਂ ਚਤੁਰਾਈ ਯੁਕਤ ਸਬ ਪਦਾਰਥੋਂ ਕੋ ਉਤਮ ਸੰਸਕਾਰ ਤਥਾ ਘਰ ਕੀ ਸੁਧੀ ਰਖੇ ਔਰ ਵੈ (ਖਰਚ) ਮੇਂ ਅਤਯੰਤ ਉਦਾਰ ਨਾ ਰਹੇ, ਅਰਥਾਤ ਯਥਾ ਯੋਗਯ ਖਰਚ ਕਰੇ ਔਰ ਸਬ ਚੀਜ਼ੇਂ ਪਵਿਤ੍ਰ ਔਰ ਪਾਕ ਇਸ ਪ੍ਰਕਾਰ ਬਣਾਵੇ, ਜੋ ਔਸ਼ਧੀ ਰੂਪ ਹੋਕਰ ਸ਼ਰੀਰ ਵਾ ਆਤਮਾ ਮੇਂ ਰੋਗ ਕੋ ਨ ਆਨੇ ਦੇਵੇ। ਜੋ ਜੋ ਵੈ ਹੋ, ਉਸਕਾ ਹਿਸਾਬ ਯਥਾਵਤ ਰਖੇ, ਪਤੀ ਆਦਿ ਕੋ ਸੁਨਾ ਦੀਆ ਕਰੇ। ਘਰ ਕੇ ਨੌਕਰ ਚਾਕਰੋਂ ਸੇ ਯਥਾਯੋਗਯ ਕਾਮ ਲੇਵੇ, ਘਰ ਕੇ ਕਿਸੀ ਕਾਮ ਕੋ ਬਿਗੜਨੇ ਨ ਦੇਵੇ।

(ਸਤਯਾਰਥ ਪ੍ਰਕਾਸ਼ ਸਮੁਲਾਸ ੪)

ਪ੍ਰਸ਼ਨ – ਗ੍ਰਿਹਾਸ਼੍ਰਮ ਸਬ ਸੇ ਛੋਟਾ ਵਾ ਬੜਾ ਹੈ।

ਉੱਤਰ – ਅਪਨੇ ਅਪਨੇ ਕਰਤਵਯ ਕਰਮੋਂ ਮੇਂ ਸਬ ਬੜੇ ਹੈਂ। ਪਰੰਤੂ ਜੈਸੇ ਨਦੀ ਔਰ ਬੜੇ ਬੜੇ ਨਦ ਤਬ ਤਕ ਭ੍ਰਮਤੇ ਹੀ ਰਹਤੇ ਹੈਂ, ਜਬ ਤਕ ਸਮੁੰਦਰ ਕੋ ਪ੍ਰਾਪਤ ਨਹੀਂ ਹੋਤੇ, ਵੈਸੇ ਗ੍ਰਿਹਸਥ ਹੀ ਕੇ ਆਸਰੇ ਸੇ ਸਬ ਆਸ਼੍ਰਮ ਸਿਥਿਰ ਰਹਤੇ ਹੈਂ। ਬਿਨਾ ਇਸ ਆਸ਼੍ਰਮ ਕੇ ਕਿਸੀ ਕੇ ਆਸ਼੍ਰਮ ਕਾ ਕੋਈ ਬਿਵਹਾਰ ਸਿੱਧ ਨਹੀਂ ਹੋਤਾ। ਜਿਸ ਸੇ ਬ੍ਰਹਮਚਾਰੀ ਬਾਨਪ੍ਰਸਥੀ ਔਰ ਸੰਨਯਾਸੀ ਤੀਨ ਆਸ਼ਰਮੋਂ ਕੋ ਦਾਨ ਔਰ ਅੱਨਾਦਿ ਦੇਕੇ ਪ੍ਰਤਿਦਿਨ ਗ੍ਰਿਹਸਥ ਹੀ ਧਾਰਨ ਕਰਤਾ ਹੈ। ਇਸ ਸੇ ਗ੍ਰਿਹਸਥ ਜਯੇਸਠਾਸ਼੍ਰਮ ਹੈ ਅਰਥਾਤ ਸਬ ਬਿਵਹਾਰੋਂ ਮੇਂ ਧੁਰੰਧਰ ਕਹਾਤਾ ਹੈ। ਇਸ ਲੀਏ ਜੋ ਮੋਕਸ਼ ਔਰ ਸੰਸਾਰ ਕੇ ਸੁਖ ਕੀ ਇੱਛਾ ਕਰਤਾ ਹੈ, ਵਹ ਪ੍ਰਯਤਨ ਸੇ ਗ੍ਰਿਹਸਤ ਕਾ ਧਾਰਨ ਕਰੇ। ਜੋ ਗ੍ਰਿਹਾਸ਼੍ਰਮ ਦੁਰਬਲ ਇੰਦ੍ਰਿਯ ਅਰਥਾਤ ਭੀਰੂ ਔਰ ਸਿਰਬਲ ਪੁਰਸ਼ੋਂ ਸੇ ਧਾਰਨ ਕਰਨੇ ਅਯੋਗਯ ਹੈ, ਉਸਕੋ ਅਛੇ ਪ੍ਰਕਾਰ ਧਾਰਣ ਕਰੇ। ਇਸ ਲੀਏ ਜਿਤਨਾ ਕੁਛ ਬਿਵਹਾਰ ਸੰਸਾਰ ਮੇਂ ਹੈ, ਉਸਕਾ ਆਧਾਰ ਗ੍ਰਿਹਾਸ਼੍ਰਮ ਹੈ ਜੋ ਯਹ ਗ੍ਰਿਹਾਸ਼੍ਰਮ ਨ ਹੋਤਾ ਤੋ ਸੰਤਾਨੋਤਪੱਤਿ ਕੇ ਨ ਹੋਨੇ ਸੇ ਬ੍ਰਹਮਚਰਯ, ਬਾਨਪ੍ਰਸਥਔਰ ਸੰਨਯਾਸ ਆਸ਼੍ਰਮ ਕਹਾਂ ਸੇ ਹੋ ਸਕਤੇ ? ਜੋ ਕੋਈ ਗ੍ਰਿਹਾਸ੍ਰਤਆਸ਼੍ਰਮ ਕੀ

ਨਿੰਦਾ ਕਰਤਾ ਹੈ, ਵਹੀ ਨਿਂਦਨੀਯ ਹੈ, ਔਰ ਜੋ ਪ੍ਰਸੰਸਾ ਕਰਤਾ ਹੈ, ਵਹੀਂ ਪ੍ਰਸ਼ੰਸਨੀਯ ਹੈ। ਪਰੰਤੂ ਤਭੀ ਗ੍ਰਿਹਾਸ੍ਰਮ ਸੇ ਸੁਖ ਹੋਤਾ ਹੈ। ਜਬ ਇਸਤ੍ਰੀ ਪੁਰਸ਼ ਦੋਨੋ ਪਰਸਪਰ ਪ੍ਰਸੰਨ, ਵਿਦਵਾਨ ਪੁਰਸ਼ਾਰਥੀ ਔਰ ਸਬ ਪ੍ਰਕਾਰ ਕੇ ਬਿਵਹਾਰੋਂ ਕੇ ਗਿਆਤਾ ਹੋਂ। ਇਸ ਲੀਏ ਗ੍ਰਿਹਾਸ੍ਰਮ ਕੇ ਸੁਖ ਕਾ ਮੁੱਖ ਕਾਰਣ ਬ੍ਰਹਮਚਰਯ ਪੂਰਵੋਕਤ ਸ੍ਵੰਬਰ ਬਿਵਾਹ ਹੈ। (ਸਤਯਾਰਥ ਪ ਸਮੁਲਾਸ ੪)

ਸ੍ਰੀ ਗਰੂ ਗ੍ਰੰਥ ਸਾਹਿਬ 'ਚ ਗੁਰੂ ਨਾਨਕ ਦੇਵ ਜੀ ਦਾ ਇਹ ਸ਼ਬਦ ਹੈ, ਜਿਸ 'ਚ ਫਰਮਾਇਆ ਹੈ ਕਿ ਇਸਤ੍ਰੀ ਦੀ ਨਿੰਦਿਆ ਨਹੀਂ ਕਰਨੀ ਚਾਹੀਦੀ ਹੈ—

ਭੰਡਿ ਜੰਮੀਐ ਭੰਡਿ ਨਿੰਮਿਐ ਭੰਡਿ ਮੰਗਣੁ ਵੀਆਹੁ।
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ॥
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ।
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥
ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ।
ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ॥

(ਰਾਗ ਆਸਾ ਵਾਰ ਮਹਲਾ ੧ ਵਾਰ ੧੯)

ਇਸ ਸ਼ਬਦ ਵਿਚ 'ਭੰਡ' ਦੇ ਅਰਥ ਇਸਤ੍ਰੀ ਦੇ ਹਨ ਆਦਿ ਗੁਰੂ ਗ੍ਰੰਥ ਸਾਹਿਬ 'ਚ ਸ਼ਬਦ ਲਿਖਣ ਤੋਂ ਪਹਿਲਾਂ 'ਮਹਲਾ' ਸ਼ਬਦ ਜਿਵੇਂ ਮਹਲਾ ੧, ਮਹਲਾ ੨, ਮਹਲਾ ੩ ਆਦਿ ਦਾ ਬਾਰ ਬਾਰ ਪ੍ਰਯੋਗ ਹੁੰਦਾ ਹੈ। ਪ੍ਰਸ਼ਨ ਪੈਦਾ ਹੁੰਦਾ ਹੈ ਕਿ ਗੁਰੂ ਮਹਾਰਾਜ ਦੇ ਨਾਉਂ ਦੇ ਨਾਲ 'ਮਹਲਾ' ਸ਼ਬਦ ਕਿਉਂ ਲਿਖਿਆ ਜਾਂਦਾ ਹੈ? ਉਸ ਦਾ ਉੱਤਰ ਗਿਰਾਰਥ ਕੋਸ਼ ਦੇ ਪੰਨਾ ਪ੧੩ 'ਚ ਪੰਡਿਤ ਤਾਰਾ ਜੀ ਨੇ ਇਨ੍ਹਾਂ ਸ਼ਬਦਾਂ 'ਚ ਦਿੱਤਾ ਹੈ—

ਮਹਲਾ-ਸੰਸਕ੍ਰਿਤ ਸ਼ਾਸਤਰੀ ਕੇ ਕੋਸ਼ੋਂ ਮੇ ਮਹਲਾ, ਮਹੇਲਾ, ਦੋਨੋਂ ਇਸਤ੍ਰੀ ਕੇ ਨਾਮ ਹੈਂ, ਗੰਗਾ ਕੋ ਗੰਗ ਕਹਨੇਵਤ। ਮਹਲਾ ਸੇ ਮਹਲ ਬਨੇ ਹੈਂ, ਮਹੇਲਾ ਸੇ ਮਹੇਲੀ ਬਨੇ ਹੈਂ। ਆਦਿ ਗ੍ਰੰਥ ਜੀ ਮੇ ਮਹਲ ਪਹਲਾ, ਮਹਲ ਦੂਜਾ ਆਦਿਕ ਪਾਠੋਂ ਮੇ ਇਸਤ੍ਰੀ ਭਾਵ ਕਾ ਕਥਨ ਹੈ, ਕਿਉ ਕਿ ਆਦਿ ਗ੍ਰੰਥ ਜੀ ਮੇ ਸਖੀ ਭਾਵ ਕਾ ਵਰਣਨ ਹੈ। ਸਖੀ ਭਾਵ ਕੀ ਭਾਵਨਾ ਸੇ ਹੀ ਵਾਣੀ ਰਚਨਾ ਕਰਕੇ ਗੁਰੂਓਂ ਨੇ ਅਪਨੇ ਕੋ ਮਹਲ ਲਿਖਾ ਹੈ।

ਇਸ ਪ੍ਰਕਾਰ ਜਦੋਂ ਗੁਰੂ ਜੀ ਨੇ ਆਪਣੇ ਆਪ ਨੂੰ ਇਸਤ੍ਰੀ ਭਾਵ 'ਚ ਪ੍ਰਗਟ ਕੀਤਾ ਹੈ ਤਦ ਇਸਤ੍ਰੀ ਦੀ ਨਿੰਦਿਆ ਕਿਵੇਂ ਕੀਤੀ ਜਾ ਸਕਦੀ ਹੈ। ਇਸ ਤੋਂ ਇਹ ਸਿੱਧ ਹੋਇਆ ਕਿ ਆਰਿਆ ਸਮਾਜ ਅਤੇ ਸਿਖ ਇਸਤ੍ਰੀ ਜਾਤੀ ਦਾ ਸਨਮਾਨ ਤੇ ਸਤਿਕਾਰ ਸਮਾਨ ਰੂਪ 'ਚ ਕਰਦੇ ਹਨ।

# ੧੯ ਭੇਖ

ਇਕ ਭੇਖ ਤਾਂ ਦੇਸਾ ਚਾਲ, ਸਮੇਂ ਦੇ ਅਨੁਕੂਲ ਅਤੇ ਮਨ ਮਰਜ਼ੀ ਦਾ ਹੁੰਦਾ ਹੈ, ਇਸ ਭੇਖ ਨੂੰ ਚੰਗਾ ਜਾਂ ਬੁਰਾ ਕੁਝ ਕਹਿਣਾ ਔਖਾ ਹੈ। ਕਿਉਂਕਿ ਉਸ ਦੇਸ ਵਿਚ ਜੇਹੋ ਜੇਹੀ ਚਾਲ ਹੈ ਓਹੋ ਜੇਹਾ ਓਹ ਕਰਦਾ ਹੈ। ਇਵੇਂ ਜਿਵੇਂ ਸਰਦੀ ਗਰਮੀ ਦੇ ਹੋਣ ਨਾਲ ਭੇਖਾਂ ਵਿਚ ਕੁਝ ਨ ਕੁਝ ਫ਼ਰਕ ਹੋ ਜ਼ਾਂਦਾ ਹੈ। ਇਸੀ ਤਰ੍ਹਾਂ ਮਨ ਦੀ ਮੌਜ ਵੀ ਸਬ ਦੀ ਭੇਖ ਦੀ ਬਾਬਤ ਇਕੋ ਹੋਣੀ ਅਸ਼ੰਭਵ ਨਹੀਂ ਤਾਂ ਔਖੀ ਜ਼ਰੂਰ ਹੈ। ਕੋਈ ਭੇਖ ਕਿਸੇ ਤਰ੍ਹਾਂ ਦਾ ਪਸੰਦ ਕਰਦਾ ਹੈ। ਦੂਜੇ ਨੂੰ ਓਹ ਅੱਛਾ ਨਹੀਂ ਲਗਦਾ, ਓਹ ਹੋਰ ਹੀ ਬਣਾ ਕੇ ਖੁਸ ਹੈ। ਇਸ ਕਰਕੇ, ਦੇਸਾ ਚਾਲ, ਸਮੇਂ ਦਾ ਰੰਗ, ਮਨ ਭੌਂਦਾ ਭੇਖ ਰਹੂਗਾ, ਇਸਨੂੰ ਕੋਈ ਮਿਟਾ ਨਹੀਂ ਸਕਦਾ।

ਪਰ ਜਿਹੜਾ ਭੇਖ ਧਰਮ ਦਾ ਚਿਨ੍ਹ, ਮੁਕਤੀ ਦਾ ਸਾਧਨ ਮੰਨਿਆ ਜਾਂਦਾ ਹੈ, ਉਹ ਸੋਚਣ ਦੀ ਚੀਜ ਹੈ। ਕਿਉਂਕਿ ਸੰਸਾਰ ਵਿਚ, ਜੇ ਕੋਈ ਧਿਆਨ ਨਾਲ ਵੇਖੇ ਤਾਂ ਪਤਾ ਲਗਦਾ ਹੈ ਕਿ ਲੋਕਾਂ ਨੇ ਹਰ ਇਕ ਬਾਤ ਨਾਲ ਧਰਮ ਦਾ ਅੜੰਗਾ ਲਾ ਛੱਡਿਆ ਹੈ। ਕਪੜਾ ਕਿਹੋ ਜਿਹਾ ਪੌਣਾ ਚਾਹੀਦਾ ਹੈ ? ਉਹਦਾ ਰੰਗ ਕਿਹੜਾ ਹੋਵੇ ? ਬਾਲ ਰਖਣ ਦਾ ਢੰਗ ਕੀ ਹੋਵੇ। ਇਹੋ ਜਿਹੀਆਂ ਅਣਗਿਣਤ ਗੱਲਾਂ ਹਨ, ਜੀਹਦਾ ਝਗੜਾ ਪਿਆ ਹੋਇਆ ਹੈ। ਉਦਾਹਰਣ ਲਈ ਕੁਝ ਲਿਖਦਾ ਹਾਂ—

ਕੋਈ ਆਖਦਾ ਹੈ, ਭਗਵਾ ਕਪੜਾ ਪੌਣ ਨਾਲ ਸਾਧ ਹੋ ਜਾਈਦਾ ਹੈ। ਦੂਜੇ ਆਖਦੇ ਹਨ, ਕਾਲਾ, ਪੀਲਾ ਨੀਲਾ, ਹਰਾ, ਲਾਲ ਮਜੀਠੀ ਰੰਗ ਦਾ ਕਪੜਾ ਪਾਈਏ ਤਾਂ ਠੀਕ ਹੈ, ਭਗਵਾ ਜ਼ਰੂਰੀ ਨਹੀਂ। ਇੱਕੁਰ ਕੋਈ ਕਹਿੰਦਾ ਹੈ, ਸਿਰ ਘੋਨ ਮੋਨ ਰੱਖਣਾ ਧਰਮ ਦੀ ਨਿਸ਼ਾਨੀ ਹੈ। ਦੂਜੇ ਕਹਿੰਦੇ ਹਨ, ਨਹੀਂ ਜੱਟਾਂ ਰੱਖਣੀਆਂ, ਉਨ੍ਹਾਂ ਵਿਚ ਵੀ ਜੱਟਾਂ ਗੁੰਦਵੀਆਂ, ਸਿੱਧੀ ਜੱਟਾਂ ਤੇ ਪੱਟੀ ਦਾਰ ਆਦਿ ਕਿੰਨੇ ਹੀ ਭੇਦ ਹਨ. ਤੇ ਹੋਰ ਦਸਦੇ ਹਨ ਸਿਰ ਦੇ ਬਾਲ ਲੰਬੇ ਰਖੋ, ਕੋਈ ਕੋਈ

ਛੋਟੇ ਰੱਖਣ ਦੀ ਚਰਚਾ ਕਰਦਾ ਹੈ। ਅੰਤ ਦੀ ਬਾਤ ਇਹ ਬਾਲ ਰੱਖਣ ਨ ਰਖਣ ਅਤੇ ਕਿਹੋ ਜਿਹੇ ਰੱਖਣ ਦੀਆਂ ਅਨੇਕ ਬਾਤਾਂ ਧਰਮ ਦੇ ਨਾਉਂ ਤੇ ਚੱਲੀਆਂ ਹੋਈਆਂ ਹਨ। ਇਸੇ ਤਰ੍ਹਾਂ ਮੱਥੇ ਟਿੱਕਾ ਲੈਣਾ ਚਾਹੀਦਾ ਹੈ ਜਾਂ ਨਹੀਂ ? ਜੇ ਲੈਣਾ ਹੀ ਹੈ, ਤਾਂ ਕਿਹੜੀ ਸ਼ਕਲ ਦਾ ਤਿਲਕ ਚਾਹੀਦਾ ਹੈ ? ਗੋਲ, ਲੰਬਾ, ਉੱਚਾ, ਟੇਢਾ, ਸਿੱਧਾ, ਨਾਲੇ ਕਿਹੜੇ ਰੰਗ ਦਾ ਲਾਲ, ਕਾਲਾ, ਚਿੱਟਾ। ਇਹ ਬਖੇੜੇ ਦਾ ਥਾਂ ਬਣਿਆਂ ਹੋਇਆ ਹੈ। ਕਪੜੇ ਵੀ ਕਿਹੜੇ ਢੰਗ ਦੇ ਪਹਰਨੇ ਚਾਹੀਦੇ ਹਨ, ਧੋਤੀ, ਤਹਮਦ, ਪਜਾਮਾ, ਪਤਲੂਣ, ਅੱਜ ਕਲ੍ਹ ਧਰਮ ਨਾਲ ਜਾ ਲੱਗੀਆਂ ਹਨ। ਜੇ ਕੋਈ ਇਕ ਦੇ ਥਾਂ ਦੂਜੀ ਤਰ੍ਹਾਂ ਦਾ ਕਪੜਾ ਪਾ ਲਵੇ, ਤਾਂ ਧਰਮੋ ਕੱਢਣ ਜੋਗ ਹੋ ਜਾਂਦਾ ਹੈ। ਪਾਪੀ ਮੰਨਿਆ ਜਾਂਦਾ ਹੈ।

ਮਾਲਾ ਕਿਹੜੀ ਚੀਜ਼ ਦੀ ਹੋਵੇ ? ਉਹ ਵੀ ਕਿਹੜੇ ਢੰਗ ਦੀ ਬਣੀ ਹੋਵੇ ਅਤੇ ਉਸ ਮਾਲਾ ਨੂੰ ਕਿਵੇਂ ਫੇਰਿਆ ਜਾਵੇ। ਮਾਲਾ ਲੱਕੜ ਦੀ, ਉੱਨ ਦੀ ਜਾਂ ਕਿਸੇ ਹੋਰ ਚੀਜ਼ ਦੀ ਹੋਵੇ। ਲੋਹੇ ਵਾਲਾ ਸੂਤ ਦੀ ਮਾਲਾ ਨੂੰ ਭ੍ਰਸ਼ਟ ਮੰਨਦਾ ਹੈ। ਤੁਲਸੀ ਵਾਲਾ ਰੁਦਰਾਕਸ਼ ਨੂੰ ਸਿੱਟਣ ਜੋਗ ਦੱਸਦਾ ਹੈ। ਇਕ ਮਾਲਾ ਦੇ ਮਣਕੇ ਅੰਦਰ ਨੂੰ ਸਿਟਦਾ ਹੈ ਦੂਜਾ ਬਾਹਰ ਨੂੰ ਕਰਦਾ ਹੈ, ਕੋਈ ਗੂਠੇ ਕੋਲ ਦੀ ਅੰਗੁਲੀ ਨੂੰ ਮਾਲਾ ਤੋਂ ਦੂਰ ਰਖਦਾ ਹੈ। ਦੂਜਾ ਉਸੇ ਅੰਗੁਲੀ ਨੂੰ ਲੈਣਾ ਜ਼ਰੂਰੀ ਮੰਨਦਾ ਹੈ।

ਕੁਪੀਨ ਅੰਗ ਢੱਕਨ ਲਈ ਕਪੜਾ ਹੈ। ਇਕ ਭਗਵੇ ਰੰਗ ਦੀ ਕੁਪੀਨ ਬੰਨਣੀ ਅੱਛੀ ਜਾਣਦਾ ਹੈ, ਦੂਜਾ ਉਹਨੂੰ ਮਹਾ ਕੁਸ਼ਟ ਦਸਦਾ ਹੈ। ਇਸੇ ਤਰ੍ਹਾਂ ਅੱਜਕਲ ਹਰ ਇਕ ਗਲ ਨੂੰ ਧਰਮ ਮੰਨਕੇ ਆਪੋ ਵਿਚੀ ਝਗੜੇ ਦਾ ਥਾਂ ਬਣਾ ਦਿੱਤਾ ਹੈ। ਇਸ ਤੋਂ ਵੀ ਅਸਚਰਜ ਦੀ ਬਾਤ ਇਹ ਹੈ ਕਿ ਇਹ ਸਾਰੇ ਬਾਹਰ ਦੀਆਂ ਇਨ੍ਹਾਂ ਗੱਲਾਂ ਉਤੇ ਤਾਂ ਤਕਰਾਰ ਕਰਦੇ ਹਨ, ਇਕ ਦੂਜੇ ਨੂੰ ਬੁਰਾ ਭਲਾ ਆਖਦੇ ਹਨ ਪਰ ਅੰਦਰਲਿਆਂ ਗੁਣਾਂ ਨੂੰ ਨਿਗਾਹ ਮਾਰਕੇ ਨਹੀਂ ਦੇਖਦੇ। ਬਾਹਰਲਿਆਂ ਚਿੰਨ੍ਹਾਂ ਨੂੰ ਸਭ ਕੁਛ ਮੰਨ ਬੈਠੇ ਹਨ। ਇਸੇ ਦਸ਼ਾ ਨੂੰ ਦੇਖਕੇ ਮਹਾ-ਰਿਸ਼ੀ ਦਯਾਨੰਦ ਜੀ ਨੇ ਸਤਯਾਰਥ ਪ੍ਰਕਾਸ਼ ਵਿਚ ਬਾਹਰਲੇ ਚਿਨ੍ਹਾਂ ਦਾ ਖੰਡਨ ਕੀਤਾ, ਲੋਕਾਂ ਨੂੰ ਸਮਝਾਇਆਂ ਬਾਹਰਲੇ ਚਿੰਨ੍ਹਾਂ ਨਾਲ ਕੋਈ ਧਰਮਾਤਮਾ ਨਹੀਂ ਹੋ ਜਾਂਦਾ, ਇਨ੍ਹਾਂ ਨਾਲੋਂ ਅੰਦਰਲੇ ਗੁਣ ਜ਼ਰੂਰੀ ਹਨ, ਉਨ੍ਹਾਂ ਦਾ ਧਿਆਨ ਕਰੋ। ਜੇ ਤੁਹਾਡੇ ਵਿਚ, ਸਚ, ਸੰਤੋਖ, ਦਇਆ, ਛਿਮਾ, ਆਦਿ ਗੁਣ ਹੋਣ ਤਾਂ ਤੁਸੀਂ ਚੰਗੇ

ਹੋ, ਜੇ ਇਹ ਨ ਹੋਣ ਤਾਂ ਬਾਹਰ ਦੇ ਤਿਲਕ, ਛਾਪ ਮਾਲਾ ਅਤੇ ਸਿਰ ਮਨੌਣ ਤੇ ਬਾਲ ਬਧੌਣੇ ਜਟਾਂ ਬਟਣੀਆਂ ਕੁਝ ਨ ਕਰਨਗੀਆਂ। ਇਹ ਬਾਤ ਜਿੱਦਾਂ ਰਿਸ਼ੀ ਦਯਾਨੰਦ ਜੀ ਨੇ ਸਤਯਾਰਥ ਪ੍ਰਕਾਸ਼ ਵਿਚ ਦੱਸੀ ਹੈ, ਉਦਾਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਗੁਰੂ ਮਹਾਰਾਜ ਜੀ ਨੇ ਬੜੇ ਜ਼ੋਰ ਨਾਲ ਆਖੀ ਹੈ। ਉਵੇਂ ਹੀ ਸ੍ਰੀ ਦਸਮ ਗ੍ਰੰਥ ਸਾਹਿਬ ਜੀ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਲਲਕਾਰ ਕੇ ਕਹੀ ਹੈ। ਉਹ ਸ਼ਾਰੇ ਪਾਠ ਦੇਖ ਕੇ ਕਿਸੇ ਨੂੰ ਸ਼ਕ ਕਰਨ ਦੀ ਜਗਹ ਨਹੀਂ ਰਹਿੰਦੀ।

ਮੈਂ ਭੇਖ ਦੀ ਬਾਬਤ ਪਹਿਲਾਂ ਸਤਯਾਰਥ ਪ੍ਰਕਾਸ਼ ਦਾ ਪਾਠ, ਫੇਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ਬਦ, ਪਿਛੋਂ ਸ੍ਰੀ ਦਸ਼ਮ ਗ੍ਰੰਥ ਸਾਹਿਬ ਜੀ ਵਿਚੋਂ ਸ੍ਰੀ ਦਸ਼ਮੇਸ਼ ਜੀ ਦਾ ਕਥਨ ਲਿਖਕੇ ਪੁਛੂੰਗਾ ਕਿ ਜੋ ਵਿਚਾਰ ਮੈਂ ਲਿਖੇ ਹਨ ਉਹ ਠੀਕ ਹਨ ਜਾਂ ਨਹੀਂ। ਅੱਗੇ ਪਾਠਕ ਤਿਹਾਂ ਪਾਠਾਂ ਨੂੰ ਧਿਆਨ ਨਾਲ ਪੜ੍ਹਨ। ਰਿਸ਼ੀ ਦਯਾਨੰਦ ਜੀ ਲਿਖਦੇ ਹਨ—

ਜਿਸ ਕਿਸੀ ਆਸ਼੍ਰਮ ਮੇਂ ਵਰਤਤਾ ਹੂਆ ਪੁਰੁਖ ਅਰਥਾਤ ਸੰਨਯਾਸੀ ਸਭ ਪ੍ਰਾਣਿਓਂ ਮੇਂ ਪਕਸ਼ਪਾਤ ਰਹਿਤ ਹੋ ਕਰ ਸ੍ਵਯੰ ਧਰਮਾਤਮਾ ਔਰ ਅੱਨਯੋਂ ਕੋ ਧਰਮਾਤਮਾ ਕਰਨੇ ਮੇਂ ਪਰਯਤਨ ਕੀਆ ਕਰੇ। ਔਰ ਯਹ ਆਪਣੇ ਮਨ ਮੇਂ ਨਿਸ਼ਚਿਤ ਜਾਨੇ ਕਿ ਦੰਡ, ਕਮੰਡਲੂ ਔਰ ਕਾਸ਼ਾਇ ਬਸਤ੍ਰ ਆਦਿ ਚਿੰਨ੍ਹ ਧਰਮ ਕਾ ਕਾਰਣ ਨਹੀਂ ਹੈ, ਸਬ ਮਨੁਸ਼ ਆਦਿ ਪ੍ਰਾਣੀਓਂ ਕੋ ਸਤਯੋਪਦੇਸ਼ ਔਰ ਵਿਦਿਆਦਾਨ ਸੇ ਉੱਨਤੀ ਕਰਨਾ ਸੰਨਯਾਸੀ ਕਾ ਮੁਖਯ ਕਰਮ ਹੈ।

(ਸਤਯਾਰਥ ਪ੍ਰਕਾਸ਼ ਸਮੁਲਾਸ ੫)

ਸੰਖ, ਚਕ੍ਰ, ਗਦਾ ਔਰ ਪਦਮ ਕੇ ਚਿੰਨ੍ਹੋਂ ਕੋ ਅਗਨੀ ਮੇਂ ਤਪਾ ਕਰ ਭੁਜ ਕੇ ਮੂਲ ਮੇਂ ਦਾਗ ਦੇ ਕਰ...ਐਸੇ ਐਸੇ ਕਰਮੋਂ ਸੇ ਈਸ਼ਵਰ ਕੋ ਪ੍ਰਾਪਤ ਹੋਨੇ ਕੀ ਆਸ਼ਾ ਕਰਤੇ ਹੈਂ ਔਰ ਕਹਤੇਂ ਹੈਂ ਕਿ ਬਿਨਾ ਸੰਖ, ਚਕ੍ਰਾਦਿ ਸੇ ਸ਼ਰੀਰ ਤਪਾਏ ਜੀਵ ਪਰਮੇਸਵਰ ਕੋ ਪ੍ਰਾਪਤ ਨਹੀਂ ਹੋਤਾ। ਕ੍ਯਿਉਂਕਿ ਵਹ ਕੱਚਾ ਹੈ, ਔਰ ਜੈਸੇ ਰਾਜ ਕੇ ਚਪਰਾਸ ਆਦਿ ਚਿੰਨ੍ਹੋਂ ਕੇ ਹੋਨੇ ਸੇ ਰਾਜ ਪੁਰਸ਼ ਜਾਨ ਉਸ ਸੇ ਸਬ ਲੋਗ ਡਰਤੇ ਹੈਂ। ਏਸੇ ਹੀ ਵਿਸ਼ਣੂ ਕੇ ਸੰਖ, ਚਕ੍ਰਾਦਿ ਆਯੁਧੋਂ ਕੇ ਚਿੰਨ੍ਹ ਦੇਖ ਕਰ ਯਮਰਾਜ ਔਰ ਉਨ ਕੇ ਗਣ ਡਰਤੇ ਹੈਂ। ਔਰ ਕਹਤੇ ਹੈਂ, ਕਿ—

"ਬਾਨਾ ਬੜਾ ਦਇਆਲ ਕਾ ਤਿਲਕ ਛਾਪ ਔਰ ਮਾਲ ।
ਯਮ ਡਰ ਪੇ ਕਾਲੂ ਕਹੇ ਭੇ ਮਾਨੇ ਭੂਪਾਲ ।"

ਅਰਥਾਤ ਭਗਵਾਨ ਕਾ ਬਾਨਾ ਤਿਲਕ, ਛਾਪ ਔਰ ਮਾਲਾ ਧਾਰਣ ਕਰਨਾ ਬੜਾ ਹੈ । ਜਿਸ ਸੇ ਯਮਰਾਜ ਔਰ ਰਾਜਾ ਭੀ ਡਰਤਾ ਹੈ ।

ਤ੍ਰਿਸ਼ੂਲ ਕੇ ਸਦ੍ਰਿਸ਼ ਲਲਾਟ ਮੇਂ ਚਿਤ੍ਰ ਨਿਕਾਲਨਾ ।

ਨਾਰਾਇਣ ਦਾਸ, ਵਿਸ਼ਨੂ ਦਾਸ ਅਰਥਾਤ ਦਾਸ ਸ਼ਬਦਾਂਤ ਨਾਮ ਰਖਨਾ ।

ਮਾਲਾ ਕਮਲ ਗੇਂਟੇ ਕੀ ਰਖਣਾ ।

"ਓਂ ਨਮੋਂ ਨਾਰਾਇਣਾਯ । ਯਹ ਇਨਹੋਂ ਨੇ ਸਾਧਾਰਣ ਮਨੁਸ਼ੋਂ ਕੇ ਲੀਏ ਮੰਤ੍ਰ ਬਨਾ ਰੱਖਾ ਹੈ । .....

ਅਗਨੀ ਹੀ ਮੇਂ ਤਪਾਨਾ ਚਕ੍ਰਾਂਕਿਤ ਲੋਗ ਸਵੀਕਾਰ ਕਰੇਂ ਤੋ ਅਪਨੇ ਸਰੀਰ ਕੋ ਭਾੜ ਮੇਂ ਝੋਂਕਕੇ ਸਭ ਸ਼ਰੀਰ ਕੋਂ ਜਲਾਵੇਂ, ਤੋ ਭੀ ਇਸ ਮੰਤ੍ਰ ਕੇ ਅਰਥ ਸੇ ਵਿਰੁਧ ਹੈ । ਕਿਉਂਕਿ ਇਸ ਮੰਤ੍ਰ ਮੇਂ ਸਤਯਭਾਸ਼ਣ ਆਦਿ ਪਵਿਤ੍ਰ ਕਰਮ ਕਰਨਾ ਤਪ ਲਿਖਾ ਹੈ । (ਸਤਿਆਰਥ ਪ੍ਰਕਾਸ਼ ਪੰਨਾ ੧੯੨)

ਇਸ ਮੰਤ੍ਰ ਮੇਂ ਸਤਯ ਭਾਸ਼ੁਣਾਦਿ ਪਵਿਤ੍ਰ ਕਰਮ ਕਰਨਾ ਤਪ ਲੀਆ ਹੈ । ਅਰਥਾਤ ਯਥਾਰਥ ਸ਼ੁੱਧ ਭਾਵ, ਸ਼ਤਯ ਮਾਨਨਾ, ਸਤਯ ਬੋਲਨਾ, ਮਤਯ ਕਰਨਾ, ਮਨ ਕੋ ਅਧਰਮ ਮੇ ਨ ਜਾਨੇ ਦੇਨਾ ਵਾਹਯ ਇੰਦ੍ਰਿਯੋਂ ਕੋ ਅਨਿਯਾਇ ਚਰਣ ਮੇਂ ਜਾਨੇ ਸੇ ਰੋਕਨਾ, ਅਰਥਾਤ ਸ਼ਰੀਰ, ਇੰਦ੍ਰਿਯ ਔਰ ਮਨ ਸੇ ਸੁਭ ਕਰਮੋਂ ਕਾ ਆਚਰਣ ਕਰਨਾ, ਵੇਦਾਦਿ ਸਤਯ ਵਿਦਯਾਯੋਂ ਕਾ ਪੜ੍ਹਨਾ, ਪੜ੍ਹਾਨਾ, ਵੇਦਾਨੁਸਾਰ ਆਚਰਣ ਕਰਨਾ ਆਦਿ ਉਤਮ ਧਰਮ ਯੁਕਤ ਕਰਮੋ ਕਾ ਨਾਮ ਤਪ ਹੈ । ਧਾਤੁ ਕੋ ਤਪਾਕੇ ਚਮੜੀ ਕੋ ਜਲਾਨਾ ਤਪ ਨਹੀਂ ਕਹਾਤਾ ।

ਏਕ ਕਥਾ ਭਗਤ ਮਾਲ ਮੇਂ ਲਿਖੀ ਹੈ । ਕੋਈ ਏਕ ਮਨੁਸ਼ ਬ੍ਰਿਛ ਕੇ ਨੀਚੇ ਸੋਤਾ ਥਾ । ਸੋਤਾ ਸੋਤਾ ਹੀ ਮਰ ਗਯਾ । ਉਪਰ ਸੇ ਕਾਕ ਨੇ ਬਿਸ਼ਠਾ ਕਰਦੀ । ਵਹ ਲਲਾਟ ਪਰ ਤਿਲਕਾ ਕਾਰ ਹੋ ਗਈ ਥੀ । ਵਹਾਂ ਯਮ ਕੇ ਦੂਤ ਉਸਕੋ ਲੇਨੇ ਆਏ । ਇਤਨੇ ਮੇਂ ਵਿਸ਼ਨੂ ਕੇ ਦੂਤ ਭੀ ਪਹੁੰਚ ਗਏ । ਦੋਨੋਂ ਬਿਵਾਦ ਕਰਤੇ ਥੇ ਯਹ ਸਮਾਰੇ ਸਵਾਮੀ ਕੀ ਆਗਿਆ ਹੈ, ਹਮ ਯਮਲੋਕ ਮੇਂ ਲੇ ਜਾਏਂਗੇ । ਵਿਸਨੂ ਕੇ ਦੂਤੋਂ ਨੇ ਕਹਾ, ਕਿ ਹਮਾਰੇ ਸਵਾਮੀ ਕੀ ਆਗਿਆ ਹੈ, ਵੈਕੁੰਠ ਮੇਂ ਲੇ ਜਾਨੇ ਕੀ,

ਦੇਖੋ ਇਸ ਕੇ ਲਲਾਟ ਮੇਂ ਵੈਸ਼ਣਵ ਕਾਤਿਲਕ ਹੈ। ਤੁਮ ਕੈਸੇ ਲੇ ਜਾਓਗੇ। ਤਬ ਤੋ ਯਮ ਕੇ ਦੂਤ ਚੁਪ ਹੋ ਕਰ ਚਲੇ ਗਏ। ਵਿਸ਼ਣੂ ਕੇ ਦੂਤ ਸੁਖ ਸੇ ਉਸਕੋ ਵੈਕੁੰਠ ਮੇਂ ਲੇ ਗਏ। ਨਾਰਾਇਣ ਨੇ ਉਸ ਕੋ ਵੈਕੁੰਠ ਮੇਂ ਰੱਖਾ। ਦੇਖੋ ਜਬ ਅਕਸਮਾਤ ਤਿਲਕ ਬਨ ਜਾਨੇ ਕਾ ਐਸਾ ਮਹਾਤਮ ਹੈ, ਤੋ ਜੋ ਅਪਨੀ ਪ੍ਰੀਤੀ ਔਰ ਹਾਥ ਸੇ ਤਿਲਕ ਕਰਤੇ ਹੈਂ। ਵੇ ਨਰਕ ਸੇ ਛੂਟ ਵੈਕੁੰਠ ਮੇਂ ਜਾਵੇਂ ਤੋ ਇਸ ਮੇਂ ਕਿਆ ਆਸ਼ਚਰਯ ਹੈ।

ਹਮ ਪੂਛਤੇ ਹੈਂ, ਕਿ ਜਬ ਛੋਟੇ ਸੇ ਤਿਲਕ ਕੇ ਕਰਨੇ ਸੇ ਵੈਕੁੰਠ ਮੇਂ ਜਾਵੇਂ, ਤੋ ਸਬ ਮੁਖ ਕੇ ਉਪਰ ਲੇਪਨ ਕਰਨੇ ਵਾ ਕਾਲਾ ਮੁਖ ਕਰਨੇ ਵਾ ਸਰੀਰ ਪਰ ਲੇਪਨ ਸੇ ਵੈਕੁੰਠ ਸੇ ਭੀ ਆਗੇ ਸਿਧਾਰ ਜਾਤੇ ਹੈਂ ਵਾ ਨਹੀਂ ? ਇਸ ਸੇ ਯੇ ਬਾਤੇਂ ਸਬ ਵਿਅਰਥ ਹੈਂ। ਅਬ ਇਨ ਮੇਂ ਬਹੁਤ ਸੇ ਖਾਕੀ ਲਕੜੇ ਕੀ ਲੰਗੋਟੀ ਲਗਾ, ਧੂਣੀ ਤਾਪਤੇ, ਜਟਾ ਬੜ੍ਹਾਤੇ, ਸਿੱਧ ਕਾ ਵੇਸ਼ ਕਰ ਲੇਤੇ ਹੈਂ, ਬਗੁਲੇ ਕੇ ਸਮਾਨ ਧਿਆਨਾ-ਵਸਥਿਤ ਹੋਤੇ ਹੈਂ, ਗਾਂਜਾ, ਭਾਂਗ, ਚਰਸ ਕੇ ਦਮ ਲਗਾਤੇ, ਲਾਲ ਨੇਤ੍ਰ ਕਰ ਰਖਤੇ, ਸਬ ਸੇ ਚੁਟਕੀ ਚੁਟਕੀ ਅੰਨ, ਪਿਜਾਨ, ਕੌੜੀ, ਪੈਸੇ, ਮਾਂਗਤੇ, ਗ੍ਰਿਹਸਤਯੋਂ ਕੇ ਲੜਕੋਂ ਕੋ ਬਹਕਾ ਕਰ ਚੇਲੇ ਬਨਾ ਲੇਤੇ ਹੈਂ ਬਹੁਤ ਕਰਕੇ ਮਜ਼ੂਰ ਲੋਗ ਉਨ ਮੇਂ ਹੋਤੇ ਹੈਂ। ਕੋਈ ਵਿਦਯਾ ਕੋ ਪੜ੍ਹਤਾ ਹੋ ਤੋ ਉਸਕੋ ਪੜ੍ਹਨੇ ਨਹੀਂ ਦੇਤੇ ਕਿੰਤੂ ਕਹਤੇ ਹੈਂ, ਕਿ ਪਠਤਵਯੋ ਤਦਪੀ ਮਰਤਵਯੰ ਦੰਤਕਟਾਕਟੇਤਿ ਕਿੰਕਰਤਯੰ'' ਸੰਤੋਂ ਕੋ ਵਿਦਿਯਾ ਪੜ੍ਹਨੇ ਸੇ ਕਿਆ ਕਾਮ, ਕਿਉ ਕਿ ਵਿਦਿਯਾ ਪੜ੍ਹਨੇ ਵਾਲੇ ਭੀ ਮਰ ਜਾਤੇ ਹੈਂ, ਫਿਰ ਦੰਤ ਕਟਾਕਟ ਕਿਉਂ ਕਰਨਾ ? ਸਾਧੂਓਂ ਕੋ ਚਾਰ ਧਾਮ ਫਿਰ ਆਨਾ, ਸੰਤੋਂ ਕੀ ਸੇਵਾ ਕਰਨੀ, ਰਾਮ ਜੀ ਕਾ ਭਜਨ ਕਰਨਾ। ਭਲਾ ਐਸੇ ਵਿਦਿਆ ਕੇ ਸ਼ਤਰੂਓਂ ਕੋ ਅਵਿਦਿਯਾ ਘਰ ਕਰਕੇ ਠਹਰੇ ਨਹੀਂ ਤੋ ਕਹਾ ਜਾਇ ? ਖਾਖੀ ਰਾਤ ਦਿਨ ਲੱਕੜ ਛਾਨੇ (ਜੰਗਲੀ) ਕੰਡੇ (ਏਰਨੇ ਗੋਹੇ) ਜਲਾਇਆ ਕਰਤੇ ਹੈਂ। ਏਕ ਮਹੀਨੇ ਮੇਂ ਕਈ ਰੁਪਏ ਕੀ ਲਕੜੀ ਫੂੰਕ ਦੇਤੇ ਹੈਂ। ਜੋ ਏਕ ਮਹੀਨੇ ਕੀ ਲਕੜੀ ਕੇ ਮੂਲਯ ਸੇ ਕੰਬਲਾਦਿ ਬਸਤ੍ਰ ਲੇ ਲੇਂ, ਤੇ ਸਤਾਂਸ਼ ਧਨ ਸੇ ਆਨੰਦ ਮੇਂ ਰਹੇ। ਉਨਕੋ ਇਤਨੀ ਬੁੱਧੀ ਕਹਾਂ ਸੇ ਆਵੇ ? ਔਰ ਅਪਨਾ ਨਾਮ ਉਸੀ ਧੂਨੀ ਮੇਂ ਤਪਨੇ ਹੀ ਸੇ ਤਪੱਸੀ ਧਰ ਰੱਖਾ ਹੈ। ਤੋ ਤਿਸ ਪ੍ਰਕਾਰ ਤਪੱਸੀ ਹੋ ਸਕੇ, ਤੋ ਜੰਗਲੀ ਮਨੁੱਖ ਇਤਨੇ ਭੀ ਅਧਿਕ ਤਪੱਸੀ ਹੋ ਜਾਵੇਂ। ਜੋ ਜਟਾ ਬੜ੍ਹਾਨੇ, ਰਾਖ ਲਗਾਨੇ, ਤਿਲਕ

ਕਰਨੇ ਸੇ ਤਪਸਵੀ ਹੋ ਜਾਇ ਤੋ ਸਬ ਕੋਈ ਕਰ ਸਕੇ ।

(ਸਤਯਾਰਥ ਪ੍ਰਕਾਸ਼ ਸਮੁਲਾਸ ੧੧)

ਜਿਵੇਂ ਭੇਖ ਅਥਵਾ ਪਖੰਡ ਦਾ ਖੰਡਨ ਸਵਾਮੀ ਦਯਾਨੰਦ ਜੀ ਨੇ ਕੀਤਾ ਹੈ, ਤਿਵੇਂ ਹੀ ਭੇਖ ਦਾ ਖੰਡਨ ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਮਿਲਦਾ ਹੈ । ਇਸ ਵਿਸ਼ੇ 'ਚ ਅੱਗੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ਬਦ ਲਿਖਦਾ ਹਾਂ : —

ਇਕਿ ਕੰਦ ਮੂਲੁ ਚੁਣਿ ਖਾਹਿ ਵਣਖੰਡਿ ਵਾਸਾ ।
ਇਕਿ ਭਗਵਾ ਵੇਸੁ ਕਰਿ ਫਿਰਹਿ ਜੋਗਿ ਸੰਨਿਆਸਾ ।
ਅੰਦਰਿ ਤ੍ਰਿਸਨਾ ਬਹੁਤੁ ਛਾਦਨ ਭੋਜਨ ਕੀ ਆਸਾ ।
ਬਿਰਥਾ ਜਨਮ ਗਵਾਇਨ ਗਿਰਹੀ ਨ ਉਦਾਸਾ ।

(ਵਾਰ ਰਾਗ ਮਾਝ ਮ: ੧ ਸ਼ਬਦ ੫)

ਬਹੁ ਭੇਖ ਕੀਆ ਦੇਹੀ ਦੁਖੁ ਦੀਆ । ਸਹੁ ਵੇ ਜੀਆ ਅਪਨਾ ਕੀਆ ।

(ਵਾਰ ਰਾਗ ਆਸਾ ਮ: ੧ ਸ਼ਬਦ ੯)

ਭਸਮ ਚੜਾਇ ਕਰਹਿ ਪਾਖੰਡੁ । ਮਾਇਆ ਮੋਹ ਸ਼ਹਿ ਜਮ ਡੰਡੁ ।
ਫੂਟੈ ਖਾਪੁਰ ਭੀਖਨ ਭਾਇ । ਬੰਧਨ ਬਧਿਆਂ ਆਵੈ ਜਾਇ ।

(ਰਾਮਕਲੀ ਅਸ਼ਟਪਦੀਆ ਮ: ੧ ਸ਼ਬਦ ੨)

ਭੇਖ ਕਰਹਿ ਖਿੰਸਾ ਬਹੁ ਬਟੂਆ । ਝੂਠੇ ਖੇਲ ਖੁਲੇ ਬਹੁ ਨਟੂਆ ।
ਅੰਤਰਿ ਅਗਨਿ ਚਿੰਤਾ ਬਹੁ ਜਾਰੇ । ਵਿਣੁ ਕਰਨਾ ਕੈਸੇ ਉਤਰਸਿ ਪਾਰੇ ।

(ਰਾਮਕਲੀ ਅਸਟਪਦੀਆ ਮ: ੧ ਸ਼ਬਦ ੨)

ਭੇਖੀ ਹਾਥ ਨ ਲਭਈ ਤੀਰਥ ਨਹੀ ਦਾਨੇ ।
ਪੂਛਉ ਬੇਦ ਪੜੰਤਿਆਂ ਮੂਠੀ ਵਿਣੁ ਮਾਣੇ ।
ਨਾਨਕ ਕੀਮਤਿ ਸੋ ਕਰੇ ਪੂਰਾ ਗੁਰ ਗਿਆਨੇ ।

(ਮਾਰੂ ਅਸਟਪਾਦੀਆ ਮ: ੧ ਸ਼ਬਦ ੬)

ਇਕਿ ਭਸਮ ਲਗਾਇ ਫਿਰਹਿ ਭੇਖਧਾਰੀ । ਬਿਨੁ ਸਬਦੇ ਹਉਮੈ ਕਿਨ ਮਾਰੀ ।
ਅਨਦਿਨੁ ਜਲਤ ਰਹਹਿ ਦਿਨੁ ਰਾਤੀ । ਭਰਮੀ ਭੇਖਿ ਭਰਮਾਈ ਹੈ ।

(ਮਾਰੂ ਸੋਲਹੇ ਮ: ੩ ਸ਼ਬਦ ੩)

ਬਹੁ ਭੇਖ ਕਰਹਿ ਮਨਿ ਸਾਂਤਿ ਨ ਹੋਇ । ਬਹੁ ਅਭਿਮਾਨ ਅਪਨੀ ਪਤਿ ਖੋਇ ।
ਸੇ ਵਡਭਾਗੀ ਜਿਨ ਸਬਦੁ ਪਛਾਣਿਆ । ਬਾਹਰ ਜਾਂਦਾ ਘਰ ਮਹਿ ਆਣਿਆ ।

(ਬਸੰਤ ਮ: ੩ ਸ਼ਬਦ ੧੧)

ਇਕਿ ਵਣ ਖੰਡਿ ਬੈਸਹਿ ਜਾਇ ਸਦੁ ਨ ਦੇਵਹੀ ।
ਕਕਰੁ ਭੰਨਿ ਸੀਤਲ ਜਲ ਹੋਂਵਹੀ ।
ਇਕਿ ਭਸਮ ਚੜਾਵਹਿ ਅੰਗਿ ਮੈਲੁ ਨ ਧੋਵਹੀ ।
ਇਕਿ ਜਟਾ ਬਿਕਟ ਬਿਕਰਾਲ ਕੁਲੁ ਘਰਖੋਵਈ ।
ਇਕਿ ਨਗਨ ਫਿਰਹਿ ਦਿਨ ਰਾਤਿ ਨੀਂਦ ਨ ਸੋਵਹੀ ।
ਇਕਿ ਅਗਨਿ ਜਲਵਹਿ ਅੰਗੁ ਆਪ ਵਿਗੋਵਹੀ ।
ਵਿਣ ਨਾਵੈ ਤਨ ਛਾਰੁ ਕਿਆ ਕਹਿ ਰੋਵਹੀ ।

(ਵਾਰ ਮਲਾਰ ਮ: ੧ ਸ਼ਬਦ ੧੫)

ਬਾਰਹ ਮਹਿ ਰਾਵਲ ਖਪਿ ਜਾਵਹਿ ਚਹੁ ਛਿਅ ਮਹਿ ਸੰਨਿਆਸੀ ।
ਜੋਗੀ ਕਾਪੜੀਆ ਸਿਰੁ ਖੂਥੇ ਬਿਨ ਸਬਦੈ ਗਲਿ ਫਾਸੀ ।

(ਰਾਗ ਪ੍ਰਭਾਤੀ ਮ: ੧ ਸ਼ਬਦ ੧੬)

ਘਰਿ ਘਰਿ ਪੜਿ ਪੜਿ ਪੰਡਿਤ ਥਕੇ ਸਿਧ ਸਮਾਧ ਲਗਾਇ ।
ਇਹੁ ਮਨੁ ਵਸਿ ਨ ਆਵਈ ਥਕੇ ਕਰਮ ਕਮਾਇ ।
ਭੇਖ ਧਾਰੀ ਭੇਖ ਕਰਿ ਥਕੇ ਅਠਿ ਸਠਿ ਤੀਰਥ ਨਾਇ ।
ਮਨ ਕੀ ਸਾਰ ਨ ਜਾਣਨੀ ਹਉਮੈ ਭਰਮਿ ਭੁਲਾਇ ।

(ਰਾ: ਸੋਰਠ ਵਾ: ਮ: ੪ ਕੀ ਸ਼ਬਦ ੪)

ਵਿਣੁ ਮਨ ਮਾਰੇ ਕੋਇ ਨ ਸਿਝਈ ਵੇਖਹੁ ਕੋ ਲਿਵਲਾਇ ।
ਭੇਖ ਧਾਰੀ ਤੀਰਥੀ ਭਵਿ ਥਕੇ ਨਾਇਹੁ ਮਨੁ ਮਾਰਿਆ ਜਾਇ ।
ਗੁਰਮੁਖਿ ਏਹੁ ਮਨ ਜੀਵਤੁ ਮਰੈ ਸਚਿ ਰਹੈ ਲਿਵਲਾਇ ।

(ਰਾਗ ਸੋਰਠ ਵਾਰ ਮ: ੪ ਦੀ ਸ਼ਬਦ ੨੧)

ਰਸ ਕਸ ਖਾਏ ਪਿੰਡੁ ਵਧਾਏ ।
ਭੇਖ ਕਰੇ ਗੁਰ ਸ਼ਬਦ ਨ ਕਮਾਏ ਅੰਤਰਿ ਰੋਗ ਮਹਾ ਦੁਖ ਭਾਰੀ ਬਿਸਟਾ ਮਾਹਿ ਸਮਾਹਾ ਹੇ ।

੧੦ (ਮਾਰੂ ਸੋਹਲੇ ਮ: ੩ ਸ਼ਬਦ ੧੪)

ਜੋਗੀ ਹੋਵਾ ਜਗਿ ਭਵਾ ਘਰਿ ਘਰਿ ਭੀਖਿਆ ਲੇਉ ।
ਦਰਗਹ ਲੇਖਾ ਮੰਗੀਐ ਕਿਸੁ ਕਿਸੁ ਉਤਰ ਦੇਉ ।
ਭਿਖਿਆ ਨਾਮ ਸੰਤੋਖੁ ਮੜ੍ਹੀ ਸਦਾ ਸਚੁ ਹੈ ਨਾਲਿ ।
ਭੇਖੀ ਹਾਥ ਨ ਲਧੀਆ ਸਭ ਬੁਧੀ ਜਮ ਕਾਲਿ ।
ਨਾਨਕ ਗਲ ਝੂਠੀਆ ਸਚਾ ਨਾਮੁ ਸਮਾਲਿ ।

(ਮਾਝ ਵਾਰ ਮ: ੩ ਸ਼ਬਦ ੨)

ਬਹਿਲੇ ਭੇਖ ਭਵਹਿ ਦਿਨੁ ਰਾਤੀ ਹਉਮੈ ਰੋਗੁ ਨ ਜਾਈ ।

ਪੜਿ ਪੜਿ ਲੂਝਹਿ ਬਾਦੁ ਵਖਾਣਹਿ ਮਿਲਿ ਮਾਇਆ ਸੁਰਤਿ ਗਵਾਈ ।

(ਭੈਰਉ ਮ: ੩ ਸ਼ਬਦ ੧੪)

ਭੇਖ ਕੇਰੇ ਬਹੁਤੁ ਚਿਤੁ ਡੋਲ ਅੰਤਰਿ ਕਾਮ ਕ੍ਰੋਧ ਅਹੰਕਾਰੁ ।

ਅੰਤਰਿ ਤਿਸਾ ਭੂਖ ਅਤਿ ਬਹਤੀ ਭਉਕਤ ਫਿਰੇ ਦਰਬਾਰੁ ।

(ਭੈਰਉ ਮ: ੩ ਸ਼ਬਦ ੧੯)

ਭੇਖ ਕਰਹਿ ਬਹੁ ਕਰਮ ਵਿਗੁਤੇ ਭਾਇ ਦੂਜੇ ਪਰਜ ਵਿਗੋਈ ।

(ਸਲੋਕ ਮ: ੩੩੨)

ਭੇਖ ਅਨੇਕ ਅਗਨਿ ਨਹੀ ਬੁਝੈ । ਕੋਟਿ ਉਪਾਵ ਦਰਗਹ ਨਹੀ ਸਿਝੈ ।

੪ (ਗਉੜੀ ਸੁਖਮਨੀ ਮ: ੫ ਅਸਟਪਦੀ ੩)

ਭੇਖ ਦਿਖਾਵੈ ਸਚੁ ਨ ਕਮਾਵੈ । ਕਹਤੋ ਮਹਲੀ ਨਿਕਟ ਨ ਆਵੈ ।

੨ (ਸੂਹੀ ਮ: ੫, ਸ਼ਬਦ ੭)

ਬੇਦੁ ਪੁਕਾਰੈ ਮੁਖ ਤੇ ਪੰਡਿਤ ਕਾਮਾ ਮਨ ਕਾ ਮਾਠਾ ।
ਮੋਨ ਹੋਇ ਬੈਠਾ ਇਕਾਂਤੀ ਹਿਰਦੈ ਕਲਪਨ ਗਾਠਾ ।
ਹੋਇ ਉਦਾਸੀ ਗਿਰਿਤ ਭਜਿ ਚਲਿਓ ਛੂਟਕੈ ਨਾਹੀ ਨਾਠਾ । ੧ ।
ਜੀਅ ਕੀ ਕੈ ਪਹਿ ਬਾਤ ਕਹਾ ।
ਆਪਿ ਮੁਕਉ ਪ੍ਰਭ ਮੇਲੇ ਐਸੋ ਕਹਾ ਸਹਾ । ੧ । ਰਹਾਉ।
ਤਪਸੀ ਕਰਿ ਕੇ ਦੇਹੀ ਸਾਧੀ ਮਨੂਆ ਦਹਿਦਿਸ ਧਾਨਾ ।
ਬ੍ਰਹਮਚਾਰੀ ਬ੍ਰਹਮ ਚਜੁ ਕੀਨਾ ਹਿਰਦੈ ਭਇਆ ਗੁਮਾਨਾ ।
ਸੰਨਿਆਸੀ ਹੋ ਇਕੈ ਤੀਰਥਿ ਭ੍ਰਮਿਓ ਉਸੁ ਮਹਿ ਕ੍ਰੋਧੁ ਬਿਗਾਨਾ । ੨ ।
ਘੂੰਘਰ ਬਾਧਿ ਭਏ ਰਾਮਦਾਸਾ ਰੋਟੀਅਨ ਕੇ ਉਪਾਵਾ ।
ਬਰਤ ਨੇਮ ਕਰਮ ਖਟ ਕੀਨੇ ਬਾਹਰਿ ਭੇਖ ਦਿਖਾਵਾ ।

ਗੀਤ ਨਾਦ ਮੁਖਿ ਰਾਗ ਅਲਾਪੈ ਮਨ ਨਹੀਂ ਹਰਿ ਹਰਿ ਗਾਵਾ । ੩ ।

(ਮਾਰੂ ਮ: ੫ ਸ਼ਬਦ ੧੫)

ਬੇਦ ਪੜਹਿ ਸੰਪੂਰਨਾ ਤਤੁ ਸਾਰ ਨ ਪੇਖੰ ।
ਤਿਸਕੁ ਕਢਹਿ ਇਸਨਾਨੁ ਕਰਿ ਅੰਤਰਿ ਕਾਲੇਖੰ ।
ਭੇਖੀ ਪ੍ਰਭੂ ਨ ਲਭਈ ਵਿਣ ਸਚੀ ਸਿਖੰ ।
ਭਲਾ ਮਾਰਗਿ ਸੇ ਪਵੈ ਜਿਸੁ ਧੁਰਿ ਮਸਤਕ ਲੇਖੰ ।

(ਮਾਰੂ ਵਾਰ ਮ: ੫ ਡਖਣੇ ੧੩)

ਮਨ ਮਹਿ ਕ੍ਰੋਧੁ ਮਹਾ ਅਹੰਕਾਰਾ । ਪੂਜਾ ਕਰਹੁ ਬਹੁਤੁ ਬਿਸਥਾਰਾ ।
ਕਰਿ ਇਸਨਾਨੁ ਤਨਿ ਚਕ੍ਰ ਬਣਾਏ ।
ਅੰਤਰਿ ਕੀ ਮਲੁ ਕਬ ਹੀ ਨ ਜਾਏ । ੧ ।
ਇਤੁ ਸੰਜਮਿ ਪ੍ਰਭੁ ਕਿਨਹੀ ਨ ਪਾਇਆ ।
ਭਗਉਤੀ ਮੁਦ੍ਰਾ ਮਨੁ ਮੋਹਿਆ ਮਾਇਆ । ੧ ।
ਪਾਪ ਕਰਹਿ ਪੰਚਾ ਕੇ ਬਸਿ ਰੇ । ਤੀਰਥਿ ਨਹਾਇ ਕਹਹਿ ਸਭਿ ਉਤਰੇ ।
ਬਹੁਰਿ ਕਮਾਵਹਿ ਹੋਇ ਨਿਸੰਕ । ਜਮਪੁਰ ਬਾਂਧਿ ਖਰੇ ਕਾਲੰਕ । ੨ ।
ਘੂੰਘਰ ਬਾਧਿ ਬਜਾਵਹਿ ਤਾਲਾ । ਅੰਤਰਿ ਕਪਟ ਫਿਰਹਿ ਬੇਤਾਲਾ ।
ਵਰਮੀ ਮਾਰੀ ਸਾਪੁ ਮੂਆ । ਪ੍ਰਭੁ ਸਭ ਕਿਛੁ ਜਾਨੇ ਜਿਨਿ ਤੂ ਕੀਆ । ੩ ।
ਪੂੰਅਰ ਤਾਪ ਗੇਰੀ ਕੇ ਬਸਤ੍ਰਾ । ਅਪਦਾ ਕਾ ਮਾਰਿਆ ਗ੍ਰਿਹ ਤੇ ਨਸਤਾ ।
ਦੇਸੁ ਛੋਡਿ ਪਰਦੇਸਹਿ ਧਾਇਆ । ਪੰਚ ਚੰਡਾਲ ਨਾਲੇ ਲੈ ਆਇਆ । ੪ ।
ਕਾਨ ਫਿਰਾਇ ਹਿਰਾਇ ਟੂਕਾ । ਘਰਿ ਘਰਿ ਮਾਗੈ ਤ੍ਰਿਪਤਾਵਨ ਤੇ ਚੂਕਾ ।
ਬਨਿਤਾ ਛੋਡਿ ਬਦ ਨਦਰਿ ਪਰਨਾਰੀ । ਵੇਸਿ ਨ ਪਾਈਐ ਮਹਾ ਦੁਖਿਆਰੀ ।੫।
ਬੋਲੈ ਨਾਹੀ ਹੋਇ ਬੈਠਾ ਮੋਨੀ । ਅੰਤਰਿ ਕਲਪ ਭਵਾਈਐ ਜੋਨੀ ।
ਅੰਨ ਤੇ ਰਹਤਾ ਦੁਖ ਦੇਹੀ ਸਹਤਾ ।
ਹੁਕਮੁ ਨ ਬੂਝੈ ਵਿਆਪਿਆ ਮਮਤਾ । ੬ ।
ਬਿਨੁ ਸਤਿਗੁਰ ਕਿਸੈ ਨ ਪਾਈ ਪਰਮ ਗਤੇ ।
ਪੂਛਹੁ ਸਗਲ ਬੇਦ ਸਿੰਮ੍ਰਿਤੇ । ਮਨਮੁਖ ਕਰਮ ਕਰੈ ਅਜਾਈ ।
ਜਿਉ ਬਾਲੂ ਘਰਿ ਠਉਰ ਨ ਠਾਈ । ੭ ।

**(ਬਿਭਾਸ ਪ੍ਰਭਤੀ ਮ: ੫ ਅਸ਼ਟਪਦੀਆਂ ਸ਼ਬਦ ੨ ।)**

ਮਨਰੇ ਗਹਿਓ ਨ ਗੁਰ ਉਪਦੇਸੁ ।
ਕਹਾ ਭਇਓ ਜੋ ਮੂੰਡ ਮੂੰਡਾਇਓ ਕੀਨੋ ਭੇਸੁ ।

(ਸੋਰਠ ਮ: ੨ ਸ਼ਬਦ ੧੦)

ਗਜ ਸਾਢੇ ਤੈ ਧੋਤੀਆ ਤਿਹਰੇ ਪਾਇਨਿ ਤਗ ।
ਗਲੀ ਜਿਨਾ ਜਪ ਮਾਲੀਆ ਲੋਟੇ ਹਥਿ ਨਿਬਗ ।
ਓਇ ਹਰਿ ਕੇ ਸੰਤ ਨ ਆਖੀਅਹਿ ਬਾਨਾਰਸਿ ਕੇ ਠਗ । ੧ ।
ਐਸੇ ਸੰਤ ਨ ਮੋਕਉ ਭਾਵਹਿ । ਡਾਲਾ ਸਿਉ ਪੇਡਾ ਕਟਵਾਵਹਿ । ੧ ।
ਬਾਸਨ ਮਾਂਜਿ ਚਰਾਵਹਿ ਉਪਰਿ ਕਾਠੀ ਧੋਇ ਜਲਾਵਹਿ ।
ਬਸੁਧਾ ਖੋਦਿ ਕਰਹਿ ਦੁਇ ਚੂਲੇ ਸਾਰੇ ਮਾਣਸ ਖਾਵਹਿ । ੨ ।
ਓਇ ਪਾਪੀ ਸਦਾ ਫਿਰਹਿ ਅਪਰਾਧੀ ਮੁਖਹੁ ਅਪਰਸ ਕਹਾਵਹਿ ।
ਸਦਾ ਸਦਾ ਫਿਰਹਿ ਅਭਿਮਾਨੀ ਸਗਲ ਕੁਟੰਬ ਡੁਬਾਵਹਿ । ੩ ।

(ਆਸਾ ਕਬੀਰ ਜੀ ਸ਼ਬਦ ੨)

ਅੰਤਰ ਮਲਿ ਨਿਰਮਲੁ ਨਹੀਂ ਕੀਨਾ ਬਾਹਰਿ ਭੇਖ ਉਦਾਸੀ ।
ਹਿਰਦੈ ਕਮਲ ਘਟਿ ਬ੍ਰਹਮੁ ਨ ਚੀਨ੍ਹਾ ਕਾਹੇ ਭਇਆ ਸੰਨਿਆਸੀ । ੧ ।
ਭਰਮੇ ਭੂਲੀਰੇ ਜੈ ਚੰਦਾਂ । ਨਹੀਂ ਨਹੀਂ ਚੀਨਿਆ ਪਰਮਾ ਨੰਦਾ । ੧ ।ਰਹਾਉ ।
ਘਰਿ ਘਰਿ ਖਾਇਆ ਪਿੰਡੁ ਬਧਾਇਆ ਖਿੰਥਾ ਮੁੰਦਾ ਮਾਇਆ ।
ਭੂਮਿ ਮਸਾਣ ਕੀ ਭਸਮ ਲਗਾਈ ਗੁਰੁ ਬਿਨੁ ਤਤੁ ਨ ਪਾਇਆ । ੨ ।
ਕਾਇ ਜਪਹੁ ਰੇ ਕਾਇ ਤਪਹੁ ਰੇ ਕਾਇ ਬਿਲੋਵਹੁ ਪਾਣੀ ।
ਲਖ ਚਉਰਾਸੀਹ ਜਿਨਿ ਉਪਾਈ ਸੋ ਸਿਮਰਹੁ ਨਿਰਬਾਣੀ । ੩ ।
ਕਾਇ ਕਮੰਡਲੁ ਕਾਪੜੀਆਰੇ ਅਠਸਠਿ ਕਾਇ ਫਿਰਾਹੀ ।
ਬਦਤਿ ਤ੍ਰਿਲੋਚਨੁ ਸੁਨੁ ਰੇ ਪ੍ਰਾਣੀ ਕਣਬਿਨੁ ਗਾਹੁਕਿ ਪਾਹੀ । ੪ ।

(ਗੂਜਰੀ ਤ੍ਰਿਲੋਚਨ ਸ਼ਬਦ ੧)

ਫਰੀਦਾ ਕੰਨਿ ਮੁਸਲਾ ਸੂਫੁ ਗਲ ਦਿਲਿ ਕਾਤੀ ਗੁੜ ਵਾਤਿ ।
ਬਾਹਰ ਦਿਸੈ ਚਾਨਣਾ ਦਿਲਿ ਅੰਧਿਆਰੀ ਰਾਤਿ ।

(ਫਰੀਦ ਸ਼ਲੋਕ ੫੦)

ਅਗੇ ਦਸਮ ਗ੍ਰੰਥ 'ਚ ਪਾਠ ਦੇਂਦੇ ਹਾਂ :—

ਤਬ ਹਰਿ ਬਹੁਰਿ ਦੱਤ ਉਪਜਾਯੋ । ਤਿਨ ਭੀ ਅਪੁਨਾ ਪੰਥ ਚਲਾਯੋ ।
ਕਰਮੋ ਨਖ ਸਿਰ ਜਟਾ ਸਵਾਰੀ । ਪ੍ਰਭੁ ਕੀ ਕ੍ਰਿਆ ਨ ਕਛੂ ਬਿਚਾਰੀ । ੨੩ ।
ਪੁਨ ਹਰਿ ਗੋਰਖ ਕੋ ਉਪਰਾਜਾ । ਸਿੱਖ ਕਰੇ ਤਿਨਹੂੰ ਬਡਰਾਜਾ ।
ਸ੍ਰਵਨ ਫਾਰਿ ਮੁਦ੍ਰਾ ਦ੍ਵੈ ਡਾਰੀ । ਹਰਿ ਕੀ ਪ੍ਰੀਤ ਰੀਤ ਨ ਬਿਚਾਰੀ । ੨੪ ।
ਪੁਨ ਹਰਿ ਰਾਮਾ ਨੰਦ ਕਉ ਕਰਾ । ਭੇਸ ਬੈਰਾਗੀ ਕੋ ਜਿਨ ਧਰਾ ।
ਕੰਠੀ ਕੰਠ ਕਾਠ ਕੀ ਡਾਰੀ । ਪ੍ਰਭ ਕੀ ਕ੍ਰਿਆ ਨ ਕਛੂ ਬਿਚਾਰੀ । ੨੫ ।
ਜੇ ਪ੍ਰਭ ਪਰਮ ਪੁਰਖ ਉਪਜਾਏ । ਮਹਾਦੀਨ ਤਬ ਪ੍ਰਭ ਉਪਰਾਜਾ ।
ਅਰਬ ਦੇਸ ਕੋ ਕੀਨੋ ਰਾਜਾ । ੨੬ । ਤਿਨ ਭੀ ਏਕ ਪੰਥ ਉਪਰਾਜਾ ।
ਲਿੰਗ ਬਿਨਾ ਕੀਨੇ ਸਭ ਰਾਜਾ । ਸਭ ਤੇ ਅਪੁਨਾ ਨਾਮੁ ਜਪਾਯੋ ।
ਸਤਿਨਾਮ ਕਾਹੂ ਨ ਦ੍ਰਿੜਾਯੋ । ੨੭ । ਨ ਜਟਾ ਮੂੰਡ ਧਾਰੋ ।"
ਨ ਮੁਦ੍ਰਕਾ ਸਵਾਰੋ । ੫੧ । ਨ ਨੈਨੰ ਮਿਚਾਊਂ । ਨ ਡਿੰਭੰ ਦਿਖਾਊਂ ।
ਨ ਕੁਕਰਮੰ ਕਮਾਊਂ । ਨ ਭੇਖੀ ਕਹਾਉ । ੫੨ । ਚੌਪਾਈ ।
ਜੋ ਜੋ ਭੇਖ ਸੰਤਨ ਮੈਧਾਰੇ । ਤੇ ਪ੍ਰਭ ਜਨ ਕਛ ਕੈ ਨ ਬਿਚਾਰੇ ।
ਸਮਝ ਲੇਹੁ ਸਭ ਜਨ ਮਾਂਹੀ । ਡਿੰਭਨ ਮੋਂ ਪਰਮੇਸਰ ਨਾਂਹੀ । ੫੩ ।
ਜੇ ਜੇ ਕਰਮ ਕਰ ਡਿੰਭ ਦਖਾਹੀ । ਤਿਨ ਪਰਲੋਕਨ ਮੋਂ ਗਤਿ ਨਾਹੀ ।
ਜੀਵਤ ਚਲਤ ਜਗਤ ਕੇ ਕਾਜਾ । ਸ੍ਵਾਂਗ ਦੇਖ ਕਰ ਪੂਜਤ ਰਾਜਾ । ੫੪ ।
ਸ੍ਵਾਂਗਨ ਮੈ ਪਰਮੇਸਰ ਨਾਂਹੀ । ਖੋਜ ਫਿਰੇ ਸਭ ਹੀ ਕੋ ਕਾਹੀ ।
ਅਪੁਨੋ ਮਨ ਕਰਮੋਂ ਜਿਹ ਆਨਾ । ਪਾਰਬ੍ਰਹਮ ਕੋ ਤਿਨੀ ਪਿਛਾਨਾ । ੫੫ ।
ਦੋਹਾ—ਭੇਖ ਦਿਖਾਏ ਜਗਤ ਕਉ ਲੋਗਨ ਕਉ ਬਸ ਕੀਨ ।
ਅੰਤ ਕਾਲਿ ਕਾਤੀ ਕਟਿਓ ਬਾਸ ਨਰਕ ਮੋਲੀਨ ।
ਜੇ ਜੇ ਜਗ ਕੋ ਡਿੰਭ ਦਿਖਾਵੈ । ਲੋਗਨ ਮੂੰਡ ਅਧਿਕ ਸੁਖ ਅਧਿਕ ਸੁਖ ਪਾਵੈ ।
ਨਾਸਾਂ ਮੂੰਦ ਕਰੈ ਪਰਣਾਮੰ । ਫੋਕਟ ਧਰਮ ਨ ਕਉਡੀ ਕਾਮੰ । ੫੭ ।
ਫੋਕਟ ਧਰਮ ਜਿਤੇ ਜਗ ਕਰਹੀ । ਨਰਕ ਕੁੰਡ ਭੀਤ ਤੇ ਪਰਹੀ ।
ਹਾਥ ਹਲਾਏ ਸੁਰਗ ਨ ਜਾਹੂ । ਜੋ ਮਨ ਜੀਤ ਸਕਾ ਨਹੀ ਕਾਹੂ । ੫੮ ।

(ਬਚਿਤ੍ਰ ਨਾਟਕ ਧਿਆਇ ੬)

ਧਿਆਨ ਲਗਾਇ ਠਗਿਯੋ ਸਭ ਲੋਗਨ, ਸੀਸ ਜਟਾ ਨਖ ਹਾਥ ਬਨਾਏ ।
ਲਾਇ ਬਿਭੂਤ ਫਿਰਿਯੋ ਮੁਖ ਉਪਰ, ਦੇਵ ਅਦੇਵ ਸਭ ਡਹਕਾਏ ।
ਲੋਭ ਕੇ ਲਾਗ ਫਿਰਿਯੋ ਘਰ ਹੀ ਘਰ, ਜੋਗ ਕੇ ਨਯਾਸ ਸਭੈ ਬਿਸਰਾਏ ।
ਲਾਜ ਗਈ ਕੁਛ ਕਾਜ ਸਰਿਯੋਨਹਿ, ਪ੍ਰੇਮ ਬਿਨਾ ਪ੍ਰਭ ਪਾਨ ਨ ਆਏ । ੧੨ ।
ਕਾਹੇ ਕਉ ਡਿੰਭ ਕਰੈ ਮਨ ਮੂਰਖ, ਡਿੰਭ ਕਰੈ ਅਪੁਨੀ ਪਤ ਖ੍ਵੈ ।
ਕਾਹੇ ਕਉ ਲੋਗ ਠਗੇ ਠਗ ਲੋਗਨ, ਲੋਗ ਗਯੋ ਪ੍ਰਲੋਕ ਗਵੈ ।
ਦੀਨ ਦਯਾਲ ਕੀ ਠਉਰ ਜਹਾਂ, ਤਿਹ ਠਉਰ ਬਿਖੈ ਤੁਹਿ ਠਉਰ ਨ ਐਹੈ ।
ਚੇਤ ਰੇ ਚੇਤ ਅਚੇਤ ਮਹਾ ਜੜ੍ਹ. ਭੇਖ ਕੇ ਕੀਨੇ ਅਲੇਖ ਨ ਪੈਹੈ । ੧੨ ।
ਆਖਨ ਭੀਤਰ ਤੇਲ ਕੋ ਡਾਰ ਸੁ ਲੋਗਨ ਨੀਰ ਬਹਾਇ ਦਿਖਾਵੈ ।
ਜੋ ਧਨਵਾਨ ਲਖੈ ਨਿਜ ਸੇਵਕ, ਤਾਹੀ ਪਰੋਸ ਪ੍ਰਸਾਦਿ ਜਮਾਵੈ ।
ਜੋ ਧਨ ਹੀਨ ਲਖੇ ਤਿਨ ਦੇਤਨ, ਮਾਂਗਨ ਜਾਤ ਮੁਖੋ ਨ ਦਿਖਾਵੈ ।
ਲੂਟਤ ਹੈ ਪਸੂ ਲੋਗਨ ਕੋ, ਕਬਹੂੰ ਨ ਪਰਮਸਰ ਕੇ ਗੁਨ ਗਾਵੈ । ੩੦ ।
ਆਂਖਨ ਮੀਚ ਰਹੈ ਬਕ ਕੀ ਜਿਮ, ਲੋਗਨਿ ਏਕ ਪਹੁੰਚ ਦਿਖਾਯੋ ।
ਨਿਯਾਤ ਫਿਰਿਯੋ ਸਿਰ ਬੱਧਕ ਜਿਉ, ਅਸਿਧਿਆਨ ਬਿਲੋਕ ਬਿਲਾਬ ਲਜਾਏ
ਲਾਗ ਫਿਰਿਓ ਧਨ ਆਸ ਜਿਤੈ, ਤਿਤ ਲੋਗ ਗਯੋ ਪਰਲੋਕ ਗਵਾਯੋ ।
ਸ੍ਰੀ ਭਗਵੰਤ ਭਜਿਯੋਨ ਅਜੇ ਜੜ, ਧਾਮ ਕੇ ਕਾਮ ਕਹਾਂ ਉਰਝਾਯੋ । ੩੧ ।
ਤੀਰਥ ਕੋਟ ਕੀਏ ਅਸ਼ਨਾਨ ਦੀਏ ਬਹੁ ਦਾਨ ਮਹਾਂ ਬ੍ਰਿਤ ਧਾਰੇ ।
ਦੇਸ ਫਿਰਿਓ ਕਰ ਭੇਸ ਤਪੋਧਨ, ਕੇਸ ਧਰੇ ਨ ਮਿਲੇ ਹਰਿ ਪਿਆਰੇ ।
ਆਸਨ ਕੋਟ ਕਰੇ ਅਸ਼ਟਾਂਗ ਧਰੇ ਬਹੁ ਨਿਆਸ ਕਰੇ ਮੁਖ ਕਾਰੇ ।
ਦੀਨ ਦਿਆਲ ਅਕਾਲ ਭਜੇ ਬਿਨੁ, ਅੰਤ ਕੋ ਅੰਤ ਕੇ ਧਾਮ ਸਿਧਾਰੇ ।
ਪੂਰਬੀ ਨ ਪਾਰ ਪਾਵੇਂ ਹਿੰਗੁਲਾ ਹਿਮਾਲੈ ਧਿਆਵੈ ਗੋਰ ਗੁਰ ਦੇ ਜੀ ਗੁਣ ਗਾਵੇਂ ਤੇਰੇ ਨਾਮ ਹੈਂ ।
ਜੋਗੀ ਜੋਗ ਸਾਧੈਂ ਪਉਨ ਸਾਧਨਾ ਕਿਤੇਕ ਬਾਧੈਂ,
ਆਰਬ ਕੇ ਆਰਬੀ ਅਰਾਧੇਂ ਤੇਰੇ ਨਾਮ ਹੈਂ ।
ਫਰਾਕੇ ਫਰੰਗੀ ਮਾਨੈਂ ਕੰਧਾਰੀ ਕੁਰੈਸ਼ੀ ਜ਼ਾਨੈਂ ਪੱਛਮ ਕੇ ਪੱਛਮੀ ਪਛਾਨੋ ਨਿਜ ਕਾਮ ਹੈਂ ।

ਮਰਹਟਾ ਮਘੇਲੇ ਤੇਰੀ ਮਨਸੋਂ ਤਪੱਸਯਾ ਕਰੈਂ ਦ੍ਰਿੜਵੈ ਤਿਲੰਗੀ ਪਹਿਚਾਨੈ ਧਰਮ ਧਾਮ ਹੈਂ ।

ਬੰਗ ਕੇ ਬੰਗਾਲੀ ਫਿਰਹੰਗ ਕੇ ਫਿਰੰਗਾ ਵਾਲੀ,

ਦਿੱਲੀ ਕੇ ਦਿਲਵਾਲੀ ਤੇਰੀ ਆਗਿਆ ਮੇਂ ਚਲਤ ਹੈਂ ।

ਰੋਹ ਕੇ ਰੁਹੇਲੇ ਮਾਘ ਦੇਸ ਕੇ ਮਘੇਲੇ ਬੀਰ ਬੰਗਸੀ ਬੂੰਦੇਲੇ ਪਾਪ ਪੂੰਜ ਕੋ ਮਲਤ ਹੈਂ ।

ਗੋਖਾ ਗੁਨ ਗਾਵੈ ਚੀਨ ਮਚੀਨ ਕੇ ਸੀਸ ਨਿਆਵੈਂ,

ਤਿੱਬਤ ਧਿਆਇ ਦੋਖ ਦੇਹ ਕੋ ਦਲਤ ਹੈਂ ।

ਜਿਨੈ ਤੋਹਿ ਧਿਆਇਓ ਤਿਨੈਂ ਪੂਰਨ ਪ੍ਰਤਾਪ ਪਾਇਓ,

ਸਰਬ ਧਨ ਧਾਮ ਫਲ ਫੂਲ ਸੇ ਫਲਤ ਹੈਂ ।

(ਅਕਾਲ ਉਸਤਤ ੨੫੨-੨੫੫)

ਰਿਸ਼ੀ ਦਯਾਨੰਦ ਜੀ ਨੇ ਇਨ੍ਹਾਂ ਬਾਤਾਂ ਨੂੰ ਭੇਖ ਮੰਨਕੇ ਖੰਡਨ ਕੀਤਾ ਹੈ :—

ਦੰਡ, ਕਮੰਡਲੁ ਭਗਵੇ ਕਪੜੇ, ਸੰਖ ਚਕ੍ਰ, ਗਦਾ ਅਤੇ ਪਦਮ ਨੂੰ ਤਪਾ ਕੇ ਬਾਂਹ ਤੇ ਦਾਗ ਲਾਕੇ ਛਾਪਾ ਮੰਨਣਾ, ਬਾਣਾ ਅਰਥਾਤ ਕਿਸੇ ਖਾਸ ਤਰ੍ਹਾਂ ਦੇ ਕਪੜੇ ਪਾਕੇ ਅਪਣੇ ਆਪ ਨੂੰ ਪਰਮਾਤਮਾ ਮਨਣਾ ਤਿਲਕ ਅਰਥਾਤ ਕਿਸੇ ਸ਼ਕਲ ਦਾ ਔਰ ਕਿਸੇ ਭੀ ਚੀਜ਼ ਦਾ ਤਿਲਕ ਧਰਮ ਦਾ ਰੁਦ੍ਰਾਕਸ਼ ਚਿੰਨ ਜਾਨਣਾ । ਮਾਲਾ ਅਰਥਾਤ ਕਮਲਗੱਟੇ, ਤੁਲਸੀ, ਸੂਤ, ਉਨ, ਲਹੇ ਅਤੇ ਚੰਦਨ ਆਦਿ ਦੀ ਮਾਲਾ ਪਾਕੇ ਧਰਮੀ ਬਣਨਾ, ਨਾਰਾਇਣ ਦਾਸ, ਜਾਨੀ ਦਾਸ, ਆਨੰਦ, ਚੇਤਨ, ਸ੍ਵਰੂਪ ਸਿੰਘ ਆਦਿ ਨਾਮ ਰਖਕੇ ਉਸ ਨਾਮ ਮਾਤ੍ਰ ਨਾਲ ਸ੍ਵਰਗ ਜਾਣ ਪਰਵਾਨਾ ਲੈਣਾ, ਲਕੜੇ ਦੀ ਲੰਗੋਟੀ ਪਾਕੇ, ਜਟਾਂ ਵਧਾਕੇ ਧੂਣੀ ਤਾਪਕੇ, ਬਗੁਲੇ ਵਾਲਾ ਠੱਗੀ ਦਾ ਧਿਆਨ ਲਾ ਕੇ ਤਪੱਸੀ ਬਣਨਾ, ਰਾਖ ਲੈਣੀ ਤੇ ਚਾਰੇ ਧਾਮਾਂ ਦੀ ਜਾਤ੍ਰਾ ਕਰਕੇ ਨਰਕੋਂ ਛੁੱਟਨ ਦਾ ਨਿਸ਼ਚੇ ਕਰਨਾ, ਭੇਖ ਹੈ, ਪਾਖੰਡ ਹੈ, ਧੋਖਾ ਹੈ, ਭੁਲ ਹੈ ਅਤੇ ਅਗਿਆਨ ਹੈ । ਇਹਦੇ ਥਾਉਂ ਤੇ ਸਤਯ ਜਾਨਣਾ, ਸਤਯ ਮੰਨਣਾ ਅਤੇ ਸਤਯ ਕਰਮ ਕਰਨਾ, ਚੰਗੇ ਕਰਮ ਕਰਨੇ ਭੈੜੇ ਕਰਮ ਛੱਡਣੇ, ਸਚ ਬੋਲਣਾ, ਮਨ ਨੂੰ, ਇੰਦ੍ਰਿਆਂ ਨੂੰ ਵਸ ਕਰਕੇ ਚੰਗੇ ਕੰਮਾਂ ਵਿਚ ਲੈਣਾ, ਵਿਦਯਾ ਪੜਨੀ, ਪੜ੍ਹੌਨੀ ਆਦਿ ਕਰਮ ਕਰਨ ਨਾਲ ਧਰਮਾਤਮਾ ਬਣਦਾ ਹੈ, ਇਹੋ ਕੰਮ ਜਤਨ ਨਾਲ ਕਰਨੇ ਚਾਹੀਦੇ ਹਨ ਤੇ ਭੇਖ ਵਾਲੇ ਤਿਆਗਣੇ ਚਾਹੀਦੇ ਹਨ ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਇਹ ਗੱਲਾਂ ਭੇਖ ਮੰਨਕੇ ਨਿਸ਼ੇਧੀਆਂ ਹਨ। ਜੰਗਲ ਵਿਚ ਜਾਕੇ ਕੰਦ ਮੂਲ ਖਾਕੇ ਰਹਿਣਾ, ਭਗਵੇ ਕਪੜੇ ਪੌਣਾ, ਅਨੇਕ ਪ੍ਰਕਾਰ ਦੇ ਭੇਖ ਬਣਾਕੇ ਰਹਿਣਾ, ਭਸਮ ਲੈਣੀ, ਖਿੰਥਾ ਅਤੇ ਬਟੂਆ ਰਖਣਾ, ਤੀਰਥਾਂ ਤੇ ਫਿਰਨਾ, ਮੋਨੀ ਹੋਣਾ, ਜਲਧਾਰਾ ਕਰਨੀ. ਜਟਾਂ ਬਧੌਣੀਆਂ, ਨੰਗੇ ਫਿਰਨਾ, ਜਾਗਣਾ, ਅੱਗ ਤਪਣੀ, ਰਾਵਲ, ਸੰਨਿਆਸੀ, ਜੋਗੀ, ਕਾਪੜੀਆ, ਸਿਰਪੁਥੇ ਅਰਥਾਤ ਜੈਨੀ, ਉਦਾਸੀ ਬ੍ਰਹਮਚਾਰੀ ਬਟਕੇ ਮੁਕਤੀ ਪੌਣ ਦੀ ਆਸਾ ਕਰਨੀ, ਸ਼ਾਸਤ੍ਰ ਪੜ੍ਹਨਾ ਰਹਿਣਾ, ਸਮਾਧੀ ਲੈਣੀ, ਘੂੰਘਰੂ ਬੰਨ੍ਹਕੇ ਭਗਤ ਹੋਣਾ, ਗੀਤ, ਨਾਦ, ਰਾਗ, ਵਿਚ ਮਨ ਲਗਾਉਣਾ, ਤਿਲਕ ਲਾਉਣਾ, ਇਸ਼ਨਾਨ ਕਰਨਾ, ਪੂਜਾ ਕਰਨੀ, ਚਕ੍ਰ ਅਰਥਾਤ ਚਕ੍ਰਾਂਕਿਤ ਹੋਣਾ, ਘਰ ਘਰ ਭੀਖ ਮੰਗਣੀ, ਘਰ ਦੀ ਇਸਤਰੀ ਛੱਡਕੇ ਦੂਜੇ ਦੀ ਬਹੂ ਬੇਟੀਆਂ ਨੂੰ ਬੇਟੀਆਂ ਨੂੰ ਬੁਰੀ ਨਜ਼ਰ ਨਾਲ ਦੇਖਣਾ ਅੰਨ ਨਾ ਖਾਣਾ, ਸਿਰ ਮੁਨੌਣਾ, ਸਾਢੇ ਤਿੰਨ ਤਿੰਨ ਗਜ ਦੀਆਂ ਧੋਤੀਆਂ ਬੰਨ੍ਹਣੀਆਂ, ਤਿਹਰਾ ਜਨੇਊ ਪਹਿਰਨਾ, ਹੱਥ ਵਿਚ ਮਾਂਜਿਆ ਹਇਆ ਲੋਟਾ, ਬਾਸਨ ਮਾਂਜਕੇ ਬਹੁਤੇ ਹੀ ਸਾਫ਼ ਕਰਕੇ ਰਖਣਾ, ਧਕੇ ਜਾਲਣੀ, ਭੂਮਿ ਖੋਦਕੇ ਚੁਲਹਾ ਬਣੌਣਾ, ਜਪ ਤੇ ਤਪ ਕਰਨਾ। ਕੰਧੇ ਤੇ ਮੁਸੱਲਾ, ਗਲ ਵਿਚ ਸੂਫ ਦੀ ਅਲਫੀ, ਦਿਲ ਵਿਚ ਬੁਰਾਈਆਂ ਦੀ ਕਾਤੀ ਪਰ ਗੱਲਾਂ ਮਿੱਠੀਆਂ ਕਰਨਾ। ਇਹ ਸਭ ਡੋਬਣ ਵਾਲੀਆਂ ਬਾਤਾਂ ਹਨ, ਤਾਰਨ ਵਾਲੀਆਂ ਨਹੀਂ, ਇਨ੍ਹਾਂ ਨਾਲ ਕੋਈ ਪਾਰ ਹੋਣ ਦੀ ਆਸਾ ਕਰੇ ਤਾਂ ਵੱਡੇ ਭੁਲਖੇ ਵਿਚ ਹੈ, ਉਹ ਅੰਤ ਨੂੰ ਪਛਤਾਊਗਾ। ਸੰਸਾਰ ਤੋਂ ਪਾਰ ਹੋਣ ਵਾਸਤੇ ਹੇਠ ਲਿਖੇ ਕਰਮ ਕਰਨੇ ਚਾਹੀਦੇ ਹਨ—

ਗੁਰੂਦੁਆਰਾ ਗਿਆਨ ਪ੍ਰਾਪਤ ਕਰਨਾ, ਅੱਛੇ ਕਰਮ ਕਰਨੇ, ਸ਼ਬਦ ਜਪਨਾ, ਕਾਮ ਕਰੋਧ, ਅਹੰਕਾਰ, ਮਾਰਨਾ, ਮਨ ਬਸ ਕਰਨਾ, ਸੱਚ ਦੀ ਕਾਰ ਕਰਨਾ, ਸੰਤੋਖ ਆਦਿ ਗੁਣ ਧਾਰਣ ਕਰਨੇ, ਸੱਚ ਮੰਨਣਾ, ਪਰਮੇਸ਼ਵਰ ਨੂੰ ਜਾਨਣਾ, ਇਨ੍ਹਾਂ ਕੰਮਾਂ ਨਾਲ ਜੰਮਣ ਮਰਣ ਤੋਂ ਛੁਟ ਜਾਂਦਾ ਹੈ ਪਰ ਭੇਖ ਕਰਨ ਨਾਲ ਕੋਈ ਭੀ ਨਹੀਂ ਛੁਟਦਾ।

ਅੱਗੇ ਸ੍ਰੀ ਦਸਮ ਗ੍ਰੰਥ ਜੀ ਦੇ ਕਹੇ ਭੇਖ ਇਹ ਹਨ—

ਹੱਥਾਂ ਦੇ ਨੌਂ ਬਧੌਣੇ, ਜਟਾਂ ਰਖਣੀਆਂ, ਕੰਨ ਪਾੜ ਕੇ ਮੁੰਦਰਾਂ ਪੌਣੀਆਂ, ਕਾਠ ਦੀ ਮਾਲਾ (ਕੰਠੀ) ਪੈਣੀ, ਸੁੰਨਤ ਕਰਨੀ, ਅੱਖਾਂ ਮੀਚ ਕੇ ਬੈਠਣਾ, ਡਿੰਭ ਕਰਨਾ ਭੇਖੀ,

ਹੋਣਾ ਅਰਥਾਤ ਸਰੀਰ ਉੱਤੇ ਕਿਸੇ ਖਾਸ ਪ੍ਰਕਾਰ ਦਾ ਭੇਖ ਬਣਾ ਕੇ ਰੱਖਣਾ, ਕੁਕਰਮ ਕਰਨੇ, ਧਿਆਨ ਲੌਣਾ, ਬਿਭੂਤ ਮਲਨੀ, ਘਰ ਘਰ ਫਿਰਨਾ ਤੇਲ ਅੱਖਾਂ ਵਿਚ ਪਾਕੇ ਅਥਰੂ ਸਿੱਟਣੇ, ਧਨੀਆਂ ਸਿੱਖਾਂ ਦੀ ਸੇਵਾ ਕਰਨੀ ਅਤੇ ਗਰੀਬ ਸਿੱਖਾਂ ਨੂੰ ਨ ਪੁਛਣਾ, ਬਗੁਲਾ ਤੇ ਬਿੱਲੇ ਵਾਂਗ ਧਿਆਨੀ ਹੋ ਕੇ ਬੈਠਣਾ, ਬੱਧਕ ਵਾਂਗ ਝੂਠਾ ਨਿਉਣਾ, ਤੀਰਥ ਇਸਨਾਨ ਕਰਨਾ, ਦਾਨ ਦੇਣਾ, ਤਪਸੀ ਹੋ ਕੇ ਦੇਸ਼ ਬਿਦੇਸ਼ ਫਿਰਨਾ, ਕੇਸ ਧਾਰਨ ਕਰਨਾ, ਜੋਗ ਦੇ ਆਸਨ ਕਰਨੇ, ਮੂੰਹ ਤੇ ਕਾਲਖ ਜਾਂ ਹੋਰ ਕੁਝ ਲਾਉਣਾ, ਇਹ ਸਾਰੇ ਲੋਕਾਂ ਨੂੰ ਠੱਗਣ ਵਾਲੇ ਭੇਖ ਜਾਂ ਪਾਖੰਡ ਹੀ ਹਨ, ਇਨ੍ਹਾਂ ਕੀਤਿਆਂ ਤੇ ਕਿਸੇ ਨੂੰ ਈਸ਼ਵਰ ਕਦੇ ਨਹੀਂ ਮਿਲਦਾ।

ਜੇ ਕਿਸੇ ਦੀ ਇੱਛਾ ਪਰਮੇਸ਼ਵਰ ਪੌਣ ਦੀ ਹੋਵੇ ਤਾਂ ਹੇਠ ਲਿਖੀਆਂ ਬਾਤਾਂ ਕਰਨ ਦੀ ਲੋੜ ਹੈ :—

ਮਨ ਬਸ ਕਰਨਾ, ਕਿਸੇ ਭੀ ਦੇਸ਼ ਦੇ ਰਹਿਣ ਵਾਲੇ ਹੋਣ ਜਿਹੜੇ ਪਰਮੇਸਰ ਦਾ ਧਿਆਨ ਕਰਨਗੇ ਉਹ ਉਸਨੂੰ ਪਾ ਲੈਣਗੇ।

ਉਪਰ ਲਿਖਿਆਂ ਤਿਹਾਂ ਪਾਠਾਂ ਨੂੰ ਜੇ ਮਿਲਾਕੇ ਦੇਖੀਏ ਤਾਂ ਇਹ ਸਾਫ ਪਤਾ ਲੱਗਦਾ ਹੈ ਕਿ ਤਿੰਨੇ ਪਾਠ ਇਕੋ ਜੇਹੀਆਂ ਬਾਤਾਂ ਹੀ ਆਖਦੇ ਹਨ, ਇਕੋ ਜੇਹੀਆਂ ਗੱਲਾਂ ਸਬ ਨੇ ਖੰਡੀਆਂ ਹਨ, ਔਰ ਇਕੋ ਜੇਹੀਆਂ ਹੀ ਮੰਡੀਆਂ ਹਨ। ਮਹਾਪੁਰਸ਼ਾਂ ਦੁਆਰੇ ਕੀਤੇ ਭੇਖ ਦੇ ਖੰਡਨ ਨੂੰ ਵੇਖ ਕੇ ਤਾਂ ਤੇ ਇਹ ਗਲ ਆਖਣੀ ਪਊਗੀ ਕਿ ਸੌ ਸਿਆਣੀਆਂ ਇਕੋ ਮਤ ਮੂਰਖਾਂ ਆਪੋ ਆਪਣੀ !

ਸਿੱਟਾ ਇਹ ਨਿਕਲਦਾ ਕਿ ਜੇ ਕੋਈ ਪਰਮੇਸ਼ਵਰ ਨੂੰ ਪੌਣ ਦੀ ਚਾਹ ਵਾਲਾ ਹੋਵੇ ਜਾਂ ਆਪਣੇ ਜੀਵਨ ਨੂੰ ਪਵਿਤ੍ਰ ਕਰਨ ਦਾ ਲੋੜਵੰਦ ਹੋਵੇ ਤਾਂ ਉਸ ਨੂੰ ਬਾਹਰਲੇ ਭੇਖਾਂ ਦੀ ਬਹੁਤੀ ਪਰਵਾਹ ਨਹੀਂ ਕਰਨੀ ਚਾਹੀਦੀ। ਕੋਈ ਜਿਹੋ ਜਿਹੇ ਚਾਹੇ ਕਪੜੇ ਪਾਵੇ, ਜਿਵੇਂ ਚਾਹੇ ਬਾਲ ਰੱਖੇ, ਮਨੋ ਭੌਂਦਾ ਰੰਗ ਰੰਗਾਵੇ, ਇਨ੍ਹਾਂ ਨਾਲ ਪਰਮ ਦਾ ਸੰਬੰਧ ਨਹੀਂ ਹੈ। ਹਰ ਇਕ ਨੂੰ ਮਨ ਪਵਿਤ੍ਰ, ਕਰਮ ਚੰਗੇ, ਇੰਦ੍ਰੀਆਂ, ਵਸ, ਬੁੱਧੀ ਨਿਰਮਲ ਰਖ ਕੇ ਪਰਮਾਤਮਾ ਵਲ ਧਿਆਨ ਕਰਕੇ, ਈਸ਼ਵਰ ਤੋਂ ਡਰਕੇ, ਦੂਜੇ ਨੂੰ ਵੀ ਆਪਣੇ ਵਰਗਾ ਜਾਣਕੇ ਨਿਆਇ ਨੂੰ ਮਜ਼ਬੂਤੀ ਨਾਲ ਫੜ ਕੇ ਅਨਿਆਇ ਨੂੰ ਪਰੇ ਸੁਟ ਕੇ ਜੀਵਨ ਬਤੀਤ ਕਰਨਾ ਚਾਹੀਦਾ ਹੈ।

# ੨੦ ਸਤਯਾਰਥ ਪ੍ਰਕਾਸ਼ ਦਾ ਪਾਠ

ਸਤਯਾਰਥ ਪ੍ਰਕਾਸ਼ ਦੇ ਗਿਆਰਵੇਂ ਸਮੁਲਾਸ ਵਿਚ ਰਿਸ਼ੀ ਦਯਾਨੰਦ ਜੀ ਨੇ ਭਾਰਤ ਵਰਸ਼ ਦੇ ਉਨ੍ਹਾਂ ਪੰਥਾਂ ਦਾ ਵਿਚਾਰ ਕੀਤਾ ਹੈ ਜਿਹੜੇ ਵੇਦ ਨੂੰ ਮੰਨਦੇ ਹਨ ਜਾ ਜਿਨ੍ਹਾਂ ਦਾ ਬਹੁਤ ਕੁਛ ਵੇਦ ਮੰਨਣ ਵਾਲਿਆਂ ਨਾਲ ਮਿਲਦਾ ਜੁਲਦਾ ਹੈ। ਜਿਨ੍ਹਾਂ ਦੀ ਸੰਸਕ੍ਰਿਤੀ ਵੈਦਿਕ ਧਰਮੀਆਂ ਵਾਲੀ ਹੀ ਹੈ। ਉਸ ਸਮੁਲਾਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਵੀ ਲਿਖਿਆ ਹੈ। ਉਥੇ ਲਿਖਿਆ ਸਾਰਾ ਪਾਠ ਇਹ ਹੈ।

੧ ਓ ਸਤਯ ਨਾਮ ਕਰਤਾ ਪੁਰਖ ਨਿਰਭੌ ਨਿਰਵੈਰ ਅਕਾਲ ਮੂਰਤ ਅਜੋਨੀ ਸਹਭੰ, ਗੁਰੂ, ਪ੍ਰਸਾਦ, ਜਪ। ਆਦਿ ਸਚ ਜੁਗਾਦਿ ਸਚ ਹੈ ਭੀ ਸਚ, ਨਾਨਕ ਹੋਸੀ ਭੀ ਸਚੁ। (ਜਪਜੀ ਪਉੜੀ ੧)

ਵੇਦ ਪੜਤ ਬ੍ਰਹਮਾ ਮਰੇ ਚਾਰੋਂ ਵੇਦ ਕਹਾਨਿ। ਸੰਤ (ਸਾਧ) ਕੀ ਮਹਿਮਾ ਵੇਦ ਨ ਜਾਨੇ। (ਸੁਖਮਨੀ ਪਉੜੀ ੭ ਚੌ: ੮)

ਨਾਨਕ ਬ੍ਰਹਮ ਗਿਆਨੀ ਆਪ ਪਰਮੇਸ਼ਵਰ। (ਸੁਖਮਨੀ ਪਉੜੀ ੮ ਚੌ: ੬)

ਜੇ ਇਹ ਪਾਠ ਸ੍ਰੀ ਗ੍ਰੰਥ ਸਾਹਿਬ ਜੀ ਵਿਚ ਜਿਵੇਂ ਲਿਖਿਆ ਹੈ ਲਿਖੀਏ ਤਾਂ ਇਹ ਪਾਠ ਏਸ ਤਰ੍ਹਾਂ ਹੋਣਾ ਚਾਹੀਦਾ ਹੈ।

੧ ਓ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ। ਜਪੁ। ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ। (ਜਪੁਜੀ ਪਉੜੀ ੧)

"ਵੇਦ ਪੜ੍ਹਤ ਬ੍ਰਹਮਾ ਮਰੇ ਚਾਰੋਂ ਵੇਦ ਕਹਾਨਿ।"

ਇਹ ਸਾਰਾ ਪਾਠ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕਿਸੇ ਥਾਂ ਭੀ ਨਹੀਂ ਹੈ।

ਸਾਧ ਕੀ ਮਹਿਮਾ ਬੇਦ ਨ ਜਾਨਹਿ। (ਸੁਖਮਨੀ ਅਸਟਪਦੀ ੮ ਪਾਦ ੬)

ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ। (ਸੁਖਮਨੀ ਅਸਟਪਦੀ ੮ ਪਾਦ ੬)

ਜੇ ਸਤਯਾਰਥ ਦੇ ਪਾਠ ਅਤੇ ਸ੍ਰੀ ਗੁਰੂ ਸਾਹਿਬ ਜੀ ਦੇ ਪਾਠ ਨੂੰ ਧਿਆਨ

ਨਾਲ ਵੇਖੀਏ ਤਾਂ ਮਾਤ੍ਰਾਂ ਦਾ ਬੜਾ ਭਾਗ ਭੇਦ ਹੈ। ਸਭ ਤੋਂ ਪਹਿਲਾ ਓਂ ਤੇ ੧ਓ ਦਾ ਹੀ ਫਰਕ ਹੈ। ਰਿਸ਼ੀ ਨੂੰ ਓਂਕੀ ਸੰਸਕ੍ਰਿਤ ਦੇ ਅਨੁਸਾਰ ਯਾਦ ਸੀ, ਉਨ੍ਹਾਂ ਨੇ ਓਹੋ ਓਂ ਲਿਖ ਦਿੱਤਾ, ਓਹ ਆਪ ਤਾਂ ਗੁਰਮੁਖੀ ਪੜ੍ਹ ਹੋਏ ਹੀ ਨਹੀਂ ਸਨ, ਦੱਸਣ ਵਾਲੇ ਨੇ ਚੰਗੀ ਤਰ੍ਹਾਂ ਦੱਸਿਆ ਨਹੀਂ, ਕਿ ਸਿੱਖ ਏਸ ਨੂੰ ਕਿੱਦਾਂ ਲਿਖਦੇ ਹਨ ਏਸ ਕਰਕੇ ਬਰਕ ਰਹਿ ਗਿਆ, ਏਹੋ ਹਾਲ ਸਾਰੀ ਪਉੜੀ ਏ ਪਾਠ ਵਿਚ ਹੈ। ਸਤਿ ਨੂੰ ਸਤਯ, ਕਉ ਨੂੰ ਭੌ, ਅਜੂਨੀ ਨੂੰ ਅਜੋਨੀ, ਸੈਭੰ ਨੂੰ ਸਹਭੰ, ਪ੍ਰਸਾਦਿ ਨੂੰ ਪ੍ਰਸਾਦ, ਜਪੁ ਨੂੰ ਜਪ, ਸਚੁ ਨੂੰ ਸਚ ਲਿਖਿਆ ਹੈ। ਇਹ ਸਾਰੇ ਦਾ ਕਾਰਣ ਉਖਰ ਲਿਖ ਦਿੱਤਾ ਕਾਰਨ ਹੀ ਜਾਣਦਾ ਚਾਹੀਦਾ ਹੈ। ਪਰ ਅਰਥ ਵਿਚ ਕੋਈ ਫਰਕ ਨਹੀਂ ਹੈ ਰਿਸ਼ੀ ਜੀ ਨੇ ਸੰਸਕ੍ਰਿਤ ਸ਼ਬਦਾਂ ਨੂੰ ਅੱਗੇ ਰਖਕੇ ਅਰਥ ਕਰ ਦਿੱਤੇ, ਇਸ ਲਈ ਭੇ ਸ਼ਬਦ ਨੂੰ ਨਿਰਭੈ ਲਿਖਿਆ, ਕਿਉਂਕਿ ਸੰਸਕ੍ਰਿਤ ਵਿਚ ਇਹ ਸ਼ਬਦ ਭੇ ਜਾ ਭਯ ਲਿਖਿਆ ਜਾਂਦਾ ਹੈ। ਅੱਗੇ ਇਕ ਪੰਗਤੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਹੈ ਹੀ ਨਹੀਂ, ਅਤੇ ਅੱਗ ਸੰਤ ਲਿਖਕੇ ਕੋਸਟ ਵਿਚ ਸਾਧ ਸ਼ਬਦ ਲਿਖਿਆ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸੰਤ ਸ਼ਬਦ ਨਹੀਂ ਹੈ, ਕੇਵਲ ਸਾਧ ਹੀ ਹੈ। ਹੋਰ ਫਰਕ ਤਾਂ ਸਿਰਫ ਮਾਤ੍ਰਾਂ ਦੇਣ ਵਿਚ ਹਨ। ਮਾਤ੍ਰਾਂ ਵਾਲੀ ਗੱਲ ਤਾਂ ਛੱਡਣ ਜੋਗ ਹੀ ਹੈ, ਕਿਉਂਕਿ ਸਿੱਖਾਂ ਨੇ ਜਿਹੜੀਆਂ ਪੋਥੀਆਂ ਲਿਖੀਆਂ ਹਨ, ਉਨ੍ਹਾਂ ਨੇ ਵੀ ਮਾਤ੍ਰਾਂ ਵਲ ਬਹੁਤਾ ਧਿਆਨ ਨਹੀਂ ਦਿੱਤਾ। ਉਦਾਹਰਣ ਵਾਸਤੇ ਭਾਈ ਕਾਹਨ ਸਿੰਘ ਜੀ ਨਾਭਾ ਨਿਵਾਸੀ ਦਾ ਲਿਖਿਆ ਹੋਇਆ ਗੁਰਮਤ ਪ੍ਰਭਾਕਰ ਦੇਖ ਲੈਣਾ ਚਾਹੀਦਾ ਹੈ। ਉਹ ਦੇਖਣ ਸਾਰ ਹੀ ਪਤਾ ਲਗ ਜਾਊਗਾ ਕਿ ਉਨ੍ਹਾਂ ਨੇ ਗੁਰਮੁਖੀ ਲਿਖਦਿਆਂ ਹੋਇਆਂ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਮਾਤ੍ਰਾਂ ਦਾ ਪੂਰਾ ਪੂਰਾ ਧਿਆਨ ਨਹੀਂ ਰਖਿਆ। ਪਾਠ ਦਾ ਹੀ ਧਿਆਨ ਰਖਿਆ ਹੈ।

ਇਕ ਗੱਲ ਸੋਚਣ ਵਾਲੀ ਹੋਰ ਹੈ। 'ਵੇਦ ਪੜ੍ਹਤ ਬ੍ਰਹਮਾ ਮਰੇ ਚਾਰੋਂ ਵੇਦ ਕਹਾਨਿ' ਵਾਲੀ ਪੰਗਤੀ ਨੂੰ ਕਿਕੂੰ ਲਗਾਇਆ ਜਾਇ।

ਇਸ ਦਾ ਉੱਤਰ ਇਹ ਹੈ ਕਿ ਇਹ ਤਾਂ ਠੀਕ ਹੈ ਕਿ ਇਹ ਪਾਠ ਵਿਚ ਕਿਤੇ ਨਹੀਂ ਹੈ। ਪਰ ਇਸਦਾ ਭਾਵ ਜਾਂ ਇਹੋ ਜਿਹਾ ਅਰਥ ਕਰਣ ਵਾਲੇ ਹੋਰ ਸ਼ਬਦ ਹਨ। ਉਦਾਹਰਣ ਲਈ ਉਹ ਸਬਦ ਲਿਖਦਾ ਹਾਂ—

ਨਾਭਿ ਕਮਲ ਤੇ ਬ੍ਰਹਮਾ ਉਪਜੇ, ਬੇਦ ਪੜ੍ਹਹਿ ਮੁਖਿ ਕੰਠਿ ਸਵਾਰਿ।
ਤਾਕੋ ਅੰਤੁ ਨ ਜਾਈ ਲਿਖਣਾ ਆਵਤ ਜਾਵਤ ਰਹੈ ਗੁਬਾਰਿ।
(ਗੂਜਰੀ ਮ: ੧ ਸ਼ਬਦ ੨)

ਚਾਰੇ ਵੇਦ ਬ੍ਰਹਮੇ ਕਉ ਦੀਏ ਪੜਿ ਪੜਿ ਕਰੇ ਵੀਚਾਰੀ।
ਤਾਕਾ ਹੁਕਮ ਨ ਬੂਝੈ ਬਪੁੜਾ ਨਰਕਿ ਸੁਰਗਿ ਅਵਤਾਰੀ।
(ਆਸ਼ਾ ਮ: ੩ ਅਸਟਪਦੀ ੨੩)

ਸਨਕ ਸਨੰਦਨ ਅੰਤ ਨਹੀਂ ਪਾਇਆ। ਬੇਦ ਪੜੇ ਪੜਿ ਬ੍ਰਹਮੇ ਜਨਮੁ ਗਵਾਇਆ। (ਆਸਾ ਸ੍ਰੀ ਕਬੀਰ ਜੀ ੧੦)

ਰਿਸ਼ੀ ਦਾ ਪਾਠ ਹੈ 'ਵੇਦ ਪੜਤ ਬ੍ਰਹਮਾ ਮਰੇ।' ਉਪਰ ਲਿਖੇ ਪਾਠਾਂ ਵਿਚ 'ਬੇਦ ਪੜਹਿ ਮੁਖ ਕੰਠ ਸਵਾਰ'; ਆਵਤ ਜਾਤ ਰਹੈ ਗੁਬਾਰਿ' 'ਪੜਿ ਪੜਿ ਕਰੇ ਵੀਚਾਰੀ। ਨਰਕਿ ਸੁਰਗਿ ਅਵਤਾਰੀ'। 'ਬੇਦ ਪੜੇ ਪੜਿ ਬ੍ਰਹਮੇ ਜਨਮੁ ਗਵਾਇਆ' ਪਾਠ ਹੈ ਸ਼ਬਦਾਂ ਦਾ ਭੇਦ ਹੋਣੇ ਤੇ ਵੀ ਅਰਥ ਦਾ ਕੋਈ ਭੇਦ ਨਹੀਂ ਹੈ। ਇਸ ਲਈ ਮਤਲਬ ਦੋਹਾਂ ਦਾ ਇਕੋ ਹੀ ਹੈ।

ਏਸ ਤੁਕ ਦਾ ਅਗਲਾ ਹਿਸਾ ਹੈ, 'ਚਾਰੋ ਵੇਦ ਕਹਾਨਿ।' ਇਹਦਾ ਭਾਵ 'ਬੇਦ ਕਤੇਬ ਇਫਤਰਾ ਭਾਈ ਦਿਲ ਕਾ ਫਿਕਰ ਨ ਜਾਇ।
(ਤਿਲੰਗ ਕਬੀਰ ਜੀ ਸ਼ਬਦ ੧) ਸ਼ਬਦ ਵਾਲਾ ਹੀ ਹੈ।

ਰਿਸ਼ੀ ਜੀ ਨੇ 'ਕਹਾਨਿ' ਲਿਖਿਆ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਇਫਤਰਾ ਹੈ। ਇਫਤਰਾ ਸ਼ਬਦ ਦੇ ਅਰਥ ਗੁਰੂ ਗਿਰਾਰਥ ਕੋਸ਼ ਵਿਚ ਇਉਂ ਲਿਖੇ ਹਨ—

ਇਫਤਰਾ। ਅ:। ਬਹੁਤਾਨ, ਬਹਕਾਵ, ਯ: 'ਬੇਦ ਕਤੇਬ ਇਫਤਰਾ ਭਾਈ ਦਿਲ ਕਾ ਫਿਕਰ ਨ ਜਾਇ।' ਸਾਮਾਦਿ ਚਾਰੋਂ ਵੇਦ ਔਰ ਅੰਜੀਲ ਆਦਿਕ ਕਿਤਾਬਾਂ ਪਰਸਪਰ ਵਿਰੁਧ ਬਚਨੋਂ ਸੇ ਸੰਦੇਹ ਕਰਨੇ ਵਾਲੀ ਹੈ। ਜਾਂ ਤੇ ਪੂਰੇ ਗੁਰੋਂ ਕੇ ਉਪਦੇਸ਼ ਬਿਨਾ ਇਨਸੇ ਚਿਤ ਕਾ ਸੰਦੇਹ ਜਾਨਾ ਕਠਨਿ ਹੈ।

ਗੁਰਮਤ ਪ੍ਰਭਾਕਰ ਦਾ ਪਾਠ ਏਹ ਹੈ।

ਬੇਦ ਕਤੇਬ ਇਫਤਰਾ ਭਾਈ ਦਿਲ ਕਾ ਫਿਕਰ ਨਾ ਜਾਇ। ਇਫਤਰਾ ਪਰ ਤਿੱਪਣੀ, ਕੰਪੋਲਕ ਲਪਣਾ।

ਲੁਗਾਤ ਸਈਦੀ। ਇਫਤਰਾ। ਬੁਹਤਾਨ।

ਪਾਠਕ ਦੇਖ ਲੈਣ। ਕਹਾਣੀ ਨਾਲੋਂ ਇਫਤਰਾ ਸ਼ਬਦ ਘਟ ਨਹੀਂ ਹੈ। ਏਦਾਂ ਏਸ ਤੁਕ ਦੇ ਦੋ ਹਿਸੇ ਕਰਕੇ ਅਰਥਾਤ ਵੇਦ ਪੜਤ ਬ੍ਰਹਮਾ ਮਰੇ ਅਤੇ ਚਾਰੋਂ ਵੇਦ ਕਹਾਨਿ। ਏਸੇ ਮਤਲਬ ਦੇ ਹੋਰ ਸ਼ਬਦ ਮਿਥਣ ਕਰਕੇ ਏਹ ਮੰਨਿਆ ਜਾ ਸਕਦਾ

ਹੈ ਕਿ ਏਹ ਤੁਕ ਠੀਕ ਹੀ ਹੈ। ਪਰ ਇਸ ਤੁਕ ਤੇ ਇਕ ਹੋਰ ਵਿਚਾਰ ਵੀ ਹੈ, ਓਹ ਹੈ, ਜਦ ਇਹ ਤੁਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਨਹੀਂ ਹੈ ਤੇ ਸਤਯਾਰਥ ਪ੍ਰਕਾਸ਼ ਵਿਚ ਸੁਖਮਨੀ ਕਹਿਕੇ ਲਿਖੀ ਹੈ, ਤਾਂ ਇਸ ਤੁਕ ਨੂੰ ਸਤਯਾਰਥ ਪ੍ਰਕਾਸ਼ ਵਿਚੋਂ ਕੱਢ ਹੀ ਕਿਉਂ ਨਾ ਦਿਤਾ ਜਾਏ। ਕਢਣ ਤੇ ਜ਼ੋਰ ਦੇਣ ਵਾਲਿਆਂ ਨੂੰ ਮੈਂ ਬੇਨਤੀ ਕਰੂੰਗਾ ਕਿ ਉਹ ਹਠ ਲਿਖੀ ਗਲ ਪਹਿਲਾਂ ਸੋਚਣ ਫੇਰ ਦਸਣ ਓਹ ਠੀਕ ਕਹਿੰਦੇ ਹਨ ਜਾਂ ਜੋਰਾ ਜੋਰੀ ਕਰਦੇ ਹਨ।

ਸਤਯਾਰਥ ਪ੍ਰਕਾਸ਼ ਦੇ ਲਿਖਾਰੀ ਰਿਸ਼ੀ ਦਯਾਨੰਦ ਜੀ ਸਨ, ਓਨ੍ਹਾਂ ਨੂੰ ਸੁਰਗ ਗਏ ਵੀ ਬਰਸਾਂ ਬੀਤ ਗਈਆਂ, ਜੇ ਓਹ ਅੱਜ ਕਲ੍ਹ ਜੀਉਂਦੇ ਹੁੰਦੇ ਜਾਂ ਓਨ੍ਹਾਂ ਦੇ ਜੀਉਂਦਿਆਂ ਵੇਲੇ ਕੋਈ ਓਨ੍ਹਾਂ ਨੂੰ ਦਸਦਾ ਕਿ ਏਹ ਤੁਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਨਹੀਂ ਹੈ ਤਾਂ ਮੈਂ ਆਸ ਕਰਦਾ ਹਾਂ ਕਿ ਓਹ ਜ਼ਰੂਰ ਹੀ ਏਸ ਨੂੰ ਕੱਢ ਦਿੰਦੇ। ਇਹਦੇ ਥਾਂ ਹੋਰ ਕੋਈ ਤੁਕ ਲਿਖਦੇ ਜਾਂ ਨ ਲਿਖਦੇ, ਇਹਦਾ ਕੋਈ ਪਤਾ ਨਹੀਂ। ਓਸ ਵੇਲੇ ਤਾਂ ਕਿਸੇ ਨੇ ਦੱਸਿਆ ਨਹੀਂ, ਹੁਣ ਤੁਕ ਕੱਢਣ ਦਾ ਧਿਆਨ ਰੱਖਣਾ ਚਾਹੀਦਾ ਹੈ ਕਿ ਪੁਸਤਕ ਬਣੌਣ ਵਾਲਾ ਪਾਠ ਕੱਢ ਦੇਵੇ ਤਾਂ ਠੀਕ ਤਾਂ ਓਹ ਕਿਸੇ ਸਮਾਜ ਵਾ ਸਭਾ ਨੂੰ ਕੱਢਣ ਦਾ ਹੱਕ ਹੋ ਜਾਵੇ ਤਾਂ ਓਹ ਕਿਸੇ ਨੂੰ ਕੱਢਣ ਦਾ ਅਧਿਕਾਰ ਨ ਦੇ ਗਿਆ ਹੋਵੇ ਤਾਂ ਕਿਸੇ ਦਾ ਕੀ ਇਖਤਿਆਰ ਹੈ ਕਿ ਕਿਸੇ ਦੀ ਲਿਖੀ ਹੋਈ ਪੋਥੀ ਵਿਚੋਂ ਕੋਈ ਪਾਠ ਕੱਢ ਦੇਵੇ। ਰਿਸ਼ੀ ਦਯਾਨੰਦ ਜੀ ਨੇ ਸਤਯਾਰਥ ਪ੍ਰਕਾਸ਼ ਲਿਖਿਆ। ਉਨ੍ਹਾਂ ਨੇ ਕਿਸੇ ਨੂੰ ਪਸਤਕ ਸੋਧਣ ਦਾ ਜਾਂ ਕੋਈ ਪਾਠ ਕੱਢਣ ਦਾ ਅਧਿਕਾਰ ਨਹੀਂ ਦਿੱਤਾ, ਉਨ੍ਹਾਂ ਨੇ ਪਰੋਪਕਾਰਨੀ ਸਭਾ ਨੂੰ ਕੇਵਲ ਪੁਸਤਕ ਛਾਪਣ ਦਾ ਅਧਿਕਾਰ ਦਿੱਤਾ। ਇਸੇ ਕਰਕੇ ਉਹ ਸਭਾ ਰਿਸ਼ੀ ਦੀਆਂ ਲਿਖੀਆਂ ਹੋਈਆਂ ਸਾਰੀਆਂ ਪੋਥੀਆਂ ਛਾਪਦੀ ਹੈ। ਜਦ ਪੰਗਤੀ ਕੱਢਣ ਦਾ ਉਸ ਨੂੰ ਅਧਿਕਾਰ ਨਹੀਂ, ਤਾਂ ਕੋਈ ਭੀ ਕੱਢ ਨਹੀਂ ਸਕਦਾ। ਪਰੋਪਕਾਰਨੀ ਸਭਾ ਨੇ ਇਹ ਕੰਮ ਤਾਂ ਕੀਤਾ ਹੈ ਕਿ ਜਿਥੇ ਪੁਸਤਕ ਦਾ ਨਾਉ ਲਿਖਿਆ ਸੀ ਪਤਾ ਨਹੀਂ ਲਿਖਿਆ ਸੀ ਕਿ ਇਹ ਪਾਠ ਕੇਹੜੇ ਅਧਯਾਇ ਆਦਿ ਦਾ ਹੈ ਉਹ ਪਤਾ ਤਾਂ ਲਿਖ ਦਿਤਾ ਹੈ, ਪਰ ਕੋਈ ਪਾਠ ਘਟਾਇਆ ਜਾਂ ਵਧਾਇਆ ਨਹੀਂ, ਅਤੇ ਨ ਹੀ ਬਦਲਿਆ ਹੈ।

ਨ ਹਟੌਣ ਨਾਲ ਇਹ ਵੀ ਲਾਭ ਹੈ ਕਿ ਪਾਠਕਾਂ ਨੂੰ ਲਿਖਣ ਵਾਲੇ ਸਜਣ

ਦਾ ਵੀ ਪਤਾ ਲਗ ਜਾਂਦਾ ਹੈ। ਕਿਉਂਕਿ ਸਾਰੀ ਸ੍ਰਿਸ਼ਟੀ ਭੁਲਣ ਵਾਲੀ ਹੈ ਇਕ ਪਰਮਾਤਮਾ ਹੀ ਅਭੁਲ ਹੈ। ਜੇ ਥੋੜ੍ਹੇ ਚਿਰ ਲਈ ਇਹ ਮੰਨ ਲਈਏ ਕਿ 'ਵੇਦ ਪੜ੍ਹਤ ਬ੍ਰਹਮਾ ਮਰੇ ਚਾਰੋਂ ਵੇਦ ਕਹਾਨਿ। ਤੁਕ ਕਢ ਦੇਣੀ ਹੀ ਚਾਹੀਦੀ ਹੈ ਤਾਂ ਫੇਰ ਪ੍ਰਸ਼ਨ ਹੋਊਗਾ। ਕੀ ਏਹ ਤੁਕ ਕੱਢਣ ਦਾ ਪ੍ਰਸ਼ਨ ਕੇਵਲ ਸਤਯਾਰਥ ਪ੍ਰਕਾਸ਼ ਲਈ ਹੀ ਹੈ ਜਾਂ ਹੋਰਨਾਂ ਗ੍ਰੰਥਾਂ ਲਈ ਵੀ ਹੈ, ਜਾਂ ਹੋਰਨਾਂ ਗ੍ਰੰਥਾਂ ਲਈ ਵੀ ਹੈ, ਜੇ ਤਾਂ ਕੇਵਲ ਸਤਯਾਰਥ ਪ੍ਰਕਾਸ਼ ਦਾ ਹੀ ਪਾਠ ਕੱਢਣਾ ਹੈ, ਤਾਂ ਇਹ ਕੋਈ ਨਿਆਉਂ ਨਹੀਂ ਹੈ। ਜੇ ਕੋਈ ਹੋਰਨਾਂ ਗ੍ਰੰਥਾਂ ਨਾਲ ਵੀ ਏਹੋ ਬਿਵਹਾਰ ਕਰਨ ਨੂੰ ਤਿਆਰ ਹੋਵੇ ਤਾਂ ਏਸ ਨੂੰ ਨਿਆਇ ਕਰਨਾ ਸੌਖਾ ਨਹੀ ਹੈ। ਕਿਉਂਕਿ ਦੂਜਾ ਧਰਮਾਂ ਵਾਲੇ ਇਹ ਗੱਲ ਮਨਣਗੇ ਨਹੀਂ। ਇਸ ਗੱਲ ਨੂੰ ਸਮਝਾਉਣ ਵਾਸਤੇ ਮੈਂ ਦੋ ਪਾਠ ਦੋਨੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲਿਖਦਾ ਹਾਂ, ਤਾਕਿ ਪਾਠਕ ਚੰਗੀ ਤਰ੍ਹਾਂ ਸਮਝ ਜਾਣ।

ਗੈਂਡਾ ਮਾਰਿ ਹੋਮ ਜਗ ਕੀਏ ਦੇਵਤਿਆਂ ਕੀ ਬਾਣੇ।

(ਮਲਾਰ ਵਾਰ ਮ: ੧ ਸ਼ਬਦ ੬)

ਇਸ ਪਾਠ ਵਿਚ ਗੈਂਡਾ ਮਾਰ ਕੇ ਹੋਮ ਕਰਨ ਦੀ ਚਰਚਾ ਹੈ। ਕੀ ਕੋਈ ਖੇਚਲ ਕਰਕੇ ਕਿਸੇ ਬ੍ਰਾਹਮਣ ਜਾਂ ਸ਼੍ਰੌਤ ਸੂਤ੍ਰ ਵਿਚੋਂ ਗੈਂਡਾ ਮਾਰਨ ਵਾਲਾ ਹੋਵ ਜਗ ਦਾ ਹਵਾਲਾ ਕਢ ਕੇ ਦੇਵੇਗਾ। ਜਿਥੇ ਤਕ ਮੈਂ ਜਾਣਦਾ ਹਾਂ ਗੈਂਡਾ ਮਾਰਨ ਵਾਲਾ ਕੋਈ ਵੀ ਹੋਮ ਜਗ ਨਹੀਂ ਹੈ। ਜੇ ਕੋਈ ਦਿਖਾ ਦੇਵੇ ਤਾਂ ਮੈਂ ਉਹਦਾ ਧੰਨਵਾਦੀ ਹੋਵਾਂਗਾ।

ਦੁਰਮਤਿ ਹਰਣਾਖਸੁ ਦੁਰਾਚਾਰੀ।
ਪ੍ਰਭੁ ਨਾਰਾਇਣ ਗਰਬ ਪ੍ਰਹਾਰੀ।
ਪ੍ਰਹਲਾਦ ਉਧਾਰੇ ਕਿਰਪਾ ਧਾਰੀ।

(ਗਉੜੀ ਅਸ਼ਟਪਦੀਆ ਮ: ੧ ਸ਼ਬਦ ੨)

ਨਿੰਦਾ ਦੁਸ਼ਟੀ ਤੇ ਕਿਨਿ ਫਲੁ ਪਾਇਆ ਹਰਣਾਖਸ ਨਖਹਿ ਬਿਦਾਰੇ।
ਪ੍ਰਹਲਾਦੁ ਜਨੁ ਸਦ ਹਰਿ ਗੁਣ ਗਾਵੈ ਹਰਿ ਜੀਉ ਲਏ ਉਬਾਰੇ।

(ਸੋਰਠ ਮ: ੩ ਸ਼ਬਦ ੫)

ਭਗਤਾਂ ਦੀ ਸਦਾ ਤੂੰ ਰਖਦਾ ਹਰਿ ਜੀਉ ਧੁਰਿ ਤੂ ਰਖਦਾ ਆਇਆ।
ਪ੍ਰਹਲਾਦ ਜਨੁ ਤੁਧੁ ਰਾਖਿ ਲਏ ਹਰਿ ਜੀਉ ਹਰਣਾਖਸੁ ਮਾਰਿ ਪਚਾਇਆ।
ਗੁਰਮੁਖਾ ਨੋ ਪ੍ਰਤੀਤਿ ਹੈ ਹਰਿ ਜੀਉ ਮਨਮੁਖ ਭਰਮ ਭੁਲਾਇਆ।

(ਸੋਰਠ ਮ: ੩ ਘਰ ੧ ਤਿਤੁਕੀ ਸ਼ਬਦ ੧)

ਮੇਰੀ ਪਟੀਆ ਲਿਖਹੁ ਹਰਿ ਗਬਿੰਦ ਗੋਪਾਲਾ ।
ਦੂਜੈ ਭਾਇ ਫਾਥੇ ਜਮ ਜਾਲਾ, ਸਤਿਗੁਰੂ ਕਰੇ ਮੇਰੀ ਪ੍ਰਤਿਪਾਲਾ ।
ਸੁਖ ਦਾਤਾ ਮੇਰੇ ਨਾਲਾ । ੧ ।
ਗੁਰ ਉਪਦੇਸਿ ਪ੍ਰਹਲਾਦ ਹਰਿ ਉਚਰੈ ।
ਸਾਸਨਾ ਤੇ ਬਾਲਕੁ ਗਮੁ ਨਾ ਕਰੈ । ੧ ਰਹਾਉ ।
ਮਾਤਾ ਉਪਦੇਸੈ ਪ੍ਰਹਲਾਦ ਪਿਆਰੇ । ਪੁਤ੍ਰ ਰਾਮ ਨਾਮ ਛੋਡਹੁ ਜੀਓ ਲੇਹੁ ਉਬਾਰੇ ।
ਪ੍ਰਹਿਲਾਦੁ ਕਹੇ ਸੁਨਹੁ ਮੇਰੀ ਮਾਇ । ਰਾਮ ਨਾਮੁ ਨ ਛੋਡਾ ਗੁਰਿ ਦੀਆ ਬੁਝਾਇ ।੨।
ਸੰਡਾ ਮਰਕਾ ਸਭਿ ਜਾਇ ਪੁਕਾਰੇ ।
ਪ੍ਰਹਿਲਾਦ ਆਪਿ ਵਿਗੜਿਆ ਸਭਿ ਚਾਟੜੇ ਵਿਗਾੜੇ ।
ਦੁਸ਼ਟ ਸਭਾ ਮਹਿ ਮੰਤ੍ਰ ਪਕਾਇਆ ।
ਪ੍ਰਹਲਾਦ ਕਾ ਰਾਖਾ ਹੋਇ ਰਘੁਰਾਇਆ ।
ਹਾਥਿ ਖੜਗੁ ਕਰਿ ਧਾਇਆ ਅਤਿ ਅਹੰਕਾਰਿ ।
ਹਰਿ ਤੇਰਾ ਕਹਾ ਤੁਝੁ ਲਏ ਉਬਾਰਿ ।
ਖਿਨ ਮਹਿ ਭੈਆਨ ਰੂਪੁ ਨਿਕਸਿਆ ਥੰਮ ਉਪਾੜਿ ।
ਹਰਣਾਖਸੁ ਨਖੀ ਬਿਦਾਰਿਆ ਪ੍ਰਹਿਲਾਦ ਲੀਆ ਉਬਾਰਿ । ੪ ।
ਸੰਤ ਜਨਾਂ ਕੇ ਹਰਿ ਜੀਉ ਕਾਰਜ ਸਵਾਰੇ ।
ਪ੍ਰਹਲਾਦ ਜਨਕੇ ਇਕੀਹ ਕੁਲ ਉਧਾਰੇ ।
(ਰਾਗ ਭੈਰਉ ਮ: ੩ ਸ: ੨੦)

ਪਿਤਾ ਪ੍ਰਹਲਾਦ ਪੜਣ ਪਠਾਇਆ ।
ਲੈ ਪਾਟੀ ਪਾਧੇ ਕੈ ਆਇਆ ।
ਨਾਮ ਬਿਨਾ ਨਹ ਪੜਉ ਅਚਾਰ ।
ਮੇਰੀ ਪਟੀਆ ਲਿਖਿ ਦੇਹੁ ਗੋਬਿੰਦ ਮੁਰਾਰਿ । ੨ ।
ਪੁਤ੍ਰ ਪ੍ਰਹਿਲਾਦ ਸਿਉ ਕਹਿਆ ਮਾਇ ।
ਪਰਵਿਰਤਿ ਨ ਪੜਹੁ ਰਹੀ ਸਮਝਾਇ ।
ਨਿਰਭਉ ਦਾਤਾ ਹਰਿ ਜੀਉ ਮੇਰੈ ਨਾਲਿ ।
ਜੇ ਹਰਿ ਛੋਡਉ ਤਉ ਕੁਲ ਲਾਗੈ ਗਾਇ । ੩ ।

ਪ੍ਰਹਲਾਦਿ ਸਭਿ ਚਾਟੜੇ ਵਿਗਾਰੇ ।
ਹਮਰਾ ਕਹਿਆ ਨ ਸੁਣ ਆਪਣੇ ਕਾਰਜ ਸਵਾਰੇ ।
ਸਭ ਨਗਰੀ ਮਹਿ ਭਗਤਿ ਦ੍ਰਿੜਾਈ ।
ਦੁਸਟ ਸਭਾ ਕਾ ਕਿਛੁ ਨ ਵਸਾਈ । ੪ ।
ਸੰਡੇ ਮਰਕੈ ਕੀਈ ਪੂਕਾਰ । ਸਭੇ ਦੈਤ ਰਹੇ ਝਖਮਾਰਿ ।
ਭਗਤਜਨਾ ਕੀ ਪਤਿ ਰਾਖੈ ਸੋਈ । ਕੀਤੇ ਕੇ ਕਹਿਐ ਕਿਆ ਹੋਈ । ੫ ।
ਕਿਰਤ ਸੰਜੋਗੀ ਦੈਤ ਰਾਜ ਚਲਾਇਆ । ਹਰਿ ਨ ਬੂਝੈ ਤਿਨ ਆਪ ਭੁਲਾਇਆ
ਪੁਤ੍ਰ ਪ੍ਰਹਲਾਦਿ ਸਿਉ ਵਾਦੁ ਰਚਾਇਆ । ਅੰਧਾ ਨ ਬੂਝੈ ਕਾਲੁ ਨੇੜੈ ਆਇਆ ।੬
ਪ੍ਰਹਲਾਦੁ ਕੋਠੇ ਵਿਚਿ ਰਾਖਿਆ ਬਾਰਿ ਦੀਆ ਤਾਲਾ ।
ਨਿਰਭਉ ਬਾਲਕੁ ਮੂਲਿ ਨ ਡਰਦੀ ਮੇਰੈ ਅੰਤਰਿ ਗੁਰ ਗੋਪਾਲਾ ।
ਕੀਤਾ ਹੋਵੈ ਸਰੀਕੀ ਕਰੈ ਅਣਹੋਂਦਾ ਨਾਂਉ ਧਰਾਇਆ ।
ਜੋ ਧੁਰ ਲਿਖਿਆ ਸੋ ਆਇ ਪਹੁਤਾ ਜਨ ਸਿਉ ਵਾਦੁ ਰਚਾਇਆ ।੭।
ਪਿਤਾ ਪ੍ਰਹਲਾਦ ਸਿਉ ਗੁਰਜ ਉਠਾਇ । ਕਹਾ ਤੁਮਾਰਾ ਜਗਦੀਸ ਗੁਸਾਈ ।
ਜਗਜੀਵਨ ਦਾਤਾ ਅੰਤਿ ਖਾਈ । ਜਹ ਦੇਖਾ ਤਹ ਰਹਿਆ ਸਮਾਈ ।੮।
ਥੰਮ੍ਹ ਉਧਾੜਿ ਹਰਿ ਆਪ ਦਿਖਾਇਆ । ਅਹੰਕਾਰੀ ਦੈਤੁ ਮਾਰਿ ਪਚਾਇਆ ।
ਭਗਤਾ ਮਨ ਅਨੰਦ ਵਜੀ ਵਧਾਈ । ਅਪਨੇ ਸੇਵਕ ਕਉ ਦੇ ਵਡਿਆਈ ।੯।
ਜੰਮਣਾ ਮਰਣਾ ਮੋਹੁ ਉਪਾਇਆ । ਆਵਣ ਜਾਣਾ ਕਰਤੈ ਲਿਖਿ ਪਾਇਆ ।
ਪ੍ਰਹਲਾਦ ਕੇ ਕਾਰਜਿ ਹਰਿ ਆਪ ਦਿਖਾਇਆ ਭਗਤਾਂ ਕਾ ਬੋਲ ਆਗੈ ਆਇਆ ।੧।
ਦੇਵ ਭੂਲੀ ਲਖਿਮੀ ਕਉ ਕਰਹਿ ਜੈ ਕਾਰੁ । ਮਾਤਾ ਨਰਸਿੰਘ ਕਾ ਰੂਪ ਨਿਵਾਰੁ ।
ਲਖਿਮੀ ਭਉ ਕਰੇ ਨ ਸਾਕੈ ਜਾਇ । ਪ੍ਰਹਲਾਦ ਜਨੁ ਚਰਣੀ ਲਾਗਾ ਆਇ ।੬੧।
(ਭੈਰਉ ਮ: ੩ ਅਸ਼ਟਪਦੀਆਂ ਸ਼ਬਦ ੧)

ਅਬ ਨਰਸਿੰਘ ਅਵਤਾਰ ਕਥਨੰ—

ਪ੍ਰਹਲਾਦ ਭਗਤ ਲੀਨੋਵਤਾਰ । ਸੁਭ ਕਰਨ ਕਾਜ ਸੰਤਨ ਉਧਾਰ ।
ਚਟਸਾਰ ਪੜਨ ਸੌਂਪਿਉ ਨ੍ਰਿਪਾਲ । ਪਟੀ ਅਹਿ ਕਹਿਓ ਲਿਅਦੈ ਗੋਪਾਲ ।ਤੋਟਕ ।
ਇਕ ਦਿਵਸ ਗਇਓ ਚਟ ਸਾਰ ਨ੍ਰਿਪੰ । ਚਿਤ ਚੌਪ ਰਹਿਉ ਸਵ ਦੇਖ ਸੁਤੰ ।
ਜੁਪੜ੍ਹਿਉ ਦਿਜ ਤੇ ਸੁਨ ਤਾਹਿ ਰੜਿਉ । ਨਿਰਭ ਜਿਸ ਰਾਮ ਗੁਪਾਲ ਪੜ੍ਹਿਉ ।
ਸੁਨ ਨਾਮ ਗੁਪਾਲ ਰਿਸਿਯੋ ਅਸੁਰੰ । ਬਿਨ ਮੋਹਿ ਸੋ ਕੌਨ ਭਜੈ ਦੁਸਰੰ ।

ਦਿਵਜ ਯਾਹਿ ਧਰੋ ਸਿਸ ਆਨ ਹਨੋ। ਜੜ ਕਿਯੋ ਭਗਵਾਨ ਕੋ ਨਾਮ ਭਨੋ।
ਜਲੰ ਔਰ ਥਲੰ ਇਕ ਬੀਰ ਮਨੰ। ਇਹ ਕਥਹਿ ਗੁਪਾਲ ਕੌਨਾਮ।
ਤਬ ਹੀ ਇਹ ਬਾਂਧਤ ਥੰਮ ਭਏ। ਸੁਨ ਸ੍ਰਵਨਨ ਦਾਨਵ ਬੈਨ ਧਏ।
ਗਹਿ ਮੂੜ ਚਲੇ ਸਿਸ ਮਾਰਨ ਕੋ। ਨਿਕਸਿਉ ਜਗ ਪਾਲ ਉਬਾਰਨ ਕੋ।
ਚਕ ਚੌਂਪ ਰਹੇ ਜਨ ਦੇਖ ਸਬੈ। ਨਿਕਸਿਓ ਹਰਿ ਫਾਰੀ ਕਵਾਰ ਜਬੈ।
ਲਖ ਦੇਵ ਦਿਵਾਰ ਸਬ ਥਹਰੇ। ਅਵਿਲੋਕ ਚਰਾਚਰ ਹੂ ਹਰਿ ਰੇ।

ਗਰਜੈ ਨਰਸਿੰਘ ਨਰਾਤਕਰੰ। ਦ੍ਰਿਗ ਰੱਤ ਕੀਯੇ ਮੁਖ ਸੋਣ ਭਰੰ।
ਲਖ ਦਾਨਵ ਭਾਜ ਕਲੇ ਸਬਾਹੀ। ਗਰਜਿਯੋ ਨਰਸਿੰਘ ਰਣੰ ਜਬਹੀ।
ਇਕ ਭੂਪਤਿ ਠਾਢ ਰਹਿਉ ਰਣ ਮੈਂ। ਗਹਿ ਹਾਥ ਗਦਾ ਨਿਰਭੈ ਮਨ ਮੈਂ।
ਲਰਜੇ ਸਬ ਸੂਰ ਨ੍ਰਿਪੇ ਗਰਜੇ। ਸਮੁਹਾਤ ਭਏ ਭਟਕੇ ਹਰਕੇ। ......

ਚੌਪਾਈ :

ਹਿਰਨਾਖਸ਼ ਤਬ ਆਪ ਰਿਸਾਨਾ। ਬਾਂਧ ਚਲਿਯੋ ਰਣਕੋ ਕਰ ਗ਼ਾਨਾ।
ਭਰਿਯ ਪੌਸ ਨਰਸਿੰਘ ਸਰੂਪੰ। ਆਵਤ ਦੇਖਿ ਸਮੁਹਿਰਣ ਭੂਪੰ।
ਨਿਜ ਸਾਵਨ ਕੋ ਰੋਸ ਨ ਮਾਨਾ। ਨਿਰਖ ਸੇਵਕਹਿ ਦੁਖੀ ਰਿਸਾਨਾ।

ਭੁਜੰਗ ਪ੍ਰਯਾਤ :

ਮਚਿਯੋ ਦ੍ਵੰਦ ਜੂੱਧ ਮਚੇ ਦੁਐ ਜੁਆਣਿੰ। ਤੜੰਕਾਰ ਤੇਗੰ ਕੱੜਕੇ ਕਮਾਣਿੰ।
ਫਿਰਿਯੋ ਕੰਪ ਕੈ ਦਾਨਵ ਸੁਲਤਾਣੇ। ਹਤੰ ਸੈਣਾ ਚਲੇ ਮਹਿ ਮੁਲਤਾਣਿੰ।
ਫਿਰਿਯੋ ਸਿੰਘ ਸੂਰੰ ਕਰੂਰੰ ਕਰਾਲਿ। ਕੰਪਾਈ ਸਟਾ ਪੂਛ ਫੇਰੀ ਬਿਸਾਲਿੰ। ਦੋਹਰਾ।

ਗਰਜਤ ਰਣ ਨਰਸਿੰਘ ਕੇ ਭੱਜੇ ਸੂਰ ਅਨੇਕ।
ਏਕ ਟਿਕਿਯੋ ਹਿਰਨਾਛ ਤਾਂਹੇ ਅਵਰ ਨ ਯੋਧਾ ਏਕ। ਚੌਪਾਈ।

ਮੁਸਟ ਜੁੱਧ ਜੁੱਟੇ ਭਟ ਦੋਉ। ਤੀਸਰ ਤਾਹਿ ਠ ਪਿਖੀਅਤ ਕੋਉ।
ਭਏ ਦੁਹਨ ਕੇ ਰਾਤੇ ਨੈਣਾ। ਦੇਇਤ ਦੇਵ ਤਮਾਸ਼ੇ ਗੈਣਾ।
ਅਸ਼ਟ ਦਿਵਸ ਅਸ਼ਟ ਨਿਸ ਜੁੱਧਾ। ਕੀਨੋ ਦੱਹੈਨਭਰਨ ਮਿਲ ਕ੍ਰੁੱਧਾ।
ਬਹੁਰੇ ਅਸੁਰ ਕਿਛੁਕ ਮੁਰਝਾਨਾ। ਇਰਯੋ ਭੂਮਿ ਜਨ ਬ੍ਰਿਛ ਪੁਰਾਨਾ।
ਸੀਚ ਵਾਰ ਤੂਨ ਤਾਂਹਿ ਜਗਾਯੋ। ਬੂਟੇ ਮੂਰਛਾ ਪੁਨ ਜੀ ਜੀਯਾ ਆਇਯੋ।
ਬਹੁਰੋ ਭਏ ਸੂਰ ਦੋਊ ਕ੍ਰੁੱਧ। ਮੰਡਿਯੋ ਬਹਰ ਆਪ ਮਹਿ ਜੁੱਧਾ। ਭੁਜੰਗ ਪ੍ਰਯਾਤ।

ਹਲਾ ਚਲਾਚਾਲ ਕੈ ਕੈ ਪੁਨਰ ਬੀਰ ਢੁਕੇ । ਮਚਿਯੋ ਜੁੱਧ ਜਿਉ ਕਰਣ ਸੇਸੰ ਘਟਕੇ ॥
ਨਖੰ ਪਾੜ ਦੋਉ ਕਰੇ ਦੰਤ ਘਾਤੇ । ਮਨੋ ਗੱਜ ਜੁੱਟੇ ਬੰਮ ਮਸਤ ਮਾਤੇ ॥
ਪੁਨਰ ਨਾਰ ਸਿੰਘ ਧਰਾ ਤਾਹਿ ਮਾਰਿਯੋ । ਪੁਰਾਨ ਪਲਾਸੀ ਮਨੋ ਬਾਇ ਡਾਰਿਯੋ ॥
ਹਨਿਯੋ ਦੇਖ ਦੁਸਟੰ ਭਈ ਪੁਹਪ ਬਰਖੰ । ਕੀਓ ਦੇਵਤਿਯੋ ਆਨ ਕੇ ਜੀਤ ਕਰਖੰ ॥
ਪਾਧਰੀ ਛੰਦ ॥

ਕੀਨੋ ਨਰਸਿੰਘ ਦੁਸਟੰ ਸੰਘਾਰ । ਧਰਯੋ ਬਿਸਨੁ ਸਪਤਮਵਤਾਰ ।
ਲਿੰਨੋ ਸੁਭਗਤ ਅਪਨੋ ਛਿਨਾਇ । ਸਬ ਸ੍ਰਿਸਟਿ ਧਰਮ ਕਰਮ ਨ ਚਲਾਇ ॥
ਪ੍ਰਹਲਾਦ ਕਰਯੋ ਨਿਰਿਪਛਤ੍ਰ ਫੇਰ । ਕੀਨੋ ਸੰਘਾਰ ਸਬ ਇਮ ਅੰਧੇਰ ।
ਸ੍ਰੀ ਦਸਮ ਗ੍ਰੰਥ ਜੀ ਅਵਤਾਰ ਵਰਣਨ ਮੇਂ ਨਰਸਿੰਘ ਅਵਤਾਰ ।

ਇਸ ਲੰਬੇ ਪਾਠ ਦਾ ਭਾਵ ਥੋੜ੍ਹਾ ਜਿਹਾ ਇਉਂ ਹੈ । ਇਕ ਹਿਰਣਾਖਣ ਨਾਮ ਦਾ ਰਾਖਸ਼ਸ ਸੀ, ਉਹ ਪਰਮੇਸ਼ਵਰ ਨੂੰ ਨਹੀਂ ਮੰਨਦਾ ਸੀ ਅਤੇ ਕਿਸੇ ਨੂੰ ਪਰਮਾਤਮਾ ਦਾ ਨਾਉਂ ਵੀ ਨਹੀਂ ਲੈਣ ਦੇਂਦਾ ਸੀ । ਉਸ ਦੇ ਘਰ ਪ੍ਰਹਲਾਦ ਪੁਤ ਜੰਮਿਆਂ । ਇਹ ਮੁੰਡਾ ਈਸ਼ਵਰ ਪ੍ਰੇਮੀ ਹੋਇਆ । ਜਦ ਇਹਨੂੰ ਪਾਠਸ਼ਾਲਾ ਪੜ੍ਹਨੇ ਪਾਇਆ, ਤਾਂ ਏਹ ਆਪਣੀ ਫਟੀ ਤੇ ਪ੍ਰਭੂ ਦਾਂ ਨਾਉਂ ਲਿਖਦਾ ਤੇ ਉਹੋ ਨਾਉਂ ਲਿਖਣ ਨੂੰ ਪਾਂਧੇ ਨੂੰ ਆਖਦਾ । ਜਦ ਹਿਰਣਾਖਸ ਨੂੰ ਪਤਾ ਲਗਿਆ ਤਾਂ ਉਹ ਬਿਗੜਕੇ ਆਖਣ ਲੱਗਾ, ਤੂੰ ਇਹ ਨਾਉਂ ਕਿਉਂ ਲੈਂਦਾ ਹੈਂ ? ਛੱਡ ਦੇਹ । ਜਦ ਪ੍ਰਹਲਾਦ ਨੇ ਪਰਮੇਸ਼ਵਰ ਛੱਡਣਾ ਨਾ ਮੰਨਿਆਂ ਤਾਂ ਪ੍ਰਹਲਾਦ ਨੂੰ ਅਨੇਕ ਤਸੀਹੇ ਦਿੱਤੇ ਪਰ ਉਹ ਨ ਡੁਲ੍ਹਿਆ । ਅੰਤ ਨੂੰ ਥੰਮ ਨਾਲ ਬੰਨ੍ਹਕੇ ਮਾਰਨ ਦੀ ਸਲਾਹ ਹੋਈ । ਉਸੇ ਥੰਮ ਵਿਚੋਂ ਨਰਸਿੰਘ ਭਾਗਵਾਨ ਪ੍ਰਗਟ ਹੋਏ । ਉਨ੍ਹਾਂ ਦੀ ਹਿਰਣਾਖਸ ਨਾਲ ਲੜਾਈ ਹੋਈ, ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸਮੇਂ ਨਹੀਂ ਹੈ ਪਰ ਸ਼੍ਰੀ ਦਸਮ ਗ੍ਰੰਥ ਸਾਹਿਬ ਵਿਚ ਪਹਿਲੀ ਲੜਾਈ ਅੱਠ ਦਿਨ ਤੇ ਅੱਠ ਰਾਤਾਂ ਲਿਖੀ ਹੈ । ਲੜਾਈ ਕਰਕੇ ਨਰਸਿੰਘ ਨੇ ਹਿਰਣਾਖਸ ਨੂੰ ਮਾਰ ਦਿੱਤਾ । ਪ੍ਰਹਲਾਦ ਦੀਆਂ ਇਕੀਹ ਕੁਲਾਂ ਦਾ ਉਧਾਰ ਕੀਤਾ ਅਤੇ ਪ੍ਰਹਲਾਦ ਨੂੰ ਰਾਜਾ ਹਿਰਣਾਖਸ ਦੇ ਥਾਂ ਉੱਤੇ ਰਾਜਾ ਬਣਾਇਆ ।

ਪ੍ਰਹਲਾਦ ਦੀ ਕਥਾ ਪ੍ਰਸਿੱਧ ਹੈ । ਸਾਰੇ ਲੋਕ ਏਸਨੂੰ ਜਾਣਦੇ ਹਨ । ਪਰ ਇਸ ਕਹਾਣੀ ਵਿਚ ਸੋਚਣ ਦੀ ਇਹ ਗਲ ਹੈ, ਕਿ ਪ੍ਰਹਲਾਦ ਦੇ ਪਿਉ ਦਾ ਨਾਉਂ ਹਿਰਣਾਖਸ ਸੀ । ਜੇ ਤਾਂ ਹਿਰਣਾਖਸ ਪ੍ਰਹਲਾਦ ਦਾ ਪਿਉ ਹੋਵੇ ਤਾਂ ਤਾਂ ਠੀਕ, ਜੇ ਨਾ ਹੋਵੇ ਤਾਂ ਫੇਰ ਵਧੇਰੇ ਸੋਚਣ ਦੀ ਬਾਤ ਹੋ ਜਾਊਗੀ । ਮੇਰਾ ਕਹਿਣਾ ਇਹ

ਹੈ ਕਿ ਪ੍ਰਹਲਾਦ ਦਾ ਪਿਉ ਹਿਰਣਾਖਸ ਨਹੀਂ ਸੀ। ਕੋਈ ਭਾਗਵਤ ਤੇ ਹੋਰ ਪੁਰਾਣਾ ਦਾ ਪਾਠ ਸਾਰਾ ਜ਼ੋਰ ਲਾਕੇ ਇਹ ਨਹੀਂ ਵਿਖਾ ਸਕਦਾ ਕਿ ਪ੍ਰਹਲਾਦ ਦਾ ਪਿਉ ਹਿਰਣਾਸਖ ਸੀ, ਕਿਉਂਕਿ ਕਿਸੇ ਪੁਰਾਣ ਵਿਚ ਪ੍ਰਹਲਾਦ ਦੇ ਬਾਪ ਦਾ ਨਾਉਂ ਕਿਸੇ ਨੇ ਹਿਰਣਾਖਸ ਨਹੀਂ ਲਿਖਿਆ ਪੁਰਾਣ ਤਾਂ ਇਕ ਪਾਸੇ ਰਹੇ, ਗੁਰੂ ਘਰ ਦੇ ਲਿਖਾਰੀ ਵੀ ਹਿਰਣਾਖਸ ਦਾ ਪੁਤ ਪ੍ਰਹਲਾਦ ਨਹੀਂ ਲਿਖਦੇ ਹਨ। ਉਦਾਹਰਣ ਲਈ ਪੰਡਿਤ ਤਾਰਾ ਸਿੰਘ ਜੀ ਜਿਨ੍ਹਾਂ ਨੇ ਗੁਰੂ ਗਿਰਾਰਥ ਕੋਸ਼ ਅਰਥਾਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸ਼ਬਦਾਂ 'ਚ ਆਏ ਹੋਏ ਪਦਾਂ ਦੇ ਅਰਥਾਂ ਦਾ ਕਸ਼ ਲਿਖਿਆ ਹੈ. ਉਹ ਇਹਦੀ ਬਾਬਤ ਏਹ ਪਾਠ ਲਿਖਦੇ ਹਨ —

ਹਿਰਣਾਖਸ਼ ਦੇ. ਪ੍ਰਹਲਾਦ ਕੇ ਪਿਤਾ ਕਾ ਭਾਈ ਰਾਖਸ, ਪ੍ਰਹਲਾਦ ਕੇ ਪਿਤਾ ਕਾ ਨਾਮ ਹਿਰਣਕਸ਼ਿਪੁ, ਥਾ, ਹਿਰਣਯ ਸੁਵਰਣ ਜੈਸੀ ਬਸੰਤੀ ਰੰਗ ਕੀ ਬਿਲੀਆਂ ਅਖਾਂ ਵਾਲਾ ਮੰਨਕੇ ਨਾਮ ਹਿਰਣੇਨਾਖਯ ਰਖਾ। ਹਿਰਣਯ ਸੁਵਰਣ ਕੀ ਸੇਹਜਾ ਵਾਲਾ ਜਾਣਕੇ ਨਾਮ ਹਿਰਣਯਕਸਿਪੁ ਹੈ। ਕਸਿਪੁ ਸੇਹਜਾ ਕਾ ਨਾਮ ਹੈ।

ਪੰਡਿਤ ਤਾਰਾ ਸਿੰਘ ਜੀ ਨੇ ਹਿਰਣਾਖਸ ਪ੍ਰਹਲਾਦ ਦਾ ਚਾਚਾ ਲਿਖਿਆ ਹੈ।

ਪ੍ਰਹਲਾਦ ਦੇ ਪਿਉ ਦਾ ਨਾਉਂ ਹਿਰੰਣ ਕਸਿਪੁ ਹੈ, ਪਰ ਜੇ ਗੁਰੂ ਗ੍ਰੰਥ ਸਾਹਿਬ ਵਿਚ ਹਿਰੰਣਕਸਿਪੂ ਦੇ ਥਾਂ ਹਿਰਣਾਖਸ ਦਰਜ ਹੈ। ਹੁਣ ਜੇ ਕੋਈ ਸਿੱਖਾਂ ਨੂੰ ਇਹ ਦੋਵੇਂ ਪਾਠ 'ਗੈਂਡਾ ਮਾਰ ਹੋਮ ਜਗ ਕੀਏ, ਹਿਰਣਾਖਸ਼ ਨਖੀ ਬਿਦਾਰਿਆ ਦੀਆਂ ਤੁਕਾਂ ਵਿਚੋਂ ਪਹਿਲੀ ਤੁਕ ਕੱਢਣ ਲਈ ਆਖੇ ਅਤੇ ਦੂਜੀ ਵਿਚ ਪਾਠ ਹਰਣਾਖਸ ਦੀ ਥਾਂ ਹਿਰਣ ਕਸਿਪੁ ਕਰਨ ਲਈ ਆਖੇ ਤਾਂ ਕੀ ਸਿੱਖ ਸਜਣ ਇਸ ਗਲ ਨੂੰ ਮੰਨ ਲੈਣਗੇ ? ਮੇਰਾ ਨਿਸਚੈ ਹੈ ਕਿ ਇਹ ਗੱਲ ਅਣਹੋਣੀ ਹੈ। ਕਦੇ ਵੀ ਨਹੀਂ ਮੰਨਣਗੇ। ਜਿਹੜੇ ਸੱਜਣ ਇਹ ਤੁਕ ਬਦਲਣਾ ਚਾਹੁੰਦੇ ਹਨ, ਉਨ੍ਹਾਂ ਨੂੰ ਇਹ ਨਹੀਂ ਭੁਲਣਾ ਚਾਹੀਦਾ ਕਿ ਸ੍ਰੀ ਰਾਮ ਰਾਇ ਜੀ ਨੇ 'ਮਿੱਟੀ ਮੁਸਲਮਾਨ ਦੀ' ਥਾਂ 'ਮਿੱਟੀ ਬੇਈਮਾਨ ਦੀ' ਆਖੀ ਸੀ ਅਤੇ ਇਸ ਤਬਦੀਲੀ ਕਰਨ ਪਰ, ਉਨ੍ਹਾਂ ਨੂੰ ਸ੍ਰੀ ਗੁਰੂ ਹਰਿ ਰਾਇ ਜੀ ਨੇ ਗੁਰੂ ਗੱਦੀ ਨਹੀਂ ਦਿੱਤੀ ਸੀ ਅਤੇ ਗੁਰੂ ਘਰੋਂ ਹੀ ਵੱਖ ਕਰ ਦਿੱਤਾ ਸੀ। ਭਾਈ ਮਨੀ ਸਿੰਘ ਜੀ ਨੇ ਗ੍ਰੰਥ ਸਾਹਿਬ ਦਾ ਪਾਠ ਨਹੀਂ ਬਦਲਿਆ ਸੀ, ਕੇਵਲ ਤਰਤੀਬ ਬਦਲੀ ਸੀ, ਜਿਸ ਕਾਰਣ ਉਨ੍ਹਾਂ ਨੂੰ ਸਰਾਫ਼ ਦਿੱਤਾ ਗਿਆ ਕਿ ਤੂੰ ਗੁਰੂ ਦੇਹ ਦਾ ਅੰਗ-ਭੰਗ ਕੀਤਾ ਹੈ, ਤੇਰੇ ਵੀ ਅੰਗ ਅੰਗ ਕੱਟੇ ਜਾਣਗੇ।

ਇਨ੍ਹਾਂ ਇਤਿਹਾਸਿਕ ਘਟਨਾਵਾਂ ਦੇ ਹੁੰਦੀਆਂ ਨਾ ਕੋਈ ਇਹ ਆਖ ਸਕਦਾ ਹੈ ਕਿ ਗ੍ਰੰਥ ਸਾਹਿਬ 'ਚ ਆਦਿ ਅਜਿਹੇ ਪਾਠਾਂ ਦਾ ਸੁਧਾਰ ਕੀਤਾ ਜਾਵੇ ਅਤੇ ਨਾ ਹੀ ਇਹ ਬਾਤ ਕਿਸੀ ਵੀ ਹਾਲਤ 'ਚ ਮੰਨੀ ਜਾ ਸਕਦੀ ਹੈ। ਇਸ ਲਈ ਜੋ ਵੀ ਪਾਠ ਹੈ ਉਹੀਓ ਰਹਿਣਾ ਉੱਚਿਤ ਹੈ।

ਜਿਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਬਦਲਨ ਦਾ ਕਿਸੀ ਨੂੰ ਅਧਿਕਾਰ ਨਹੀਂ ਹੈ, ਤਿਵੇਂ ਹੀ ਸਤਿਆਰਥ ਪ੍ਰਕਾਸ਼ ਦਾ ਪਾਠ 'ਵੇਦ ਪੜ੍ਹਤ ਬ੍ਰਹਮਾ ਮਰੇ ਚਾਰੋਂ ਵੇਦ ਕਹਾਨਿ' ਜਾਂ ਕੋਈ ਦੂਜਾ ਪਾਠ ਕਿਸੀ ਨੂੰ ਨਾਂ ਤਾਂ ਬਦਲਣ ਦਾ ਅਧਿਕਾਰ ਹੈ ਤੇ ਨਾ ਇਹ ਜਾਂ ਦੂਜਾ ਕੋਈ ਪਾਠ ਕੱਢਣ ਦਾ ਅਧਿਕਾਰ ਹੈ। ਹਾਂ ਜਿਥੇ ਵਿਦਵਾਨ ਇਹ ਸਮਝਣ ਕਿ ਕੋਈ ਪਾਠ ਠੀਕ ਨਹੀਂ ਹੈ ਜਾਂ ਅਸ਼ੁੱਧ ਹੈ ਉਥੇ ਫੁਟ ਨੋਟ ਦੇ ਕੇ ਉਸਦਾ ਸਪਸ਼ਟੀਕਰਣ ਕੀਤਾ ਜਾ ਸਕਦਾ ਹੈ। ਪਰ ਇਹ ਗਲ ਤਾਂ ਮਨਣਯੋਗ ਹੈ ਕਿ 'ਵੇਦ ਪੜ੍ਹਤ ਬ੍ਰਹਮਾ ... ' ਵਾਲੀ ਤੁਕ ਦੇ ਭਾਵ ਦੇ ਸ਼ਬਦ ਜਿਹੜੇ ਮੈਂ ਪਹਿਲਾਂ ਲਿਖ ਚੁਕਿਆ ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਮਿਲਦੇ ਹਨ।

ਸਤਿਆਰਥ ਪ੍ਰਕਾਸ਼ ਦੇ ਪਾਠ ਬਾਰੇ ਜੋ ਮੈਂ ਠੀਕ ਸਮਝਦਾ ਹਾਂ ਅਤੇ ਜਿਹੜਾ ਆਰਿਆ ਸਮਾਜ ਦਾ ਸਿਧਾਂਤ ਹੈ ਉਹ ਮੈਂ ਲਿਖ ਦਿਤਾ ਹੈ। ਪਾਠਕ ਇਸ ਉੱਤੇ ਵਿਚਾਰ ਕਰਕੇ ਨਿਰਣਾ ਕਰ ਲੈਣ।

ਦੂਜੇ ਸਿਧਾਂਤਾਂ ਬਾਰੇ ਵੀ ਮੈਂ ਸਤਿਆਰਥ ਪ੍ਰਕਾਸ਼ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ ਲਿਖ ਦਿੱਤੇ ਹਨ, ਤਾਂ ਜੋ ਪਾਠਕਾਂ ਨੂੰ ਸਮਝਣ 'ਚ ਆਸਾਨੀ ਹੋਵੇ। ਇਤਨਾਂ ਲਿਖਕੇ ਪੁਸ਼ਤਕ ਸਮਾਪਤ ਕਰਦਾ ਹਾਂ ਅਤੇ ਆਸ ਕਰਦਾ ਹਾਂ ਕਿ ਇਹ ਪੁਸਤਕ ਪਾਠਕਾਂ ਦੇ ਸਿਧਾਂਤ ਗਿਆਨ 'ਚ ਵਾਧਾ ਕਰਨ 'ਚ ਸਹਾਇਕ ਸਿੱਧ ਹੋਵੇਗੀ।

गुरु विरजानन्द दण्डी
सन्दर्भ पुस्तकालय
परिग्रहण क्रमांक ... 5107
दयानन्द महिला महाविद्यालय